ਸਭ ਹੱਕ ਰਾਖਵੇਂ ਹਨ

ੴ ਸਤਿਗੁਰ ਪ੍ਰਸਾਦਿ ॥

ਗੁਰੁ ਸਿਖ ਮੀਤ
ਚਲਹੁ ਗੁਰ ਚਾਲੀ ॥

ਬਾਬਾਣੀਆ ਕਹਾਣੀਆ
ਪੁਤ ਸਪੁਤ ਕਰੇਨਿ ॥

# ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ

## ਭਾਗ ਪਹਿਲਾ

## ਪਹਿਲੀ, ਦੂਜੀ, ਤੀਜੀ, ਚੌਥੀ ਪਾਤਸ਼ਾਹੀ

ਦਾ

## ਪੂਰਨ ਇਤਿਹਾਸ

ਕ੍ਰਿਤ—ਸ੍ਰੀ ਗੁਰੂ ਅੰਗਦ ਸਾਹਿਬ ਜੀ ਦੀ ਬੰਸ ਵਿਚੋਂ

ਕਵਿ ਸੰਤ ਰੇਣ ਪ੍ਰੇਮ ਸਿੰਘ

ਸ਼ਬਦਰਥ ਗਿਆਨੀ ਹਰੀ ਸਿੰਘ ਸਲੂਜਾ

ਭੇਟਾ ੨੪੫)

ਇਸ ਗ੍ਰੰਥ ਰੂਪੀ ਦਸਾਂ ਸਤਿਗੁਰਾਂ ਦੇ ਪੁਰ (ਸ਼ਹਿਰ) ਵਿੱਚ ਦਸ ਮਹੱਲੇ ਹਨ, ਹਰ ਮਹੱਲੇ (ਹਿੱਸੇ) ਵਿੱਚ ਕਈ ਮੰਦਰ (ਕਥਾ) ਹਨ।

ਜੋ ਹਮ ਸਹਰੀ ਸੋ ਮੀਤੁ ਹਮਾਰਾ ॥

ਇਸ ਗ੍ਰੰਥ ਦੇ ਪੜ੍ਹਨ ਸੁਣਨ ਨਾਲ ਗੁਰਸਿੱਖਾਂ ਨੂੰ ਗੁਰ ਪੁਰ (ਸ਼ਹਿਰ) ਦੇ ਪ੍ਰਤੱਖ ਤੇ ਖੁੱਲ੍ਹੇ ਦਰਸ਼ਨ ਪ੍ਰਾਪਤ ਹੁੰਦੇ ਹਨ।

ਦਰਸਨ ਭੇਟਤ ਹੋਤ ਨਿਹਾਲ ॥

ਪੰਜਾਬੀ ਯੂਨੀਵਰਸਿਟੀ ਲਾਇਬ੍ਰੇਰੀ
ਅੰਦਰਾਜ ਨੰ. 327568
ਮਿਤੀ 1-12-91
ਸਿਫਾਰਿਸ਼ Gratis
Q-:33wK7
153F9.1

ਇਹ ਗ੍ਰੰਥ ਸੁੰਦਰ ਰਸੀਲੀ ਤੇ ਸੁਖੈਨ ਕਵਿਤਾ ਵਿਖੇ ਪੂਰਨ ਗੁਰਮਤ ਅਨੁਸਾਰ ਸਮੂਹ ਇਤਿਹਾਸਾਂ ਦਾ ਸਾਰ ਸਿੱਖ ਮਾਤ੍ਰ ਦੇ ਪੜ੍ਹਨ ਸੁਣਨ ਯੋਗ ਹੈ।

COMPUTERISED

ਪ੍ਰਿੰਟਰ – ਸ: ਸੰਤੋਖ ਸਿੰਘ
ਗਿਆਨੀ ਪ੍ਰੈਸ, ਅੰਮ੍ਰਿਤਸਰ

ਪ੍ਰਕਾਸ਼ਕ –
ਸੰਤ ਰੇਣ ਪ੍ਰੇਮ ਸਿੰਘ

ਬਿੱਤ— ਬਧ ਬਲ ਹੀਨ ਅਤੇ ਦੀਨ ਬਿਨ ਬਿਦਿਆ ਤੇ, ਪੰਥ ਸਤਿਗੁਰੂ ...

... ਕ੍ਰਿਤ ਕੇ ਕਰਨ ਹਾਰੇ, ਪੰਥ ਸਤਿਗੁਰੂ ...



ਕਵਿ ਸੰਤ ਰੇਣ ਪ੍ਰੇਮ ਸਿੰਘ

੧ ਓ ਸਤਿਗੁਰਪ੍ਰਸਾਦਿ ॥

# ਭੂਮਿਕਾ

ਇਕ ਮਨ ਪੁਰਖੁ ਧਿਆਇ ਬਰ ਦਾਤਾ ॥
ਸੰਤ ਸਹਾਰੁ ਸਦਾ ਬਿਖਿਆਤਾ ॥
ਤਾਸੁ ਚਰਨ ਲੇ ਰਿਦੇ ਬਸਾਵਉ ॥
ਤਉ ਪਰਮ ਗੁਰੂ ਨਾਨਕ ਗੁਨ ਗਾਵਉ ॥ ੧ ॥

ਸ੍ਰੀ ਅਕਾਲ ਪੁਰਖ ਜੀ ਦੇ "ਗੁਰੂ ਨਾਨਕ ਦੇਵ ਗੁਵਿੰਦ ਰੂਪ" ਨੇ ਦਸ ਅਵਤਾਰ ਧਾਰਕੇ ਸੰਸਾਰ ਵਿਖੇ ਸੱਚ ਦਾ ਪ੍ਰਕਾਸ਼ ਕੀਤਾ, ਖਾਲਸਾ ਪੰਥ ਸਾਜਿਆ, ਅਤੇ ਸੱਚੇ ਰਸਤੇ ਚਲਣ ਵਾਲੇ ਗੁਰ ਸਿੱਖਾਂ ਨੂੰ ਚੌਰਾਸੀ ਦੇ ਦੁਖਾਂ ਤੋਂ ਛੁਡਾਕੇ 'ਸ੍ਰੀ ਗੁਰ ਪੁਰ' ਭਾਵ ਜੀਵਨ ਮੁਕਤੀ ਤੇ ਉਸ ਤੋਂ ਵੱਧ ਪ੍ਰੇਮਾ ਭਗਤੀ ਦੇ ਸੁਖ ਭੁਗਾਏ ।

ਸੰਸਾਰ ਵਿਖੇ ਹਰ ਇਕ ਪੰਥ ਦੀ ਬੁਨਿਆਦ ਸੱਚਾ ਅਤੇ ਪੂਰਨ ਇਤਿਹਾਸ ਸਮਝਿਆ ਜਾਂਦਾ ਹੈ, ਪਰ ਗੁਰੂ ਸਾਹਿਬ ਨੇ ਪੰਥ ਦੀ ਟੇਕ ਅਕਾਲੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਰੱਖੀ, ਅਪਨੇ ਧਰਮ, ਆਦਰਸ਼ ਤੇ ਪੰਥ ਨੂੰ ਇਤਿਹਾਸ ਅਤੇ ਕੇਵਲ ਇਤਿਹਾਸ ਤੇ ਨਹੀਂ ਟਿਕਾਇਆ, ਪ੍ਰੰਤੂ "ਛੈਲ ਲੰਘੰਦੇ ਪਾਰ ਗੋਰੀ ਮਨੁ ਧੀਰਿਆ" ਦੇ ਅਸੂਲ ਅਨੁਸਾਰ ਗੁਰ ਸਿੱਖੀ ਦੇ ਪੰਥ (ਰਸਤੇ) ਵਿੱਚ ਇਤਿਹਾਸ ਰੂਪੀ ਚਰਾਗ ਦੇ ਚਾਨਣੇ ਦੀ ਲੋੜ ਕਦੇ ਬੇਲੋੜ ਨਹੀਂ ਹੋ ਸਕਦੀ, ਤੇ ਇਤਿਹਾਸ ਉਹੋ ਚਰਾਗ ਦਾ ਕੰਮ ਦੇ ਸਕਦਾ

ਹੈ ਜੋ ਸੱਚਾ ਹੋਵੇ ਤੇ ਨਿਰੋਲ ਹੋਵੇ। ਕਿਉਂਕਿ ਉਹ ਉਸ ਅਕਾਲੀ ਬਾਣੀ ਦੇ ਸਮਝਣ ਤੇ ਉਸ ਤੋਂ ਸੁਖ ਲੈਣ ਲਈ ਪੂਰਨਿਆਂ ਦਾ ਕੰਮ ਦੇਂਦਾ ਹੈ ਤੇ ਸਥੂਲ ਨਮੂਨੇ ਅੱਖਾਂ ਅੱਗੇ ਲਿਆਕੇ ਸੂਖਮ ਭਾਵਾਂ ਦਾ ਨਕਸ਼ਾ ਬੰਨ੍ਹ ਕੇ ਦਿਲ ਤੇ ਨਕਸ਼ ਬਿਠਾਂਦਾ ਹੈ। ਇਸ ਲਈ ਸੱਚਾ ਇਤਿਹਾਸ ਬੁਨਯਾਦੀ ਪੱਥਰਾਂ ਵਿਚੋਂ ਇੱਕ ਥਾਂ ਮੱਲਦਾ ਹੈ। ਸੋ ਸਭ ਥੋਂ ਪਹਿਲੇ:—

(੧) ਸ੍ਰੀ ਗੁਰੂ ਅੰਗਦ ਸਾਹਿਬ ਜੀ ਨੇ ਸੰਮਤ ਸ੍ਰੀ ਗੁਰੁ ਨਾਨਕ ਸ਼ਾਹੀ ੭੧ ਵਿਖੇ ਭਾਈ ਬਾਲੇ ਜੀ ਤੋਂ ਸੁਣ ਸਤਿਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਨੂੰ ਇਤਿਹਾਸ ਰੂਪ ਵਿਚ ਪ੍ਰਕਾਸ਼ਤ ਕੀਤਾ। ਫੇਰ:—

(੨) ਸ੍ਰੀ ਮਾਨ ਭਾਈ ਗੁਰਦਾਸ ਜੀ ਨੇ ਸੰ: ੧੪੨ ਵਿਖੇ ਛੇਵੀਂ ਪਾਤਸ਼ਾਹੀ ਤੱਕ ਵਾਰਾਂ ਵਿਖੇ ਪ੍ਰਕਾਸ਼ਤ ਕੀਤਾ।

(੩) ਸ੍ਰੀ ਮਾਨ ਭਾਈ ਮਨੀ ਸਿੰਘ ਜੀ ਗਿਆਨੀ ਨੇ ਸੰ: ੨੫੦ ਵਿਖੇ ਜਨਮ ਸਾਖੀ ਆਦਿ ਗੁਰੂ ਜੀ, ਅਤੇ ਭਾਈ ਭਗਤ ਸਿੰਘ ਜੀ ਨੇ ਗੁਰ ਬਿਲਾਸ ਪਾਤਸ਼ਾਹੀ ਛੇਵੀਂ ਪ੍ਰਕਾਸ਼ਤ ਕੀਤਾ।

(੪) ਪਸਚਾਤ ਸ੍ਰੀ ਮਾਨ ਭਾਈ ਸੁਖਾ ਸਿੰਘ ਜੀ ਨੇ ਸੰ: ੩੩੦ ਵਿਖੇ ਗੁਰ ਬਿਲਾਸ ਪਾਤਸ਼ਾਹੀ ੧੦ ਪ੍ਰਕਾਸ਼ਤ ਕੀਤਾ ਤੇ ਖਯਾਲ ਹੈ ਕਿ ਹੋਰ ਬੀ ਪ੍ਰਸੰਗ ਲਿਖੇ ਗਏ, ਜੋ ਅਜੇ ਖੋਜ ਦੇ ਮੁਥਾਜ ਹਨ।

ਭਾਵੇਂ ਇਹ ਪੂਰਬ ਕਥਨ ਕੀਤੇ ਇਤਿਹਾਸ ਪਹਿਲੀ ਪਾਤਸ਼ਾਹੀ ਜੀ ਤੋਂ ਸ੍ਰੀ ਦਸਮੇਸ ਜੀ ਤਕ ਸੰਪੂਰਨ ਕ੍ਰਮ ਅਨੁਸਾਰ ਨਹੀਂ ਸਨ, ਤਾਂ ਭੀ ਸ੍ਰੀ ਦਸਮੇਸ ਜੀ ਤੋਂ ਪਸਚਾਤ ਇੱਕ ਸਦੀ ਤਕ ਪੰਥ ਨੂੰ ਚੌਰਾਸੀ ਥੋਂ ਨਿਰੋਲ ਰੱਖ ਸ੍ਰੀ 'ਗੁਰ ਪੁਰ' ਭਾਵ ਜੀਵਨ ਮੁਕਤੀ ਦੇ ਆਨੰਦ ਦਿੰਦੇ ਰਹੇ। ਇਸ ਥੀਂ ਉਪਰੰਤ ਪੰਥ ਉੱਪਰ

ਬਿਅੰਤ ਕਠਨਤਾਈਆਂ ਆਈਆਂ, ਇੱਥੋਂ ਤਕ ਕਿ ਯਵਨ ਪਾਤਸ਼ਾਹਾਂ ਨੇ ਸੌਹਾਂ ਖਾ ਲੀਤੀਆਂ ਕਿ ਸਿੱਖ ਨਾਮ ਦਾ ਖੁਰਾ ਖੋਜ ਸੰਸਾਰ ਤੋਂ ਮਿਟਾ ਦੇਣਾ ਹੈ। ਇਸ ਸਮੇਂ ਗੁਰੂ ਦੇ ਪਿਆਰੇ ਸਿੱਖ ਸ਼ਹਿਰਾਂ ਅਤੇ ਪਿੰਡਾਂ ਦਾ ਵੱਸਣਾ ਛੋੜਕੇ ਕੇਵਲ ਧਰਮ ਦੀ ਰੱਖਯਾ ਹਿਤ ਜੰਗਲਾਂ ਵਿੱਚ ਦਿਨ ਕਟੀ ਕਰਦੇ ਹੁੰਦੇ ਸਨ। ਆਮ ਪ੍ਰਚਲਤ ਹੈ ਤੇ ਪੰਥ ਪ੍ਰਕਾਸ਼ ਵਿੱਚ ਲਿਖਿਆ ਹੈ ਕਿ ਇਸ ਡਾਵੇਂ ਅੰਧ ਧੁੰਧ ਦੇ ਸਮੇਂ ਵਿਖੇ ਭਾਈ ਹਿੰਦਾਲ ਜਿਮੀਂਦਾਰ ਸਿੱਖ ਗੁਰੂ ਕੇ ਜੰਡਿਆਲੇ ਵਾਲੇ—ਜੋ ਤੀਸਰੇ ਸਤਿਗੁਰਾਂ ਦੀਆਂ ੨੨ ਮੰਜੀਆਂ ਦੀ ਬਖਸ਼ਸ਼ ਵਿੱਚੋਂ ਸੀ—ਤਿਸਦੇ ਪੋਤਰੇ ਬਿਧੀ ਚੰਦ ਨੇ ਇੱਕ ਡੂਮਣੀ ਤੁਰਕਣੀ ਨੂੰ ਘਰ ਵਿਖੇ ਰਖ ਲਿਆ। ਯਥਾ: ਪੰਥ ਪ੍ਰਕਾਸ਼ ਪੰਨਾ ੯੯੧, ਧਯਾਇ ੧੧੪, ਕਬਿੱਤ ੪੮, ਸਤਰ ਚੌਥੀ:—"ਪੋਤ੍ਰੇ ਹਿੰਦਾਲ ਕੇ ਮਹੰਤ ਹੋਇ ਬਿਧੀ ਚੰਦ ਡੂਮਣੀ ਮੁਸਲਮਾਨੀ ਰਾਖੀ ਘਰ ਲਿਆਇਕੇ" ਆਪਣੇ ਇਸ ਕੁਕਰਮ ਉੱਤੇ ਪਰਦਾ ਪਾਉਣ ਲਈ ਉਸ ਨੇ ਗੁਰ ਇਤਿਹਾਸ ਵਿੱਚ ਕਈ ਅਸ਼ਰਧਾ ਉਤਪੰਨ ਕਰਨ ਵਾਲੇ ਮਨੋਂ ਕਲਪਤ ਪ੍ਰਸੰਗ ਰਚ ਕੇ ਮਿਲਾ ਦਿੱਤੇ। ਯਥਾ ਪੰਥ ਪ੍ਰਕਾਸ਼:—"ਔਰ ਕਥਾ ਤਿਸ ਮਾਹਿੰ ਬਧੇਰੀ। ਲਿਖੀ ਅਯੋਗ ਅਧਕ ਹਮ ਹੇਰੀ"। ਯਥਾ:—ਮਛੌਤ, ਕੌਲਾਂ ਤੇ ਦੇਵੀ ਪੂਜਾ ਆਦਿ ਪ੍ਰਸੰਗ। ਜਿਸ ਥੋਂ ਅਸਲ ਸਰੂਪ ਵਿਖੇ ਸ੍ਰੀ ਗੁਰ ਇਤਿਹਾਸ ਦੀ ਪ੍ਰਾਪਤੀ ਨਾਂ ਹੋਣ ਕਾਰਨ ਸ੍ਰੀ ਮਾਨ ਭਾਈ ਸੰਤੋਖ ਸਿੰਘ ਜੀ ਕਵਿ ਚੂੜਾ ਮਣਿ ਨੇ ਸੰ: ੩੭੫ ਵਿਖੇ "ਸ੍ਰੀ ਨਾਨਕ ਪ੍ਰਕਾਸ਼" ਅਤੇ "ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ" ਦਾ ਖਰੜਾ ਤਿਆਰ ਕੀਤਾ, ਪ੍ਰੰਤੂ ਸ਼ੋਕ ਹੈ ਕਿ ਇਸ ਖਰੜੇ ਦੇ ਸੋਧਨ ਅਤੇ ਪ੍ਰਕਾਸ਼ਤ ਹੋਣ ਥੋਂ ਪਹਿਲੇ ਹੀ ਸ੍ਰੀ ਮਾਨ ਜੀ ਗੁਰਪੁਰ ਨਿਵਾਸ ਕਰ ਗਏ ਅਤੇ ਖਰੜਾ ਗੁਰਮਤ ਵਿਰੋਧੀਆਂ ਦੇ ਹੱਥ ਆਕੇ ਅਨੇਕ ਪ੍ਰਸੰਗ ਗੁਰਮਤ ਪ੍ਰਤਕੂਲ ਹੋਕੇ

ਪ੍ਰਕਾਸ਼ਤ ਹੋਯਾ। ਪ੍ਰੰਤੂ ਇਹ ਨਿਯਮ ਹੈ ਕਿ ਸੱਤਿ ਪੁਰਸ਼ ਜੋ ਉੱਤਮ
ਬੀਜ ਬੀਜਦੇ ਹਨ ਓਹ ਨਿਰਮੂਲ ਕਦੀ ਭੀ ਨਹੀਂ ਹੋਂਵਦਾ। ਗੁਰ
ਇਤਿਹਾਸ ਵਿਖੇ ਇਸ ਤਰ੍ਹਾਂ ਦੀ ਮਿਲਾਵਟ ਹੋ ਜਾਣ ਤੇ ਭੀ ਜੋ
ਗੁਰਮਤ ਪਿਆਰੇ ਭਰੋਸੇ ਵਾਲੇ ਗੁਰ ਸਿੱਖ ਸਨ, ਉਹ ਸਦਾ ਹੀ
ਗੁਰੂ ਬਾਣੀ ਦੇ ਆਸਰੇ ਹੋਕਰ ਆਪਣੇ ਸ੍ਰੀ ਗੁਰ ਪੁਰ ਦੇ ਆਨੰਦ
ਨੂੰ ਮਾਣਦੇ ਰਹੇ।

ਸੋ ਪੰਥ ਦੇ ਇਸ ਮਹਾਨ ਘਾਟੇ ਨੂੰ ਪੂਰਨ ਕਰਨ ਵਾਸਤੇ
ਗੁਰਮਤ ਪ੍ਰੇਮੀ ਪੁਰਸ਼ਾਂ ਦੀ ਦਾਸ ਨੂੰ ਪ੍ਰੇਰਨਾ ਹੋਈ ਕਿ ਗੁਰ
ਇਤਿਹਾਸ ਵਿਖੇ ਗੁਰਮਤਿ ਵਿਰੋਧੀ ਅਨਮਤੀਆਂ ਦੀ ਕੁਚਾਲ ਨਾਲ
ਅਨੇਕ ਪ੍ਰਕਾਰ ਦੀ ਮਿਲਾਵਟ ਹੋਈ ਹੋਈ ਹੈ, ਜੈਸੇ ਸਤਿਗੁਰੂ ਨਾਨਕ
ਦੇਵ ਜੀ ਦਾ ਆਦਿ ਇਤਿਹਾਸ ਸ੍ਰੀ ਗੁਰੂ ਅੰਗਦ ਦੇਵ ਜੀ ਨੇ
ਪ੍ਰਕਾਸ਼ਤ ਕੀਤਾ ਸੀ, ਜੋ ਸਮੇਂ ਦੇ ਵੇਗ ਵਿੱਚ ਹੁਣ ਅਸਲ ਰੂਪ ਵਿੱਚ
ਲੱਭਦਾ ਨਹੀਂ ਹੈ। ਹੁਣ ਆਪ-ਤਿਨ੍ਹਾਂ ਸਤਗੁਰਾਂ ਦੀ ਵੰਸ਼ ਹੋ-
ਐਤਨੀ ਸੇਵਾ ਕਰੋ ਕਿ ਗੁਰ ਇਤਿਹਾਸ ਨੂੰ ਖੋਜਕੇ ਨਿਰੋਲ ਕਰਨ
ਦਾ ਉਦਮ ਚਾਓ, ਤੇ ਦਸਾਂ ਪਾਤਸ਼ਾਹੀਆਂ ਦਾ ਪੂਰਨ ਇਤਿਹਾਸ
ਗੁਰੂ ਬਾਣੀ ਅਨਸਾਰ ਪ੍ਰਕਾਸ਼ਤ ਕਰੋ। ਜਦ ਦਾਸ ਨੂੰ ਇਹ ਆਗਯਾ
ਹੋਈ ਤਾਂ ਗੁਰ ਇਤਿਹਾਸ ਦੇ ਪ੍ਰਕਾਸ਼ਤ ਕਰਨ ਵਾਸਤੇ ਚਿੱਤ ਵਿਖੇ
ਬਹੁਤ ਉਮੰਗ ਪੈਦਾ ਹੋਈ ਫਿਰ ਵਿਚਾਰ ਆਈ ਕਿ ਗੁਰੂ ਜੱਸ
ਕਰਨਾਂ ਸਮੁੰਦਰ ਤਰਨ ਵਤ ਹੈ, ਸਮੁੰਦਰ ਤਾਂ ਤਰਿਆ ਜਾਂਦਾ ਹੈ ਜੇ
ਜਹਾਜ ਹੋਵੇ, ਤਦੋਂ ਇੱਕ ਮਨ ਹੋਕੇ ਅੰਤਰਜਾਮੀ ਸਿਰਜਨ ਹਾਰ
ਸਤਿਗੁਰਾਂ ਦੇ ਅਗ੍ਰ ਭਾਵ ਵਿਖੇ ਬੇਨਤੀ ਕੀਤੀ ਕਿ "ਹੇ ਸਤਿਗੁਰੋ!
ਜਿਸ ਤਰ੍ਹਾਂ ਇਤਿਹਾਸ ਪ੍ਰਕਾਸ਼ਨ ਵਾਸਤੇ ਦਾਸ ਦਾ ਚਿਤ ਪ੍ਰੇਰਿਆ
ਹੈ, ਇਸੀ ਪ੍ਰਕਾਰ ਆਪਣੀ ਕ੍ਰਿਪਾ ਰੂਪ ਕੋਈ ਸੱਚਾ ਇਤਿਹਾਸ ਰੂਪੀ
ਜਹਾਜ ਭੀ ਬਖਸ਼ੋ, ਜਿਸ ਕਰਕੇ ਆਪ ਦੇ ਜੱਸ ਰੂਪੀ ਸਮੁੰਦਰ ਸੇ

ਸੁਖੈਨ ਪਾਰ ਹੋ ਜਾਵਾਂ।" ਐਸੇ ਬੇਨਤੀ ਕਰਕੇ ਜਦ ਪਿਉ ਦਾਦੇ ਦਾ ਖਜ਼ਾਨਾ ਖੋਲ੍ਹ ਕੇ ਡਿੱਠਾ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਤੋਂ ਲੈਕਰ ਸ੍ਰੀ ਦਸਮੇਸ ਜੀ ਦੇ ਜੋਤੀ ਜੋਤ ਸਮਾਵਣੇ ਪ੍ਰਯੰਤ ਦਸਾਂ ਹੀ ਸਤਿਗੁਰਾਂ ਦੇ ਸੰਖੇਪ ਇਤਿਹਾਸ ਦੀ ਪ੍ਰਾਪਤੀ ਹੋਈ, ਜਿਸ ਤੋਂ ਮੇਰੇ ਮਨ ਨਿਧਾਨਾ ਭਯਾ ॥

ਯਥਾ:—"ਪਿਉ ਦਾਦੇ ਦਾ ਖੋਲ ਡਿਠਾ ਖਜਾਨਾ ॥ ਤਉ ਮੇਰੇ ਮਨ ਭਇਆ ਨਿਧਾਨਾ ॥"

ਪਿਆਰੇ ਸੱਜਣੋਂ ! ਇਹ ਇਤਿਹਾਸ ਸ੍ਰੀ ਗੁਰੂ ਅੰਗਦ ਸਾਹਿਬ ਜੀ ਦੀ ਬੰਸ ਤ੍ਰੈ ਕਾਲ ਦਰਸੀ ਸ੍ਰੀ ਬਾਬਾ ਬਿਨੋਦ ਸਿੰਘ ਜੀ ਦੇ ਹਸਤ ਕਮਲਾਂ ਦਾ ਸੰ: ਨਾ: ੨੪੦ ਦਾ ਲਿਖਿਆ ਹੋਇਆ ਹੈ, ਜੋ ਅੱਜ ਤੱਕ ਲੋਪ ਹੀ ਰਿਹਾ ਹੈ। ਇਹ ਸ੍ਰੀ ਮਾਨ ਜੀ ਸਦਾ ਹੀ ਜੁੱਧਾਂ ਜੰਗਾਂ ਦੇ ਸਮੇਂ ਸ੍ਰੀ ਦਸਮੇਸ ਜੀ ਦੇ ਸੰਗ ਰਹੇ। ਜਦ ਕਲਗੀਧਰ ਜੀ ਸ੍ਰੀ ਅਬਚਲਾ ਨਗਰ ਸਾਹਿਬ ਪਹੁੰਚੇ ਤੇ ਬੰਦੇ ਨੂੰ ਸਿੱਖ ਕਰਕੇ ਜ਼ਾਲਮਾਂ ਨੂੰ ਕਰਮ ਫਲ ਦੇਨ ਵਾਸਤੇ ਪੰਜਾਬ ਵੱਲ ਭੇਜਿਆ ਤਾਂ ਸਿਰਮੌਰ ਜੱਥੇਦਾਰ ਸ੍ਰੀ ਮਾਨ ਜੀ ਹੀ ਸਥਾਪਕੇ ਸਹਾਇਤਾ ਵਾਸਤੇ ਨਾਲ ਭੇਜੇ ਗਏ, ਅਤੇ ਆਪ ਨੇ ਪੰਜਾਬ ਵਿਖੇ ਆਕਰ ਜ਼ਾਲਮਾਂ ਨੂੰ ਕਰਮ ਫਲ ਅਛੀ ਤਰ੍ਹਾਂ ਭੁਗਾਏ। ਫਿਰ ਜਦੋਂ ਬੰਦਾ ਗੁਰੂ ਬਚਨਾਂ ਦੇ ਪ੍ਰਤਿਕੂਲ ਹੋਇਆ, ਤਦ ਸ੍ਰੀ ਜੀ ਨੇ ਬੰਦੇ ਨੂੰ ਤਨਖਾਹੀ ਕਰਕੇ ਤੱਤ ਖਾਲਸੇ ਨੂੰ ਸੁਤੰਤਰ ਕਰ ਦਿਤਾ। ਐਸੇ ਸਤਿਪੁਰਸ਼ਾਂ ਦੇ ਪਵਿਤ੍ਰ ਹਸਤ ਕਮਲਾਂ ਨਾਲ ਲਿਖੇ ਗੁਰ ਇਤਿਹਾਸ ਰੂਪ ਜਹਾਜ਼ ਨੂੰ ਪਾ ਕਰ ਚਿੱਤ ਵਿਚ ਅਧਕ ਹੁਲਾਸ ਤੇ ਭਰੋਸਾ ਹੋਇਆ ਕਿ ਹੁਣ ਗੁਰੂ ਯਸ ਰੂਪੀ ਸਮੁੰਦਰ ਸੁਖੈਨ ਹੀ ਤਰਿਆ ਜਾਏਗਾ। ਪਸਚਾਤ ਅਰਦਾਸਾ ਸੋਧ ਕਰ ਇਤਿਹਾਸ ਦੀ ਖੋਜ ਵਾਸਤੇ ਸੰ: ਨਾ: ੪੩੫ ਵਿਖੇ ਦੌਰਾ ਕਰਨਾ ਅਰੰਭ ਕੀਤਾ ਜੋ ੧੦ ਬਰਸ ਲਗਾਤਾਰ ਪੂਰਬ-

ਪਟਨਾ ਸਾਹਿਬ, ਕਲਕੱਤੇ ਸੇ ਪਰੇ ਤਕ, ਪਸਚਮ-ਕਾਬਲ ਕੰਧਾਰ ਗਜ਼ਨੀ ਗਰਦੇਜ਼ ਸੇ ਦੂਰ ਤੱਕ ਉਤਰ-ਸ੍ਰੀ ਅਨੰਦ ਪੁਰ ਕਸ਼ਮੀਰ ਸੇ ਪਰੇ ਤੱਕ, ਦੱਖਨ-ਸਿੰਧ ਦੇਸ ਸ੍ਰੀ ਅਬਚਲਾ ਨਗਰ ਜੀ ਸੇ ਦੂਰ ਤੱਕ ਰਟਨ ਕੀਤਾ, ਜਿਥੋਂ ਤੱਕ ਹੋ ਸਕਿਆ ਗੁਰ ਅਸਥਾਨਾਂ ਦੇ ਦਰਸ਼ਨ ਕਰਕੇ ਇਤਿਹਾਸ ਸਬੰਧੀ ਡੂੰਘੀ ਖੋਜ ਕੀਤੀ ਗਈ। ਪੁਨਾ ਸ੍ਵੈ ਅਸਥਾਨ ਨਰੀਯਾਬ ਖੰਡ ਵਿਖੇ ਆ ਕਰ ਪੂਰਬ ਕਥਨ ਕੀਤੇ ਇਤਿਹਾਸ ਅਤੇ ਹੋਰ ਤਵਾਰੀਖਾਂ ਆਦਿਕ ਅਨੇਕ ਪੁਸਤਕ ਜੋ ਅੱਜ ਤੱਕ ਸ੍ਰੀ ਗੁਰ ਇਤਿਹਾਸ ਨਾਲ ਸਬੰਧ ਰਖਦੇ ਸਨ, ਸੋ ਇਕੱਤ੍ਰ ਕੀਤੇ ਗਏ। ਇਸ ਸਮੇਂ ਗੁਰਮਤ ਪਿਆਰੇ ਸ੍ਰੀ ਮਾਨ ਬਾਬਾ ਪ੍ਰੇਮ ਸਿੰਘ ਜੀ ਬੇਦੀ ਦਾਸ ਦੇ ਪਾਸ ਆਏ ਅਤੇ ਪੂਰਬ ਕਥਨ ਗੁਰਮਤ ਪ੍ਰੇਮੀਆਂ ਅਨੁਸਾਰ ਗੁਰ ਇਤਿਹਾਸ ਰਚਨ ਦੀ ਪ੍ਰੇਰਨਾ ਕਰਕੇ ਖਾਸ ਸ੍ਰੋਤੇ ਬਣੇ। ਬੱਸ ਜਦ ਸ੍ਰੀ ਜੀ ਸ੍ਰੋਤੇ ਬਨੇ ਤਾਂ ਸੰ: ੪੪੫ ਕੱਤਕ ਪੂੰਨਿਆਂ ਨੂੰ ਅਰਦਾਸਾ ਸੋਧ ਕਰ ਇਹ "ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ" 'ਦਸਾਂ ਪਾਤਸ਼ਾਹੀਆਂ ਦਾ ਪੂਰਨ ਇਤਿਹਾਸ' ਰਚਨਾ ਪ੍ਰਾਰੰਭ ਕੀਤਾ ਗਿਆ।

ਸ੍ਰੀ ਸਤਿਗੁਰਾਂ ਦੀ ਬਖਸ਼ੀ ਬੁੱਧੀ ਅਨੁਸਾਰ ਰਾਤ ਦਿਨ ਦੀ ਅਥੱਕ ਮੇਹਨਤ ਨਾਲ ੫ ਬਰਸਾਂ ਵਿਖੇ ਜਦ ਇਸ ਗ੍ਰੰਥ ਦਾ ਖਰੜਾ ਤਿਆਰ ਹੋਇਆ, ਤਬ ਬਹੁਤ ਸਾਰੇ ਗੁਰਮਤ ਪ੍ਰੇਮੀਆਂ ਨਾਲ ਗੁਰਮਤਾ ਕਰਕੇ ਇਸ ਗ੍ਰੰਥ ਦੀ ਸੁਧਾਈ ਵਾਸਤੇ ਇਕ 'ਸ੍ਰੀ ਗੁਰ ਇਤਿਹਾਸ ਸੋਧਕ ਦੀਵਾਨ' ਕਰਨ ਦਾ ਪ੍ਰਬੰਧ ਕੀਤਾ ਗਿਆ। ਇਸ ਦੀਵਾਨ ਵਾਸਤੇ ਵਗਯਾਪਨ ਪੰਥਕ ਅਖ਼ਬਾਰਾਂ ਵਿਖੇ ਅਤੇ ਵੱਡੇ ਵੱਡੇ ਸ਼ਹਿਰਾਂ ਤੇ ਗੁਜਰਾਂ ਵਾਲਾ ਕਾਨਫ੍ਰੰਸ ਵਿਖੇ ਥਾਉਂ ਥਾਈਂ ਵੰਡੇ ਗਏ, ਜਿਸ ਦਾ ਸਾਰ ਥੋੜੇ ਅੱਖਰਾਂ ਵਿਖੇ ਇਉਂ ਹੈ:-

"ਸਰਬੱਤ ਗੁਰੂ ਪੰਥ ਪ੍ਰਤਿ ਵਿਦਤ ਹੋਵੇ ਕਿ ਅਸਾਡੇ ਗੁਰ

ਇਤਿਹਾਸ ਵਿਖੇ ਅਨਮਤੀਆਂ ਦੀ ਚਾਲ ਨਾਲ ਬਿਅੰਤ ਗੜ ਬੜ ਹੋਈ ੨ ਹੈ, ਜਿਸ ਦਾ ਕਾਰਨ ਗੁਰਮਤ ਦਾ ਪ੍ਰਤਬੰਧ ਹੈ। ਇਸ ਵਾਸਤੇ ਸ੍ਰੀ ਗੁਰੂ ਅੰਗਦ ਸਾਹਿਬ ਜੀ ਦੀ ਬੰਸ ਕਵੀ ਸੰਤ ਰੇਣ ਪ੍ਰੇਮ ਸਿੰਘ ਨੇ ਸਤਿਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਦਸਮੇਸ ਜੀ ਪ੍ਰਯੰਤ ਸਮੱਗ੍ਰ ਸਤਿਗੁਰਾਂ ਦਾ ਇਤਿਹਾਸ ਰਚਿਆ ਹੈ ਅਤੇ ਇਹ ਸਾਰੇ ਪੰਥ ਦਾ ਖਾਸ ਦੀਵਾਨ ਇਸ ਦੀ ਸੁਧਾਈ ਵਾਸਤੇ ਹੈ, ਕਿਉਂਕਿ ਇਹ ਇਤਿਹਾਸ ਗੁਰੂ ਪੰਥ ਦਾ ਸਾਂਝਾ ਹੈ। ਸੂਬੱਤ ਪੰਥ ਸਿਰੋਮਣ ਇਤਿਹਾਸ ਗਜਾਤਾ ਗੁਰਮਤ ਪ੍ਰੇਮੀ ਗੁਣੀ ਗਿਆਨੀ ਦਰਸਨ ਦੇਕੇ ਸਾਂਝੇ ਬਲ ਨਾਲ ਇਸ ਕਾਰਜ ਨੂੰ ਸਿਰੇ ਚੜਾਵਣ, ਤਾਂ ਜੋ ਕਿਸੀ ਪ੍ਰਕਾਰ ਦੀ ਊਣਤਾ ਨਾਂ ਰਹੇ। ਪ੍ਰਾਰਥਕ—ਸੇਵਕ ਦੀਵਾਨ।"

ਇਸ ਤਰ੍ਹਾਂ ਇਸ਼ਤਿਹਾਰ ਦੇਣ ਦੇ ਉਪ੍ਰੰਤ ਖਾਸ ਖਾਸ ਅਸਥਾਨਾਂ ਪਰ, ਖਾਸ ਖਾਸ ਸੇਵਾਦਾਰ ਦੀਵਾਨ ਵਲੋਂ ਘਲੇ ਗਏ ਅਤੇ ਪੰਥ ਪਿਆਰਿਆਂ ਨੂੰ ਮਾਣ ਸਹਿਤ ਲਿਆਂਦਾ ਗਿਆ ਅਤੇ ਬਹੁਤ ਸਾਰੇ ਸੱਜਣਾਂ ਨੇ ਸੱਦੇ ਦੁਵਾਰਾ ਹੀ ਕ੍ਰਿਪਾ ਕਰਕੇ ਦਰਸਨ ਦਿਤੇ। ਫਿਰ ੧ ਵੈਸਾਖ ਖਾਲਸੇ ਜੀ ਦੇ ਜਨਮ ਦਿਨ ਅਰਦਾਸਾ ਸੋਧਕੇ ਦੀਵਾਨ ਦਾ ਪ੍ਰਾਰੰਭ ਹੋਇਆ। ਪੂਰਬ ਕਥਨ ਇਤਿਹਾਸਾਂ ਪਰ ਇਹੁ ਗੁਰਮਤਾ ਹੋਯਾ ਕਿ ਜੋ ਪਰਕਰਣ ਗੁਰਬਾਣੀ ਗੁਰਮਤ ਦੇ ਅਨਕੂਲ ਹੋਵੇ ਸੋ ਪਰਵਾਣ ਹੈ ਅਤੇ ਜੋ ਗੁਰਬਾਣੀ ਗੁਰਮਤ ਦੇ ਪ੍ਰਤਕੂਲ ਹੋਵੇ ਉਹ ਗੁਰਮਤ ਵਿਰੋਧੀ ਪੁਰਸ਼ਾਂ ਦੀ ਕਚਾਲ ਦੇ ਕਾਰਨ ਅਪ੍ਰਵਾਨ ਹੈ। ਇਸੀ ਪ੍ਰਕਾਰ ਵਿਸਾਖ ਦਾ ਸਾਰਾ ਮਹੀਨਾ ਸੁਧਾਈ ਹੋਈ। ਅੰਤ ਵਿਖੇ ਸਰਬ ਸੰਮਤੀ ਨਾਲ ਇਹੁ ਗੁਰਮਤਾ ਸੋਧਿਆ ਗਿਆ ਕਿ:—

"ਇਹੁ 'ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ' ਆਦ ਸੇ ਅੰਤ ਪ੍ਰਯੰਤ ਗੁਰੂ ਬਾਣੀ ਦੀ ਕਸਵੱਟੀ ਨਾਲ ਸੋਧਿਆ ਗਿਆ ਹੈ, ਅਰ ਪੁਰਾਤਣ

ਇਤਿਹਾਸਾਂ ਦੀ ਖੋਜ ਪੜਤਾਲ ਵੀਚਾਰ ਦਾ ਸਿੱਟਾ ਹੈ ਤੇ ਜਿਤਨਾ ਬਲ ਬੁੱਧ ਸੀ ਉਸ ਅਨੁਸਾਰ ਸਾਰੇ ਮਿਲ ਸਕੇ ਮਸਾਲੇ ਦਾ ਇਕ ਸੰਚਾ ਹੈ। ਇਸ ਗ੍ਰੰਥ ਦੀ ਪੰਥ ਵਿਖੇ ਇਸ ਪ੍ਰਕਾਰ ਲੋੜ ਸੀ ਜਿਸ ਤਰ੍ਹਾਂ ਪਿਆਸੇ ਨੂੰ ਜਲ ਦੀ, ਮਹਿਲ ਪਰ ਚੜ੍ਹਨ ਵਾਸਤੇ ਪੌੜੀਆਂ ਦੀ, ਸਮੁੰਦਰ ਤੋਂ ਪਾਰ ਹੋਣ ਵਾਸਤੇ ਜਹਾਜ਼ ਦੀ ਲੋੜ ਹੋਂਵਦੀ ਹੈ। ਇਹੁ ਗ੍ਰੰਥ ਗੁਰਮੁਖ ਪਦ ਦੇ ਦੇਣ ਵਾਲਾ ਗੁਰਮਤ ਪੂਰਤ ਦਸਾਂ ਸਤਗੁਰਾਂ ਦਾ ਇਤਿਹਾਸ ਹੈ। ਸਰਬੱਤ ਗੁਰੂ ਪੰਥ ਦੇ ਪੜ੍ਹਨ ਅਤੇ ਸੁਣਨ ਯੋਗ ਅਤੇ ਗੁਰੂ ਪੰਥ ਨੂੰ ਸ੍ਰੀ ਗੁਰ ਪੁਰ ਦੇ ਆਨੰਦ ਅਰਥਾਤ ਜੀਵਨ ਮੁਕਤੀ ਦੇਣ ਹਾਰਾ ਅਤੇ ਆਈ ਸੰਤਾਨ ਨੂੰ ਗੁਰ ਸਿੱਖ ਬਨਾਨ ਵਾਲਾ ਹੈ।''

ਇਹ ਗੁਰਮਤਾ ਸੋਧਣ ਉਪ੍ਰੰਤ ਪ੍ਰਗਟ ਗੁਰਾਂ ਦੀ ਦੇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਪ੍ਰਵਾਨਗੀ ਦਾ ਅਵਾਜ਼ਾ ਲਿਆ ਗਿਆ ਤਾਂ ਅਕਾਲੀ ਬਾਣੀ ਹੋਈ:–

ੴ ਸਤਿਗੁਰਪ੍ਰਸਾਦਿ ॥

## ਰਾਗ ਸੋਰਠ ਮਹਲਾ ੪ ॥ ਘਰੁ ੧ ॥

ਆਪੇ ਕੰਡਾ ਆਪਿ ਤਰਾਜੀ ਪ੍ਰਭਿ ਆਪੇ ਤੋਲਿ ਤੋਲਾਇਆ॥
ਆਪੇ ਸਾਹੁ ਆਪੇ ਵਣਜਾਰਾ ਆਪੇ ਵਣਜੁ ਕਰਾਇਆ ॥
ਆਪੇ ਧਰਤੀ ਸਾਜੀਅਨੁ ਪਿਆਰੈ ਪਿਛੈ ਟੰਕੁ ਚੜਾਇਆ ॥੧॥
ਮੇਰੇ ਮਨ ਹਰਿ ਹਰਿ ਧਿਆਇ ਸੁਖੁ ਪਾਇਆ ॥
ਹਰਿ ਹਰਿ ਨਾਮੁ ਨਿਧਾਨੁ ਹੈ ਪਿਆਰਾ ਗੁਰਿ ਪੂਰੈ ਮੀਠਾ

ਲਾਇਆ ॥ ਰਹਾਉ ॥ ਆਪੇ ਧਰਤੀ ਆਪਿ ਜਲੁ ਪਿਆਰਾ ਆਪੇ ਕਰੇ ਕਰਾਇਆ ॥ ਆਪੇ ਹੁਕਮ ਵਰਤਦਾ ਪਿਆਰਾ ਜਲੁ ਮਾਟੀ ਬੰਧਿ ਰਖਾਇਆ ॥ ਆਪੇ ਹੀ ਭਉ ਪਾਇਦਾ ਪਿਆਰਾ ਬੰਨਿ ਬਕਰੀ ਸੀਹੁ ਹਢਾਇਆ ॥ ੨ ॥ ਆਪੇ ਕਾਸਟ ਆਪਿ ਹਰਿ ਪਿਆਰਾ ਵਿਚਿ ਕਾਸਟ ਅਗਨਿ ਰਖਾਇਆ ॥ ਆਪੇ ਹੀ ਆਪਿ ਵਰਤਦਾ ਪਿਆਰਾ ਭੈ ਅਗਨਿ ਨ ਸਕੈ ਜਲਾਇਆ ॥ ਆਪੇ ਮਾਰਿ ਜੀਵਾਇਦਾ ਪਿਆਰਾ ਸਾਹ ਲੈਦੇ ਸਭਿ ਲਵਾਇਆ ॥ ੩ ॥ ਆਪੇ ਤਾਣੁ ਦੀਬਾਣੁ ਹੈ ਪਿਆਰਾ ਆਪੇ ਕਾਰੈ ਲਾਇਆ ॥ ਜਿਉ ਆਪਿ ਚਲਾਏ ਤਿਉ ਚਲੀਐ ਪਿਆਰੇ ਜਿਉ ਹਰਿ ਪ੍ਰਭ ਮੇਰੇ ਭਾਇਆ ॥ ਆਪੇ ਜੰਤੀ ਜੰਤੁ ਹੈ ਪਿਆਰਾ ਜਨ ਨਾਨਕ ਵਜਹਿ ਵਜਾਇਆ ॥ ੪ ॥

ਬੱਸ ਇਹੁ ਅਕਾਲੀ ਹੁਕਮ ਸੁਣਕੇ ਸਭ ਦੀਵਾਨ ਦੇ ਚਿੱਤ ਅਤੀ ਪ੍ਰਸੰਨ ਹੋਏ, ਜੋ ਸਤਿਗੁਰਾਂ ਨੇ ਗੁਰਮਤਾ ਪ੍ਰਵਾਨ ਕਰਕੇ ਦਾਸਾਂ ਦੀ ਸੇਵਾ ਸਫਲ ਕੀਤੀ ਹੈ। ਇਸ ਸਮੇਂ ਗੁਰ ਸਿੱਖਾਂ ਦੇ ਬਿਅੰਤ ਦੀਵਾਨ ਵਿਖੇ ਪ੍ਰਵਾਨਗੀ ਦੇ ਜੈਕਾਰੇ ਗਜਾਏ ਗਏ। ਫਿਰ ਬਹੁਤ ਸਾਰੇ ਵਿਦਵਾਨ ਸੱਜਣਾਂ ਨੇ ਪ੍ਰਸੰਸੇ ਪੱਤ੍ਰ ਭੀ ਦਿਤੇ ਜੋ ਵਿਸਥਾਰ ਵਿਚ ਹੋਵਣੇ ਕਾਰਨ ਇਸ ਜਗ੍ਹਾਂ ਦਰਜ ਨਹੀਂ ਕੀਤੇ ਗਏ। ਕੇਵਲ ਮੁਖੀ ਸੱਜਣਾਂ ਦੇ ਨਾਮ ਹੀ ਹੇਠਾਂ ਲਿਖੇ ਜਾਂਦੇ ਹਨ:–

੧. ਸਤਿਗੁਰੂ ਨਾਨਕ ਦੇਵ ਜੀ ਦੀ ਪਵਿੱਤ੍ਰ ਬੰਸ ਸ੍ਰੀ ਮਾਨ ਬਾਬਾ ਜਵਾਹਰ ਸਿੰਘ ਜੀ ਸ੍ਰੀ ਗੁਰ ਇਤਿਹਾਸ ਸੋਧਕ ਦੀਵਾਂਨ ਦੇ ਪ੍ਰਧਾਨ ਜੀ ਹਰੀ ਪੁਰ ਹਜਾਰਾ।

੨. ਸ੍ਰੀ ਮਾਨ ਸੰਤ ਭਗਤ ਸਿੰਘ ਜੀ ਗੁਰਮਤ ਪ੍ਰਚਾਰਕ ਬਨੂੰ।

੩. ਸ੍ਰੀ ਮਾਨ ਬਾਬਾ ਹਰਨਾਮ ਸਿੰਘ ਜੀ ਭੱਲੇ ਬੰਸ ਸੰਪ੍ਰਦਾਈ

ਗਿਆਨੀ ਅੰਮ੍ਰਿਤਸਰ ਜੀ ।

੪. ਸ੍ਰੀ ਮਾਨ ਭਾਈ ਬੁੱਧ ਸਿੰਘ ਜੀ ਉਪਦੇਸ਼ਕ ਚੀਫ਼ ਖਾਲਸਾ ਦੀਵਾਨ ਅੰਮ੍ਰਿਤਸਰ ।

੫. ਸ੍ਰੀ ਮਾਨ ਪੰਡਤ ਸਰੂਪ ਦਾਸ ਜੀ ਉਦਾਸੀ ਮਹੰਤ ਧਰਮ ਸਾਲਾ ਸ਼ਿਕਾਰ ਪੁਰੀਆਂ, ਸ੍ਰੀ ਅੰਮ੍ਰਿਤਸਰ ਜੀ ।

੬. ਸ੍ਰੀ ਮਾਨ ਭਾਈ ਠਾਕਰ ਸਿੰਘ ਜੀ ਹਜ਼ੂਰੀਏ ਗਿਆਨੀ, ਸ੍ਰੀ ਅੰਮ੍ਰਿਤਸਰ ਜੀ ।

੭. ਸ੍ਰੀ ਮਾਨ ਸਰਦਾਰ ਸ. ਸ. ਚਰਨ ਸਿੰਘ ਜੀ 'ਸ਼ਹੀਦ' ਪ੍ਰਸਿੱਧ ਪੰਜਾਬੀ ਲੇਖਕ, ਅੰਮ੍ਰਿਤਸਰ ।

੮. ਸ੍ਰੀ ਮਾਨ ਸੋਢੀ ਇੰਦ੍ਰ ਸਿੰਘ ਜੀ ਅਕਾਲੀ ਗਿਆਨੀ ਲਾਹੌਰ ।

੯. ਸ੍ਰੀ ਮਾਨ ਭਾਈ ਕ੍ਰਿਪਾਲ ਸਿੰਘ ਜੀ ਗ੍ਰੰਥੀ ਪਲਟਨ ਨੰਬਰ ੧੯ ਪਿਸ਼ਾਵਰ ।

੧੦. ਸ੍ਰੀ ਮਾਨ ਬਾਬਾ ਜੀਵਨ ਸਿੰਘ ਜੀ ਮਹੰਤ ਸ਼ਹੀਦ ਰਾਮ ਸ਼ਾਹ ਸਿੰਘ ਬੇਦੀ ਪੰਜ ਤੀਰਥ ਪਿਸ਼ਾਵਰ ।

੧੧. ਸ੍ਰੀ ਮਾਨ ਭਾਈ ਅਮੀਰ ਸਿੰਘ ਜੀ ਸੰਪ੍ਰਦਾਈ ਗਯਾਨੀ ਸੇਵਾ ਪੰਥੀਏ ਧਰਮ ਸਾਲਾ ਸੱਤੋ ਦੀ ਗਲੀ ਅੰਮ੍ਰਿਤਸਰ ।

੧੨. ਸ੍ਰੀ ਮਾਨ ਸੋਢੀ ਅਰਜਨ ਸਿੰਘ ਜੀ ਗ੍ਰੰਥੀ ਫਸਟ ਪਲਟਨ ਨੰਬਰ ੩੦ ਫ਼ੀਰੋਜ਼ ਪੁਰ ਛਾਵਣੀ ।

੧੩. ਸ੍ਰੀ ਮਾਨ ਸੰਤ ਬਬੇਕ ਸਿੰਘ ਜੀ ਸੰਪ੍ਰਦਾਈ ਗਿਆਨੀ ਚੌਂਕ ਕਰੋੜੀ ਅੰਮ੍ਰਿਤਸਰ ।

੧੪. ਸ੍ਰੀ ਮਾਨ ਬਾਬਾ ਸੰਤ ਸਿੰਘ ਜੀ ਗਿਆਨੀ ਨਵਾਂ ਸ਼ੈਹਰ ।

੧੫. ਸ੍ਰੀ ਮਾਨ ਭਾਈ ਅੱਛਰ ਸਿੰਘ ਜੀ ਗਿ: ਚੱਕ ੬੯ ਸਮੁੰਦ੍ਰੀ ।

੧੬. ਸ੍ਰੀ ਮਾਨ ਬਾਬਾ ਪ੍ਰੇਮ ਸਿੰਘ ਜੀ ਉਪਦੇਸ਼ਕ ਚੱਕ੍ਰ ਵਰਤੀ ਹਰੀ ਪੁਰ ਹਜ਼ਾਰਾ ।

੧੭. ਸ੍ਰੀ ਮਾਨ ਭਾਈ ਰਾਮ ਸਿੰਘ ਜੀ ਗਿਆਨੀ ਮਹੰਤ ਦੁਖ ਭੰਜਨੀ ਸਾਹਿਬ, ਸ੍ਰੀ ਅੰਮ੍ਰਿਤਸਰ ਜੀ।

੧੮. ਸ੍ਰੀ ਮਾਨ ਭਾਈ ਸੰਤ ਸਿੰਘ ਜੀ ਗ੍ਰੰਥੀ ਪਲਟਨ ਨੰ: ੨੬ ਬਰੇਲੀ ਛਾਵਨੀ।

੧੯. ਸ੍ਰੀ ਮਾਨ ਬਾਬਾ ਬਿਸ਼ਨ ਸਿੰਘ ਜੀ ਗਿਆਨੀ ਵ ਕਵੀ ਤੋਰਾਵੜੀ, ਕੋਹਾਟ।

੨੦. ਸੰਤ ਰਾਮ ਸਿੰਘ ਜੀ ਗਿਆਨੀ ਸ੍ਰੀ ਦਮਦਮਾ ਸਾਹਿਬ।

੨੧. ਸ੍ਰੀ ਮਾਨ ਸੋਢੀ ਦੀਵਾਨ ਸਿੰਘ ਜੀ ਗ੍ਰੰਥੀ ਰਸਾਲਾ ਨੰ: ੩੫ ਸਿੰਧ ਹਾਰਸ ਜੱਬਲ ਪੁਰ।

੨੨. ਸ੍ਰੀ ਮਾਨ ਸੋਢੀ ਆਤਮਾ ਸਿੰਘ ਜੀ ਗਿਆਨੀ ਜੰਡ ਕੈਮਲਪੁਰ।

੨੩. ਸ੍ਰੀ ਮਾਨ ਸ੍ਰਦਾਰ ਚਤਰ ਸਿੰਘ ਜੀ ਪ੍ਰਧਾਨ ਗੁਰ ਸਿਖ ਬਿਰਾਦਰੀ ਨਰਿਯਾਬ ਖੰਡ।

੨੪. ਸ੍ਰੀ ਮਾਨ ਸੋਢੀ ਜਮੀਤ ਸਿੰਘ ਜੀ ਗਿਆਨੀ ਹਰਨ ਪੁਰ।

੨੫. ਸ੍ਰੀ ਮਾਨ ਭਾਈ ਜਵਾਹਰ ਸਿੰਘ ਜੀ ਗਿਆਨੀ ਡੇਰਾ ਗਿਆਨੀ ਬਬੇਕ ਸਿੰਘ ਜੀ ਸ੍ਰੀ ਅੰਮ੍ਰਿਤਸਰ ਜੀ।

੨੬. ਸ੍ਰੀ ਮਾਨ ਸੰਤ ਜੀਵਨ ਸਿੰਘ ਜੀ ਐਬਟਾ ਬਾਦ (ਹਜ਼ਾਰਾ)।

੨੭. ਸ੍ਰੀ ਮਾਨ ਪੰਡਤ ਈਸ਼ਰ ਸਿੰਘ ਜੀ ਖ਼ਾਸ ਮੁਜ਼ੱਫਰਾ ਬਾਦ ਡੇਰਾ ਠਾਕਰ ਦਯਾ ਸਿੰਘ ਜੀ ਰਿਆਸਤ ਕਸ਼ਮੀਰ।

੨੮. ਸ੍ਰੀ ਮਾਨ ਭਾਈ ਲੱਖੀ ਸਿੰਘ ਜੀ ਗਿਆਨੀ ਕਾਬਲ ਸ਼ੈਹਰ।

੨੯. ਸ੍ਰੀ ਮਾਨ ਸ੍ਰਦਾਰ ਤੀਰਥ ਸਿੰਘ ਜੀ ਸਕੂਲ ਮਾਸਟਰ ਪਲਟਨ ਨੰ: ੪੭ ਸਿਖਜ਼ ਮਿਸਰ ਫੀਲਡਫੋਰਸ।

੩੦. ਸ੍ਰੀ ਮਾਨ ਸੰਤ ਜੋਧ ਸਿੰਘ ਜੀ ਗਿਆਨੀ ਡੇਰਾ ਮਿਸਰਾ ਸਿੰਘ ਜੀ ਅੰਮ੍ਰਿਤਸਰ ਜੀ।

੩੧. ਸ੍ਰੀ ਮਾਨ ਸ੍ਰਦਾਰ ਪ੍ਰੀਤਮ ਸਿੰਘ ਜੀ ਮੈਨੇਜਰ ਗੁਰੂ ਖਾਲਸਾ ਪ੍ਰੈਸ ਅੰਮ੍ਰਿਤਸਰ।

੩੨. ਸ੍ਰੀ ਮਾਨ ਸੰਤ ਦਰਸ਼ਨ ਸਿੰਘ ਜੀ ਡੇਰਾ ਸੰਤ ਕਰਮ ਸਿੰਘ ਜੀ ਹੋਤੀ ਮਰਦਾਨ।

੩੩. ਸ੍ਰੀ ਮਾਨ ਗਿਆਨੀ ਹਲਵਾਨ ਸ਼ਾਹ ਜੀ ਡੇਰਾ ਸੁਥਰਾ ਮਰਦ, ਖਾਸ ਲਾਹੌਰ।

੩੪. ਸ੍ਰੀ ਮਾਨ ਬਾਬਾ ਅਰਜਨ ਸਿੰਘ ਜੀ ਗਿਆਨੀ ਪਾੜਾ ਚਿਨਾਰ ਛਾਵਨੀ।

੩੫. ਸ੍ਰੀ ਮਾਨ ਸ੍ਰਦਾਰ ਮਹਿੰਦਰ ਸਿੰਘ ਜੀ ਰਈਸ ਮਨਸੂਰਾਂ, ਇਨਸਪੈਕਟਰ ਗੁਰਦ੍ਵਾਰਾਜ਼ ਪਟਿਆਲਾ ਸਟੇਟ।

੩੬. ਸ੍ਰੀ ਮਾਨ ਸਰਦਾਰ ਅਰਜਨ ਸ਼ਾਹ ਸਿੰਘ ਜੀ ਬੀ. ਏ. ਐਲ. ਐਲ. ਬੀ. ਸੈਸ਼ਨ ਜੱਜ ਪਟਿਆਲਾ।

੩੭. ਸ੍ਰੀ ਮਾਨ ਭਾਈ ਗੁਰਬਖਸ਼ ਸਿੰਘ ਜੀ ਕੇਸਰੀ ਰਾਜ ਕਵੀ ਤੇ ਸਕੱਤ੍ਰ ਗੁਰਦੁਵਾਰਾ ਕਮੇਟੀ ਪਟਿਆਲਾ।

੩੮. ਸ੍ਰੀ ਮਾਨ ਗਿਆਨੀ ਕਰਤਾਰ ਸਿੰਘ ਜੀ ਅਨੇਕਾਂ ਪੁਸਤਕਾਂ ਦੇ ਰਚਨਹਾਰ, ਗ੍ਰੰਥੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਜੀ।

੩੯. ਸ੍ਰੀ ਮਾਨ ਪੰਥ ਪ੍ਰਸਿੱਧ ਵਿਦਵਾਨ ਸੰਤ ਗੁਰਬਖਸ਼ ਸਿੰਘ ਜੀ ਪਟਿਆਲਾ।

੪੦. ਸ੍ਰੀ ਮਾਨ ਗਿਆਨੀ ਗੁਰਬਖਸ਼ ਸਿੰਘ ਜੀ ਐਡੀਟਰ 'ਅਕਾਲ ਸੇਵਕ' ਲੁਧਿਆਣਾ।

੪੧. ਸ੍ਰੀ ਮਾਨ ਸ੍ਰ: ਕਰਤਾਰ ਸਿੰਘ ਜੀ ਇਨਸਪੈਕਟਰ ਗੁਰਦ੍ਵਾਰਾਜ਼, ਸ਼੍ਰੋਮਣੀ ਗੁਰਦ੍ਵਾਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਜੀ।

੪੨. ਸ੍ਰੀ ਮਾਨ ਸ੍ਰ: ਅਵਤਾਰ ਸਿੰਘ ਜੀ ਜਨਰਲ ਸਕੱਤ੍ਰ ਸੈਂਟਰਲ ਸਿੱਖ ਲੀਗ ਅਤੇ ਮੈਂਬਰ ਸ਼੍ਰੋਮਣੀ ਗੁਰਦ੍ਵਾਰਾ ਪ੍ਰਬੰਧਕ ਕਮੇਟੀ।

੪੩. ਸ੍ਰੀ ਮਾਨ ਮਾਸਟਰ ਹਰੀ ਸਿੰਘ ਜੀ ਗਿਆਨੀ ਖਾਲਸਾ ਕਾਲਜ ਅੰਮ੍ਰਿਤਸਰ।

੪੪. ਸ੍ਰੀ ਮਾਨ ਸਰਦਾਰ ਅਜੀਤ ਸਿੰਘ ਜੀ ਐਡੀਟਰ 'ਗੁਰਦ੍ਵਾਰਾ' ਅਖ਼ਬਾਰ ਸ੍ਰੀ ਅੰਮ੍ਰਿਤਸਰ ਜੀ।

੪੫. ਸ੍ਰੀ ਮਾਨ ਭਾਈ ਮੋਹਨ ਸਿੰਘ ਜੀ ਵੈਦ੍ਯ ਅਨੇਕਾਂ ਪੰਜਾਬੀ ਪੁਸਤਕਾਂ ਦੇ ਲੇਖਕ, ਸ੍ਰੀ ਤਰਨ ਤਾਰਨ ਜੀ।

੪੬. ਸ੍ਰੀ ਮਾਨ ਸੰਤ ਗੁਰਦਿੱਤ ਸ਼ਾਹ ਸਿੰਘ ਜੀ ਗੁਰੂ ਨਾਨਕ ਮੰਦਰ, ਮੀਆਂ ਵਾਲੀ।

੪੭. ਸ੍ਰੀ ਮਾਨ ਸਰਦਾਰ ਦਲੀਪ ਸਿੰਘ ਜੀ ਸੁਪ੍ਰੰਟੰਡੰਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਜੀ।

੪੮. ਸ੍ਰੀ ਮਾਨ ਸੰਤ ਜੋਧ ਸਿੰਘ ਜੀ ਗੜਖਲ ਰਿਆਸਤ ਪਟਿਆਲਾ

੪੯. ਸ੍ਰੀ ਮਾਨ ਮਹੰਤ ਮੰਗਲ ਸਿੰਘ ਜੀ ਸ਼ਜ਼ਾਦਾ ਨਸ਼ੀਨ ਧੋਲੇਤਾ ਜ਼ਿਲਾ ਜਾਲੰਧਰ।

੫੦. ਸ੍ਰੀ ਮਾਨ ਡਾਕਟਰ ਬਾਬਾ ਸੋਢੀ ਮੱਖਣ ਸਿੰਘ ਜੀ ਸਾਬਕ ਸਿਵਲ ਸਰਜਨ ਸ੍ਰੀ ਅੰਮ੍ਰਿਤਸਰ ਜੀ।

੫੧ ਸ੍ਰੀ ਮਾਨ ਸ੍ਰ: ਗੁਰਬਖਸ਼ ਸਿੰਘ ਜੀ 'ਨੌਰੰਗ' ਐਡੀਟਰ 'ਪ੍ਰੀਤਮ' ਮਿੰਟਗੁਮਰੀ।

੫੨. ਸ੍ਰੀ ਮਾਨ ਭਾ: ਮਦਨਮੋਹਨ ਸਿੰਘ ਜੀ ਗਯਾਨੀ ਸ੍ਰੀ ਅੰਮ੍ਰਿਤਸਰ।

੫੩. ਸ੍ਰੀ ਮਾਨ ਗਿਆਨੀ ਅਮਰ ਸਿੰਘ ਜੀ 'ਅਮਰ' ਗਵਰਨਮਿੰਟ ਹਾਈ ਸਕੂਲ ਲਾਇਲਪੁਰ।

੫੪. ਸ੍ਰੀ ਮਾਨ ਸਰਦਾਰ ਬਖਸ਼ੀਸ਼ ਸਿੰਘ ਜੀ ਮੈਂਬਰ ਸੈਂਟ੍ਰਲ ਸਿੱਖ ਲੀਗ ਗੁਜਰਾਂਵਾਲਾ।

ਇਸ ਗ੍ਰੰਥ ਦੇ ਰਚਨ ਵਿਚ ਆਪਣੀ ਵਲੋਂ ਪੂਰਨ ਪ੍ਰਯਤਨ ਕੀਤਾ ਗਿਆ ਹੈ ਕਿ ਗੁਰੂ ਸਾਹਿਬਾਂ ਦੇ ਸੱਚੇ ਇਤਿਹਾਸਾਂ ਦਾ ਇਹ ਸੰਚਾ ਹੋਵੇ ਅਤੇ ਪੰਥ ਦੇ ਗੁਣੀਆਂ ਦੀ ਸਹਾਇਤਾ, ਸਲਾਹ, ਮਸ਼ਵਰੇ ਤੋਂ ਭੀ ਪੂਰਨ ਲਾਭ ਉਠਾਇਆ ਗਿਆ ਹੈ, ਪਰ ਗੁਰੂ ਸਾਹਿਬਾਂ ਦੀਆਂ ਕਰਨੀਆਂ ਅਮਿੱਤ ਹਨ, ਇਸ ਕਰਕੇ ਜੇ ਕਿਸੇ ਸੱਜਣ ਪਾਸ ਕੋਈ ਪੁਰਾਤਨ ਸਾਖੀਆਂ, ਪਰਚੀਆਂ, ਲੇਖ, ਚਿੱਠੇ, ਵਾਰਾਂ, ਕਿਸੇ ਵੀ ਸ਼ਕਲ ਵਿਚ ਇਤਿਹਾਸ ਬਾਬਤ ਕੋਈ ਮਸਾਲਾ ਹੋਵੇ ਤਾਂ ਉਹ ਦਾਸ ਪੁਰ ਕਿਰਪਾ ਕਰਕੇ ਜ਼ਰੂਰ ਦੱਸਨ। ਕੋਈ ਹੋਰ ਸਲਾਹ ਮਸ਼ਵਰਾ, ਭੁੱਲ ਤੋਂ ਗਿਆਤ, ਕੋਈ ਸ਼ੁਭ ਸਿੱਖਯਾ ਬਖਸ਼ਨੀ ਚਾਹੁਣ ਤਾਂ ਸੰਕੋਚ ਨਾ ਕਰਨ, ਦਾਸ ਲਾਭ ਉਠਾਉਣ ਦਾ ਪੂਰਾ ਯਤਨ ਕਰੇਗਾ।

ਸੋ ਪਿਆਰੇ ਸੱਜਣੋਂ! ਇਹ ਗ੍ਰੰਥ ਤਿਆਰ ਹੋਕੇ ਗੁਰੂ ਪੰਥ ਦੀ ਭੇਟਾ ਹੈ, ਭਰੋਸਾ ਹੈ ਜੋ ਇਸ ਗ੍ਰੰਥ ਨੂੰ ਪੜ੍ਹ ਸੁਣ ਕੇ ਦਾਸ ਦੀ ਸੇਵਾ ਨੂੰ ਸਫਲ ਕਰੋਗੇ।

ਪ੍ਰਾਰਥਕ—ਕਵਿ ਸੰਤ ਰੇਂਣ, ਪ੍ਰੇਮ ਸਿੰਘ

# ਚੌਥੀ ਵੇਰ ਛਪਨ ਦੀ ਭੂਮਿਕਾ

ਗੁਰੂ ਖਾਲਸਾ ਸਾਧ ਸੰਗਤ ਵਾਹਿਗੁਰੂ ਅਕਾਲ ਪੁਰਖ ਸਰਬ ਸ਼ਕਤੀ ਮਾਨ ਦਾ ਕੋਟਾਨ ਕੋਟ ਸ਼ੁਕਰ ਅਤੇ ਧੰਨਵਾਦ ਹੈ, ਕਿ ਜਿਸ ਦੀ ਮੇਹਰ ਅਤੇ ਕ੍ਰਿਪਾਲਤਾ ਦੁਆਰਾ ਸੰਗਤਾਂ ਅਤੇ ਗੁਰੂ ਸਵਾਰੇ ਪ੍ਰੇਮੀ ਵਿਦਵਾਨ ਸਜਣਾਂ ਨੇ ਇਸ ਗ੍ਰੰਥ ਦੀ ਪਹਿਲੀ ਤੇ ਦੂਜੀ ਤੇ ਤੀਜੀ ਐਡੀਸਨ ਛਪਕੇ ਹਥੋ ਹਥੀ ਖਰੀਦ ਕੇ ਚੌਥੀ ਐਡੀਸ਼ਨ ਛਪਵਾਣ ਦਾ ਉਤਸ਼ਾਹ ਤੇ ਅਵਸਰ ਬਖਸ਼ਿਆ, ਲੇਕਨ ੧੯੪੭ ਵਿਚ ਪੰਜਾਬ ਦੇ ਦੋ ਹਿਸੇ ਹੋਣ ਦੇ ਕਾਰਨ ਦੁਨੀਆਂ ਖੇਰੂੰ ਖੇਰੂੰ ਹੋ ਗਈ। ਇਸ ਸਮੇਂ ਕਈ ਔਕੜਾਂ ਤੇ ਤਕਲੀਫਾਂ ਵਿਚੋਂ ਦੁਨੀਆਂ ਨੂੰ ਲੰਘਣਾ ਪਿਆ ਅਤੇ ਮੇਰੇ ਮਨ ਵਿਚ ਗ੍ਰੰਥ ਛਾਪਣ ਦੀ ਪੂਰੀ ਤਰ੍ਹਾਂ ਵਿਚਾਰ ਸੀ ਕਿਉਂਕਿ ਸੰਗਤਾਂ ਤੇ ਪ੍ਰੇਮੀਆਂ ਵਲੋਂ ਸੱਦੇ ਪੱਤ੍ਰ ਆਉਂਦੇ ਸਨ ਕਿ 'ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ' ਜ਼ਰੂਰ ਛਾਪੋ। ਲੇਕਨ ਗ੍ਰੰਥ ਛਾਪਣ ਵਿਚ ਬਹੁਤ ਮਜ਼ਬੂਰੀਆਂ ਸਨ, ਜੋ ਨਹੀਂ ਛਾਪ ਸਕਿਆ। ਸਭ ਤੋਂ ਵਡਾ ਕਾਰਨ ਇਹ ਸੀ ਕਿ ਮੇਰੀ ਸੇਹਤ ਉਮਰ ਦੇ ਲਿਹਾਜ਼ ਨਾਲ ਕਾਫੀ ਕਮਜ਼ੋਰ ਤੇ ਨਿਰਬਲ ਹੋ ਗਈ ਹੈ ਜੋ ਮੇਰੇ ਪਾਸੋਂ ਇਹ ਸੇਵਾ ਹੋਣੀ ਕਠਨ ਸੀ। ਦਾਸ ਨੇ ਵਾਹਿਗੁਰੂ ਅਗੇ ਅਰਦਾਸ ਕੀਤੀ ਕਿ ਸਚੇ ਪਾਤਸ਼ਾਹ ਆਪ ਸਹਾਈ ਹੋਕੇ ਇਸ ਕਾਰਜ ਨੂੰ ਜ਼ਰੂਰ ਸੰਪੂਰਨ ਕਰੋ ਵਾਹਿਗੁਰੂ ਨੇ ਮੈਂ ਨਿਮਾਣੇ ਦੀ ਬੇਨਤੀ ਨੂੰ ਸੁਣ ਕਰਕੇ ਕਾਰਜ ਨੂੰ ਸਿਧ ਕੀਤਾ। ਸਾਡੇ ਨਰਯਾਬ ਦੇ ਭਾਈ ਸੁੰਦਰ ਸਿੰਘ ਗੁਰਮੁਖ ਪਿਆਰੇ ਉਨ੍ਹਾਂ ਦੇ ਲੜਕੇ ਗਿਆਨੀ ਹਰੀ ਸਿੰਘ ਜੋ

ਅੰਮ੍ਰਿਤਸਰ ਰਹਿੰਦੇ ਹਨ, ਇਨ੍ਹਾਂ ਨਾਲ ਗਲ ਬਾਤ ਕੀਤੀ ਕਿ ਤੁਸੀਂ ਕੋਈ ਗ੍ਰੰਥ ਛਾਪਣ ਲਈ ਕਿਸੇ ਪੁਸਤਕਾਂ ਵਾਲੇ ਨਾਲ ਗਲ ਬਾਤ ਕਰੋ। ਦਾਸ ਦੀ ਬੇਨਤੀ ਨੂੰ ਪ੍ਰਵਾਨ ਕਰਕੇ ਗਲ ਬਾਤ ਕੀਤੀ, ਲੇਕਨ ਗਲ ਬਾਤ ਕਿਸੇ ਨਾਲ ਸਿਰੇ ਨਾ ਚੜ੍ਹੀ, ਆਖਰ ਕਾਰ ਗਿਆਨੀ ਹਰੀ ਸਿੰਘ ਨੇ ਇਹ ਗਲ ਆਖੀ, ਕਿ ਤੁਸੀ ਆਪ ਛਾਪੋ ਤੇ ਬਾਕੀ ਦੀ ਸਾਰੀ ਸੇਵਾ ਪਰੂਫ ਵੇਖਣ ਦੀ ਤੇ ਕਾਗਜ਼ ਦੀ ਮੇਰੇ ਜ਼ਿੰਮੇਂ ਲਾ ਦਿਓ ਇਹ ਗਲ ਸੁਣ ਕੇ ਮੇਰਾ ਮਨ ਪ੍ਰਸੰਨ ਹੋਇਆ ਕਿ ਹੁਣ ਕਾਰਜ ਠੀਕ ਹੋ ਜਾਵੇਗਾ। ਮੁੜ ਗਿ: ਹਰੀ ਸਿੰਘ ਨਾਲ ਗ੍ਰੰਥ ਬਾਰੇ ਵੀਚਾਰ ਕਰਦੇ ਰਹੇ ਤਾਂ ਗਿਆਨੀ ਜੀ ਨੇ ਇਹ ਗਲ ਭੀ ਆਖੀ ਕਿ ਬਾਬਾ ਜੀ ਕਿਉਂ ਨਾ ਹੋਵੇ ਕਿ ਇਸ ਗ੍ਰੰਥ ਦੇ ਹਰ ਪੰਨੇ ਤੇ ਫੁਟ ਨੋਟ ਦੇ ਥਲੇ ਨੰਬਰ ਦੇਕੇ ਪ੍ਰਯਾ ਲਾ ਦਿਤੇ ਜਾਣ, ਜਿਸ ਤਰ੍ਹਾਂ ਭਾਈ ਵੀਰ ਸਿੰਘ ਨੇ ਨਾਨਕ ਪ੍ਰਕਾਸ਼ ਤੇ ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਤੇ ਪ੍ਰਯਾ ਲਾਏ ਹਨ। ਲੇਕਨ ਦੂਜੇ ਪਾਸੇ ਇਤਨੀ ਵਡੀ ਮੇਹਨਤ ਨੂੰ ਮੁਖ ਰਖਦਿਆਂ ਇਹ ਗਲ ਗਿਆਨੀ ਜੀ ਨੂੰ ਆਖੀ ਕਿ ਇਹ ਮਹਾਨ ਸੇਵਾ ਹੈ ਤੁਹਾਡੇ ਕੰਮ ਵਿਚ ਹਰਜ ਹੋਵੇਗਾ ਤੇ ਜਾਣ ਦਿਓ ਜੋ ਕੁਛ ਛਪਿਆ ਹੈ ਉਹੀ ਛਾਪਣ ਦੀ ਸੇਵਾ ਕਰ ਦੇਣੀ ਲੇਕਨ ਗਿਆਨੀ ਜੀ ਇਸ ਗਲ ਤੇ ਤੁਲ ਗਏ ਕਿ ਮੇਰੇ ਸਿਰ ਤੇ ਸ੍ਰੀ ਗੁਰੂ ਰਾਮਦਾਸ ਸੋਢੀ ਪਾਤਸ਼ਾਹ ਜੀ ਦਾ ਹਥ ਹੋਵੇ ਤੇ ਆਪ ਜੀ ਦੀ ਅਸ਼ੀਰ ਵਾਦ ਹੋਵੇ ਤਾਂ ਮੈਂ ਜ਼ਰੂਰ ਸਫਲ ਹੋਵਾਂਗਾ। ਸੋ ਗਿਆਨੀ ਜੀ ਦਾ ਪਿਆਰ ਵੇਖ ਕੇ ਦਾਸ ਨੇ ਖੁਲ੍ਹੀ ਛੁਟੀ ਦੇ ਦਿਤੀ ਕਿ ਜਿਸ ਤਰ੍ਹਾਂ ਆਪ ਮੁਨਾਸਿਬ ਸਮਝੋ ਉਸੀ ਤਰ੍ਹਾਂ ਕਰੀ ਜਾਣਾ, ਸੋ ਗਿਆਨੀ ਹਰੀ ਸਿੰਘ ਵਾਹਿਗੁਰੂ ਤੇ ਭਰੋਸਾ ਰਖ ਕੇ ਰਾਤ ਦਿਨ ਇਸ 'ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ' ਛਾਪਣ ਦੀ ਪਰੂਫ ਅਤੇ ਪ੍ਰਯਾ ਲਾਉਣ ਦੀ ਕਾਗਜ਼ ਜਿਲਦ ਦੀ ਸਾਰੀ ਸੇਵਾ ਤਨੋਂ ਮਨੋਂ ਕਰਕੇ ਵਾਹਿਗੁਰੂ ਦਾ ਕ੍ਰਿਪਾ

ਨਾਲ ਸੰਪੂਰਨ ਕੀਤੀ। ਮੈਂ ਦਿਲੋਂ ਗਿ: ਹਰੀ ਸਿੰਘ ਨੂੰ ਅਸ਼ੀਰ ਵਾਦ ਦੇਂਦਾ ਹਾਂ ਕਿ ਵਾਹਿਗੁਰੂ ਨਾਮ ਦਾਨ ਗੁਰ ਸਿਖੀ ਜੀਵਨ ਤੇ ਪੰਥ ਸੇਵਾ ਅਤੇ ਕ੍ਰਿਤ ਕਮਾਈ ਵਿਚ ਬਰਕਤ ਪਾਵੇ, ਤਾਂਕਿ ਇਸ ਤਰ੍ਹਾਂ ਸੇਵਾ ਕਰਦੇ ਰਹਿਣ। ਗਿ: ਹਰੀ ਸਿੰਘ ਪਿਛੋ ਸਾਡੇ ਪਿੰਡ ਨਰਯਾਬ ਦੇ ਵਸਨੀਕ ਹਨ ਇਸ ਵਕਤ ਸ੍ਰੀ ਅੰਮ੍ਰਿਤਸਰ ਰਹਿੰਦੇ ਹਨ। ਪਿਛੇ ਧਾਰਮਕ ਵਿਦਿਆ ਤੋਂ ਅਨਜਾਨ ਸਨ ਪਰ ਦਾਸ ਸ਼ੁਰੂ ਤੋਂ ਵੇਖਦਾ ਹੈ ਕਿ ਇਸ ਦੇ ਅੰਦਰ ਧਾਰਮਕ ਵਿਦਿਆ ਪੜ੍ਹਨ ਦਾ ਸ਼ੌਂਕ ਸੀ। ਪਾਕਿਸਤਾਨ ਬਣਨ ਤੋਂ ਬਾਦ ਇਹ ਅੰਮ੍ਰਿਤਸਰ ਠਹਿਰੇ ਤੇ ਨਿਵਾਸ ਰਖਦੇ ਹਨ। ਗਿ: ਹਰੀ ਸਿੰਘ ਨੇ ਸ੍ਰੀ ਮਾਨ ਸੰਤ ਅਮੀਰ ਸਿੰਘ ਜੀ ਦੇ ਡੇਰੇ ਵਿਚੋਂ ਸ੍ਰੀ ਮਾਨ ਗਿ: ਕ੍ਰਿਪਾਲ ਸਿੰਘ ਜੀ ਤੋਂ ਚਾਰ ਵਾਰੀ ਗੁਰਬਾਣੀ ਦੀ ਸੰਥਿਆ ਪ੍ਰਾਪਤ ਕੀਤੀ ਅਤੇ ਛੇ ਸਤ ਸਾਲ ਵਿਚ ਹੋਰ ਕਾਫੀ ਵਿਦਵਾਨਾਂ ਪਾਸੋਂ ਬਹੁਤ ਸਾਰੇ ਗ੍ਰੰਥ ਪੜ੍ਹੇ ਤੇ ਵਿਦਿਆ ਹਾਸਲ ਕੀਤੀ। ਗਿ: ਹਰੀ ਸਿੰਘ ਕਾਰੋ ਬਾਰੀ ਤੇ ਗ੍ਰਿਹਸਤੀ ਹਨ ਪਰ ਵਿਦਿਆ ਦਾ ਸ਼ੌਂਕ ਤੇ ਪਿਆਰ ਹੋਣ ਦੇ ਕਾਰਨ ਵਾਹਿਗੁਰੂ ਨੇ ਅਪਾਰ ਕਿਰਪਾ ਕੀਤੀ ਜੋ 'ਇਸ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ' ਦੀ ਸੇਵਾ ਭੀ ਕੀਤੀ ਅਤੇ ਵਾਹਿਗੁਰੂ ਹੋਰ ਇਨ੍ਹਾਂ ਦੀ ਵਿਦਿਆ ਨੂੰ ਭਾਗ ਲਾਵੇ ਜੋ ਹਮੇਸ਼ਾਂ ਪੰਥ ਦੀ ਸੇਵਾ ਕਰਦੇ ਰਹਿਣ। ਬਾਕੀ ਇਸ 'ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ' ਵਿਚ ਚੁਰੰਜਾ ਗਿਆਨੀਆਂ ਵਲੋਂ ਪ੍ਰਸੰਸੇ ਪੱਤ੍ਰ ਭੇਜੇ ਗਏ ਸਨ ਲੇਕਨ ਵਿਸਥਾਰ ਕਰਕੇ ਕੇਵਲ ਉਨ੍ਹਾਂ ਮਹਾਂ ਪੁਰਸ਼ਾਂ ਤੇ ਵਿਦਵਾਨ ਸਜਣਾਂ ਦੇ ਨਾਮ ਦਿਤੇ ਗਏ ਹਨ। ਹੋਰ ਸਿੰਘ ਸਾਹਿਬ ਗਿਆਨੀ ਚੇਤ ਸਿੰਘ ਹੈਡ ਗ੍ਰੰਥੀ ਸ੍ਰੀ ਹਰਿ ਮੰਦਰ ਸਾਹਿਬ ਵਾਲੇ ਨੇ ਪ੍ਰਸੰਸਾ ਪਤ੍ਰ ਦੇ ਕਰ ਨਿਵਾਜਿਆ ਹੈ ਦਾਸ ਅਤੀ ਧੰਨਵਾਦੀ ਹੈ। ਇਸ ਤੋਂ ਇਲਾਵਾ ਸ੍ਰੀ ਮਾਨ ਗਿਆਨੀ ਦਲੀਪ ਸਿੰਘ ਸ੍ਰੀ ਮੰਜੀ ਸਾਹਿਬ ਕਥਾ ਵਾਚਕ ਨੇ ਪ੍ਰਸੰਸਾ ਪਤ੍ਰ ਦੇਕਰ ਮਾਣ

ਬਖਸ਼ਿਆ ਹੈ ਮੈਂ ਉਨ੍ਹਾਂ ਦਾ ਭੀ ਅਤੀ ਧੰਨਵਾਦੀ ਹਾਂ। ਹੋਰ ਜਿਨ੍ਹਾਂ ਸਜਣਾਂ ਵਲੋਂ ਪ੍ਰਸੰਸੇ ਪਤ੍ਰ ਆਏ ਹਨ ਮੈਂ ਸਾਰਿਆਂ ਦਾ ਦਿਲੋਂ ਧੰਨਵਾਦੀ ਹਾਂ।

ਇਹ 'ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ' ਕੇਵਲ ਇਸ ਵਿਚ ਦਸਾਂ ਗੁਰਾਂ ਦਾ ਪਵਿਤ੍ਰ ਇਤਿਹਾਸ ਗੁਰਮਤ ਅਨੁਸਾਰ ਛੰਦਾ ਛੰਦੀ ਵਿਚ ਪ੍ਰਯਾਵਾਂ ਦੇ ਸਹਿਤ ਚਾਰ ਸੈਂਚੀਆਂ ਵਿਚ ਤਿਆਰ ਕੀਤਾ ਹੈ। ਜਿਲਦਾਂ ਵਧੀਆ ਕਪੜੇ ਦੀਆਂ ਹਨ ਤੇ ਕਾਗਜ਼ ਵਧੀਆ ਡਮਈ ਲਾ ਦਿਤਾ ਗਿਆ ਹੈ। ਭਾਈ ਵੀਰ ਸਿੰਘ ਨੇ ਕਵੀ ਭਾਈ ਸੰਤੋਖ ਸਿੰਘ ਜੀ ਦੇ ਗ੍ਰੰਥ ਦੀ ਭੇਟਾ ਲਗ ਪਗ ਸਵਾ ਸੌ ਰੁਪੈ ਰਖੀ ਹੈ। ਲੇਕਨ ਦਾਸ ਨੇ ਪ੍ਰਚਾਰ ਨੂੰ ਮੁਖ ਰਖ ਕੇ ਕੇਵਲ ੪੫) ਰੁਪੈ ਭੇਟਾ ਰਖੀ ਹੈ ਜੋ ਹਰ ਇਕ ਵਿਦਿਆਰਥੀ, ਗ੍ਰਹਿਸਤੀ, ਗੁਣੀ ਗਿਆਨੀ ਤੇ ਪ੍ਰਚਾਰਕ ਲੈ ਸਕੇ। ਸੋ ਸਮੂੰਹ ਸਿਖ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ 'ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ' ਨੂੰ ਮੰਗਵਾਕੇ ਪੂਰਨ ਖੁਸ਼ੀਆਂ ਪ੍ਰਾਪਤ ਕਰੋ। ਗ੍ਰੰਥ ਵਿਚ ਆਪਣੇ ਵਲੋਂ ਪੂਰੀ ਤਰ੍ਹਾਂ ਸੋਧ ਵੀਚਾਰ ਨਾਲ ਮੇਹਨਤ ਕਰਕੇ ਤਿਆਰ ਕੀਤਾ ਹੈ ਅਗਰ ਕੋਈ ਕੰਮੀ ਤ੍ਰੁਟੀ ਜਿਸ ਕਿਸੇ ਵਿਦਵਾਨ ਨੂੰ ਨਜ਼ਰ ਆਵੇ ਪ੍ਰੇਮ ਪੂਰਬਕ ਦਸਣ ਦੀ ਕ੍ਰਿਪਾਲਤਾ ਕਰਨ। ਇਹ ਗ੍ਰੰਥ ਫਿਲ ਹਾਲ ਦੋ ਥਾਵਾਂ ਤੋਂ ਪ੍ਰਾਪਤ ਹੋਵੇਗਾ। ਗਿ: ਹਰੀ ਸਿੰਘ ਕੌਲਸਰ ਅੰਮ੍ਰਿਤਸਰ ਅਤੇ ਸ੍ਰੀ ਗੁਰੂ ਅੰਗਦ ਦਰਬਾਰ ਸਰਹੰਦੀ ਗੇਟ ਪਟਿਆਲਾ। ਚਾਰੇ ਸੈਂਚੀਆਂ ਇਕੱਠੀਆਂ ਮਿਲਨੀਆਂ ਭੇਟਾ ਕੇਵਲ ੪੫) ਰੁਪਏ ਹੈ ਅਤੇ ਡਾਕ ਖਰਚ ਵਖਰਾ ਹੋਵੇਗਾ।

ਦਾਸ ਦੇ ਇਸ ਗ੍ਰੰਥ ਦੇ ਰਚਨ ਅਤੇ ਛਪਵਾਣ ਤੇ ਨਾ ਕੇਵਲ ਸੰਗਤਾਂ ਵਲੋਂ ਹੀ ਪ੍ਰਸੰਸਾ ਪ੍ਰਗਟ ਕੀਤੀ ਗਈ, ਸਗੋਂ ਜਦ ਇਸ ਗ੍ਰੰਥ ਦੀ ਪਹਿਲੀ ਐਡੀਸ਼ਨ ਤਿਆਰ ਹੋਣ ਸਮੇਂ ਦਾਸ ਬੇਅੰਤ

ਸੰਗਤਾਂ ਦੇ ਜੱਥੇ ਸਹਿਤ ਸਬਦ ਕੀਰਤਨ ਕਰਦਿਆਂ ਹੋਇਆਂ ਸ੍ਰੀ ਦਰਬਾਰ ਸਾਹਿਬ, ਬਾਬਾ ਅਟੱਲ ਸਾਹਿਬ ਜੀ ਦੀ ਪਵਿੱਤ੍ਰ ਯਾਤ੍ਰਾ ਕਰ, ਭੇਟਾ ਚੜ੍ਹਾ, ਸਿਰੋਪਾ ਪ੍ਰਾਪਤ ਕਰ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਹਜ਼ੂਰ ਪੁੱਜਾ ਅਤੇ ਇਕ ਗ੍ਰੰਥ ਭੇਟਾ ਕੀਤਾ ਤਾਂ ਸਤਿਗੁਰਾਂ ਦੇ ਹਜ਼ੂਰੋਂ ਵੀ ਸਿਰੋਪਾਉ ਬਖਸ਼ਕੇ ਦਾਸ ਨੂੰ ਮਾਨ ਬਖਸ਼ਿਆ ਗਿਆ।

ਇਸ ਦੂਜੀ ਤੇ ਤੀਜੀ ਐਡੀਸ਼ਨ ਦੇ ਛਪਣ ਵੇਲੇ ਗੁਣੀਆਂ ਗਿਆਨੀਆਂ ਦੀਆਂ ਆਈਆਂ ਸੰਮਤੀਆਂ ਤੋਂ ਪੂਰਨ ਲਾਭ ਉਠਾਣ ਦਾ ਯਤਨ ਕੀਤਾ ਗਿਆ ਹੈ, ਅੱਗੋਂ ਵੀ ਜਿਸ ਗੁਣੀ ਸੱਜਣ ਨੂੰ ਕੋਈ ਸ਼ੰਕਾ ਉਤਪੰਨ ਹੋਵੇ ਅਥਵਾ ਉਹ ਕੋਈ ਲਾਭਦਾਇਕ ਵਾਕਫੀਅਤ ਦੇ ਸਕਦੇ ਹੋਣ ਤਾਂ ਕ੍ਰਿਪਾ ਪੂਰਬਕ ਲਿਖ ਭੇਜਨ, ਨਵੀਂ ਛਪਣ ਵਾਲੀ ਐਡੀਸ਼ਨ ਸਮੇਂ ਉਨ੍ਹਾਂ ਅਮੋਲਕ ਖਿਆਲਾਂ ਤੋਂ ਲਾਭ ਉਠਾਉਣ ਦਾ ਪੂਰਾ ਪੂਰਾ ਯਤਨ ਕੀਤਾ ਜਾਵੇਗਾ।

ਵਾਹਿਗੁਰੂ ਜੀ ਕਾ ਖਾਲਸਾ,
ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

**ਪ੍ਰਾਰਥਿਕ-ਕਵਿ ਸੰਤ ਰੇਣ ਪ੍ਰੇਮ ਸਿੰਘ**

# ਗੁਰ ਪੁਰਬ ਨਿਰਣਯ ਪੱਤ੍ਰ

| ਨਾਮ | ਅਵਤਾਰ ਤਿੱਥਿ | ਗੁਰਤਾ ਤਿੱਥਿ | ਜੋਤੀ ਜੋਤ ਸਮਾਵਨ ਤਿੱਥਿ |
|---|---|---|---|
| ੧. ਸ੍ਰੀ ਗੁਰੂ ਨਾਨਕ ਦੇਵ ਜੀ | ਕਤਕ ਪੁੰਨਿਆਂ ਸੰ: ਨਾ: ੧ ਬਿ; ੧੫੨੬ | ਕਤਕ ਪੁੰਨਯਾਂ ਸੰ: ਨਾ: ੧ | ਅੱਸੂ ਵਦੀ ੧੦ ਸੰ: ੬੯ |
| ੨. ਸ੍ਰੀ ਗੁਰੂ ਅੰਗਦ ਦੇਵ ਜੀ | ਵਿਸਾਖ ਸੁਦੀ ੧ ਸੰ: ੩੬ | ਅੱਸੂ ਵਦੀ ੫ ਸੰ: ੬੯ | ਚੇਤ੍ਰ ਸੁਦੀ ੪ ਸੰ' ੮੨ |
| ੩. ਸ੍ਰੀ ਗੁਰੂ ਅਮਰ ਦਾਸ ਜੀ | ਵਿਸਾਖ ਸੁਦੀ ੧੪ ਸੰ: ੧ | ਚੇਤ੍ਰ ਸੁਦੀ ੧ ਸੰ: ੮੨ | ਭਾਦ੍ਰੋਂ ਪੁੰਨਿਆਂ ਸੰ: ੧੦੪ |
| ੪. ਸ੍ਰੀ ਗੁਰੂ ਰਾਮਦਾਸ ਜੀ | ਕਤਕ ਵਦੀ ੨ ਸੰ: ੫੫ | ਭਾਦ੍ਰੋਂ ਸੁਦੀ ੧੩ਸੰ:੧੦੪ | ਭਾਦ੍ਰੋਂ ਸੁਦੀ ੩ ਸੰ:੧੧੧ |
| ੫. ਸ੍ਰੀ ਗੁਰੂ ਅਰਜਨ ਦੇਵ ਜੀ | ਵਿਸਾਖ ਵਦੀ ੭ ਸੰ: ੮੪ | ਭਾਦ੍ਰੋਂ ਸੁਦੀ ੨ ਸੰ: ੧੧੧ | ਜੇਠ ਸੁਦੀ ੪ ਸੰ: ੧੩੯ |
| ੬ ਸ੍ਰੀ ਗੁਰੂ ਹਰਿਗੋਬਿੰਦ ਜੀ | ਹਾੜ ਵਦੀ ੧ ਸੰ: ੧੨੬ | ਜੇਠ ਵਦੀ ੮ ਸੰ: ੧੩੯ | ਚੇਤ੍ਰ ਸੁਦੀ ੫ ਸੰ: ੧੭੪ |
| ੭. ਸ੍ਰੀ ਗੁਰੂ ਹਰਿ ਰਾਇ ਜੀ | ਮਾਘ ਸੁਦੀ ੧੩ ਸੰ:੧੬੦ | ਚੇਤ੍ਰ ਵਦੀ ੧੩ ਸੰ: ੧੭੪ | ਕਤਕ ਵਦੀ ੯ ਸੰ: ੧੯੨ |
| ੮. ਸ੍ਰੀ ਗੁਰੂ ਹਰਿਕ੍ਰਿਸ਼ਨ ਜੀ | ਸਾਵਣ ਵਦੀ ੯ ਸੰ:੧੮੭ | ਕਤਕ ਵਦੀ ੮ ਸੰ:੧੯੨ | ਚੇਤ੍ਰ ਸੁਦੀ ੧੪ ਸੰ: ੧੯੫ |
| ੯. ਸ੍ਰੀ ਗੁਰੂ ਤੇਗ ਬਹਾਦਰ ਜੀ | ਵਿਸਾਖਵਦੀ ੫ ਸੰ:੧੫੨ | ਚੇਤ੍ਰ ਸੁਦੀ ੧੪ ਸੰ: ੧੯੫ | ਮਘਰ ਸੁਦੀ ੫ ਸੰ: ੨੦੭ |
| ੧੦. ਸ੍ਰੀ ਗੁਰੂ ਗੋਬਿੰਦ ਸਿੰਘਜੀ | ਪੋਹ ਸੁਦੀ ੭ ਸੰ: ੧੯੮ | ਮਘਰ ਸੁਦੀ ੩ ਸੰ: ੨੦੭ | ਕਤਕ ਸੁਦੀ ੫ ਸੰ: ੨੪੦ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ਭਾਦ੍ਰੋਂ ਸੁਦੀ ੧ ਸੰ: ੧੩੫ | ਕਤਕ ਸੁਦੀ ੨ ਸੰ: ੨੪੦ | ਜਾਹਿਰ ਜ਼ਹੂਰਹਾਜ਼ਰਹਜ਼ੂਰ |

## ਸ਼ਹੀਦੀ ਪੁਰਬ

ਬਾਬਾ ਅਜੀਤ ਸਿੰਘ ਜੀ ਬਾਬਾ ਜੁਝਾਰ ਸਿੰਘ ਜੀ ੮ ਪੋਹ ਅਮਾਵਸ ਸੰ: ੨੩੫

ਬਾਬਾ ਜੋਰਾਵਰ ਸਿੰਘ ਜੀ ਬਾਬਾ ਫਤਹ ਸਿੰਘ ਜੀ ੧੩ ਪੋਹ ਸੁਦੀ ੫ ਸੰ: ੨੩੫

# ਅਬ ਗ੍ਰੰਥ ਦਰਪਨ

੧. 'ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ' ਦਾ ਭਾਵ ਅਰਥ ਇਹ ਹੈ ਕਿ ਦਸਾਂ ਸਤਿਗੁਰਾਂ ਦਾ ਇਹ ਗ੍ਰੰਥ ਰੂਪੀ 'ਪੁਰ' (ਸ਼ੈਹਰ) ਹੈ। ਜੈਸੇ ਸ਼ੈਹਰ ਵਿਖੇ ਮਹੱਲੇ ਹੋਂਵਦੇ ਹਨ ਤੈਸੇ ਇਸ ਗ੍ਰੰਥ ਵਿਖੇ ਕ੍ਰਮ ਅਨੁਸਾਰ ਪਾਤਸ਼ਾਹੀ ਪਹਿਲੀ, ਦੂਜੀ, ਤੀਜੀ, ਚੌਥੀ, ਪੰਜਵੀਂ, ਛੇਵੀਂ, ਸੱਤਵੀਂ, ਅੱਠਵੀਂ, ਨੌਵੀਂ, ਦਸਵੀਂ ਦੇ ਇਤਿਹਾਸ ਰੂਪੀ ਦਸ ਮਹੱਲੇ ਹਨ,ਜੈਸੇ ਇਕ ਇਕ ਮਹੱਲੇ ਵਿਖੇ (ਹਵੇਲੀਆਂ) ਘਰ ਬਹੁਤ ਹੋਂਵਦੇ ਹਨ ਤੈਸੇ ਇਸ ਵਿਖੇ ਪ੍ਰਸੰਗ ਰੂਪੀ ਮੰਦਰ ਹਨ।

੨. ਇਹੁ ਗ੍ਰੰਥ ਸੁੰਦਰ ਰਸੀਲੀ ਕਵਿਤਾ ਵਿਖੇ ਪੁਰਾਤਨ ਕਵਿਤਾ ਦੀ ਮਰਯਾਦਾ ਅਨੁਸਾਰ ਹੈ।

੩. ਇਸ ਗ੍ਰੰਥ ਦੇ ਆਦ ਵਿਖੇ ਸਾਰੇ ਗ੍ਰੰਥ ਦੇ ਮੰਦਰਾਂ ਭਾਵ ਪ੍ਰਸੰਗਾਂ ਦਾ ਤਤਕਰਾ ਸੋਹਣੇ ਢੰਗ ਨਾਲ ਲਿਖਿਆ ਹੈ।

੪. ਇਸ ਗ੍ਰੰਥ ਦੇ ਹਰ ਇਕ ਪੰਨੇ ਪਰ ਪਹਿਲੇ ਜਿਸ ਗੁਰੂ ਜੀ ਦਾ ਇਤਿਹਾਸ ਹੋਵੇ ਉਸਦਾ ਮਹੱਲਾ ੧ ਸੇ ੧੦ ਤੱਕ ਹੈ, ਅਗੇ ਜੋ ਪੰਨੇ ਵਿਚ ਪ੍ਰਕਰਣ ਹੋਵੇ ਉਸ ਦਾ ਸਾਰ ਸਿਰ ਲੇਖ ਅਗੇ ਪੰਨੇ ਦਾ ਅੰਕ ਹੈ।

੫. ਇਸ ਗ੍ਰੰਥ ਵਿਖੇ ਸੰਮਤ ੧੫੨੬ ਬਿਕ੍ਰਮੀ ਇਕ ਜਗ੍ਹਾ ਸ਼ੁਰੂ ਤੋਂ ਬਿਨਾਂ ਹੋਰ ਸਭ ਅਸਥਾਨਾਂ ਵਿਖੇ ਸੰਮਤ ਸ੍ਰੀ ਗੁਰੂ ਨਾਨਕ ਸ਼ਾਹੀ ਹੈ ਅਤੇ ਜਿਸ ਜਗ੍ਹਾ ਸੰਮਤ ਕਾਬਜ ਵਿੱਦਜਾ

(ਦ੍ਰਿਸ਼ਟ ਕੂਟ) ਅਨੁਸਾਰ ਦਿਤਾ ਹੈ ਓਹ ਜੇ ਸਿੱਧੀ ਗਿਣਤੀ ਨਾਲ ਨਾਂ ਬਣੇ ਤਾਂ ਉਲਟਾ ਲੈਣਾ, ਯਥਾ ਪੰਨਾ ੫੦੯ ਹੈ 'ਸੰਮਤ ਜੁਗਲ ਵੇਦ ਸਸ ਜਾਨ' ਜੁਗਲ ੨, ਵੇਦ ੪, ਸਸ ੧ ਜੋੜ ੨੪੧ ਹੋਇਆ, ਇਨ੍ਹਾਂ ਅੰਕਾਂ ਨੂੰ ਉਲਟਾਈਏ ਤਾਂ ਜੋੜ ੧੪੨ ਹੋਇਆ । ਭਾਵ ਸੰਮਤ ਗਿਣਨ ਸਮੇਂ ਅਗਲੇ ਪਿਛਲੇ ਸੰਮਤ ਨਾਲ ਮੇਲ ਲੈਣਾਂ ਚਾਹੀਦਾ ਹੈ।

੬. ਇਸ ਗ੍ਰੰਥ ਵਿਖੇ ਗੁਰਪੁਰਬ ਨਿਰਣਯ ਪੱਤ੍ਰ ਭੀ ਗਿਆ ਹੈ ਜੋ ਗੁਰਪੁਰਬ ਦੇਖਣਾ ਹੋਵੇ ਤਿੱਥਿ ਅਨੁਸਾਰ ਸੁਖੈਨ ਵੇਖ ਸਕੀਦਾ ਹੈ।

## ਸਵੱਯਾ

ਹੇ ਗੁਰ ਰੂਪ ਅਕਾਲ ਸਦਾ ਤੁਮਰੇ ਜਸ ਕੋ ਕੋਈ ਅੰਤ ਨ ਪਾਵਤ ॥
ਦਾਸ ਤੇ ਭੂਲ ਜੋ ਚੂਕ ਭਈ ਬਖਸ਼ਿੰਦ ਅਹੋ ਇਸ ਤੇ ਬਖ਼ਸ਼ਾਵਤ ॥
ਨਿਜ ਬਿਰਦ ਕੀ ਲਾਜ ਸਦਾ ਰਖੀਏ
ਜਗ ਮੈਂ ਪ੍ਰਭ ਕਿੰਕਰ ਤੋਹਿ ਕਹਾਵਤ ॥
ਅਹੋ ਸੰਤ ਗੁਰੂ ਕਵਿ ਰੈਂਣ ਅਹੈ
ਹਰਿ ਪ੍ਰੇਮ ਸਦਾ ਪਗ ਕੰਜ ਸੁਹਾਵਤ ॥ ੧ ॥

# ਅਥ ਕਵਿ ਬੰਸਾਵਲੀ

ਦੋਹਿਰਾ–ਪ੍ਰਿਥਮ ਅਕਾਲ ਧਿਆਇਕੈ ਸਭ ਸਤਿਗੁਰੂ ਮਨਾਇ ॥
ਨਿਜ ਬੰਸਹਿ ਬਰਨਨ ਕਰੋਂ ਸੁਨਹੁ ਸੰਤ ਮਨ ਲਾਇ॥ ੧ ॥

ਕਬਿੱਤ–ਸ੍ਰੀ ਗੁਰੂ ਨਾਨਕ ਸ੍ਵਰੂਪ ਗੁਰੂ ਅੰਗਦ ਜੀ ਤਾਹਿ ਕੇ ਸਪੁਤ੍ਰ ਸ੍ਰੀ ਦਾਸੂ ਜੀ ਬਖਾਨੀਯੇ ॥ ਧਜਾਨ ਦਾਸ ਤਾਹਿ ਸੁਤ ਉੱਤਮ ਦਾਸ ਤਾਹਿ ਸੁਤ ਜੱਗਾ ਮਲ ਤਾਹਿ ਸੁਤ ਨੀਕੇ ਕਰ ਮਾਨੀਯੇ ॥ ਗੋਬਿੰਦ ਜੀ ਤਾਹਿ ਸੁਤ ਖੁਸ਼ਾਲ ਸਿੰਘ ਤਾਹਿ ਸੁਤ ਐਸੇ ਕ੍ਰਮ ਜਾਨੀਯੇ ॥ ਜੱਸਾ ਸਿੰਘ ਤਾਹਿ ਸੁਤ ਰਤਨ ਸਿੰਘ ਤਾਹਿ ਸੁਤ ਸੁੱਖਾ ਸਿੰਘ ਤਾਹਿ ਸੁਤ ਭਲੇ ਪਹਿਚਾਨੀਯੇ ॥ ੨॥ ਤਿਨਹੁ ਕੇ ਸਪੁਤ੍ਰ ਸ੍ਰੀ ਬਾਬਾ ਜੀ ਲਛਮਨ ਸਿੰਘ ਪ੍ਰੇਮ ਸਿੰਘ ਸੰਤ ਰੇਣ ਕਵੀ ਤਿਨੂੰ ਕਯੋ ਹੈ ॥ ਸੰਮਤ ਸ੍ਰੀ ਨਾਨਕ ਜੀ ਚਾਰ ਸ਼ਤ ਦਸ ਮਾਹਿ ਖੰਡ ਨਗੀਯਾਬ ਪਹਿਲੀ ਮੱਘਰ ਭਵ ਲਯੋ ਹੈ ॥ ਪਿਤਪਾਰੇ ਮਾਤ ਪਿਤ ਅਧਕ ਲਡਾਇ ਲਾਡ ਸੁਧਾ ਸਰ ਆਇ ਪੂਨਾ ਬਿੱਦਜਾ ਕੋ ਲਯੋ ਹੈ ॥ ਪੁਨਹਿ ਦਿਸ ਚਤ੍ਰ ਰਟ ਦਰਸੇ ਸਥਾਨ ਗੁਰ ਰਚਯੋ ਪ੍ਰਕਾਸ਼ ਪੁਰ ਗ੍ਰੰਥ ਗੁਰ ਥਯੋ ਹੈ ॥ ੩ ॥

ਦੋਹਿਰਾ–ਅਪ੍ਰ ਪ੍ਰਯੋਜਨ ਨਾਹਿੰ ਕਛੁ ਗੁਰਮਤ ਹਿਤ ਪਰਚਾਰ ॥
ਖਾਲਸ ਰਚਯੋ ਗ੍ਰੰਥ ਯਹ ਗੁਨਿ ਗਨ ਲੇਹੁ ਬਿਚਾਰ ॥ ੪ ॥
ਸੰਮਤ ਸਾਢੇ ਚਾਰ ਸ਼ਤ ਸ੍ਰੀ ਗੁਰੂ ਨਾਨਕ ਸ਼ਾਹਿ ॥
ਸੁਧਾ ਸਰੋਵਰ ਮਹਿੰ ਛਪਯੋ ਕੱਤਕ ਪੂਨਯਾ ਮਾਹਿ ॥ ੫॥

ਪਹਿਲੀ ਵੇਰ ੪੫੦ ਨਾਨਕ ਸ਼ਾਹੀ ਨੂੰ ਛਪਿਆ ।
ਦੂਜੀ ਵੇਰ ੪੫੫ ਨਾਨਕ ਸ਼ਾਹੀ ਨੂੰ ਛਪਿਆ ।
ਤੀਜੀ ਵੇਰ ੪੭੫ ਨਾਨਕ ਸ਼ਾਹੀ ਨੂੰ ਛਪਿਆ ।
ਚੌਥੀ ਵੇਰ ੪੯੬ ਨਾਨਕ ਸ਼ਾਹੀ ਨੂੰ ਛਪਿਆ ।

੧ ੴ ਸਤਿਗੁਰਪ੍ਰਸਾਦਿ ॥

# (ਵਲੋਂ ਗਿਆਨੀ ਹਰੀ ਸਿੰਘ)

ਇਹ ਗਲ ਚੰਗੀ ਤਰ੍ਹਾਂ ਪ੍ਰਗਟ ਹੈ, ਜੋ ਕਵੀ ਰਾਜ ਭਾਈ ਸੰਤੋਖ ਸਿੰਘ ਜੀ ਨੇ ਦਸਾਂ ਗੁਰਾਂ ਦਾ ਇਤਿਹਾਸ ਨਾਨਕ ਪ੍ਰਕਾਸ਼ ਅਤੇ ਗੁਰ ਪ੍ਰਤਾਪ ਸੂਰਜ ਗ੍ਰੰਥ ਛੰਦਾ ਬੰਦੀ ਵਿਚ ਰਚ ਕੇ ਬਹੁਤ ਵਡਾ ਪਰ ਉਪਕਾਰ ਕੀਤਾ। ਪ੍ਰੰਤੂ ਸ੍ਰੀ ਮਾਨ ਕਵੀ ਜੀ ਦੇ ਪ੍ਰਲੋਕ ਹੋਣ ਪਿਛੋਂ ਅਨਮਤੀਆਂ ਨੇ ਗੁਰਮਤ ਦੇ ਵਿਰੁਧ ਅਨੇਕਾਂ ਮਿਲਾਵਟਾਂ ਕਰ ਦਿਤੀਆਂ ਹਨ। ਫੇਰ ਗੁਰੂ ਜੀ ਦੇ ਹੁਕਮ ਨਾਲ ਸ੍ਰੀ ਮਾਨ ਪਰਮ ਪੂਜ ਸੰਤ ਬਾਬਾ ਪ੍ਰੇਮ ਸਿੰਘ ਜੀ ਨਰਯਾਬ ਜ਼ਿਲਾ ਕੋਹਾਟ ਵਾਲੇ ਹੁਣ ਸ੍ਰੀ ਗੁਰੂ ਅੰਗਦ ਦਰਬਾਰ ਸਰਹੱਦੀ ਗੇਟ ਪਟਿਆਲਾ ਨਿਵਾਸ ਰਖਦੇ ਹਨ, ਉਨ੍ਹਾਂ ਨੇ ਪਿਛੇ ਨਰਯਾਬ ਬੈਠ ਕਰਕੇ ਲਗਾ ਤਾਰ ਦਸ ਬਾਰਾਂ ਸਾਲ ਭਾਰੀ ਮੇਹਨਤ ਕਰਕੇ ਦਸਾਂ ਗੁਰਾਂ ਦਾ ਪਵਿਤ੍ਰ ਇਤਿਹਾਸ ਛੰਦਾ-ਬੰਦੀ ਵਿਚ ਗੁਰਮਤ ਅਨੁਸਾਰ ਬਹੁਤ ਸੁੰਦਰ ਢੰਗ ਨਾਲ ਲਿਖ ਕਰਕੇ 'ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ' ਤਿਆਰ ਕੀਤਾ ਜੋ ਪਹਿਲੀ ਵੇਰ ਸੰਮਤ ਨਾਨਕ ਸ਼ਾਹੀ ੪੫੦ ਵਿਚ ੫੦੦ ਛਪਿਆ ਤੇ ਦੂਜੀ ਵੇਰ ਸੰਮਤ ਨਾਨਕ ਸ਼ਾਹੀ ੪੫੫ ਵਿਚ ੫੦੦ ਛਪਿਆ ਅਤੇ ਤੀਜੀ ਵੇਰ ਸੰਮਤ ਨਾਨਕ ਸ਼ਾਹੀ ੪੭੫ ਵਿਚ ੫੦੦ ਛਪਿਆ ਅਤੇ ਕਈ ਮਜ਼ਬੂਰੀਆਂ ਕਰਕੇ ਕਾਫੀ ਸਮਾਂ ਗ੍ਰੰਥ ਨਾ ਛਪ ਸਕਿਆ ਤੇ ਹੁਣ ਗੁਰੂ ਜੀ ਦੀ ਕਿਰਪਾ ਨਾਲ ਸੰਮਤ ਨਾਨਕ ਸ਼ਾਹੀ ੪੯੬ ਵਿਚ ੧੧੦੦ ਛਪਿਆ। ਇਸ 'ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ' ਦੀ ਸਾਰੀ ਸੇਵਾ ਦਾਸ ਦੇ ਜ਼ਿੰਮੇ ਛਾਪਣ ਦੀ ਪਰੂਫ ਵੇਖਣ ਦੀ ਅਤੇ ਪ੍ਰਜਾ ਲਗਾਣ ਦੀ ਲਾਈ, ਮੇਰੇ ਵਿਚ ਇਹ ਸੇਵਾਕਰਨ ਦਾ ਬਲ

ਨਹੀਂ ਸੀ।ਲੇਕਨ ਵਾਹਿਗੁਰੂ ਅਕਾਲਪੁਰਖ ਅਗੇ ਅਰਦਾਸ ਕੀਤੀਕਿ ਆਪਸਹਾਈ ਹੋਕੇ ਇਸਕਾਰਜ ਨੂੰ ਸੰਪੂਰਨ ਕਰੋ ਸੋ ਦਾਸਪਾਸੋਂ ਇਹ ਸੇਵਾ ਵਾਹਿਗੁਰੂ ਨੇ ਆਪ ਸੰਪੂਰਨ ਕਰਵਾਈ ਅਤੇ ਮੈਂ ਸ੍ਰੀ ਮਾਨ ਪਰਮ ਪੂਜ ਸੰਤ ਬਾਬਾ ਪ੍ਰੇਮ ਸਿੰਘ ਜੀ ਦਾ ਭੀ ਅਤੀ ਧੰਨਵਾਦੀ ਹਾਂ ਜੋ ਇਕ ਨਾ ਸਮਝ ਨੂੰ ਇਡੀ ਵਡੀ ਦਾਤ ਦੇ ਕਰ ਨਿਵਾਜਿਆ ਹੈ ਤੇ ਇਹ ਸੇਵਾ ਦਾ ਮਾਣ ਬਖਸ਼ਿਆ ਹੈ। ਬਾਬਾ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਅੰਸ ਵਿਚੋਂ ਹਨ। ਪਿਛੇ ਨਰਯਾਬ ਜ਼ਿਲਾ ਕੋਹਾਟ ਵਿਚ ਨਿਵਾਸ ਰਖਦੇ ਸਨ ਬਾਬਾ ਜੀ ਤੇ ਦਾਸ ਇਕੋ ਪਿੰਡ ਦੇ ਰਹਿਣ ਵਾਲੇ ਹਾਂ। ਕਾਫੀ ਸਮਾਂ ਬਾਬਾ ਜੀ ਦੇ ਚਰਨਾਂ ਵਿਚ ਗੁਜਾਰਿਆ ਹੈ ਅਤੇ ਬਾਬਾ ਜੀ ਛੋਟੀ ਉਮਰ ਵਿਚ ਬੜੇ ਉਦਾਰ ਤੇ ਪਾਠ ਪੂਜਾ ਕਰਨ ਦੇ ਬੜੇ ਪ੍ਰੇਮੀ ਨੇਮੀ ਸਨ।ਇਨ੍ਹਾਂ ਦੇ ਪਿਤਾ ਸ੍ਰੀ ਮਾਨ ਪ੍ਰਮ ਪੂਜ ਬਾਬਾ ਲਛਮਣ ਸਿੰਘ ਜੀ ਜੋ ਇਨ੍ਹਾਂ ਨੂੰ ਧਾਰਮਕ ਵਿਦਿਆ ਲਈ ਸ੍ਰੀ ਅੰਮ੍ਰਤਸਰ ਭੇਜਿਆ ਜੋ ਕਾਫੀ ਸਮਾਂ ਸ੍ਰੀ ਅੰਮ੍ਰਤਸਰ ਰਹਿ ਕੇ ਸੰਪਰਦਾਈ ਟਕਸਾਲ ਗਿ: ਅਮੀਰ ਸਿੰਘ ਜੀ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਲਈ, ਇਸ ਤੋਂ ਇਲਾਵਾ ਹੋਰ ਵਿਦਵਾਨਾਂ ਪਾਸੋਂ ਨਾਨਕ ਪ੍ਰਕਾਸ਼ ਗੁਰ ਪ੍ਰਤਾਪ ਸੂਰਜ ਗ੍ਰੰਥ ਕਾਵਿ ਅਤੇ ਵੀਚਾਰ ਸਾਗਰ ਆਦਿਕ ਕਾਫੀ ਗ੍ਰੰਥ ਪੜ੍ਹੇ ਵਿਦਿਆ ਪ੍ਰਾਪਤ ਕਰਕੇ ਬਾਬਾ ਜੀ ਵਾਪਸ ਨਰਯਾਬ ਚਲੇ ਗਏ ਅਤੇ ਸ੍ਰੀ ਮਾਨ ਪਰਮ ਪੂਜ ਸੰਤ ਅਤਰ ਸਿੰਘ ਜੀ ਮਸਤੂਵਾਣੇ ਵਾਲਿਆਂ ਪਾਸੋਂ ਅੰਮ੍ਰਤ ਪਾਨ ਕੀਤਾ ਤੇ ਅੰਮ੍ਰਤ ਵੇਲੇ ਉਠਣ ਦੀ ਤੇ ਸਿਮਰਨ ਦੀ ਦਾਤ ਸੰਤ ਜੀ ਪਾਸੋਂ ਲਈ ਜੋ ਹੁਣ ਤਕ ਬਾਬਾ ਜੀ ਦੋ ਵਜੇ ਨਿਯਮ ਨਾਲ ਉਠਦੇ ਹਨ। ਇਸ਼ਨਾਨ ਕਰਨ ਤੋਂ ਬਾਦ ਵਾਹਿਗੁਰੂ ਦੇ ਸਿਮਰਨ ਵਿਚ ਜੁੜ ਬੈਠਦੇ ਹਨ ਅਤੇ ਇਨ੍ਹਾਂ ਨੇ ਜ਼ਿਲਾ ਕੋਹਾਟ, ਜ਼ਿਲਾ ਪਿਸ਼ਾਵਰ, ਜ਼ਿਲਾ ਬਨੂ, ਕਾਬਲ ਕੰਧਾਰ ਗੈਰ ਇਲਾਕਾ ਤੀਰਾਹ ਵਿਚ ਗੁਰ

ਸਿਖੀ ਦਾ ਪ੍ਰਚਾਰ ਕੀਤਾ, ਜੋ ਅਨੇਕਾਂ ਹੀ ਸਿੰਘ ਸਿੰਘਣੀਆਂ ਨੂੰ ਅੰਮ੍ਰਿਤ ਦੀ ਦਾਤ ਦਿਤੀ ਅਤੇ ਬੇਅੰਤ ਸਹਿਜ ਧਾਰੀਆਂ ਨੂੰ ਸਿੰਘ ਸਜਾਇਆ ਅਤੇ ਸਭ ਤੋਂ ਵਡੀ ਗਲ ਇਹ ਕੀਤੀ ਕਿ ਗੈਰ ਇਲਾਕਾ ਤੀਰਾਹ ਵਿਚ ਲੋਕੀ ਧੀਆਂ ਭੈਣਾਂ ਦਾ ਪੈਸਾ ਲੈਕੇ ਵਿਵਾਹ ਕਰਦੇ ਸਨ ਲੇਕਨ ਇਨ੍ਹਾਂ ਨੇ ਉਨ੍ਹਾਂ ਦੇ ਘਰ ਜਾਕੇ ਅੰਨ ਪਾਨੀ ਸਵੀ ਕਾਰ ਨਹੀਂ ਕੀਤਾ ਤੇ ਕਿਹਾ ਕਿ ਮੈਂ ਅੰਨ ਪਾਨੀ ਤਾਂ ਸਵੀਕਾਰ ਕਰਾਂਗਾ, ਜੇ ਤੁਸੀ ਧੀ ਭੈਣ ਦਾ ਪੈਸਾ ਨਾ ਲਵੋਗੇ ਤੇ ਗੁਰੂ ਦੇ ਹਜ਼ੂਰੀ ਪੰਚਾਇਤ ਵਿਚ ਬਕਾਇਦਾ ਪ੍ਰਣ ਲੈਕੇ ਇਸ ਤਰ੍ਹਾਂ ਉਨ੍ਹਾਂ ਨੂੰ ਰੋਕਿਆ। ਸੋ ਬਾਬਾ ਜੀ ਨੇ ਪੰਥ ਦੀ ਮਹਾਨ ਸੇਵਾ ਕੀਤੀ ਹੈ ਜੋ ਇਸ ਸੇਵਾ ਨੂੰ ਜਾਣੂ ਗੁਰ ਸਿਖ ਨਹੀਂ ਭੁਲ ਸਕਣਗੇ। ਹੁਣ ਇਸ ਵਕਤ ਬਾਬਾ ਜੀ ਸ੍ਰੀ ਗੁਰੂ ਅੰਗਦ ਦਰਬਾਰ ਸਰਹੱਦੀ ਗੇਟ ਪਟਿਆਲਾ ਵਿਚ ਬਹੁਤ ਸੁੰਦਰ ਗੁਰਦੁਵਾਰਾ ਨਵੀਂ ਬਿਲਡਿੰਗ ਬਨਾਈ ਹੈ ਜਿਸ ਵਿਚ ਦੋਵੇਂ ਵੇਲੇ ਗੁਰਬਾਣੀ ਦਾ ਅਖੰਡ ਕੀਰਤਨ ਅਤੇ ਗੁਰਬਾਣੀ ਦੀ ਕਥਾ ਹੁੰਦੀ ਹੈ ਤੇ ਬੇਅੰਤ ਸੰਗਤਾਂ ਜੁੜਦੀਆਂ ਹਨ । ਕੀਰਤਨ ਕਥਾ ਦੁਵਾਰਾ ਸੰਗਤਾਂ ਆਪਣਾ ਮਨੁਖਾ ਜਨਮ ਸਫਲ ਕਰਦੀਆਂ ਹਨ ਅਤੇ ਗੁਰੂ ਕਾ ਅਤੁਟ ਲੰਗਰ ਭੀ ਦੋਵੇਂ ਵੇਲੇ ਚਲਦਾ ਹੈ। ਬਾਬਾ ਜੀ ਨੂੰ ਸ਼ੁਰੂ ਤੋਂ ਇਹ ਸ਼ੌਂਕ ਸੀ ਕਿ ਗੁਰਦੁਵਾਰੇਦੀਬਿਲਡਿੰਗ ਚੰਗੀ ਹੋਵੇ ਰੁਮਾਲਅਤੇ ਪੀੜਾ ਸਾਹਿਬ, ਗਲ ਕੀ ਕੇ ਹਰ ਇਕ ਚੀਜ਼ ਚੰਗੀ ਬਨਾਉਣ ਦਾ ਧਿਆਨ ਰਖਦੇ ਹਨ । ਜੋ ਕੁਛ ਵਿਦਿਆ ਦਾਸ ਨੇ ਪ੍ਰਾਪਤ ਕੀਤੀ ਹੈ ਸਾਰੀ ਕਿਰਪਾ ਵਾਹਿਗੁਰੂ ਅਤੇ ਬਾਬਾ ਜੀ ਦੀ ਹੈ ਕਿਉਂਕਿ ਧਾਰਮਕ ਵਿਦਿਆ ਦਾ ਸ਼ੌਂਕ ਬਾਬਾ ਜੀ ਨੇ ਪਾਇਆ ਹੈ । ਮੈਂ ਬਾਬਾ ਜੀ ਦਾ ਦਿਲੋਂ ਅਤੀ ਧੰਨਵਾਦੀ ਹਾਂ ਜੋ ਮੇਰੇ ਪਰ ਕਿਰਪਾ ਕਰਕੇ ਇਥੋਂ ਤਕ ਲਿਆਂਦਾ ਹੈ । ਬਾਕੀ ਮੈਂ ਸ੍ਰੀ ਮਾਨ ਸੰਤ ਸੁੰਦਰ ਸਿੰਘ ਜੀ ਕੁਠਾਰੀ ਲਾਇਲਪੁਰ ਵਾਲੇ ਦਾ ਭੀ ਅਤੀ ਧੰਨਵਾਦੀ ਹਾਂ ਜੋ ਇਸ 'ਸ੍ਰੀ ਗੁਰ

ਪੁਰ ਪ੍ਰਕਾਸ਼ ਗ੍ਰੰਥ' ਵਿਚ ਜਿਥੇ ਜਿਥੇ ਕੋਈ ਕਠਨ ਪਦ ਆਇਆ ਹੈ ਤੇ ਮੇਰੀ ਮੁਸ਼ਕਲ ਨੂੰ ਦੂਰ ਕੀਤਾ ਹੈ ਮੈਂ ਉਨ੍ਹਾਂ ਦਾ ਸਚੇ ਦਿਲੋਂ ਧੰਨਵਾਦੀ ਹਾਂ ਅਤੇ (ਸਿੰਘ ਸਾਹਿਬ) ਗਿ: ਚੇਤ ਸਿੰਘ ਹੈਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਨੇ ਇਸ 'ਸ੍ਰੀ ਗੁਰ ਪੁਰ ਪ੍ਰਕਾਸ ਗ੍ਰੰਥ' ਦੀ ਸ਼ਲਾਘਾ ਕੀਤੀ ਹੈ ਜੋ ਕਿ ਨਿਰੋਲ ਗੁਰਮਤਿ ਅਨੁਸਾਰ ਬਣਾਇਆ ਗਿਆ ਹੈ ਇਸ ਲਈ ਹਰ ਇਕ ਮਾਈ ਭਾਈ ਨੂੰ ਚਾਹੀਦਾ ਹੈ ਜੋ ਇਸ ਗ੍ਰੰਥ ਨੂੰ ਪੜ੍ਹੇ। ਮੈਂ ਆਪਣੀ ਤੁਛ ਬੁਧੀ ਅਨੁਸਾਰ ਰਾਤ ਦਿਨ ਇਕ ਕਰਕੇ 'ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ' ਛਾਪਣ ਤੇ ਪਰੂਫ ਵੇਖਣ ਦੀ ਅਤੇ ਪ੍ਰਜਾ ਲਗਾਣ ਦੀ ਪੂਰੀ ਤਰ੍ਹਾਂ ਸੇਵਾ ਕੀਤੀ ਹੈ। ਲੇਕਨ ਅਸਗਾਹ ਸਮੁੰਦਰ ਦਾ ਅੰਤ ਕੌਣ ਪਾ ਸਕਦਾ ਹੈ ਇਸ ਲਈ ਹੋ ਸਕਦਾ ਹੈ ਕਿ ਕਈ ਗਲਤੀਆਂ ਤੇ ਕਮੀਆਂ ਦਾਸ ਪਾਸੋਂ ਰਹਿ ਗਈਆਂ ਹੋਣਗੀਆਂ। ਸੋ ਕਿਰਪਾ ਕਰਕੇ ਉਸ ਗਲਤੀ ਨੂੰ ਪ੍ਰੇਮ ਪੂਰਬਕ ਲਿਖ ਭੇਜਣ ਤਾਂਕਿ ਆਉਣ ਵਾਲੀ ਐਡੀਸ਼ਨ ਵਿਚ ਗ਼ਲਤੀ ਠੀਕ ਕੀਤੀ ਜਾਵੇ। ਇਹ 'ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ' ਬਹੁਤ ਸੁੰਦਰ ਤੇ ਸੁਖੇਨ ਅਤੇ ਜਿਥੇ ਹਰ ਪੰਨੇ ਤੇ ਕਠਨ ਪਦ ਆਏ ਹਨ ਉਥੇ ਹਰ ਪੰਨੇ ਦੇ ਫੁਟ ਨੋਟ ਵਿਚ ਨੰਬਰ ਦੇਕੇ ਅਰਥ ਲਿਖ ਦਿਤੇ ਗਏ ਹਨ ਜੋ ਹਰ ਇਕ ਗੁਰਦੁਵਾਰੇ ਵਿਚ ਅਤੇ ਹਰ ਇਕ ਵਿਦਿਆਰਥੀ ਗ੍ਰੰਥੀ ਗੁਣੀ ਗਿਆਨੀ ਗ੍ਰਹਿਸਤੀ ਕਥਾ ਕਰ ਸਕਨ। ਇਸ ਲਈ ਸਮੂਹ ਸੰਗਤਾਂ ਨੌਜਵਾਨ ਵੀਰਾਂ ਤੇ ਭੈਣਾਂ ਲਈ ਦੋ ਹਥ ਜੋੜ ਕੇ ਬੇਨਤੀ ਹੈ ਕਿ ਦਸਾਂ ਗੁਰਾਂ ਦਾ ਪਵਿਤ੍ਰ ਇਤਿਹਾਸ 'ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ' ਮੰਗਵਾਕੇ ਆਪਣਾ ਮਨੁਖਾ ਜਨਮ ਸਫਲ ਕਰਦਿਆਂ ਹੋਇਆਂ ਪੂਰਨ ਖੁਸ਼ੀਆਂ ਪ੍ਰਾਪਤ ਕਰੋ।

ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

ਦਾਸ—ਗਿਆਨੀ ਹਰੀ ਸਿੰਘ ਅੰਮ੍ਰਿਤਸਰ

# ਵਲੋਂ ਗਿਆਨੀ ਅਜਮੇਰ ਸਿੰਘ ਸਾਗਰ
# ਅੰਮ੍ਰਿਤਸਰ

ਦੋਹਿਰਾ—ਪ੍ਰੇਮ ਹਰੀ ਬੰਸ ਪੁਰ ਮੈਂ ਜਾਵਾਂ ਬਲਿਹਾਰ।
ਗੁਰ ਸਿੰਘਨ ਕੇ ਵਾਸਤੇ ਬੜਾ ਕੀਉ ਉਪਕਾਰ॥
ਪ੍ਰੇਮ ਹਰੀ ਕਾਵਿਕਾ ਬੀਨ ਬੀਨ ਪ੍ਰਕਾਸ਼।
ਕਿਯੋ ਹਰੀ ਮਰਗੇਸ਼ ਨੇ ਸੰਸੇ ਕਰੇ ਬਿਨਾਸ॥
ਗੁਰ ਸਿਖਨ ਕੇ ਵਾਸਤੇ ਗੁਰ ਅੰਮ੍ਰਿਤ ਪ੍ਰਵਾਹ।
ਜਿਸ ਕਿਸ ਕੋ ਸੰਸਾ ਪ੍ਰਾ ਦੇਹਿ ਗਿਆਨ ਕਰ ਦਾਹ॥
ਗੁਰ ਪੂਰਬ ਪ੍ਰਕਾਸ਼ ਕਾ ਮਥਨ ਕਰਿਓ ਸੁਖ ਕੰਦ।
ਜੋ ਗੁਰ ਸਿਖ ਇਸ ਪੜੇਗਾ ਸਦਾ ਰਹੇ ਉਸ ਨੰਦ॥
ਗੁਰ ਸਿਖਨ ਕੇ ਵਾਸਤੇ ਕਰੀ ਕ੍ਰਿਪਾ ਕ੍ਰਿਪਾਲ।
ਕਰੀ ਹਰੀ ਮਰਗੇਸ਼ ਪਰ ਸਤਿਗੁਰ ਹੋਇ ਦਿਆਲ॥
ਕਠਨ ਸ਼ਬਦ ਗੁਰ ਪੁਰਬ ਕੇ ਸਬ ਲਾਏ ਪ੍ਰਿਯਾ।
ਗੁਰ ਕ੍ਰਿਪਾ ਮਰਗੇਸ਼ ਹਰਿ ਬੜੀ ਕਰੀ ਇਸ ਦਿਯਾ॥
ਗੁਰ ਸੇਵਾ ਗੁਰ ਪੰਥ ਕੀ ਜਿਸ ਪਰ ਗੁਰੂ ਦਿਆਲ।
ਕਰ ਨੈਨ ਸਭ ਸਫਲ ਹੈ ਸੇਵਾ ਕਰੀ ਕਮਾਲ॥
ਸੋਰਠਾ—ਤਰੇਹਣ ਕੁਲ ਅੰਗਦ ਗੁਰੂ ਤਿਸ ਕੁਲ ਮੈਂ ਪ੍ਰਕਾਸ਼।
ਟਲ ਹੰਗੂ ਕੋਹਾਟ ਪੁਰ ਕਰੇ ਨਰਯਾਬ ਨਿਵਾਸ॥
ਕ ਰਤ ਵਿਰਤ ਨਿਜ ਕਰਦੇ ਰਹੇ ਸੇਵਾ ਕਰੀ ਮਹਾਨ।
ਸ੍ਰੀ ਗੁਰ ਪੁਰ ਪ੍ਰਕਾਸ਼ ਕੀ ਪ੍ਰਗਟ ਭਈ ਜਹਾਨ॥
ਸੰਤ ਨਿਰਮਲ ਭੇਸ ਆਸ਼੍ਰਮ ਅੰਮ੍ਰਿਤਸਰ ਵਿਖੇ।
ਕਵਿ ਅਜਮੇਰ ਮ੍ਰਿਗੇਸ਼, ਸਾਗਰ ਸਗਿਆ ਜਾਨੀਏ॥

ੴ ਸਤਿਗੁਰਪ੍ਰਸਾਦਿ ॥

# ਅਥ ਤਤਕਰਾ ਸ੍ਰੀ ਗੁਰ ਪ੍ਰਰ ਪ੍ਰਕਾਸ਼ ਗ੍ਰੰਥ ਕਾ ਲਿਖਯਤੇ ॥

## ਮਹੱਲਾ ੧



| ਗਿਣਤੀ ਮੰਵਰ | ਨਾਮ ਪ੍ਰਸੰਗ | ਅੰਕ ਪੰਨਾ |
|---|---|---|
| ੧. | ਅਥ ਮੰਗਲਾ ਚਰਨ ਪ੍ਰਸੰਗ | ੧ |
| ੨. | ਸ੍ਰੀ ਗੁਰੂ ਨਾਨਕ ਦੇਵ ਜੀ ਅਵਤਾਰ ਪ੍ਰਸੰਗ | ੫ |
| ੩. | ਬਾਲ ਲੀਲ੍ਹਾ ਪ੍ਰਸੰਗ | ੯ |
| ੪. | ਉਪਦੇਸ਼ ਔ ਪਾਂਧੇ ਪ੍ਰਸੰਗ | ੧੩ |
| ੫. | ਮੁੱਲਾਂ ਕੋ ਉਪਦੇਸ਼ ਪ੍ਰਸੰਗ | ੧੯ |
| ੬. | ਜਨੇਊ ਔ ਚਰਨਾਮ੍ਰਤ ਪ੍ਰਸੰਗ | ੨੩ |
| ੭. | ਪੰਡਤ ਔ ਖੇਤ ਪ੍ਰਸੰਗ | ੨੯ |
| ੮ | ਨਾਗ ਔ ਬ੍ਰਿੱਛ ਛਾਯਾ ਪ੍ਰਸੰਗ | ੩੩ |
| ੯. | ਵੈਦ ਪ੍ਰਸੰਗ | ੩੭ |
| ੧੦. | ਸਾਚੋ ਬਨਜ ਪ੍ਰਸੰਗ | ੪੧ |
| ੧੧. | ਸੁਲਤਾਨ ਪੁਰ ਔ ਮੋਦੀ ਖਾਨੇ ਪ੍ਰਸੰਗ | ੪੬ |
| ੧੨. | ਸ੍ਰੀ ਗੁਰੂ ਜੀ ਕੁੜਮਾਈ ਪ੍ਰਸੰਗ | ੫੦ |
| ੧੩. | ਸ੍ਰੀ ਗੁਰੂ ਜੀ ਵਿਆਹ ਪ੍ਰਸੰਗ | ੫੬ |
| ੧੪. | ਸ੍ਰੀ ਗੁਰੂ ਜੀ ਅਨੰਦ ਵਿਆਹ ਪ੍ਰਸੰਗ | ੬੧ |

| ਗਿਣਤੀ ਮੰਦਰ | ਨਾਮ ਪ੍ਰਸੰਗ | ਅੰਕ ਪੰਨਾ |
|---|---|---|
| ੧੫. | ਸ੍ਰੀ ਨਨਕਾਣੇ ਪ੍ਰਸੰਗ | ੬੬ |
| ੧੬. | ਬਾਬਾ ਸ੍ਰੀ ਚੰਦ ਜੀ ਜਨਮ ਪ੍ਰਸੰਗ | ੭੧ |
| ੧੭. | ਬਾਬਾ ਲਖਮੀ ਦਾਸ ਜੀ ਜਨਮ ਪ੍ਰਸੰਗ | ੭੭ |
| ੧੮. | ਨਦੀ ਪ੍ਰਵੇਸ਼ਨ ਪ੍ਰਸੰਗ | ੮੨ |
| ੧੯. | ਮੋਦੀ ਖਾਨਾ ਲੁਟਾਵਨ ਪ੍ਰਸੰਗ | ੮੭ |
| ੨੦. | ਦੌਲਤ ਖਾਨ ਨਿਮਾਜ ਪ੍ਰਸੰਗ | ੯੪ |
| ੨੧. | ਮਰਦਾਨੇ ਰਬਾਬ ਪ੍ਰਸੰਗ | ੧੦੧ |
| ੨੨. | ਭਾਈ ਲ਼ਾਲੋ ਪ੍ਰਸੰਗ | ੧੦੬ |
| ੨੩. | ਮਲਕ ਭਾਗੋ ਪ੍ਰਸੰਗ | ੧੧੨ |
| ੨੪. | ਦੁਨੀ ਚੰਦ ਪ੍ਰਸੰਗ | ੧੧੯ |
| ੨੫. | ਭੋਮੀਏ ਔ ਰਾਮ ਤੀਰਥ ਪ੍ਰਸੰਗ | ੧੨੩ |
| ੨੬. | ਕੁਰਖੇਤ੍ਰ ਪ੍ਰਸੰਗ | ੧੩੧ |
| ੨੭. | ਗੰਗਾ ਔ ਬ੍ਰਿਜ ਪ੍ਰਸੰਗ | ੧੩੬ |
| ੨੮. | ਕਾਂਸੀ, ਪਟਨਾ ਔ ਜਗਨਨਾਥ ਪ੍ਰਸੰਗ | ੧੪੨ |
| ੨੯. | ਕਾਂਮਰੂ ਦੇਸ ਪ੍ਰਸੰਗ | ੧੪੯ |
| ੩੦. | ਕਲਜੁਗ ਪ੍ਰਸੰਗ | ੧੫ |
| ੩੧. | ਨਾਹਰੂ ਦੇਸ ਔ ਮਨਸੁਖ ਪ੍ਰਸੰਗ | ੧੫੯ |
| ੩੨. | ਮਨਸੁਖ ਸ਼ਿਵਨਾਭ ਮਿਲਨ ਪ੍ਰਸੰਗ | ੧੬੪ |
| ੩੩. | ਸੰਗਲਾ ਦੀਪ ਪ੍ਰਸੰਗ | ੧੬੯ |
| ੩੪. | ਰਾਜਾ ਸ਼ਿਵਨਾਭ ਪ੍ਰਤਿ ਉਪਦੇਸ਼ ਪ੍ਰਸੰਗ | ੧੭੩ |
| ੩੫. | ਸ਼ਿਵਨਾਭ ਪ੍ਰਤਿ ਉਪਦੇਸ਼ ਪ੍ਰਸੰਗ | ੧੭੯ |
| ੩੬. | ਸ਼ਿਵਨਾਭ ਸੇ ਬਿਦਾ ਹੋਵਨ ਪ੍ਰਸੰਗ | ੧੮੪ |
| ੩੭. | ਝੰਡਾ ਬਾਢੀ ਔ ਸੁਧਰ ਸੈਨ ਪ੍ਰਸੰਗ | ੧੯ |

| ਗਿਣਤੀ ਮੰਦਰ | ਨਾਮ ਪ੍ਰਸੰਗ | ਅੰਕ ਪੰਨਾ |
|---|---|---|
| ੩੮. | ਰਾਜਾ ਕਵਲ ਨੈਨ ਪ੍ਰਸੰਗ | ੧੯੩ |
| ੩੯. | ਸਿੱਧ ਮੰਡਲੀ ਪ੍ਰਸੰਗ | ੧੯੮ |
| ੪੦. | ਸਿੱਧ ਮੰਡਲੀ ਪ੍ਰਸੰਗ | ੨੦੩ |
| ੪੧. | ਰਿਖੀ ਦੱਤ ਪ੍ਰਹਿਲਾਦ ਪ੍ਰਸੰਗ | ੨੦੮ |
| ੪੨. | ਧ੍ਰੂ ਭਗਤ ਸੱਚ ਖੰਡ ਪ੍ਰਸੰਗ | ੨੧੨ |
| ੪੩. | ਸੀਲ ਸੈਨ ਮਿਲਨ ਪ੍ਰਸੰਗ | ੨੧੭ |
| ੪੪. | ਨੌ ਖੰਡਨ ਪ੍ਰਸੰਗ | ੨੨੨ |
| ੪੫. | ਨੌ ਖੰਡਨ ਪ੍ਰਸੰਗ | ੨੨੭ |
| ੪੬. | ਸਪਤ ਦੀਪਨ ਪ੍ਰਸੰਗ | ੨੩੧ |
| ੪੭. | ਸਪਤ ਦੀਪਨ ਪ੍ਰਸੰਗ | ੨੩੫ |
| ੪੮. | ਸ੍ਰੀ ਨਗਰ ਔ ਮੂਲੇ ਕਿਰਾੜ ਪ੍ਰਸੰਗ | ੨੪੦ |
| ੪੯. | ਪੰਜਾ ਸਾਹਿਬ ਔ ਕਾਬਲ ਪ੍ਰਸੰਗ | ੨੪੫ |
| ੫੦. | ਮੱਕੇ ਪ੍ਰਸੰਗ | ੨੫੨ |
| ੫੧. | ਮਦੀਨੇ ਪ੍ਰਸੰਗ | ੨੬੦ |
| ੫੨. | ਕਾਰੂੰ ਹਮੀਦ ਪ੍ਰਸੰਗ | ੨੬੪ |
| ੫੩. | ਬਗਦਾਦ ਚੋਲੇ ਪ੍ਰਸੰਗ | ੨੬੮ |
| ੫੪. | ਮਰਦਾਨੇ ਪ੍ਰਲੋਕ, ਮੁਲਤਾਨ, ਔ ਸੱਜਨ ਠੱਗ ਪ੍ਰਸੰਗ | ੨੭੪ |
| ੫੫. | ਦੱਖਨ ਦੇਸ ਔ ਪੰਜਾਬ ਪ੍ਰਵੇਸ਼ਨ ਪ੍ਰਸੰਗ | ੨੮੦ |
| ੫੬. | ਕਰਤਾਰ ਪੁਰ ਬਸਾਵਨ ਪ੍ਰਸੰਗ | ੨੮੬ |
| ੫੭. | ਭਾਈ ਬੁੱਢਾ ਔ ਮਾਲੋ ਮਾਂਗੋ ਪ੍ਰਸੰਗ | ੨੯੦ |
| ੫੮. | ਸ੍ਰੀ ਲਹਿਣਾ ਜੀ ਮਿਲਾਪ ਪ੍ਰਸੰਗ | ੨੯੫ |
| ੫੯. | ਸ੍ਰੀ ਗੁਰੂ ਜੀ ਮਾਤ ਪਿਤਾ ਪ੍ਰਲੋਕ ਪ੍ਰਸੰਗ | ੩੦੦ |
| ੬੦. | ਸ੍ਰੀ ਗੁਰੂ ਜੀ ਤਪ ਕਰਨ ਪ੍ਰਸੰਗ | ੩੦੬ |

| ਗਿਣਤੀ ਮੰਦਰ | ਨਾਮ ਪ੍ਰਸੰਗ | ਅੰਕ ਪੰਨਾ |
|---|---|---|
| ੬੧. | ਸਿੱਖੀ ਪਰਖਨ ਪ੍ਰਸੰਗ | ੩੧੦ |
| ੬੨. | ਸ੍ਰੀ ਗੁਰੂ ਅੰਗਦ ਜੀ ਕੋ ਗੁਰਤਾ ਦੇਵਨ ਪ੍ਰਸੰਗ | ੩੧੫ |
| ੬੩. | ਸ੍ਰੀ ਆਦਿ ਗੁਰੂ ਜੀ ਸੱਚ ਖੰਡ ਤਿਆਰੀ ਪ੍ਰਸੰਗ | ੩੨੦ |
| ੬੪. | ਸ੍ਰੀ ਗੁਰੂ ਜੀ ਜੋਤੀ ਜੋਤ ਸਮਾਵਨ ਪ੍ਰਸੰਗ | ੩੨੪ |

੬੪ ਜੋੜ

# ਮਹੱਲਾ ੨

| | | |
|---|---|---|
| ੧. | ਮੰਗਲਾ ਚਰਨ ਸ੍ਰੀ ਗੁਰੂ ਜੀ ਤਖਤ ਪੈ ਬਿਰਾਜਨ ਪ੍ਰਸੰਗ | ੩੩੦ |
| ੨. | ਨਿੱਤ ਆਚਰਨ ਔ ਸਿੱਧਨ ਚਰਚਾ ਪ੍ਰਸੰਗ | ੩੩੫ |
| ੩. | ਹਮਾਊਂ ਔ ਜੀਵੇ ਪ੍ਰਸੰਗ | ੩੪੧ |
| ੪. | ਭਾਈ ਗੁੱਜਰ, ਧਿੰਙਾ ਔ ਧੀਰੋ ਪ੍ਰਸੰਗ | ੩੪੬ |
| ੫. | ਸਿੱਖਨ ਉਪਦੇਸ਼ ਪ੍ਰਸੰਗ | ੩੫੧ |
| ੬. | ਮਲੂਕੇ ਔ ਮਾਹਣੇ ਬੇਮੁਖ ਹੋਵਨ ਪ੍ਰਸੰਗ | ੩੫ |
| ੭. | ਸ੍ਰੀ ਅਮਰ ਦੇਵ ਜੀ ਪ੍ਰਸੰਗ | ੩੬ |
| ੮. | ਸ੍ਰੀ ਅਮਰ ਦੇਵ ਜੀ ਮਿਲਨ ਪ੍ਰਸੰਗ | ੩੬ |
| ੯. | ਸ੍ਰੀ ਅਮਰ ਦੇਵ ਜੀ ਸੇਵਾ ਪ੍ਰਸੰਗ | ੩੬ |
| ੧੦. | ਸ੍ਰੀ ਅਮਰ ਦੇਵ ਜੀ ਕੋ ਵਰ ਦੇਵਨ ਪ੍ਰਸੰਗ | ੩੭ |
| ੧੧. | ਗੋਇੰਦ ਵਾਲ ਪ੍ਰਸੰਗ | ੩੭ |
| ੧੨. | ਤਪੇ ਕੌ ਕਮਲ ਫਲ ਪ੍ਰਾਪਤ ਪ੍ਰਸੰਗ | ੩੯ |
| ੧੩. | ਸ੍ਰੀ ਗੁਰੂ ਜੀ ਖਡੂਰ ਆਗਮਨ ਪ੍ਰਸੰਗ | ੩੯ |
| ੧੪. | ਸ੍ਰੀ ਗੁਰੂ ਅਮਰਦਾਸ ਜੀ ਕੌ ਗੁਰਤਾ ਦੇਨ ਪ੍ਰਸੰਗ | ੩੯ |
| ੧੫. | ਸ੍ਰੀ ਗੁਰੂ ਜੀ ਨਿਜ ਸੁਤਨ ਗਿਆਨ ਉਪਦੇਸ਼ ਪ੍ਰਸੰਗ | ੩੯ |

ਗਿਣਤੀ ਮੰਦਰ ਨਾਮ ਪ੍ਰਸੰਗ ਅੰਕ ਪੰਨਾ

੧੯. ਸ੍ਰੀ ਗੁਰੂ ਜੀ ਜੋਤੀ ਜੋਤ ਸਮਾਵਨ ਪ੍ਰਸੰਗ ੪੦੦

੧੯ ਜੋੜ

# ਮਹੱਲਾ ੩

੧. ਮੰਗਲਾ ਚਰਨ ਔ ਸ੍ਰੀ ਗੁਰੂ ਜੀ ਗੋਂਦਵਾਲ ਆਗਮਨ ਪ੍ਰਸੰਗ ੪੦੬
੨. ਸ੍ਰੀ ਗੁਰੂ ਜੀ ਤਖਤ ਪੈ ਪ੍ਰਕਾਸ਼ ਹੋਵਨ ਪ੍ਰਸੰਗ ੪੧੧
੩. ਬਾਬਾ ਸਾਵਣ ਮੱਲ ਔ ੨੨ ਮੰਜੀਆਂ ਪ੍ਰਸੰਗ ੪੧੬
੪. ਭਾਈ ਲਾਲੋ ਔ ਮਹੇਸ਼ੇ ਪ੍ਰਸੰਗ ੪੨੦
੫. ਭਾਈ ਜਵੰਦੇ ਆਦਿ ਸਿਖਨ ਉਪਦੇਸ਼ ਪ੍ਰਸੰਗ ੪੨੪
੬. ਸ੍ਰੀ ਚਤ੍ਰਥ ਔ ਪੰਚਮ ਗੁਰੂ ਜੀ ਅਵਤਾਰ ੪੨੯
੭. ਤੇਈਏ ਤਾਪ ਪ੍ਰਸੰਗ ੪੩੩
੮. ਗੋਇੰਦ ਵਾਲ ਮੇਲਾ ਲਗਨ ਪ੍ਰਸੰਗ ੪੩੭
੯. ਤੀਰਥਨ ਪ੍ਰਸੰਗ ੪੪੧
੧੦. ਸ੍ਰੀ ਬਾਵਲੀ ਰਚਨ ਪ੍ਰਸੰਗ ੪੪੫
੧੧. ਸ੍ਰੀ ਰਾਮਦਾਸ ਜੀ ਸੇਵਾ ਔ ਮਾਈ ਦਾਸ ਪ੍ਰਸੰਗ ੪੪੯
੧੨. ਕੜ ਟੂਟਨ ਔ ਪਤਿਬ੍ਰਤਾ ਪ੍ਰਸੰਗ ੪੫੩
੧੩. ਸ੍ਰੀ ਬਾਵਲੀ ਪੂਰਨ ਔ ਅਨੰਦ ਪ੍ਰਸੰਗ ੪੫੭
੧੪. ਮੱਥੋ ਮੁਰਾਰੀ ਅਨੰਦ ਬਿਆਹ ਪ੍ਰਸੰਗ ੪੬੧
੧੫. ਭਾਈ ਖੇਡੇ ਔ ਸੱਚ ਨਿਸੱਚ ਪ੍ਰਸੰਗ ੪੬੬
੧੬. ਪੁਨਰ ਵਿਵਾਹ ਔ ਫਿਰੀਏ ਕਟਾਰੇ ਪ੍ਰਸੰਗ ੪੭੧
੧੭. ਬੇਨੀ ਪੰਡਤ ਪ੍ਰਸੰਗ ੪੭੫

ਗਿਣਤੀ ਮੰਦਰ ਨਾਮ ਪ੍ਰਸੰਗ ਅੰਕ ਪੰਨਾ

੧੮. ਅਕਬਰ ਸ਼ਾਹ ਔ ਲੰਗਾਹੇ ਚੂਹੇ ਮੱਲ ਪ੍ਰਸੰਗ ੪੮੦
੧੯. ਸ੍ਰੀ ਭਾਨੀ ਜੀ ਸੇਵਾ ਔ ਸ੍ਰੀ ਅਰਜਨ ਜੀ ਵਿਵਾਹ ਪ੍ਰਸੰਗ ੪੮੪
੨੦. ਸ੍ਰੀ ਰਾਮਦਾਸ ਪੁਰ ਬਸਾਵਨ ਪ੍ਰਸੰਗ ੪੮੯
੨੧. ਸ੍ਰੀ ਗੁਰੂ ਰਾਮਦਾਸ ਜੀ ਕੋ ਗੁਰਤਾ ਦੇਵਨ ਪ੍ਰਸੰਗ ੪੯੩
੨੨. ਸ੍ਰੀ ਗੁਰੂ ਜੀ ਜੋਤੀ ਜੋਤ ਸਮਾਵਨ ਪ੍ਰਸੰਗ ੪੯੭

੨੨ ਜੋੜ

# ਮਹੱਲਾ ੪

੧. ਸ੍ਰੀ ਗੁਰੂ ਜੀ ਗੁਰ ਤਖਤ ਪੈ ਪ੍ਰਕਾਸ਼ ਹੋਵਨ ਪ੍ਰਸੰਗ ੫੦੩
੨. ਨਿੱਤ ਨੇਮ ਔ ਸਿਖਨ ਉਪਦੇਸ਼ ਪ੍ਰਸੰਗ ੫੦੭
੩. ਕਰਮ ਫਲ ਪ੍ਰਸੰਗ ੫੧੧
੪. ਸਿੱਖਨ ਉਪਦੇਸ਼ ਪ੍ਰਸੰਗ ੫੧੫
੫. ਭਾਈ ਆਦਮ ਪ੍ਰਸੰਗ ੫੧੯
੬. ਸ੍ਰੀ ਅਰਜਨ ਦੇਵ ਜੀ ਲਾਹੌਰ ਗਮਨ ਪ੍ਰਸੰਗ ੫੨੨
੭. ਸ੍ਰੀ ਅਰਜਨ ਦੇਵ ਜੀ ਪਾਤੀ ਪਠਨ ਪ੍ਰਸੰਗ ੫੨੬
੮. ਸ੍ਰੀ ਅਰਜਨ ਦੇਵ ਜੀ ਸੁਧਾਸਰ ਆਗਮਨ ਪ੍ਰਸੰਗ ੫੩੦
੯. ਸ੍ਰੀ ਗੁਰੂ ਅਰਜਨ ਦੇਵ ਜੀ ਕੋ ਗੁਰਤਾ ਦੇਨ ਪ੍ਰਸੰਗ ੫੩੫
੧੦. ਸ੍ਰੀ ਗੁਰੂ ਜੀ ਪ੍ਰਲੋਕ ਤਿਆਰੀ ਪ੍ਰਸੰਗ ੫੩੯
੧੧. ਸ੍ਰੀ ਗੁਰੂ ਜੀ ਜੋਤੀ ਜੋਤ ਸਮਾਵਨ ਪ੍ਰਸੰਗ ੫੪੨

੧੧ ਜੋੜ

ਸ੍ਰੀ ਅਕਾਲ ਜੀ ਸਹਾਇ ॥ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

੧ ਓ ਸਤਿਗੁਰ ਪ੍ਰਸਾਦਿ ॥

# ਅਥ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ

# ਪ੍ਰਥਮ ਮਹੱਲੇ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਕੀ ਕਥਾ ਪ੍ਰਾਰੰਭਜਤੇ ॥

ਦੋਹਿਰਾ ॥ ਸ੍ਰੀ ਸਤਿ ਨਾਮੁ ਵਾਹਿਗੁਰੂ ਪੁਰਖ ਅਕਾਰ [੧]ਦਯਾਰ ॥ ਜਾਹਿ ਜਪੇ ਬਿਘਨਨ [੨]ਉਦਧਿ ਹੋਤ [੩]ਸਹਿਲ ਹੀ ਪਾਰ ॥ ੧ ॥ ਗੀਆ ਮਾਲਤੀ ਛੰਦ ॥ ਸ੍ਰੀ ਸਤਿਗੁਰੂ ਨਾਨਕ ਪ੍ਰਭੂ [੪]ਪਦ [੫]ਜਲਜ ਕੌ ਪ੍ਰਨਾਮ ਹੈਂ ॥ ਅੰਗਦ ਗੁਰੂ ਸ੍ਰੀ ਅੰਗ ਸੰਗ ਹੈਂ ਪਦਹਿ ਬੰਦਤ ਤਾਮ ਹੈਂ ॥ ਅਮਰ ਗੁਰ ਸ੍ਰੀ ਅਮਰ ਕਰ ਹੈਂ ਨਾਮ ਲੈ ਤਰ ਜਾਮ ਹੈਂ ॥ ਗੁਰੂ ਰਾਮ ਦਾਸ ਜੋ ਦਾਸ ਰੱਖਜਕ ਚਰਣ ਤਾਂਕੀ [੬]ਸਾਮ ਹੈਂ ॥ ੨ ॥ ਅਰਜਨ ਗੁਰੂ ਜੀ [੭]ਅਰਜ਼ [੮]ਭ੍ਰਿਤ ਕੀ ਰਸਨ ਬਾਸਾ ਕੀਜੀਏ ॥ ਸ੍ਰੀ ਹਰਿ ਗੋਬਿੰਦ ਜੀ ਹਰੋ ਬਿਘਨਨ ਗ੍ਰੰਥ ਪੂਰ ਕਰੀਜੀਏ ॥ ਹਰਿ ਰਾਇ ਗੁਰ ਹਰ ਮਤੀ ਦੁਰ ਕੇ ਸ਼ੁਭ [੯]ਮਨੀਖਾ ਦੀਜੀਏ ॥ ਹਰਿ ਕ੍ਰਿਸ਼ਨ ਗੁਰ ਤ੍ਰਿਸ਼ਨਾ ਹੈ ਜਨ ਕੀ ਜਸਹਿ [੧੦]ਰਾਵਰ ਕੀਜੀਏ ॥ ੩ ॥ ਸ੍ਰੀ ਗੁਰ ਬਹਾਦਰ ਤੇਗ ਕੇ ਸਮ ਤੇਗ ਕੇ ਬਾਨੀ ਕਰੋ ॥ ਦਸਮੇਸ ਸ੍ਰੀ ਗੋਬਿੰਦ ਸਿੰਘ ਗੁਰ ਸੀਸ ਮਮ ਪਰ ਕਰ ਧਰੋ ॥ ਗੁਰ ਦਸੋਂ ਕੇਰ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰ

---

੧. ਦਯਾਲ । ੨. ਸਮੁੰਦਰ । ੩. ਸੁਖੈਨ । ੪. ਚਰਨ । ੫. ਕਮਲ । ੬. ਸਰਨ । ੭. ਬੇਨਤੀ । ੮. ਦਾਸ । ੯. ਬੁਧੀ । ੧੦. ਆਪ ।

ਵਰੋ ॥ [1]ਅਭਿਬੰਧ ਹੋ ਸੰਤ ਰੇਣ ਕੀ ਬਰ ਦੇਹੁ ਗੁਨ ਕੌ ਹੌਂ [12]ਰਰੋਂ ॥ ੪ ॥ ਦੋਹਿਰਾ ॥ ਸ਼ਬਦ ਗੁਰੂ ਜੋ ਦਯਾਲ ਹਰਿ ਬੰਦੋਂ ਬਾਰੰਬਾਰ ॥ ਬਰਨ ਸੁਧਾ ਕੇ ਗੁਰ ਕ੍ਰਿਪਾਲ ਹਰਿ ਹਰਿ ਪ੍ਰੇਮ ਜੁਹਾਰ ॥ ੫ ॥ ਸੋਰਠਾ ॥ ਸਿੱਖ ਸੰਤ ਹੈਂ ਜੋਇ ਸਭ ਗੁਰ ਅੰਸ ਸਥਾਨ ਗੁਰ ॥ ਤਿਨ ਕੋ ਬੰਦਨ ਹੋਇ ਕਵੀ ਗੁਣੀ ਔ ਪੰਥ ਬਰ ॥ ੬ ॥ ਦੋਹਿਰਾ ॥ ਕਵਿ ਗੁਰ ਦੁਤਯੇ ਬੰਸ ਮਹਿ ਸੰਤ ਰੇਣ ਹਰਿ ਪ੍ਰੇਮ ॥ ਗੁਰ ਗਾਥਾ ਪਰਕਾਸ਼ ਹਿਤ ਹੀਯੇ ਦਾਸ ਅਤਿ ਪ੍ਰੇਮ ॥ ੭ ॥ ਆਦਿ ਗੁਰੂ ਕੀ ਬੰਸ ਮਹੁ ਬਾਬਾ ਜੀ ਹਰਿ ਪ੍ਰੇਮ ॥ ਦਸ ਗੁਰ ਗਾਥਾ ਸ੍ਰਵਨ ਮਹਿ ਚਿਤਹਿ ਜਾਹਿ ਅਤਿ ਪ੍ਰੇਮ ॥ ੮ ॥ ਗੁਰ ਭਾਈ ਲਘੁ ਦਾਸ ਕੋ ਇਕ ਬਿਰ ਮਮ ਢਿਗ ਆਇ ॥ ਕਹਯੋ ਕਿ ਗੁਰ ਇਤਹਾਸ ਮਹੁ ਹਲ ਚਲ ਭਈ ਮਹਾਇ ॥ ੯ ॥ ਗੁਰ ਅੰਗਦ ਪ੍ਰਿਥਮਹੁ ਪ੍ਰਿਥਮ ਰਚਯੋ ਗੁਰ ਇਤਹਾਸ ॥ ਤਸ ਵਿਧ ਸੰਤਤ ਤਿਨਹੁ ਤੁਮ ਕਰੀਯੇ ਸੁਧ ਪ੍ਰਕਾਸ਼ ॥ ੧੦ ॥ ਜਿਹ ਪਠਬੇ ਔ ਸ੍ਰਵਨ ਤੇ ਹ੍ਵੈ ਗੁਰਮਤ ਪ੍ਰਚਾਰ ॥ ਪ੍ਰੀਤਮ ਤੇ ਬਚ ਪ੍ਰੇਭ ਕੇ ਸੁਨ ਭਾ ਹਰਖ ਅਪਾਰ ॥ ੧੧ ॥ ਕਹਯੋ ਜਨਮ ਹੈ ਧੰਨ ਤੁਹਿ ਐਸ ਭਈ ਮਨ ਚਾਹਿ ਪ੍ਰਥਮ ਭੀ ਗੁਨ ਸਿਖ ਸੰਤਹਨ ਭਨਯੋ ਮੋਹਿ ਅਸ ਭਾਹਿ ॥ ੧੨ ॥ ਅਬ ਪ੍ਰੇਰਹਿੰ ਜਸ ਸਤਿਗੁਰੂ ਤਸ ਵਿਧ ਕਰੋਂ ਉਚਾਰ ॥ ਗ੍ਰੰਥ ਸੁ ਗੁਰ ਪ੍ਰਕਾਸ਼ ਪੁਰ ਰਚਹੋਂ ਸਾਰੁ ਨਿਕਾਰੁ ॥ ੧੩ ॥ ਅਸ ਵਿਧ ਸੁਨ ਹਰਿ ਪ੍ਰੇਮ ਜੀ ਭਾਖਯੋ ਪੁਨ ਇਹ ਭਾਇ ॥ ਸ੍ਰੀ ਗੁਰ ਪੁਰ ਪਰਕਾਸ਼ ਕਾ ਕਹੋ ਅਰਥ ਸਮਝਾਇ ॥ ੧੪ ॥ ਭਨੇ ਦਾਸ ਤਬ ਗ੍ਰੰਥ ਕਾ ਸੁਨਹੁ ਅਰਥ ਮਨ ਲਾਇ ॥ ਗੁਰ ਪੁਰ ਜਾਨਹੁ ਗ੍ਰੰਥ ਇਹੁ ਮਹਿਲੇ ਦਸ ਇਸ ਥਾਇ ॥ ੧੫ ॥ ਜਥਾ ਮਹੱਲੇ ਏਕ ਮਹੁ ਹੋਵਹਿੰ ਮਹਿਲ ਅਨੇਕ ॥ ਤਥਾ ਏਕ ਗੁਰ ਗਾਥ ਮਹਿ ਮੰਦਰ ਲਖਹੁ ਬਬੇਕ ॥ ੧੬ ॥ ਸੁਨ ਭਾਖਯੋ ਹਰਿ ਪ੍ਰੇਮ ਜੀ ਅਰਥ ਨੀਕ

੧. ਹਿਰਦੇ ਨਾਲ ਬੰਦਨਾ। ੧੨. ਉਚਾਰਨ ਕਰਦਾ ਹਾਂ।

ਮਨ ਪਾਹਿ ॥ ਤੌ ਇਕ ਸ਼ੰਕਾ ਔਰ ਅਨਬੰਧ ਗ੍ਰੰਥ ਬਤਾਹਿ ॥ ੧੭ ॥
ਬਿਨ ਜਾਨੇ [੧]ਅਨਬੰਧ ਕੇ ਸੁਘਰ ਪ੍ਰਬਿਰਹਿੰ ਨਾਇ। ਸੁਨਤ ਦਾਸ ਤਬ
ਐਸ ਬਿਧ ਅਨਬੰਧ ਵੇਦ ਅਲਾਇ ॥ ੧੮ ॥ ਉਪਦੇਸ਼ੀ ਸਤਿਨਾਮੁ
ਕੇ ਲਖੋ ਅਧਿਕ੍ਰਿਤੀ ਸੋਇ ॥ ਬਿਸ਼ੈ ਸੁ ਗੁਰ ਮਹਿਮਾ ਰਰੈ ਪਰਯੋਜਨ
ਮਲ ਖੋਇ ॥ ੧੯ ॥ [੨]ਪ੍ਰਤਪਾਦਕ [੩]ਪ੍ਰਤਪਾਂਦਯਤਾ ਗ੍ਰੰਥ ਗੁਰਨ
ਸਨਬੰਧ ॥ [੪]ਪ੍ਰਾਪ [੫]ਪ੍ਰਾਪਕਤਾ ਕਹਿਤ ਹੈਂ [੬]ਫਲ [੭]ਅਧ ਕ੍ਰਿਤ ਕੋ [੮]ਵੰਧ
॥ ੨੦ ॥ ਅਨਬੰਧ ਸੁਨ ਪੁਨ ਕਹਿਤ ਭਾ ਅਬ ਸ਼ੁਭ ਕਥਾ ਸੁਨਾਇ ॥
ਕਿਹ ਕਾਰਨ ਅਵਤਾਰ ਭੇ ਗੁਰ ਨਾਨਕ ਸੁਖਦਾਇ ॥ ੨੧ ॥ ਸੁਨਤ
ਦਾਸ ਗੁਰ ਧਿਆਨ ਧਰ ਮਨ ਅਤ ਮੋਦ ਬਢਾਇ ॥ ਕਹਯੋ ਕਿ ਪ੍ਰਿਯ
ਇਤਹਾਸ ਅਬ ਸੁਨ ਸਤਿਗੁਰ ਗਤਿ ਦਾਇ ॥ ੨੨ ॥ ਮਹਿਮਾ ਸ੍ਰੀ
ਨਿਰੰਕਾਰ ਕੀ ਬਰਨ ਸਕੈ ਨਹੀਂ ਕੋਇ ॥ [੯]ਅਨਰ ਵਚਨੀ ਮਾਯਾ
ਜਿਸੈ ਆਸ਼੍ਰਤ ਹ੍ਵੈ ਕੇ ਸੋਇ ॥ ੨੩ ॥ ਚੌਪਈ ॥ ਇੱਕ ਕਵਾਉ ਤੇ
ਕੀਆ ਪਸਾਉ ॥ ਹੋਤ ਭਏ ਲਾਖੋਂ ਦਰਿਆਉ ॥ ਕੁਦਰਤ ਕਾ ਕਛ
ਪਰੈ ਨ ਪਾਰਾ ॥ ਸ੍ਰਿਸ਼ਟ ਭਈ ਤਬ ਬਹੁ ਪਰਕਾਰਾ ॥ ੨੪ ॥ ਖਾਣੀ
ਚਾਰ ਅੰਤ ਨਹਿ ਆਵਹਿ ॥ ਨੇਤ ਨੇਤ ਜਿਹ ਵੇਦ ਬਤਾਵਹਿ ॥
ਓੜਕ ਭਾਲ ਥਕੇ ਨਹਿ ਆਯੋ ॥ ਸ੍ਰੀ ਅਕਾਲ ਅਸ ਖੇਲ ਰਚਾਯੋ
॥ ੨੫ ॥ ਜੁਗ ਚਤੁਨ ਕੀ [੧੦]ਠਟ ਮਰਯਾਦਾ ॥ ਕਲੁ ਦੁਾਪੁਰ ਤ੍ਰੇਤਾ
ਸਤੁ ਆਦਾ ॥ ਸਤਿਜੁਗ ਮਾਹਿੰ ਧਰਮ ਪਗ ਚਾਰੇ ॥ ਸਤ ਕੇ ਰਥ ਪਰ
ਸਭ ਅਸਵਾਰੇ ॥ ੨੬ ॥ ਧਰਮ ਹੁਤੋ ਤਹਿੰ ਕੋ ਰਥਵਾਹੀ ॥ ਸੱਤਿ
ਬੋਲਬੇ ਤੇ ਗਤ ਪਾਈ । ਤ੍ਰੇਤੈ ਜੁਗ ਮੈਂ ਗੁਣ ਪਗ ਧਰਮਾਂ ॥ ਜਤ ਰਥ
[੧੧]ਚਢੈ ਯੱਗ ਕੇ ਕਰਮਾਂ ॥ ੨੭ ॥ ਜੋਰ ਹੁਤੋ ਤਹਿ ਕੋ ਰਥਵਾਹੀ ॥ ਜੱਤ
ਯੱਗ ਮੈਂ ਮੁਕਤੀ ਪਾਈ । ਦੁਾਪੁਰ ਧਰਮ ਜੁਗਲ ਪਗ ਧਾਰਾ ॥ ਤਪ

---

੧. ਇਕ-ਰਸ ਜੋ ਜਗਿਆਸੂ ਨੂੰ ਗ੍ਰੰਥ ਵਿਚ ਜੋੜੇ। ੨. ਗੁਰੂ। ੩. ਕਥਨ ਕਰਨ ਯੋਗ ਬ੍ਰਹਮ। ੪. ਪ੍ਰਾਪਤ ਹੋਣੇ ਯੋਗ। ੫. ਪ੍ਰਾਪਤ ਕਰਨੇ ਵਾਲਾ ਜਗਯਾਸੂ। ੬. ਗਿਆਨ। ੭. ਅਧਿਕਾਰ। ੮. ਸੰਬਾਦ। ੯. ਕਥਨ ਨਾ ਹੋ ਸਕੇ। ੧੦. ਇਸਥਿਤ। ੧੧. ਚੜ ਕੇ।

ਕਾ ਰੱਥ ਸੱਤ ਅਸਵਾਰਾ ॥ ੨੮ ॥ ਕਲ ਮੈਂ ਧਰਮ ਏਕ ਪਰ ਖਰਯੋ[1] ॥ ਰਥ ਕੂਰੋ ਅਗਨੀ ਰਥ ਵਰਯੋ ॥ ਏਕ ਚਰਨ ਪਰ ਧਰਮ ਰਹਿਓ ਜਬ ॥ ਪਾਪ ਕਰਮ ਮੈਂ ਸ੍ਰਿਸ਼ਟ ਲਗੀ ਸਭ ॥ ੨੯ ॥ ਸੱਚ ਉਡਿਓ ਧਰ ਪੰਖ ਅਕਾਸ ॥ ਕੂਰ ਜਗਤ ਮੈਂ ਕੀਓ ਨਿਵਾਸ ॥ ਭਯੋ ਅੰਧੇਰਾ ਪਾਪ ਜਹਾਨੇ ॥ ਭੂਪ ਮਲੇਛ ਅਧਰਮਿ ਮਹਾਨੇ ॥ ੩੦ ॥ ਨਿਜ ਸੁਖ [2]ਭੁੰਚਨ ਮਹੁ [3]ਬਰਮਾਏ ॥ [4]ਵਿਟਲ ਪੰਥ ਬਹੁ ਜਗ ਪਰ ਛਾਏ ॥ ਪ੍ਰਭ ਸਿਮਰਣ ਤੇ ਬੇ ਮੁਖ ਥਾਏ ॥ ਧਰਮੀ ਪੁਰਸ਼ਨ ਕੋ ਦੁਖ ਦਾਏ ॥ ੩੧ ॥ ਚਲ ਹੈਂ ਨਿਜ ਇੱਛਾ ਅਨਹਾਰੇ ॥ ਸਾਧ ਸੰਤ ਭੇ ਬਹੁ ਦੁਖਿਆਰੇ। ਸੁਰ ਅਵਤਾਰ ਮਨਾਇ ਅਪਾਰਾ ॥ [5]ਪ੍ਰੰਚ ਨ ਦੀਨਸ ਕਿਸੂ ਸਹਾਰਾ ॥ ੩੨ ॥ ਬਰ ਹਰ ਬੇੜਾ ਧਰਮ ਡੁਲਾਯੋ ॥ ਧਰਨੀ ਧੀਰਜ ਤਬੈ ਛੁਡਾਯੋ ॥ ਪਾਪ ਭਾਰ ਤੇ ਅਤ ਦੁਖਿਆਰੀ ॥ ਧੇਨ ਰੂਪ ਧਰ ਕੈ ਤਿਹ ਬਾਰੀ ॥ ੩੩ ॥ ਬਿਸ਼ਨ ਰੁਦ੍ਰ ਬ੍ਰਹਮਾ ਪੈ ਆਈ ॥ ਨਿਜ ਸੰਤਨ ਦੁਖ ਬ੍ਰਿਥਾ ਸੁਨਾਈ ॥ ਸੁਨ ਕਰ ਸ੍ਰੀ ਬਿਸ਼ਨੂੰ ਤਿਹ ਕਾਲਾ ॥ ਸੁਰ ਸਭ ਵਿਗ ਬੁਲਾਇ ਤਤ ਕਾਲਾ ॥ ੩੪ ॥ ਮਦ੍ਰ ਦੇਸ ਜਹਿ ਨਾਮ ਬਖਾਨਾ ॥ ਸਭ ਧਰਨੀ ਕੋ ਮੱਧਜ ਸਥਾਨਾ ॥ ਤਹਾਂ ਆਇ ਸੁਭ ਥਲ ਕੋ ਹੇਰਾ ॥ ਹੁਤੋ ਅੰਭ ਤਹਿ ਕਛੁਕ ਚੰਗੇਰਾ ॥ ੩੫ ॥ ਤਿਹ ਕੇ ਚਾਰ ਓਰ ਸਭ ਬਿਰੇ ॥ ਸ੍ਰੀ ਅਕਾਲ ਜੂ ਸਿਮਰਣ ਕਰੇ ॥ ਹੇ ਪ੍ਰਭ ਰੱਖਯਾ ਕਰੋ ਹਮਾਰੀ ॥ [6]ਨਤ ਧਰਨੀ ਪ੍ਰਾਪਤ ਦੁਖ ਭਾਰੀ ॥ ੩੬ ॥ ਜੁਗ ਜੁਗ ਜਬਹਿ ਅਧਰਮੀ ਬਾਧੈਂ ॥ ਪਠ ਅਵਤਾਰ ਤਿਨਹੁ ਕੋ ਸਾਧੈਂ ॥ ਅਬ ਤੌ ਧਰਮ ਏਕ ਪਗ ਧਰ ਹੈ ॥ ਰਾਵ ਰਾਇ ਬਿਨ ਕਾਜ ਨ ਸਰ ਹੈ ॥ ੩੭ ॥ ਅਸ ਪ੍ਰਕਾਰ ਸੁਨ ਪੁਰਖ ਅਕਾਲ ॥ ਭੇ ਪ੍ਰਤੱਖ ਬਰ ਦੇਨ ਬਿਸਾਲ ॥ [7]ਪਿਖ ਸਭ ਸੁਰ ਮਨ ਹਰਖ ਬਢਾਇ ॥ ਸ੍ਰੀ ਅਕਾਲ ਪਗ ਬੰਦੇ ਆਇ ॥ ੩੮ ॥ ਅਨਿਕ ਪ੍ਰਕਾਰ ਉਸਤਤੀ ਕੀਨ ॥ ਤਿਸੀ [8]ਅੰਭ

੧. ਖੜਾ ਹੋਇਆ। ੨. ਲੈਣ ਲਈ। ੩. ਭੁਲੇ। ੪. ਟੇਢੇ। ੫. ਥੋੜਾ। ੬. ਮਤ। ੭. ਵੇਖ ਕੇ। ੮. ਜਲ।

ਮਹਿ ਪਗ ਧੁਇ ਲੀਨ ॥ [1]ਤਾਲ ਅਕਾਲ ਚਰਨਾਮ੍ਰਿਤ ਭਯੋ ॥ ਸਭਹਨ ਚਰਨਾਮ੍ਰਿਤ ਤਬ ਲਯੋ ॥ ੩੯ ॥ ਸ੍ਰੀ ਅਕਾਲ ਤਬ ਗਿਰਾ ਉਚਾਰੀ ॥ ਹੋਵਹੁ ਮੈਂ ਨਾਨਕ ਨਿਰੰਕਾਰੀ ॥ ਜਗ ਮਹਿੰ ਭਗਤ ਭਾਵ ਪ੍ਰਗਟਾਵੇਂ ॥ ਪਾਪ ਕਰਮ ਤੇ ਨਰਨ ਹਟਾਵੇਂ ॥ ੪੦ ॥ ਦਸ ਸਰੂਪ ਧਾਰੋਂ ਜਗ ਮਾਹਿ ॥ ਸਿੱਖੀ ਮਾਰਗ ਜਗ ਪ੍ਰਗਟਾਹਿ ॥ ਚਤੁਰਥ ਰੂਪ ਧਰੋਂ ਜਬ ਆਇ ॥ ਤਬ ਯੇਹ ਅੰਮ੍ਰਿਤਸਰ ਪ੍ਰਗਟਾਇ ॥ ੪੧ ॥ ਸਭ ਜਾਵੋ ਨਿਜ ਨਿਜ ਅਸਥਾਨਾ ॥ ਬਿਧ ਅਸ ਕਹਿ ਭੇ ਅੰਤਰ ਧਯਾਨਾ ॥ ਹਰਖ ਦੇਵ ਗੇ ਨਿਜ ਨਿਜ ਥਾਨਾ ॥ ਜਾਨਯੋਂ ਅਬ ਪ੍ਰਗਟਹਿ ਸੁਖ ਦਾਨਾ ॥ ੪੨ ॥ ਦੋਹਿਰਾ ॥ ਕਹਯੋ ਪ੍ਰੇਮ ਹਰਿ ਪ੍ਰਭੂ ਢਿਗ ਦੇਵਨ ਕਰੀ ਪੁਕਾਰ ॥ ਕੌਨ ਦਿਵਸ ਪਰਸੰਨ ਭੇ ਬਰ ਦੀਨਸ ਸੁਥ ਸਾਰ ॥ ੪੩ ॥ ਸੁਨਤ ਕਹਯੋ ਦਾਤਾਰ ਜਬ ਦੀਨਸ ਬਰ ਸੁਖ ਦਾਨ ॥ ਦਿਵਸ [2]ਬਸੋਹਾ ਪਾਵਨੰ ਪ੍ਰੇਮ ਹਰੀ ਪਹਿਚਾਨ ॥ ੪੪ ॥ ਜਨਮ ਮਰਨ ਮਹਿ ਨਾਹਿ ਗੁਰ ਕਾਰਨ ਇਹੁ ਲਖ ਲੇਹ ॥ ਕੇਵਲ ਪਰਉਪਕਾਰ ਹਿਤ ਧਾਰਤ ਹੈਂ ਗੁਰ ਦੇਹ ॥ ੪੫ ॥

ਇਤਿ ਸ੍ਰੀ ਗੁਰ ਪੁਰ ਪ੍ਰਕਾਸ ਗ੍ਰੰਥੇ ਪ੍ਰਿਥਮ ਮਹਿਲੇ ਮੰਗਲਾ ਚਰਨ ਪ੍ਰਸੰਗ ਬਰਨਨੰ ਨਾਮ ਪ੍ਰਿਥਮ ਮੰਦਰਹਿ ॥ ੧ ॥

ਦੋਹਿਰਾ ॥ ਭੈ ਭੰਜਨ ਦੁਖ ਹਰਨ ਪ੍ਰਭ ਚਰਨ [3]ਸਰੋਜ ਮਨਾਊਂ ॥ ਜਾਹਿ ਕ੍ਰਿਪਾ ਤੇ ਸਹਿਲ ਹੀ ਗੁਰ ਯਸ ਸਿੰਧ ਤਰਾਊਂ ॥ ੧ ॥ ਅਹੋ ਬੰਸ ਕੇ [4]ਭੂਖਨੰ ਬੇਦੀ ਸੁਭ ਮਤ ਵਾਨ ॥ ਸੁਨੋ ਕਥਾ ਅਬ ਜਨਮ ਕੀ ਐ ਜਸ ਬੰਸ ਮਹਾਨ ॥ ੨ ॥ ਓਅੰਕਾਰ ਆਕਾਰ ਕਰ ਕੀਨੋ ਬਹੁ ਬਿਸਥਾਰ ॥ ਅੰਤ ਨ ਕੋਊ ਲੈ ਸਕਿਓ ਜਾਨੈ ਸਿਰਜਨ ਹਾਰ ॥ ੩ ॥ ਚੌਪਈ ॥ ਜਬ ਪ੍ਰਹਿਲੇ ਪ੍ਰਭ ਸ੍ਰਿਸ਼ਟ ਬਨਾਈ ॥ ਦਾਨਵ ਦੇਵ ਰਚੇ ਸਮੁਦਾਈ ॥ ਤਾ ਮੈ ਨਰਪਤ ਏਕ ਬਨਾਯੋ ॥ ਕਾਲ

੧. ਸਰੋਵਰ । ੨. ਅੱਖਾਂ ਦਾ ਮੀਟਣਾ, ਤੇ ਖੋਲਣਾ ਨੂੰ ਬਸੋਹਾ ਕਹਿੰਦੇ ਹਨ । ੩. ਕਮਲ । ੪. ਗਹਿਣਾ ।

ਸੈਨ ਤਹਿ ਨਾਮ ਕਹਾਯੋ ॥ ੪ ॥ ਸੂਰਜ ਭਯੋ ਬੰਸ ਤਿਸ ਮਾਹੀ ॥
[1]ਮਾਰ ਤੰਡ ਸੋ ਬੰਸ ਕਹਾਹੀ ॥ ਨਰਪਤ ਰੱਘ ਤਾਹਿ ਮਹਿ ਭਯੋ ॥ ਰੱਘ
ਬੰਸ ਇਸ ਹੀ ਕੋ ਕਯੋ ॥ ੫ ॥ ਦਸਰਥ ਰਾਇ ਏਕ ਤਬ ਭਯੋ ॥
ਵੇਦ ਆਤਮਜ ਤਿਨ ਤੇ ਥਯੋ ॥ ਰਾਮ ਚੰਦ੍ਰ ਤ੍ਰੇਤਾ ਔਤਾਰ ॥ ਲਖਨ
ਸੁ ਭਰਤ ਸੱਤ੍ਰਘਨ ਚਾਰ ॥ ੬ ॥ ਰਾਮ ਚੰਦ੍ਰ ਕੇ ਸੁਤ ਭਏ ਦੋਊ ॥
ਲਵੀ ਕੁਸੂ ਪਰਗਟ ਜਗ ਹੋਊ ॥ ਕੁਸ਼ੂ ਬੰਸ ਬੇਦੀ ਕੋ ਜਨੀਯੋ ॥ ਤ੍ਰੇਹਣ
ਬੰਸ ਲਖਨ ਕੋ ਮਨੀਯੋ ॥ ੭ ॥ ਭਰਥ ਬੰਸ ਭੱਲੇ ਜਗ ਹੋਹੇ ॥ ਸੋਢ
ਬੰਸ ਲਵ ਹੀ ਕੋ ਸੋਹੇ ॥ ਵੇਦ ਬੰਦ ਕੇ ਨ੍ਰਿਪ ਦਿਸ ਚਾਰੂ ॥ ਭੋਗੈਂ ਰਾਜ
ਸੁ ਬਹੁ ਪਰਕਾਰੂ ॥ ੮ ॥ ਕਰਮ ਕਾਲ ਐਸੇ ਤਬ ਭਯੋ ॥ ਰਾਜ ਬੰਸ
ਤੇ ਸਭ ਮਿਟ ਗਯੋ ॥ ਦੇਸ ਪੰਜਾਬ ਸਭਨ ਸਿਰਮੌਰ ॥ ਤਾਂ ਮੈਂ ਸ਼ੁਭ
ਤਲਵੰਡੀ ਠੌਰ ॥ ੯ ॥ ਛੱਤ੍ਰ ਪਤੀ ਤਹਿ ਰਾਇ ਬੁਲਾਰੁ ॥ ਤਾਂਹਿ
ਮੰਤਰੀ ਬਾਬਾ ਕਾਰੂ ॥ ਬੇਦੀ ਬੰਸ ਵਿਖੈ ਪੁਨ [2]ਧਾਮ ॥ ਮਹਿਲ ਤਿਨੋ
ਕੇ ਤ੍ਰਿਪਤਾ ਨਾਮ ॥ ੧੦ ॥ ਮਾਤਾ ਤ੍ਰਿਪਤਾ ਬਾਬਾ ਕਾਲੂ ॥ [3]ਪੂਰਬ
ਜਨਮ ਤਪ ਕੀਨ ਬਿਸਾਲੂ ॥ ਜਿਨ ਕੋ ਤਪ ਜਗਦੀਸਹਿ ਭਾਯੋ ॥
ਜਨਮ ਸਮੈਂ ਗੁਰੁ ਨਾਨਕ ਆਯੋ ॥ ੧੧ ॥ ਹੁਕਮ ਭਯੋ [4]ਪਵਨ
ਕੌ ਤਬਹੀ ॥ ਮਾਤਾ ਜਠਰ ਪ੍ਰਵੇਸਹੁ ਅਬ ਹੀ ॥ ਪਵਨ ਸੁ ਉਦਰਹਿ
ਕੀਨ ਨਿਵਾਸੂ ॥ ਬੰਸ ਬੇਦੀਅਨ ਬਢਿਓ [5]ਹੁਲਾਸੂ ॥ ੧੨ ॥ ਸਭ
ਜਗ ਮਹਿ ਭਾ ਅਨੰਦ ਬਿਸਾਲਾ ॥ ਧਰਮ ਕਰਮ ਨਰ ਲਗੇ ਸੁਢਾਲਾ ॥
ਸੀਤ ਸੁਗੰਧਤ [6]ਮੰਦ [7]ਸਮੀਰਾ ॥ ਚਲੈ ਜੁ ਹਰਹੀ ਸਬ ਬਿਧ ਪੀਰਾ ॥
੧੩ ॥ [8]ਬਾਦਰ ਆਵੈਂ ਭਰ ਭਰ [9]ਬਾਰੀ ॥ ਬਰਖਹਿੰ ਨਰ ਇੱਛ
ਅਨੁਸਾਰੀ ॥ ਫੂਲਹਿੰ ਫਲਹਿੰ ਬ੍ਰਿੱਖ ਸਮਦਾਈ ॥ ਜਨ ਅਨੰਦਤ
ਬਾਹਰ ਆਈ ॥ ੧੪ ॥ [10]ਛਿਤ ਸੋਹਤ ਧਰ ਨਵ ਸਬ ਜਾਈ ॥ ਜਹਿ

---

੧. ਸੂਰਜ ਬੰਸ। ੨. ਘਰ। ੩. ਪਿਛਲੇ। ੪. ਪਵਣ ਦੇਵਤਾ। ੫. ਉਤਸ਼ਾਹ
੬. ਮਠੀ ਮਠੀ। ੭. ਹਵਾ। ੮. ਬੱਦਲ। ੯. ਜਲ ਨਾਲ। ੧੦. ਖੇਤੀ।

ਉਰ ਸਭ ਤੇ ਅਧਕ ਬਧਾਈ ॥ ਅਸ ਜਬ ਬੀਤ ਗਏ ਕਛ [1]ਮਾਸਾ ॥
ਸਰਦ ਸੁੰਦਰੀ ਇੰਦ ਪ੍ਰਕਾਸਾ ॥ ੧੫ ॥ ਬਿਮਲ ਅਕਾਸ ਸੋਹੇ [2]ਗਨ
ਤਾਰਾ ॥ ਜਿਮ ਜਗਜਾਸੀ ਉਰ ਆਚਾਰਾ॥ [3]ਨਿਰਸ [4]ਮੇਘ ਹੋ ਗੇ ਨਿਜ
ਦੇਸੂ ॥ ਜਿਮ ਸਤਿ ਸੰਗਤ ਮਿਟਹਿੰ ਕਲੇਸੂ ॥ ੧੬ ॥ [5]ਉਰਜ ਮਾਸ
ਕੀ ਪੂਰਨਮਾ ੀ॥ ਹਰਿ ਕੀਰਤ ਸੀ ਜੌਨ ਪ੍ਰਕਾਸ਼ੀ ॥ ਸੰਮਤ ਨੌ ਖਟ
ਸਹਿਸ ਛਬੀਸਾ ॥ ਭੇ ਔਤਾਰ ਪ੍ਰਗਟ ਜਗਦੀਸਾ ॥ ੧੭ ॥ ਭਯੋ
ਅਚਾਨਕ ਸਭਨ ਉਛਾਹਾ ॥ ਬਿਨ ਕਾਰਨ ਮਨ ਲਖ ਨ ਸਕਾਹਾ ॥
ਧਰਾ ਅਕਾਸ਼ ਬਿਖੈ ਜੇ ਬਾਸੀ ॥ ਮੰਗਲ ਕਰਹਿੰ ਸਿਮਰ ਅਬਨਾਸੀ ॥
੧੮॥ ਲੇ ਨਿਜ ਹਾਥਨ ਸੰਖ ਬਜਾਇ॥ ਜੈ ਜੈ ਜੈ ਮੁਖ ਬਚਨ ਸੁਨਾਇ
॥ ਅਮਰਨ ਮਿਲ ਕਰ [6]ਮਲਜ ਘਸਾਈ ॥ [7]ਕੁੰਕਮ ਪੁਨ [8]ਸਨਸਾਰ
ਮਿਲਾਈ ।੧੯॥ ਕਾਲੂ ਕੇ ਮੰਦਰ ਪਰ ਚਰਚਹਿ॥ ਕਲਪ ਬ੍ਰਿੱਛ
[9]ਕੁਸਮਾਂ ਜਲ [10]ਅਰਚਹਿ॥ ਬਡ ਪਰਕਾਸ਼ ਅਚਾਨਕ ਥਾਯੋ ॥ ਧਾਇ
ਦੇਖ ਸੁ ਨੈਨ ਮੀਚਾਯੋ ॥ ੨੦ ॥ ਮਾਤਾ ਉਦਰ ਪੌਨ ਨਿਕਸਾਈ ॥
ਜਾਨਿਓ ਮੈ [11]ਪਰਸੂਤਾ ਥਾਈ ॥ ਸ੍ਰੀ ਮਾਤਾ ਜਬ ਖੋਲ੍ਹੇ ਨੈਨ ॥
ਸੁੰਦਰ ਰੂਪ ਦੇਖ ਮਨ ਚੈਨ ॥ ੨੧ ॥ ਦਿਪਤ ਤੇਜ ਜਹਿ ਕ੍ਰਾਂਤਿ
ਅਨੂਪਾ ॥ ਬਿਸਮਹਿ ਧਾਇ ਦੇਖ [12]ਸਿਸ ਰੂਪਾ ॥ ਅਨਤ ਬਾਲ
ਜਨਮਤ ਸਭ ਰੋਤੇ ॥ ਬਿਗਸਤ ਇਹੁ ਜਿਵ ਆਨੰਦ ਹੋਤੇ ॥ ੨੨ ॥
ਅਲਪ ਬੁੱਧ ਕਿਉ ਧਾਇ ਲਖਾਹੀ ॥ ਜਨਮ ਮਰਨ ਇਸ ਪੀਰਾ
ਨਾਹੀ ॥ ਦਾਸੀ ਦੌਰ ਦਈ ਸੁਧ ਕਾਲੂ ॥ ਲੇਹੁ ਬਧਾਈ ਅਨੰਦ
ਬਿਸਾਲੂ ॥ ੨੩ ॥ ਕ੍ਰਾਂਤ ਮਾਨ ਭਾ ਤਾਤ ਤੁਮਾਰੇ ॥ ਮੰਗਲ
ਕਰਹੁ ਸੁ ਬਿਬਧ ਪ੍ਰਕਾਰੇ ॥ ਸੁਤ ਉਪਜਨ ਕੇ ਸੁਨ ਕਰ ਬੈਨਾ ॥
ਮਨਹੁ ਜਗਤ ਸੁਖ ਪ੍ਰਾਪਤ ਐਨਾ ॥ ੨੪ ॥ ਉਰ ਪਰਮੇਸਰ ਕੌ

੧. ਮਹੀਨੇ । ੨. ਸਮੂਹ । ੩. ਇਕ ਰਸ । ੪. ਬਦਲੀ । ੫. ਕਤਕ ਮਹੀਨਾ ਪੂਰਨਮਾਸ਼ੀ
੬. ਕੇਸਰ । ੭. ਮੁਸਕ ਕਪੂਰ । ੮. ਚੰਦਨ । ੯. ਫੁਲ । ੧੦. ਛਿੜਕਦੇ ਹਨ । ੧੧.
ਜਨਮਿਆ । ੧੨. ਬਚਾ ।

ਕਰ ਧਿਆਨਾ ॥ ਬੰਦਨ ਕਰਹਿ ਬੰਧ ਜੁਗ ਪਾਨਾ ॥ ਭਈ ਭੋਰ ਨਿਜ ਦਾਸ ਬੁਲਾਯਾ ॥ ਦਿਜਬਰ ਸਦਨ ਜਾਹੁ ਤੂੰ ਧਾਯਾ ॥ ੨੫ ॥ [1]ਦੈਵਗ ਜੋ ਹਰਿ ਦਿਆਲ [2]ਪ੍ਰਬੀਨਾ ॥ ਆਨਹੁ ਤਾਂਹਿ [3]ਬਿਲੰਬ ਬਿਹੀਨਾ ॥ ਸੁਨਤ ਦਾਸ ਦਿਜ ਸਦਨ ਸੁ ਜਾਈ ॥ [4]ਦਿਜ ਜੂ ਕਾਲੂ ਤੁਝਹਿ ਬੁਲਾਈ ॥ ੨੬ ॥ ਆਯੋ ਦਿਜ ਸ਼ੁਭ ਸਗਨ ਲਖਾਇਓ ॥ ਕਾਲੂ ਕੋ [5]ਸ੍ਵਸਤੈਨ ਸੁਨਾਇਓ ॥ ਦੇਖ ਮੰਗਲਾ ਚਾਰ ਸੁਹਾਏ ॥ ਪੰਡਤ ਮਨ ਮੈਂ ਆਨੰਦ ਪਾਏ ॥ ੨੭ ॥ ਦੋਹਿਰਾ ॥ ਦਿਜਬਰ ਕੋ ਲੇ [6]ਅਜਰ ਮਹਿ ਸਾਦਰ ਆਸਨ [7]ਡਾਸ ॥ ਬੈਸਾਯੋ ਬਹੁ [8]ਭਾਉ ਕਰ ਆਪ ਬੈਸ ਤਿਸ ਪਾਸ ॥ ੨੮ ॥ ਚੌਪਈ ॥ ਕਹਿ ਕਾਲੂ ਸੁਣ [9]ਸ੍ਰੋਣ [10]ਦਿਜਿੰਦੂ ॥ ਦਯੋ ਸਦਨ ਮਮ ਤਾਤ ਗੋਬਿੰਦੂ ॥ ਮੁਝ ਪਰ ਨਿਜ [11]ਅਨਕੰਪਾ ਧਾਰਹੁ ॥ ਸੋਧ ਮਹੂਰਤ ਲਗਨ ਬੀਚਾਰਹੁ ॥ ੨੯ ॥ ਭੇਦ ਸੁਭਾ ਸੁਭ ਸਭ ਲਖ ਲੀਜੈ ॥ [12]ਭਵ ਪਤ੍ਰੀ ਇਸ ਕੀ ਲਿਖ ਦੀਜੈ ॥ ਬਾਲਕ ਸ਼ਬਦ ਲੇਯ ਜੋ ਜਨਮਾ ॥ ਸੋਊ ਸ਼ਬਦ ਸੁਨਾਵੋ ਸ੍ਰਵਨਮਾਂ ॥ ੩੦ ॥ ਭਯੋ ਕਾਲ ਕਿਸ ਜਨਮ ਸੁਨਾਵੋ ॥ ਬੂਝਹੁ ਧਾਇ ਹਜੂਰ ਬੁਲਾਵੋ ॥ ਸ੍ਰੀ ਨਾਨਕ ਕੀ ਦੌਲਤ ਦਾਈ ॥ ਸੋ ਕਾਲੂ ਤਤਕਾਲ ਬੁਲਾਈ ॥ ੩੧ ॥ ਕਵਨ ਸ਼ਬਦ ਲੇ ਆਯੋ ਬਾਲਕ ॥ [13]ਧਾਇ ਬਤਾਵਹੁ ਸੋ ਤਪ ਕਾਲਕ ॥ ਬੋਲੀ ਬਚਨ ਦੌਲਤਾਂ ਦਾਈ ॥ ਸੁਨਹੁ ਬ੍ਰਿਤਾਂਤ ਜੁ ਅਹਿ ਦਿਜਰਾਈ ॥ ੩੨ ॥ ਬਹੁ [14]ਸਿਸ ਜਨਮੇ ਮਮ ਕਰ ਮਾਹੀਂ ॥ ਯਹ ਅਚਰਜ ਕਬ ਦੇਖਯੋ ਨਾਹੀਂ ॥ [15]ਦੀਰਘ ਨਰ ਜਿਉਂ ਬਿਗਸ ਮਿਲੇ ਹੈਂ ॥ ਤਿਉਂ ਇਨ [16]ਚੀਨੇ ਸ਼ਗਨ ਭਲੇ ਹੈਂ ॥ ੩੩ ॥ ਏਕ ਊਂਗਰੀ ਊਚ ਦਿਖਾਈ ॥ ਆਸ਼ਜ ਨਹਿ ਲਖਯੋ ਦਿਜਰਾਈ ॥ ਆਨ ਨਰਨ ਜਿਮ ਨਰ ਇਹ ਨਾਹੀ ॥

੧. ਪੰਡਤ। ੨. ਚਤਰ। ੩. ਦੇਰੀ ਤੋਂ ਬਿਨਾਂ। ੪. ਪੰਡਤ। ੫. ਅਸ਼ੀਰਵਾਦ।
੬. ਵੇਹੜੇ। ੭. ਵਛਾਇਆ। ੮. ਪ੍ਰੇਮ ਨਾਲ। ੯. ਕੰਨ। ੧੦. ਸ੍ਰਿਸ਼ਟ ਪੰਡਤ।
੧੧. ਕਿਰਪਾ। ੧੨. ਜਨਮ ਪਤ੍ਰੀ ੧੩. ਦੌੜ ਕਰਕੇ। ੧੪. ਬਚੇ ੧੫. ਵਡੇ ੧੬. ਜਾਣਨਾ।

ਹਸ ਹਸ ਕੇ ਮਨ [1]ਮੋਦ ਬਢਾਹੀ ॥ ੩੪ ॥ ਦੋਹਿਰਾ ॥ ਸੁਨ ਦਿਜ-ਬਰ ਸਭ ਬਚਨ ਕੋ ਜੋਤਸ਼ ਕੀਨ ਬਿਚਾਰ॥ ਸ਼ੁਭ ਨਿਛੱਤ੍ਰ ਸ਼ੁਭ ਕਾਲ ਮੈਂ ਸ਼ੁਭ ਥਿਤ ਪੁਨ ਸ਼ੁਭ ਵਾਰ ॥ ੩੫ ॥ ਚੌਪਈ ॥ ਭਲੇ ਲਗਨ ਮੈਂ ਬਾਲਕ ਜਨਮਾ ॥ ਬਿਦ੍ਰਖ ਬਿਚਾਰ ਕੀਨ ਤਬ ਮਨਮਾ ॥ ਲਗਨ ਸੁ ਸਿੰਘ ਨਿਛਤ੍ਰ ਸਤਾਈ ॥ ਆਧੀ ਰਾਤ ਘਟੀ ਜੁਗ ਥਾਈ ॥ ੩੬ ॥ ਬੁੱਧਵਾਰ ਦੇਨੇ ਬੁਧ ਆਯੋ ॥ ਇਸ ਸਮ ਨਾਹਿ ਕੋਊ ਜਗ ਬਾਯੋ ॥ ਨਹਿ ਸਮ ਇਸ ਅਵਤਾਰੂ ਕੋਊ ॥ ਬਡੇ ਭਾਗ ਕਾਲੂ ਕੇ ਹੋਊ ॥ ੩੭ ॥ ਕਹਿ ਦਿਜ ਗੋਬਿੰਦ ਨੇ ਭਵ ਲੀਨੋ ॥ ਜਗਤ ਉਧਾ-ਰਨ ਲੱਛਨ ਚੀਨੋ ॥ ਆਤ ਪਤ੍ਰ ਇਸ ਸੀਸ ਝੁਲਾਰੇ ॥ ਪੁਰਬੀ ਨਿਸਾ ਜਨਮ ਭਯੋ ਬਾਰੇ ॥ ੩੮ ॥ ਏਕ ਦਿਖਾਹੀ ਏਕ ਜਪਾਹੀ ॥ ਕਰਹਿ [2]ਦਿਗਵਿਜੈ ਸੰਸੈ ਨਾਹੀ ॥ ਦਰਸ਼ਨ ਕੀ ਉਰ ਲਾਲਸ ਕੀਨੀ ॥ ਦੇਹ ਸਫਲ ਅਪਨੀ ਦਿਜ ਚੀਨੀ ॥ ੩੯ ॥ ਇਤ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥੇ ਪ੍ਰਿਥਮ ਮਹਿਲੇ ਸ੍ਰੀ ਗੁਰੂ ਨਾਨਕ ਦੇਵ ਜੀ ਅਵਤਾਰ ਪ੍ਰਸੰਗ ਬਰਨਨੰ ਨਾਮ ਦੁਤੀਯੋ ਮੰਦਰਹ ॥ ੨ ॥

ਦੋਹਿਰਾ ॥ ਕਾਲੂ ਸੋਂ ਪੁਨ ਦਿਜ ਕਹੀ ਬਾਲਕ ਮੋਹਿ ਦਿਖਾਇ ॥ ਸੁਨ ਕਰ ਦਾਈ ਦੌਲਤਾਂ ਲੀਨੀ ਤਬਹਿ ਬੁਲਾਇ ॥੧॥ ਚੌਪਈ ॥ ਬਾਲਕ ਆਨਹੁ [3]ਬਿਪ੍ਰ ਸੁ ਪਾਸਾ ॥ ਦਾਈ ਗਈ ਸੁਨ [4]ਮੱਧ [5]ਅਵਾਸਾ ॥ [6]ਜਾਚਿਓ ਬਾਲਕ [7]ਜਨਨਿ ਨ ਦੇਈ ॥ ਜਿਉਂ [8]ਕਿਰਪਨ ਧਨ ਪ੍ਰੀਤਿ ਰਖੇਈ ॥ ੨ ॥ ਕਹੈ ਸਰਦ ਰੁਤ ਸਰਦੀ ਲਾਗਹਿ ॥ [9]ਮ੍ਰਿਦਲ ਬਾਲ ਬਾਹਿਰ ਕਸ ਮਾਗਹਿ ॥ ਬਹੁਰੋ ਪੰਡਤ ਬਾਰੰਬਾਰਾ ॥ ਜਾਚਿਓ ਦਯੋ [10]ਤਾਤ ਅਤ ਪਿਆਰਾ ॥ ੩ ॥ ਲੇਕਰ ਦੌਲਤ ਬਾਹਿਰ ਆਈ ॥ ਮੁਖ ਸੁੰਦਰ ਜਹਿ ਅਤੀ ਸੁਹਾਈ ॥ ਲਘੁ

੧. ਖੁਸ਼ੀ। ੨. ਜਗਤ ਤੋਂ ਫਤਹ। ੩. ਪੰਡਿਤ ਹਰਦਿਆਲ। ੪. ਵਿਚ। ੫. ਘਰ ੬. ਮੰਗਿਆ। ੭. ਮਾਤਾ। ੮. ਸ਼ੂਮ। ੯. ਕੋਮਲ। ੧੦. ਪੁਤਰ।

ਤਨ ਜੋਤ ਬਿਸਾਲ ਬਿਰਾਗਹਿ ॥ ਜਿਉਂ [1]ਬਟ ਅਖੈ ਰੂਪ ਲਘ ਛਾਜਹਿ ॥ ੪ ॥ ਦੋਹਰਾ ॥ ਦਿਜਬਰ ਅਤ ਮਤਵਾਨ ਮਨ ਸਰਬ ਚਿਹਨ ਪਹਿਚਾਨ ॥ ਹੇਰਤ ਉਰ ਹਰਖਤ [2]ਸਰਸ ਠਾਂਢਾ ਭਯੋ ਸੁਜਾਨ ॥ ੫ ॥ ਚੌਪਈ ॥ [3]ਪੁਲਕਿਓ ਪਰਮ ਪ੍ਰੇਮ ਮੇਂ ਮਨੂਆਂ ॥ ਬੰਦਨ ਕਰ ਜਾਨਿਓ ਨਿਜ ਧਨੂਆਂ ॥ ਜਿਉਂ ਜਨ ਇਸ਼ਟ ਦੇਵ ਕੋ ਦੇਖੀ ॥ ਤਿਉਂ ਉਰ ਮੇਂ ਭਾ [4]ਮੋਦ [5]ਬਸੇਖੀ ॥ ੬ ॥ ਸਭ [6]ਅੰਗਨ ਕੇ ਸੁੰਦਰ ਲੱਛਨ ॥ ਲਗਿਓ [7]ਬਿਲੋਕਨ ਬਿਪ੍ਰ [8]ਬਿਚੱਛਨ ॥ [9]ਅਰਨ ਚਰਨ ਬਰ ਮ੍ਰਿਦਲ ਸੁਹਾਵੈਂ ॥ ਭੁਜ [10]ਆਜਾਨ [11]ਕੰਧ ਉਚ ਭਾਵੈਂ ॥ ੭ ॥ [12]ਉਰ [13]ਆਯੁਤ ਮੁਖ ਚੰਦ [14]ਭਿਰਾਮਾ ॥ [15]ਦਹਿਨੇ [16]ਚਮਰ [17]ਛਤ੍ਰ ਕਰ ਬਾਮਾ ॥ ਸੁਨ ਕਾਲੂ ਸੁਤ ਤੋਹਿ ਬਦੱਛਨ ॥ ਇਸ ਮੇਂ ਲਖੀਅਤ ਬੱਤੀ ਸੁ ਲੱਛਨ ॥ ੮ ॥ ਦੋਹਰਾ ॥ ਸੰਤ ਰੇਨ ਨਿਜ ਕ੍ਰਿਪਾ ਸੋਂ ਬੱਤੀ ਸੁ ਲੱਛਨ ਜੌਨ ॥ ਲਾਲਸ ਮੋਹਿ ਮਨ ਭੀ ਦਿਖਰਾਵੋ ਸੁਖ ਭੌਨ ॥ ੯ ॥ ਕਬਿੱਤ ॥ ਸੁੰਦਰ ਸੁਲੱਜ ਸੁਧੀ ਸਾਹਸੀ ਸੁਹਿਰਦ ਸਾਚੋ, ਸੂਰੋ ਸੁਚ ਸਾਵਧਾਨ ਸ਼ਾਸਤ੍ਰਗਯ ਜਾਨੀਯੇ ॥ ਉੱਦਮੀ ਉਦਾਰ ਗੁਨ ਗ੍ਰਾਹੀ ਔ ਗੰਭੀਰ ਲਾਲ, ਸੁੱਧ ਮਨ ਧਰਮੀ ਛਿਮੀ ਸੁ ਤੱਤ੍ਰ ਗਿਆਨੀਯੇ ॥ ਇੰਦ੍ਰੀ ਜਿਤ ਸੱਤਜਬ੍ਰਤੀ ਸੁਕ੍ਰਿਤੀ ਧ੍ਰਿਤੀ ਬਿਨੀਤ, ਤੇਜੱਸੀ ਦਯਾਲ ਪ੍ਰੀਤ ਹਰਿ ਸੋਂ ਪ੍ਰਮਾਨੀਯੇ ॥ ਲੋਭ ਛੋਭ ਹਿੰਸਾ ਕਾਮ ਕਪਟ ਗਰੂਰਤਾ ਨ, ਲੱਛਨ ਬਤੀਸ ਹਰੀ ਪ੍ਰੇਮ

---

੧. ਬੋਹੜ। ੨. ਅਧਕ। ੩. ਪ੍ਰਸੰਨ। ੪. ਖੁਸ਼ੀ। ੫. ਬਹੁਤ। ੬. ਅੰਗ ਸ੍ਰੀ ਗੁਰੂ ਜੀ ਦੇ। ੭. ਦੇਖਣ ਲਗਾ। ੮. ਚਤਰ। ੯. ਕਮਲ ਵਰਗਾ ਲਾਲ। ੧੦ ਲੰਬੀਆਂ ੧੧. ਮੋਢੇ। ੧੨. ਛਾਤੀ। ੧੩. ਚੌੜੀ। ੧੪. ਸੁੰਦਰ। ੧੫. ਸਜੇ। ੧੬. ਚੌਰ। ੧੭. ਖਬੇ ਹਥ ਵਿਚ। ੧੮. ੧-ਸੁੰਦਰ, ੨-ਸੁਹਿਰਦ, ੩-ਸਚਾ, ੪-ਸੂਰਮਾ, ੫-ਸਾਵਧਾਨ, ੬-ਸ਼ਾਸਤਰ ਦਾ ਗਯਾਤਾ, ੭-ਉਦਮੀ, ੮-ਉਦਾਰ, ੯-ਗੁਨ ਗ੍ਰਾਹੀ, ੧੦-ਗੰਭੀਰ, ੧੧-ਸ਼ੁਧ ਮਨ, ੧੨-ਧਰਮ, ੧੩-ਖਿਮਾਵਾਨ, ੧੪-ਇੰਦਰੇ ਜਿਤ, ੧੫-ਪਵਿਤਰ, ੧੬-ਨਿਮ੍ਰਤਾਵਾਨ, ੧੭-ਤੇਜਸ੍ਵੀ, ੧੮-ਦਯਾਲੂ, ੧੯-ਵਾਹਿਗੁਰੂ ਦਾ ਪ੍ਰੇਮੀ, ੨੦-ਸੀਲਵਾਨ, ੨੧-ਸੰਤੋਖੀ, ੨੨-ਉਪਕਾਰੀ, ੨੩-ਚਤਰ, ੨੪-ਸ੍ਰੇਸ਼ਟ ਮਤੀ, ੨੫-ਜਪੀ, ੨੬-ਤਪੀ, ੨੭-ਨਿੰਦਾ ਜਿਤ, ੨੮-ਸਾਹਸੀ, ੨੯-ਸਾਹਸੀ, ੩੦-ਮਾਤ ਪਿਤਾ ਦਾ ਭਗਤ, ੩੧-ਜਤੀ ਤੇ ੩੨-ਗਿਆਨੀ।

ਪਹਿਚਾਨੀਐ ॥ ੧੦ ॥ ਚੌਪਈ ॥ ਪਢਿਓ ਸਮੁੰਦ੍ਰਕ ਮੈ ਦਿਜ
ਸੋਧਾ ॥ ਸੁਭ ਗੁਨ ਸਭ ਇਸ ਮਹਿ ਕਹਿ ਪ੍ਰੋਧਾ ॥ ਮਹਿੰਮਾ ਅਮਿਤ
ਮਨੇ ਮਹਿ ਮਾਨੀ ॥ ਬਡ ਔਤਾਰ ਚਿੱਤ ਸਤ ਜਾਨੀ ॥ ੧੧ ॥ ਦਿਜ
ਦਰਸਾਇ ਧਾਇ ਢਿਗ ਮਾਤਾ ॥ ਦੀਨੋ ਦਾਇ ਜੁ ਸੁੰਦਰ ਤਾਤਾ ॥
ਕਾਲੂ ਕਹੇ ਨਾਮ ਸਿਸ ਰਾਖਹੁ ॥ ਬਰਨ ਸੋਧ ਸੁਧ ਮੁਖ ਸੋਂ ਭਾਖਹੁ
॥ ੧੨ ॥ ਸੁਨ ਕਾਲੂ ਇਸ ਨਾਮ ਅਪਾਰਾ ॥ ਹੈ ਰਾਖੈਂ ਕਰ ਸੋਧ
ਵਿਚਾਰਾ ॥ ਅਬ ਨਿਜ ਕੁਲ ਕੀ ਕੀਜਹਿ ਚਾਲੀ ॥ ਜੋ ਜਾਚੈ ਤਿਸ
ਭੇਜ ਨਾ ਖਾਲੀ ॥ ੧੩ ॥ ਦੋਹਿਰਾ ॥ ਇਹ ਬਿਧ ਕਹਿ ਦਿਜ
ਘਰ ਗਯੋ ਜੋਤਸ਼ ਕਰਤ ਬਿਚਾਰ ॥ ਦਰ ਮਾਲਾ ਫੁਲ ਸੁੰਦਰੰ ਬਾਂਧਤ
ਹਰਖ ਅਪਾਰ ॥ ੧੪ ॥ ਚੌਪਈ ॥ ਕਾਲੂ [੧]ਆਲਜ ਮੰਗਲ
ਸਾਜੇ ॥ [੨]ਦਰ ਪਰ ਬਹੁ ਬਿਧ ਬਾਜੇ ਬਾਜੇ ॥ ਢਾਢੀ ਭਾਟ ਜੁ ਮੰਗਨ
ਹਾਰੇ ॥ ਪਾਇ ਦਰਬ ਕੋ ਗੁਨਨ ਉਚਾਰੇ ॥ ੧੫ ॥ ਸਭੇ ਸ਼ਰੀਕਨ
ਮਿਲ ਕਰ ਆਈ ॥ [੩]ਭੂਖਣ [੪]ਬਸਨ ਧਰੇ [੫]ਛਬ [੬]ਛਾਈ ॥ [੭]ਕਪਟ
ਬੇਸ ਪਰ [੮]ਦੇਵ ਬਧੂਟੀ ॥ ਗਾਵਹਿ ਮਨਹੁ ਜਗਤ ਸੁਖ ਲੂਟੀ ॥
੧੬ ॥ ਨਰ ਨਾਰੀ ਬਹੁ ਦੇਤ ਬਧਾਈ ॥ ਦਰ ਪਰ ਭੀਰ ਭਈ
ਅਧਕਾਈ ॥ ਦੇਨੇ ਉਚਤ ਲਖ੍ਯੋ ਜੋ ਜੈਸਾ ॥ ਦੇਤ ਭਯੋ ਕਾਲੂ ਤਿਨ
ਤੈਸਾ ॥ ੧੭ ॥ [੧੦]ਤ੍ਰੋਦਸ ਦਿਵਸਹਿ ਸੰਖਜਾ ਕੀਨੀ ॥ ਆਯੋ ਦਿਜ
ਕਾਲੂ ਸੁਧ ਦੀਨੀ ॥ ਸਿਸ ਕੋ ਨਾਨਕ ਨਾਮ ਥਰੀਜੇ ॥ ਇਸ ਕੇ
ਸਰਬਰ ਕੋ ਨ ਜਨੀਜੈ ॥ ੧੮ ॥ ਪੰਡਤ ਕਹੈ ਸੁ ਪਾਵੈ ਚੋਲਾ ॥ ਤਬ
ਕਾਲੂ ਮੁਖ ਤੇ ਬਚ ਬੋਲਾ ॥ ਰਲ ਮਿਲ ਨਾਮ ਸੁ ਤੁਰਕਨ ਹਿੰਦੂ ॥
ਨਹਿ ਰਾਖਹੁ ਇਹੁ ਨਾਮ ਦਿਜਿੰਦੂ ॥ ੧੯ ॥ ਦੋਹਰਾ ॥ ਪੂਰਬ ਰਾਖੈਂ
ਨਾਮ ਜਸ ਛਤ੍ਰੀ ਬੰਸਹਿ ਜੋਇ ॥ ਸੋ ਤੁਮ ਰਿਦੇ ਬਿਚਾਰ ਕੈ ਕਹੁ ਨ

---

੧. ਘਰ। ੨. ਦਰਵਾਜੇ ਪਰ ਫੁਲਾਂ ਦੀ ਮਾਲਾ। ੩. ਗਹਿਣੇ। ੪. ਕਪੜੇ ੫. ਸੁੰਦਰ। ੬. ਛਾ ਰਹੇ ਹਨ। ੭. ਬਣਾਉਟੀ ਰੂਪ ਵਿਚ। ੮. ਦੇਵਤਿਆਂ ਦੀਆਂ ਵਹੁਟੀਆਂ ਅਪਛਰਾਂ। ੯ ਸੋਭਾ। ੧੦ ਤੇਰਾਂ ਦਿਨ ਗਿਣਤੀ ਕੀਤੀ। ੧੧ ਗਿਣਤ।

ਤਰਕੈ ਕੋਇ ॥ ੨੦ ॥ ਚੌਪਈ ॥ ਸੁਨਿਓ ਸ੍ਰਵਨ ਦਿਜ ਬਚਨ ਉਚਾਰਾ ॥ ਯਹ ਤੁਮਰੋ ਸੁਤ ਬਡ ਔਤਾਰਾ ॥ ਰਾਮ ਕ੍ਰਿਸ਼ਨ ਔਤਾਰ ਜੋ ਹਰਿ ਕਾ ॥ ਪੂਜਤ ਹਿੰਦ ਨ ਮਾਨੈ ਤੁਰਕਾ ॥ ੨੧ ॥ ਇਹੁ ਸਿਸ ਕੌ ਮਾਨੇਂਗੇ ਦੋਊ ॥ ਹਿੰਦੂ ਤੁਰਕ ਸਿਖ ਸਭ ਹੋਊ ॥ ਇਸ ਕੇ ਚਰਨ [1]ਪੋਤ ਕੀ ਨਿਆਈਂ ॥ ਪਾਰ ਪਰੈ ਪਰਮਾਰਥ ਮਾਹੀਂ ॥ ੨੨ ॥ ਸੰਗਤ ਕਰਹਿ ਤਰਹਿ [2]ਭਵ ਸਾਗਰ ॥ ਸਕਲ ਜਗਤ ਮੈਂ ਹੋਇ ਉਜਾਗਰ ॥ ਬਹੁਤ ਨਰਨ ਕੋ ਕਰਹਿ ਉਧਾਰਾ ॥ ਨਾਮ ਭਗਤ ਦੇ ਦਾਨ ਉਦਾਰਾ ॥ ੨੩ ॥ ਦੋਹਰਾ ॥ ਵਣ ਤ੍ਰਿਣ ਭੂਮ ਅਕਾਸ ਮਹਿ ਹੋਇ ਅਧਕ ਪਰਤਾਪ ॥ ਪਰਮ ਪੁਰਾਤਨ ਪੁਰਖ ਯਹ ਮਾਨਵ ਕਰ ਹੈ ਜਾਪ ॥ ੨੪ ॥ ਚੌਪਈ ॥ [3]ਗੋ [4]ਗਿਰ [5]ਸਾਗਰ [6]ਮਾਰਗ ਦੇਈ ॥ [7]ਨਿਸ ਬਾਸਰ ਆਇਸ ਮੇ ਸੇਈ ॥ ਕਰ ਬਿਚਾਰ ਉਰ ਨਾਨਕ ਨਾਮੂ ॥ ਯਾਂਤੇ ਮੈਂ ਰਾਖਿਓ [8]ਅਭਿਰਾਮੂ ॥ ੨੫ ॥ ਨਾਨਕ ਨਾਮ ਅਰਥ ਤਹਿ ਸੁਨੀਏ ॥ ਪਰਮ ਬਰਨ ਬਰ ਉਰ ਮਹਿ ਗੁਨੀਏ ॥ ਅਨਕਤ ਨਹਿ ਹੋਵੈ ਜਿਹ ਮਾਹੀ ॥ ਸੋਈਯੋ ਨਾਨਕ ਨਾਮ ਕਹਾ ਹੀ ॥ ੨੬ ॥ ਦੋਹਰਾ ॥ ਪਰਮ ਹਰਖ ਕਾਲੂ ਕਰਤ ਸੁਨ ਦਿਜ-ਬਰ ਕੇ ਬੈਨ ॥ ਸਾਦਰ ਦੀਨ [9]ਉਪਾਇਨੰ ਗਯੋ ਬਹੁਰ ਨਿਜ [10]ਐਨ ॥ ੨੭ ॥ ਚੌਪਈ ॥ ਜਾਵਤ ਦਿਜਬਰ ਰਿਦੈ ਬਿਚਾਰਤ ॥ ਗਟੀ ਗਿਨਤ ਹੋਵਤ ਅਤ ਆਰਤ ॥ ਦੇਹਿ ਬ੍ਰਿਧ ਭੀ ਬੈਸ ਬਿਹਾਵਾ ॥ ਯਾਂਤੇ ਭਯੋ ਮੁਝੈ ਪਛਤਾਵਾ ॥ ੨੮ ॥ ਨਹਿ ਦੇਖੋਂ ਮੈਂ ਇਨ ਪਰਤਾਪੂ ॥ [11]ਭੂਰ [12]ਬਿਸੂਰਤ ਪੰਡਤ ਆਪੂ ॥ ਪੁਨ ਕਹਿ ਗੁਰ ਮਨ ਕੀ ਗਤ ਜਾਨੈ ॥ ਰਖ ਸਰੀਰ ਮੁਝ ਦੇਹਿੰ ਗਿਆਨੈ ॥ ੨੯ ॥ ਸਨੈ ਸਨੈ ਤਨ ਬਢਤ ਬਿਸਾਲਾ ॥ [13]ਸੁਕਲ ਪੱਖਜ ਚੰਦ ਜਿਮ

੧ ਜਹਾਜ਼। ੨. ਜਨਮ ਮਰਮ ਦਾ ਸੰਸਾਰ ਸਾਗਰ। ੩. ਪ੍ਰਿਥਵੀ। ੪. ਪਹਾੜ। ੫. ਸਮੁੰਦਰ। ੬. ਰਸਤਾ। ੭. ਰਾਤ ਦਿਨ। ੮. ਸੁੰਦਰ। ੯. ਭੇਟਾ। ੧੦. ਘਰ। ੧੧. ਬਹੁਤ। ੧੨. ਝੂਰਦਾ ਹੈ। ੧੩. ਚਾਨਣਾ ਪੱਖ।

ਬਚਨ ..ਾ ॥ ਕਬ ਪਲਨਾ ਮੈਂ ਦੇਹ ਝੁਟਾਈ ॥ ਕਬ ਮਾਤਾ ਕੇ ਅੰਕ
ਤਾਰ ..ਈ ॥ ੩੦ ॥ ਦੁਤੀਯ ਬਰਸ ਕੇ ਜਬ ਗੁਰ ਥਾਏ ॥ ਸੁੰਦਰ
ਸਿਸ [1]ਲੰਕਾਰ ਘਰ ਵਾਏ ॥ [2]ਬਨੀ ਬਾਜਨੀ [3]ਕਿੰਕਨ ਚਾਰੀ ॥ [4]ਕਟ
ਰਨ ..ਹ ਪਾਈ ਅਤ ਛਬ ਵਾਰੀ ॥ ੩੧ ॥ [5]ਕਰ ਮਹਿ ਕਟ [6]ਪਦ
..੨ ॥ ਪਰ ਸੋਹੈਂ ॥ ਜੋ ਦੇਖੈ ਤਹਿ ਕੋ ਮਨ ਮੋਹੈਂ ॥ ਤ੍ਰਿਤੀ ਬਰਖ ਜਬ ਭਾ
..ਇ ..ਰ ਕੇਰਾ ॥ ਚਢੈ ਸੂਰ ਜਸ ਅੰਧੇਰਾ ॥ ੩੨ ॥ ਬੋਲੈਂ ਬਚਨ ਤੋਤਰੇ
..ਮੀਠੇ ॥ ਸੁਨਹਿ ਨਾਰ ਨਰ ਲਾਗਹਿੰ [7]ਈਠੇ ॥ ਚਤਰ ਬਰਖ ਜਬ
ਸ..ਰਿਓ ਆਈ ॥ ਪਿਤ ਮਾਤਾ ਦੇਖੈ ਬਲ ਜਾਈ ॥ ੩੩ ॥ ਲੇ ਕਰ
ਵ ਕਾਲੂ ਅੰਗ ਦੁਲਾਰੈ ॥ ਪਾਵਤ ਸੁਖ ਕੇ [8]ਬਦਨ ਨਿਹਾਰੈ ॥ ਤਜ ਕਰ
.. [9]ਜਨਕ ਅੰਕ ਕੋ ਜਾਵੈਂ ॥ ਰਲ ਬਾਲਨ ਸੋਂ ਖੇਲ ਮਚਾਵੈਂ ॥ ੩੪ ॥
.. ਕਹੈਂ ਪਰਸਪਰ ਲੋਗ ਲੁਗਾਈ ॥ ਕਾਲੂ ਭਾਗ ਅਹੈਂ ਅਧਕਾਈ ॥
.. ਜਿਸ ਅਵਾਸ਼ ਸੁਤ ਅਸ ਉਪਜੱਯੋ ॥ ਸਭ ਬਿਧ ਸੋ ਨਿਹਾਲ ਭਵ
..ਯੋ ॥ ੩੫ ॥ ਦੋਹਰਾ ॥ ਸਭਹਿ ਸੁਭਾਵਕ ਪ੍ਰੇਮ ਮਨ ਕਰਹੈਂ
ਬਦਨ ਨਿਹਾਰ ॥ ਜੈਸੇ ਜਾਤ ਸਮੁੰਦ੍ਰ ਮੈਂ ਸਭ ਸਰਤਾ ਕੋ ਬਾਰ ॥
੩੬ ॥ ਚੌਪਈ ॥ ਪਾਂਚ ਬਰਖ ਕੀ ਹੋਈ ਬੈਸਾ ॥ ਕਰਨ ਲਗੇ
ਕਾਰਜ ਪੁਨ ਐਸਾ ॥ ਲੇ ਵਸਤੂ ਘਰ ਬਾਹਿਰ ਧਾਵੈਂ ॥ ਦੇ ਕੈ
[10]ਰੰਕਨ ਬਹੁ ਸੁਖ ਪਾਵੈਂ ॥ ੩੭ ॥ ਕਰਤ ਨਿਤਾਪ੍ਰਤ ਇਹ ਬਿਧ
ਕਾਰਾ ॥ ਦਯਾ ਕਰਨ ਕੋ ਜਹਿ ਬਿਵਹਾਰਾ ॥ [11]ਆਸਿਖ ਦੇਵਹਿੰ
ਨਰ ਔ ਨਾਰੀ ॥ ਅਸ ਸਤਿਗੁਰ ਪੈ ਕਵਿ ਸਦ ਵਾਰੀ ॥ ੩੮ ॥
..ਤਿ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥੇ ਪ੍ਰਿਥਮ ਮਹਿਲੇ ਬਾਲ ਲੀਲ੍ਹਾ
..ਸੰਗ ਬਰਨਨੰ ਨਾਮ ਤ੍ਰਿਤੀਯੋ ਮੰਦਰਹ ॥ ੩ ॥

---

੧. ਗਹਿਣੇ। ੨. ਵਜਣ ਵਾਲੇ। ੩. ਸੁੰਦਰ ਤੜਾਗੀ। ੪. ਲਕ ਵਿਚ। ੫. ..ਹਥ ਵਿਚ ਕੜੇ। ੬. ਚਰਨਾਂ ਵਿਚ ਝਾਂਜਰਾਂ। ੭. ਪਿਆਰੇ। ੮. ਮੁਖ। ੯. ਪਿਤਾ ਦੀ ਗੋਦ ..ਛਡ ਕੇ ਜਾਂਦਾ ਹੈ। ੧੦. ਗਰੀਬਾਂ। ੧੧. ਅਸ਼ੀਰਬਾਦ।

ਦੋਹਰਾ ॥ ਸ੍ਰੀ ਨਾਨਕ ਜਗ [1]ਤਾਰਬੇ ਲੀਨਸ ਜਗ ਅਵ-
ਤਾਰ ॥ ਸ਼ਰਨ ਪਰਹਿੰ ਜੋ ਤਿਨਹੁੰ ਕੀ ਹੋਤ [2]ਸਹਿਲ [3]ਭਵ ਪਾਰ ॥
੧ ॥ ਚੌਪਈ ॥ ਨਿਤਪ੍ਰਤਿ ਕਰਹੈਂ ਖੇਲ ਅਪਾਰਾ ॥ ਜਿਨ ਕੇ
ਚਰਤਨ ਕੋ ਨਹਿ ਪਾਰਾ ॥ ਖੇਲਤ ਸੂਰਜ ਨਿਜ ਘਰ ਗਯੇ ॥ ਭਈ
ਸਾਂਝ ਤਬ ਗੁਰ ਘਰ ਅਯੇ ॥ ੨ ॥ ਹੇਰਤ ਮਾਤ ਰੂਪ ਬਲ ਜਾਵੈ ॥
ਪ੍ਰਾਨ ਆਪਨੈ ਭੋਜਨ ਖ੍ਵਾਵੈ ॥ ਸਵਾ [4]ਜਾਮ ਜਬ ਰਹੀ ਤ੍ਰਿਜਾਮਾ ॥
ਜਨਨੀ ਦੇਖੈ ਚਲਤ ਭਿਰਾਮਾ ॥ ੩ ॥ ਸੁੰਦਰ [5]ਦੁਤਿ ਦੇਵਤ
[6]ਬ੍ਰਿੰਦਾ ॥ ਮਿਲ ਕਰ ਆਏ ਕਰਤ ਅਨੰਦਾ ॥ [7]ਮੰਜਲ [8]ਕੁਸਮਾਂਜਲ
[9]ਮਲਯਾਗਰ ॥ [10]ਕਰ ਕਪੂਰ ਬਰ [11]ਗੰਧ ਉਜਾਗਰ ॥ ੪ ॥ [illegible]
ਏਕ ਸਿੰਘਾਸਨ ਸੁੰਦਰ ॥ ਸੂਰੇ ਮਾਣਕ ਗਚ [12]ਰੁਚਰੰਦਰ ॥ ਤ
ਪਰ ਹੇਰੈ ਨਿਜ ਸੁਤ ਬੈਸਾ ॥ ਸੋਭਾ ਕੋਟ [13]ਸੂਰ ਨਹੀ ਤੈਸਾ ॥ ੫ ॥
ਸੁਰ ਸਭ ਸਨਮੁਖ ਹਾਥਨ ਜੋਰੀ ॥ ਭਨਤ ਬਿਨੈ ਮਨ ਪ੍ਰੀਤ ਨ
ਥੋਰੀ ॥ ਉਸਤਤ ਅਨਕ ਪ੍ਰਕਾਰ ਉਚਾਰੇ ॥ ਪਾਵਨ ਰੂਪ ਨ [illegible]
ਵਾਰੇ ॥੬ ॥ ਧਰ [14]ਅਲੰਭ ਕੇ ਦੇਵਨ ਹੇਤੂ ॥ ਪ੍ਰਗਟੇ ਹੋ ਬੇਦੀ ਕੁਲ
ਕੇਤੂ ॥ ਭਗਤ ਜਗਤ ਮਧ [15]ਬਿਦਿਤ ਕਰਨ ਕੋ ॥ ਕਲਮਲ ਦੁਸ਼
ਟਨ [16]ਦੰਭ ਹਰਨ ਕੋ ॥ ੭ ॥ ਕਲਿ ਮੈਂ ਪਾਵਨ ਪੰਥ ਨਰਨ ਕੋ ॥
ਦੇ ਸਤਸੰਗਤ ਜਗਤ ਤਰਨ ਕੋ ॥ ਨਾਮ ਜਪਾਵਨ ਧਯਾਨ ਚਰ
ਕੋ ॥ ਭਗਤਨ ਦੁਖ ਕਟ ਜਨਮ ਮਰਨ ਕੋ ॥ ੮ ॥ ਦੇਨ ਆਸ
ਏਕ ਸਰਨ ਕੋ ॥ ਕੁਮਤ ਕੁਚਾਲ ਕੁਕਰਮ ਹਰਨ ਕੋ ॥ ਪੀਰ ਮੀ
ਸਿਰ ਨੀਵ ਕਰਨ ਕੋ ॥ ਸੱਚ ਨਾਮ ਦੈ ਜਾਪ [18]ਰਰਨ ਕੋ ॥ ੯
ਦੋਹਿਰਾ ॥ ਅਸ ਉਸਤਤਿ ਪੁਨ ਬਿਨੈ ਕਰ ਕਛ ਸੇਵਾ ਫੁਰਮਾਇ

੧. ਤਾਰਨ ਲਈ। ੨. ਸੁਖੈਨ। ੩. ਸੰਸਾਰ। ੪. ਪਹਿਰ। ੫. ਸੋ
੬. ਸਮੂਹ। ੭. ਉਜਲ। ੮. ਫਲਾਂ ਦੇ ਬੁਕ। ੯. ਚੰਦਨ। ੧੦. ਹਥ ਵਿਚ ਸ
ਕਪੂਰ। ੧੧. ਚੰਗੀ ਖੁਸ਼ਬੋ। ੧੨. ਸੁਚੇ ਤੇ ਸੋਹਣੇ ਮਾਣਿਕ ਅੰਦਰ ਜੜੇ ਹਨ। ੧੩. ਕਰੋੜਾਂ ਸੂ
੧੪. ਪ੍ਰਗਟ। ੧੫. ਆਸਰਾ ਨੂੰ ਧਾਰਕੇ। ੧੬. ਪ੍ਰਗਟ। ੧੭. ਪਾਖੰਡ। ੧੮. ਉਚਾਰ

ਸਤਿਗੁਰ ਤਿਨ ਸੋਂ ਭਾਖਯੋ ਸੱਚਖੰਡ ਹਮ ਜਾਇ॥ ੧੦॥ ਚੌਪਈ॥ ਸੁਨ ਆਗਯਾ ਵਿਸ਼ਨੂ ਅਰ ਇੰਦ੍ਰਾ॥ ਬ੍ਰਹਮਾ ਸ਼ਿਵ ਜੁ ਦੇਵਤਾ ਬ੍ਰਿੰਦਾ॥ ਲਿਯੋ ਸਿੰਘਾਸਨ ਕੰਧ ਉਠਾਇ॥ ਜਿਹ ਲਗ ਸਕਤ ਤਹਾਂ ਲਗ ਜਾਇ॥ ੧੧॥ ਆਗੇ ਸਤਿਗੁਰ ਪਹੁੰਚੇ ਤਹਾਂ॥ ਸਚ ਖੰਡ ਬਸੈ ਨਿਰੰਜਨ ਜਹਾਂ॥ ਤਹਿ ਪ੍ਰਕਾਸ਼ ਤੇ ਬਾਨੀ ਭਈ॥ ਸ੍ਰਗੁਣ ਰੂਪ ਹਮਰੋ ਤੁਮ ਸਈ॥ ੧੨॥ ਕਹਿ ਸਤਿਗੁਰ ਹਮ ਨਰ ਤਨ ਧਾਰਾ॥ ਗੁਰ ਸਿੱਖੀ ਕਰ ਹੈਂ ਪਰਚਾਰਾ॥ ਜਸ ਮਰਯਾਦਾ ਜਗਤ ਚਲਾਵੈਂ॥ ਪ੍ਰਿਥਮੈ ਆਪ ਕਰੈਂ ਸੁਖ ਪਾਵੈਂ ੧੩॥ ਅਬ ਗੁਰ ਮੰਤਰ ਦੀਜੈ ਸੋਇ॥ ਜਿਸਕੋ ਪਠ ਨਰ ਮੁਕਤੀ ਹੋਇ॥ ਸੁਨ ਨਿਜ ਸਗੁਨ ਰੂਪ ਕੀ [1]ਗਿਰਾ॥ ਸ੍ਰੀ ਅਕਾਲ ਮਹਾਂ ਵਾਕ ਉਚਰਾ ॥ ੧੪॥

੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ ਜਪੁ॥ ਦੋਹਰਾ॥ ਅਧਿਕਾਰੀ ਲਖਕੈ ਪੁਨਹਿ ਵਾਹਿਗੁਰੂ ਸੋਹੰ॥ ਕਲ ਮਹਿ ਮਹਿਮਾ ਨਾਮ ਕੀ ਦੇਹੁ ਜਗਤ ਕੋ ਰੰਗ॥ ੧੫॥ ਨਿਰੰਕਾਰ ਤੇ ਸਬਦ ਸੁਣ ਭੇ ਗੁਰ ਮਨ [2]ਅਹਿਲਾਦ॥ ਅਸ ਵਿਧ ਉਸਤਤਿ ਕਹਤ ਭੇ [3]ਪੁ ਸ਼ੋਤਮ ਮਰਯਾਦ॥ ੧੬॥ ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ੧॥ ਦੋਹਿਰਾ॥ ਨਿਰੰਕਾਰ ਗੁਰ ਧਾਰ ਕੈ ਪੁਨ ਤਲਵੰਡੀ ਆਇ॥ ਆਗਿਆ ਲੇ ਸਭ ਹੀ ਗਏ ਜਹਿੰ ਜਹਿੰ ਤੇ ਸੁਰ ਆਇ॥ ੧੭॥ ਚੌਪਈ॥ ਸੁਤ ਕੀ ਮਹਿਮਾ ਮਨ ਮੈਂ ਮਾਨੀ॥ ਇਹੁ ਔਤਾਰ ਸੱਤ ਚਿਤ ਜਾਨੀ॥ ਚਿਤਹਿ ਵਿਚਾਰਤ ਭਯੋ ਪਰਭਾਤੂ॥ ਚਢਿਓ ਸੁ [4]ਮਾਰਤੰਡ [5]ਬਖਜਾਤੂ॥ ੧੮॥ ਜਾਨੀ ਨਾਨਕ ਜੀ ਮਨ ਮਾਤਾ॥ ਤਾਨ ਦਈ ਤਬ ਮੋਹਿ [6]ਕਨਾਤਾ॥ ਜਾਗੇ

[1] ਬਾਣੀ। [2] ਅਨੰਦ। [3] ਉਤਮ ਪੁਰਸ਼। [4] ਸੂਰਜ। [5] ਪ੍ਰਗਟ। [6] ਮੋਹ ਦੀ ਕਨਾਤ ਤਾਣ ਦਿਤੀ।

ਪੁਨ ਕਰਕੈ ਮੁਖ ਰੂਖਾ ॥ ਕਹੈਂ ਮਾਤ ਦੇ ਭੂਜਨ ਭੂਖਾ ॥ ੧੯ ॥
ਨਿਸ ਕੀ ਭੂਲੀ ਸਕਲ ਵਿਚਾਰਾ ॥ ਲਖੀ ਰਿਦੈ ਸੁਤ ਮੋ [1]ਭੁਖਿ-
ਆਰਾ ॥ [2]ਦਧਿ ਨਵ ਨੀਤ ਦਯੋ ਹਿਤ ਖਾਨੈ ॥ ਜਿਉ ਆਗੈ ਜਾਨੈ
ਤਿਵ ਜਾਨੇ ॥ ੨੦ ॥ ਬਿਚਰਹਿੰ ਖੇਲਨ ਮਹਿ [3]ਅਨਰਾਗੇ ॥ ਚੌਰ
ਚੌਰ ਮਿਲ ਬਾਲ ਸਭਾਗੇ ॥ ਥਿਰ ਹੋਵਤ ਥਿਰ ਹੋਵੈਂ ਸਾਰੇ ॥
ਬੈਸਹਿੰ ਬੈਸ ਜਾਏਂ ਇਕ ਬਾਰੇ ॥ ੨੧ ॥ ਨਾਨਕ [4]ਆਨਨ ਭਨਹਿ
ਕਹਾਨੀ ॥ ਭਗਤ ਬਿਰਾਗ ਬਿਖੈ ਜੋ [5]ਸਾਨੀ ॥ ਸਰਵਨ ਮਨਨ
ਕਰਹਿੰ ਨਿਧਜਾਸਾ ॥ ਪੁਨ ਸੁਨਨੈ ਕੀ ਵਧਹਿ ਪਿਆਸਾ ॥ ੨੨ ॥
[6]ਗਿਰਾ ਸੁਗੰਧ [7]ਬਦਨ ਅਰ ਬਿੰਦਾ ॥ ਜੁਗਤ ਯੁਕਤ ਸੁੰਦਰ
[8]ਮਕਰੰਦਾ ॥ ਬਾਲ ਬ੍ਰਿੱਧ ਮਮ ਭਏ ਮਲਿੰਦਾ ॥ ਸ੍ਰਵਨ ਕਰਹਿ ਨ
ਅਘਾਤ ਅਨੰਦਾ ॥ ੨੩ ॥ ਦੋਹਿਰਾ ॥ ਆਵਤ ਜਾਵਤ ਮਨੁਜ
ਜੋ ਸੁਨਤ ਠਾਂਢ ਹੋਇ ਜਾਇ ॥ ਪੰਡਤ ਸੇ ਮਧਰੇ ਲਗਹਿੰ ਕੀਰਤ
ਬਦਨ ਅਲਾਇ ॥ ੨੪ ॥ ਚੌਪਈ ॥ ਇਹ ਬਾਲਕ ਕੈਸੇ ਬੱਚ
ਬੋਲਹਿ ॥ ਬਾਲ ਬੈਸ ਹੈ ਬੋਲ ਅਮੋਲਹਿ ॥ ਚੰਦ [9]ਬਦਨ ਤੈਂ
[10]ਸੁਧਾ ਸਮਾਨੀ ॥ ਸ਼੍ਰੂਤੀ ਵੇਦ ਸਮ ਬੋਲਤ ਬਾਨੀ ॥ ੨੫ ॥ ਲਗੀ
[11]ਸਿਸਨ ਕੀ ਪ੍ਰੀਤ ਘਨੇਰੀ ॥ ਸੰਗ ਨ ਤਜਹਿੰ ਰਹੈਂ ਮੁਖ ਹੇਰੀ ॥
ਸਦਨ ਆਇੰ ਜਬ [12]ਦੀਨਾ ਨਾਥੂ ॥ ਸਿਸ ਨਹਿ ਤਜਹਿੰ ਰਹੈਂ
ਤਹਿ ਸਾਥੂ ॥ ੨੬ ॥ ਬਾਹਿਰ ਚਲਤਹੁ ਸੰਗ ਸਿਧਾਰਹਿੰ ॥ ਇਸ
ਬਿਧ ਨਿਤ ਪ੍ਰਤ ਸੁਖਦ ਬਿਹਾਰਹਿੰ ॥ [13]ਸੰਬਤ ਖਟ ਮਹਿ ਗੁਰ ਕੀ
ਲੀਲ੍ਹਾ ॥ ਕਵਿ ਵਾਰੀ ਸਤਿਗੁਰੂ ਰੰਗੀਲਾ ॥ ੨੭ ॥ ਮਰਹਰੇ
ਛੰਦ ॥ ਹੇਰਤ ਸੁਤ ਕਾਲੂ ਹਰਖ ਬਿਸਾਲੂ ਪੜ੍ਹਨ ਉਚਿਤ ਮਨ
ਜਾਨ ॥ ਹਮ ਕਾਜ ਵਿਸੇਖਾ ਸੀਖਹਿੰ ਲੇਖਾ ਸਾਤ ਬਰਖ ਬੈ ਮਾਨ ॥

੧. ਭੁਖਾ ਹੈ। ੨. ਦਹੀ। ੩. ਪ੍ਰੇਮ ਨਾਲ। ੪. ਮੁਖ ਤੋਂ। ੫. ਮਿਲੀ ਹੋਈ।
੬. ਬਾਣੀ। ੭. ਮੁਖ ਕਮਲ ਦੇ ਨਿਆਈਂ। ੮. ਸੁਹਣਾ ਰਸ। ੯. ਚੰਦ ਮੁਖ ਤੋਂ।
੧੦. ਅੰਮ੍ਰਿਤ। ੧੧. ਬਾਲਕਾਂ ਦੀ। ੧੨. ਗੁਰੂ ਮਾਲਕ। ੧੩. ਛੇ ਸਾਲ।

॥ ੩੦ ॥ ਕਰ ਤੇ ਧਨ ਧਰ ਅਗਰ ਮਹੰਤਾ ॥ ਅਸਨ ਬਸਨ ਲੇਵੇ ਸੁਖਵੰਤਾ ॥ ਹਮ ਨੇ ਤੁਮਰੀ ਸਭ ਬਿਧ ਜਾਨੀ ॥ ਕਰਤ ਨ ਜਾਚਨ ਜੋ ਗੁਨ ਹਾਨੀ ॥ ੩੧ ॥ ਬਿਨ ਜਾਚੇ ਸਾਦਰ ਸੌਂ ਦੇਈ ॥ ਤਾਂਕੋ ਰੁਚ ਸੌਂ ਅਚਨ ਕਰੇਈ ॥ ਅਬਹਿ ਪਠਾਏ ਸ੍ਰੀ ਕਰਤਾਰਾ ॥ ਲੇ ਕਰ ਸੁਖ ਸੌਂ ਕਰਹੁ ਅਹਾਰਾ ॥ ੩੨ ॥ ਕਹਿ ਮਹੰਤ [1]ਲਘੁ ਬੈਸ [2]ਕੁਲੀਨੰ ॥ ਤੁਮ ਬਿਵਹਾਰ ਸੁ ਜਨਕ ਅਧੀਨੰ ॥ ਪਠਿਉ ਕਾਜ ਕਿਹ ਤੋਹਿ ਵਿਚਾਰੀ ॥ ਜਾਹਿ [3]ਛੂਛ ਤੋ [4]ਰਿਸ ਨਹਿ ਧਾਰੀ ॥ ੩੩ ॥ ਸੁਨਹੁ ਸੰਤ ਮੈਂ ਪਿਤਾ ਨਿਦੇਸਾ ॥ ਸੋ ਕੀਨੋ ਜਿਸ ਲਾਭ ਵਸੇਸਾ ॥ ਮੁਝ ਸੌਂ ਕਹਿਓ ਬਨਜ ਸੁਭ ਕਰੀਏ ॥ ਯਾਂਤੇ ਅਨਤ ਨ ਭਲੋ ਬਿਚਰੀਏ ॥ ੩੪ ॥ ਬਾਨੀ ਸੁਨੀ ਸਧੀਰ ਮਹੰਤਾ ॥ ਕਹਿ ਜਿ ਤਵ ਉਰ ਇਹੁ ਦ੍ਰਿੜ ਮੰਤਾ ॥ ਲੇ ਜਾਵੋ ਧਨ ਨਿਜ ਕਹਿ ਨਗਰੀ ॥ ਬਸਨ ਰਸਤ ਆਨ ਦਿਹੁ ਸਗਰੀ ॥ ੩੫ ॥ ਸੁਨ ਕਰ ਸੰਤਨ ਕੀ ਗੁਰ ਬਾਨੀ ॥ ਚੂੜ ਕਾਣ ਮਹਿ ਗੇ ਖੁਨ ਖਾਨੀ ॥ ਅਸਨ ਬਸਨ ਲੇ ਚਰਨ ਚਵਾਏ ॥ ਸੰਤ ਰੇਣ ਕੇ ਪਾਸ ਲਿਆਏ ॥ ੩੬ ॥ ਸਭੀ ਸਮਾਜ ਮਹੰਤ ਅਗਾਰੀ ॥ ਧਰ ਬੈਸੇ ਸੇਵਕ ਸੁਖ ਕਾਰੀ ॥ ਦੀਜੈ ਆਇਸ ਹੋਇ ਰਸੋਈ ॥ [5]ਅਚੈਂ ਸੰਤ ਪੁਨ [6]ਓਢੈਂ ਲੋਈ ॥ ੩੭ ॥ ਸੋਰਠਾ ॥ ਸੁਨ ਮਹੰਤ ਮਤਵੰਤ ਕਹੀ ਗਿਰਾ ਜਗ ਕੰਤ ਸੌਂ ॥ ਕਰ ਅਚਵਹਿੰਗੇ ਸੰਤ ਤੁਮ ਗਮਨਹੁ ਘਰ ਆਪਨੇ ॥ ੩੮ ॥ ਚੌਪਈ ॥ ਸ੍ਰੀ ਗੁਰ ਗਮਨੇ ਤਿਨ ਕੋ ਤਿਆਗੀ ॥ ਬੋਲੇ ਸੰਤ ਗਿਰਾ ਅਨਰਾਗੀ ॥ ਆਰ-ਲਘ ਬਾਲ ਸੁਚਾਲੀ ॥ [7]ਗਿਰਾ ਵਰਾਗ ਭਗਤ [8]ਭਲ [9]ਸਾਲੀ ॥ ੩੯ ॥ ਤੁਮ ਸੌਂ ਆਨ ਕੀਨ ਬਹੁ [10]ਭਾਊ ॥ ਮ੍ਰਿਦਲ ਕ੍ਰਿਪਾਲ ਬਿਸਾਲ ਸੁਭਾਊ ॥ ਭੋਜਨ ਬਸਨ ਆਨ ਜਬ ਬੈਸੇ ॥ ਚਲਨ ਰਜਾਇ

---

੧. ਉਮਰ ਛੋਟੀ। ੨. ਵੱਡੀ ਕੁਲ ਵਾਲਾ। ੩. ਖਾਲੀ। ੪. ਗੁਸਾ
੫. ਪ੍ਰਸਾਦ ਛਕਣਾ ਕੀਤਾ। ੬. ਲੋਈ ਨੂੰ ਲੈਣਾ ਕੀਤਾ। ੭. ਬਾਣੀ ਵੈਰਾਗ ਵਾਲੀ।
੮. ਚੰਗਾ। ੯. ਮਿਲੀ ਹੋਈ। ੧੦. ਪ੍ਰੇਮ।

ਦੀਨ ਤੁਮ ਕੈਸੇ ॥ ੪੦ ॥ ਸੁਨ ਮਹੰਤ ਬੋਲਿਓ [1]ਬਰ ਬਾਨੀ ॥ ਇ
ਤੇ ਪਰਮ ਪੁਰਖ ਸੁਖ ਦਾਨੀ ॥ ਕਲਾਵਾਨ ਗਜਾਨੀ ਗੁਨ ਖਾਨੀ ॥
[2]ਦੁਰਿਓ ਰਹਿਤ [3]ਗਤ ਪਰਿਓ ਨ ਜਾਣੀ ॥ ੪੧ ॥ ਭਯੋ [4]ਅਸ
ਮੁਝ ਤੇਜ ਪ੍ਰਭਾਉ ॥ ਯਾਂਤੇ ਦੀਨੀ ਜਾਨ [5]ਰਜਾਊ ॥ ਇਨਕੇ ਦਰ
ਮੁਕਤੀ ਪਾਈ ॥ ਸੁਫਲ ਜਨਮ ਹਮ ਤੁਮਰਾ ਥਾਈ ॥ ੪੨ ॥
ਇਤ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥੇ ਪ੍ਰਿਥਮ ਮਹਿਲੇ ਸਾਚੋ ਵਨ
ਪ੍ਰਸੰਗ ਬਰਨਨੰ ਨਾਮ ਦਸਮੋ ਮੰਦਰਹਿ ॥ ੧੦ ॥

ਦੋਹਿਰਾ ॥ ਸੰਤਨ ਕੋ ਪ੍ਰਸੰਨ ਕਰ ਗੁਰ ਨਾਨਕ ਜਬ ਆਇ
॥ ਸਹਿਜੇ ਸਹਿਜੇ ਉਲਘ ਮਗ ਤਿਲਵੰਡੀ ਦਰਸਾਇ ॥ ੧ ॥
ਚੌਪਈ ॥ ਸ੍ਰੀ ਨਾਨਕ ਜੀ ਪੀਲੋ ਹੇਠ ॥ ਬੈਠ ਗਏ ਧਰ ਕੈ ਸੁਭ
ਠੇਠ ॥ ਸਾਹਿਬ ਨਾਮ ਤੰਬੂ ਜਿਸ ਕੇਰਾ ॥ ਬਾਲਾ ਤਬ ਘਰ ਗ
ਤਿਸ ਵੇਰਾ ॥ ੨ ॥ ਕਾਲੂ ਪੂਛੇ ਭਾਖ ਸੁਨਾਯੋ ॥ ਸੁਨ ਕਰ ਕਾਲੂ
ਚਕ੍ਰਤ ਥਾਯੋ ॥ ਤਾਤ ਕਾਲ ਆਵਤ ਭਾ ਤਹਾਂ ॥ ਸ੍ਰੀ ਗੁਰ ਨਾਨਕ
ਬੈਠੇ ਜਹਾਂ ॥ ੩ ॥ ਕਹਿ ਬੇਟਾ ਸੌਦਾ ਕਸ ਕੀਨਾ ॥ ਮੈਂ ਏਤੋ ਧਨ
ਤੁਮ ਕੋ ਦੀਨਾ ॥ ਸੁਨ ਕਰ ਸ੍ਰੀ ਨਾਨਕ ਕਹੇ ਤਾਤਾ ॥ ਤੁਮਰੀ
ਆਇਸ ਮਾਨੀ [6]ਸਾਤਾ ॥ ੪ ॥ ਕਹਿਓ ਆਪ ਲਾਭ ਬਡ ਵਾਰੋ ॥
ਕਰਹੋ ਸੌਦਾ ਭਲੀ ਪ੍ਰਕਾਰੋ ॥ ਮੈਂ ਸੌਦੇ ਸਾਚੇ ਕਰ ਆਯੋ ॥ ਏਕ
ਅਨੇਕ ਹੋਵੈ ਮਨ ਭਾਯੋ ॥ ਸੁਨ ਕਰ ਬਚਨ ਸ੍ਰੀ ਗੁਰ [7]ਕੇਰੇ ॥
[8]ਹਰਖਤ ਭੇ ਕਾਲੂ ਤਿਸ ਬੇਰੇ ॥ ਹੇ ਬੇਟਾ ਜੋ ਕੀਨ ਭਲੇਰਾ ॥ ਅਬ
ਘਰ ਕੋ ਚਾਲੋ [9]ਬਿਨ ਦੇਰਾ ॥ ੬ ॥ ਅਸ ਕਹਿ ਸ੍ਰੀ ਨਾਨਕ ਕੋ
ਲਿਆਏ ॥ ਮਾਤਾ ਦੇਖ ਬਹੁਤ ਸੁਖ ਪਾਏ ॥ ਕਛੁ ਦਿਨ ਮੈਂ ਭਾਈ

੧. ਸ੍ਰਿਸ਼ਟ । ਬਾਣੀ । ੨. ਛੁਪਣ ਤੋਂ ਬਿਨਾਂ ਹੀ । ੩. ਮਰਯਾਦਾ । ੪. ਬਹੁਤ । ੫. ਆਗਿਆ । ੬. ਸਹੀ । ੭. ਦੇ । ੮. ਪ੍ਰਸੰਨ । ੯. ਦੇਰ ਤੋਂ ਬਿਨਾਂ ਚਲੋ ।

ਜੈਰਾਮ ॥ ਆਤ ਭਯੋ [1]ਸਸੁਰਾਰਹਿ ਧਾਮ ॥ ੭ ॥ ਘਰ ਸੁਲਤਾਨ ਪੁਰੇ ਜਿਸ ਕੇਰਾ ॥ ਦੌਲਤ ਖਾਨ ਨਵਾਬ ਵਡੇਰਾ ॥ ਤਹਿ ਕੋ ਏਹ ਦੀਵਾਨ ਰਹਾਈ ॥ ਸੋ ਸ੍ਰੀ ਕਾਲੂ ਕੇਰ ਜਮਾਈ ॥ ੮ ॥ ਸ੍ਰੀ ਨਾਨਕ ਕੀ ਭੈਣ ਨਾਨਕੀ ॥ ਸੁਭ ਸੁਭਾਵ ਬਹੁ ਮਤ ਸਿਆਨ ਕੀ ॥ ਬੈਸ ਮਾਂਹਿ ਤੱਤ ਬਰਖ ਬਡੇਰੀ ॥ ਅਤਿ ਪ੍ਰੀਤਮ ਸ੍ਰੀ ਨਾਨਕ ਕੇਰੀ ॥ ੯ ॥ ਸੋ ਜਰਾਮ ਕੇ ਸੰਗ ਵਿਆਹੀ ॥ ਲੈਨ ਆਯੋ ਜੈਰਾਮ ਤਿਸਾਹੀ ॥ ਬੀਬੀ ਜੀ ਕਹਿ ਮਾਤਾ ਤਾਈ ॥ ਹੇ ਮਾਤਾ ਸੁਨੀਐ ਮਨ ਲਾਈ ॥ ੧੦ ॥ ਮੋਰ ਪ੍ਰੇਮ ਸ੍ਰੀ ਨਾਨਕ ਮਾਹੀ ॥ ਇਨ ਦੇਖੇ ਬਿਨ ਹੌਂ ਮਰ ਜਾਹੀਂ ॥ ਮੋਰੋ ਤੋ ਕਛੁ ਦਾਵਾ ਨਾਹੀਂ ॥ ਪਰ ਇਤਨੀ ਮੈਂ ਬਿਨੌ ਕਰਾਹੀਂ ॥ ੧੧ ॥ ਸ੍ਰੀ ਨਾਨਕ ਮੇਰੇ ਸੰਗ ਜਾਵੈਂ ॥ ਕਛੁ ਦਿਨ ਰਹੈਂ ਬਹੁਰ ਚਲ ਆਵੈਂ ਸੁਨ ਕਰ ਮਾਤਾ ਨਾਨਕ ਪਿਤ ਕੋ ॥ ਕਹਿਤ ਭਈ ਬੀਬੀ ਕੇ ਹਿਤ ਕੇ ॥ ੨੨ ॥ ਸੁਨ ਕਰ ਕਹਿਤ ਭਯੋ ਸੁਤ ਏਕਾ ॥ ਇਨ ਬਿਨ ਕੌਨ ਹਮਾਰੀ [2]ਟੇਕਾ ॥ ਇਸ ਦੇਖੇ ਬਿਨ ਚੈਨ ਨ ਆਵੇ ॥ ਬੀਬੀ ਜੀ ਕੈਸੇ ਲੈ ਜਾਵੇ ॥ ੧੩ ॥ ਕਹਿ ਮਾਤਾ ਜੀ ਬਾਤ ਤੋ ਐਸੇ ॥ ਦੇਖੇ ਬਿਨ ਜੀਵੌਂ ਮੈਂ ਕੈਸੇ ॥ ਪਰ ਬੀਬੀ ਕੋ ਬਚਨ ਹਟਾਵਨ ॥ ਕੈਸ ਕਰੈਂ ਹੇ ਸ਼ੁਭ ਮਤ ਪਾਵਨ ॥ ੧੪ ॥ ਅਸ ਕਹਿ ਸ੍ਰੀ ਨਾਨਕ ਕੀ ਤਿਆਰੀ ॥ ਬੀਬੀ ਜੀ ਕੇ ਸੰਗ ਸਵਾਰੀ ॥ ਸੁਨ ਜੈਰਾਮ ਭਾਈ ਸੁਖ ਪਾਯੋ ॥ ਧੰਨ ਧੰਨ ਅਪਨੇ ਭਾਗ ਗਨਾਯੋ ॥ ੧੫ ॥ ਰਾਇ ਬੁਲਾਰ ਸੁਨੀ ਇਹੁ ਬਾਤਾ ॥ ਸੁਲਤਾਨ ਪੁਰੇ ਸ੍ਰੀ ਨਾਨਕ ਜਾਤਾ ॥ ਮਿਲਨੇ ਗੁਰ ਨਾਨਕ ਕੋ ਆਯੋ॥ ਸ੍ਰੀ ਜਰਾਮ ਕੋ ਭਾਖ ਸੁਨਾਯੋ ॥ ੧੬ ॥ ਦੌਲਤ ਖਾਨ ਨਵਾਬ ਜੋ ਥਾਰਾ ॥ [3]ਸੋ ਮਮ ਲਖੋ ਮਿਤ੍ਰ ਅਤ ਪਿਆਰਾ ॥ ਤਿਸ ਕੇ ਤੁਮ ਦੀਵਾਨ ਬਡੇਰੇ॥ ਪੁਨ [4]ਦਮਾਦ ਕਾਲੂ ਕੇ ਹੇਰੇ ॥੧੭॥ ਐ ਹੌ ਮਿਤ੍ਰ ਹਮਾਰੇ ਪਿਆਰੇ ॥ ਤਿਆਰ ਭਏ ਨਾਨਕ ਸੰਗ ਥਾਰੇ ॥

੧. ਸਹੁਰੇ। ੨. ਆਸਰਾ। ੩. ਸੀ। ੪. ਜਵਾਈ।

ਮੈਂ ਤੋ ਸਦ ਇਨ ਕੇ ਅਨੁਸਾਰੀ ॥ ਤੁਮ ਭੀ ਸਦ ਰਹੀਓ ਹਿਤਕਾਰੀ ॥ ੧੮ ॥ ਇਨ ਕੋ ਸਨਬੰਧੀ ਨਹਿ ਜਾਨੋ ॥ ਖੁਦ ਖ਼ੁਦਾਇ ਕਾ ਰੂਪ ਪਛਾਨੋ ॥ ਹਮਰੇ ਤੁਮਰੇ ਭਾਗ ਬਡੇਰੇ ॥ ਨਿਸ ਦਿਨ ਦਰਸ ਕਰੈਂ ਇਨ ਕੇਰੇ ॥ ੧੯ ॥ ਭੁਜੰਗ ਛੰਦ ॥ ਬਡੋ ਪ੍ਰੇਮ [1]ਰਾਯੋ ਚਰਨ ਲੀਨ ਚੂਮੰ ॥ [2]ਮੁਚਿਓ ਨੈਨ ਨੀਰੰ ਗਿਰੀ ਬੂੰਦ ਭੂਮੰ ॥ ਗਏ ਨਿਕਟ ਮਾਤਾ [3]ਅਸ਼ਰ ਡਾਰੀ ॥ ਭਰੇ [4]ਅੰਕ ਮੈਂ ਬਹੁਤ ਪ੍ਰੇਮੰ ਸੰਭਾਰੀ ॥ ੨੦ ॥ ਕਰੀ ਬੰਦਨਾ [5]ਮਾਤ ਕੌ ਰੋਤ ਛੋਰੀ ॥ ਪਿਤਾ ਕੋ ਨਮੋ ਕੀਨ ਦੋ ਹਾਥ ਜੋਰੀ ॥ [6]ਸਖਾ ਕੋ ਮਿਲੇ ਜੋ ਹੁਤੇ ਬਾਲ ਪਿਆਰੇ ॥ ਸੁ ਬਾਲਾ ਲੀਏ ਸੰਗ ਤੌ ਪੰਥ ਚਾਲੇ ॥ ੨੧ ॥ ਭੱਯਾ ਜੈਰਾਮੰ ਬੀਬੀ ਸੰਗ ਚਾਲੀ ॥ ਉਲੰਘੇ ਸੁ ਪੰਥੰ [7]ਪ੍ਰਮੋਦੰ ਬਿਸਾਲੀ ॥ ਪੁਰੀ ਸੁਲਤਾਨੰ ਨਿਜੰ ਧਾਮ ਜਾਈ ॥ ਜਰਾਮੰ ਕਹੰ ਗ੍ਰਹਿ ਪੁਨੀਤੰ ਸੁਬਾਈ ॥ ੨੨ ॥ ਯਾ ਬਿਧ ਸੋਂ ਸੁਭ ਬੈਨ ਕਹੇ ਉਰ ਸਾਦਰ ਸੇਵ ਭਲੇ ਕਰਹੀ ॥ ਕਾਲ ਬਿਤਾਵਹਿ ਦਿਆਲ ਮਹਾਂ ਸੁਲਤਾਨ ਪੁਰੇ ਸੁਖ ਸੋਂ ਫਿਰਹੀ ॥ ਤਾਰਨ ਜਾ ਅਵਤਾਰ ਧਰਿਓ [8]ਕਲ ਕੇ [9]ਨਰ ਮੰਦ ਮਹਾਂ ਜਰਹੀ ॥ ਬਾਸਰ ਏਕ [10]ਸੁਸਾ [11]ਪਤ ਸੌਂ ਭਗਨੀ ਮਿਲ ਬੈਸਤ ਭੇ ਘਰ ਹੀ ॥ ੨੩ ॥ ਪੰਕਜ ਨੈਨ ਪ੍ਰਭੂ [12]ਗੁਨ ਐਨ ਭਨੇ ਮੁਖ ਬੈਨ ਸੁਨੋ ਮਮ ਬਾਨੀ ॥ ਕਾਰ ਬਿਹੀਨ ਭਲੇ ਨਹਿੰ ਚੀਨ ਕਰੈਂ ਪਰਬੀਨ ਸਭੈ ਜਗ ਜਾਨੀ ॥ ਹੈ ਜਗ ਰੀਤ ਕਰੈਂ ਸਭ ਪ੍ਰੀਤ ਸੁ ਕਜੋਂ [13]ਵਿਪ੍ਰੀਤ ਕਰੋਂ ਮਨ ਮਾਨੀ॥ ਦੇਹੁ ਬਤਾਇ ਜੋਊ ਮਨ ਭਾਇ ਬਿਤਾਏ ਸਮਾਂ ਪਰਚਾਨ ਜੁ ਪ੍ਰਾਨੀ ॥ ੨੪ ॥ ਸੁਨ ਕੈ [14]ਭਗਨੀ ਪੁਨ ਬੈਨ ਭਨੇ ਮਨ ਗਜਾਨ ਸੁਨੋ ਗੁਨ ਤੋ

---

੧. ਰਾਇ ਬੁਲਾਰ। ੨. ਅੱਖਾਂ ਬੰਦ ਕਰਕੇ ਜਲ ਦੀਆਂ ਬੂੰਦਾਂ ਧਰਤੀ ਤੇ ਡਿਗੀਆਂ। ੩. ਅਸੀਸ ਦਿਤੀ। ੪. ਗੋਦ ਵਿਚ। ੫. ਮਾਤਾ ਨੂੰ ਰੋਂਦਿਆਂ ਛਡਿਆ। ੬. ਮਿਤ੍ਰਾਂ ਨੂੰ। ੭. ਪ੍ਰਸੰਨ। ੮. ਕਲਜੁਗ ਦੇ ਜੀਵਾਂ ਦੇ ਤਾਰਨ ਲਈ ਅਵਤਾਰ ਲਇਆ ਹੈ। ੯. ਮਨੁਖਾਂ ਦੀ ਭੈੜੀ ਮਤ ਨੂੰ ਦੂਰ ਕੀਤਾ। ੧੦. ਭੈਣ। ੧੧. ਨਾਲ। ੧੨. ਗੁਣਾਂ ਦੇ ਘਰ। ੧੩. ਉਲਟੀ। ੧੪. ਭੈਣ ਜੀ।

ਪਰਚਾ ॥ ਜਗ ਕੰਤ ਮਤੋ ਚਿਤ ਸੰਤ ਬਿਅੰਤ ਕਰੋ ਮਿਲ ਸੰਤਨ ਸੋ ਚਰਚਾ ॥ ਨਰ ਨਾਰ [1]ਚਰਾ ਚਰ ਦੇਨ ਦਤਾਰ ਸੁਰਾ ਸੁਰ [2]ਬ੍ਰਿੰਦ ਕਰੈਂ [3]ਅਰਚਾ ॥ ਧਨ ਧਾਮ ਪਦਾਰਥ ਜੇ ਘਰ ਮੈਂ ਕਰਨਾ ਤਵ ਲੇਹੁ ਕਰੋ ਖਰਚਾ ॥ ੨੫ ॥ ਵਾਕ ਜਰਾਮ ਭਨੇ ਅਭਰਾਮ ਜੋ ਕਾਮਨਾ ਹੋਇ ਸੁ ਧਾਮ ਤੇ ਲੀਜੈ ॥ ਜੇ ਜਗ ਕਾਜ ਸੁ [4]ਪਾਜ ਸਮਾਜ ਤੁਮੈ ਨਹਿੰ ਛਾਜਤ ਕਿਉਂ ਉਰਝੀਜੈ ॥ [5]ਬੱਲਭ ਜੀ ਸੁਨੀਏਂ ਮਮ ਬਾਤ ਸੁ ਕਾਰ ਵਿਹਾਰ ਮਹਿੰ ਮੋ ਸੇ ਲਖੀਜੈ ॥ ਬੈਠ ਰਹੋ ਜਸ ਨਾਮ ਕਹੋ ਹਰਿ ਪ੍ਰੇਮ ਲਹੋ ਸੁਖ ਯੌਂ ਮੁਝ ਦੀਜੈ ॥ ੨੬ ॥ ਪੁਨ ਪੰਕਜ ਨੈਨ ਭਨੇ ਮੁਖ ਬੈਨ ਸੁ ਉਤਮ ਪੁਰਖ ਬਖਾਨਤ ਜੈਸੇ ॥ ਕਰ ਸੌਂ ਕਰ ਕਾਰ ਅਹਾਰ ਕਰੈਂ ਕ੍ਰਿਤਾਰਥ ਦੇਹਿ ਕਰੈਂ ਨਰ ਐਸੇ ॥ ਧਨ ਆਪ ਕਮਾਇਕੈ ਖਾਵੈਂ ਭੋਜਨ [6]ਛਾਦਨ ਸਾਧਨ ਦੈਸੇ ॥ ਕਰਨਾ ਕਰ ਸੰਤ ਉਧਾਰ ਕਰੈਂ ਭਵ ਭੀਤਰ ਫੇਰ ਨ ਆਵਤ ਕੈਸੇ ॥ ੨੭ ॥ ਫੇਰ ਜਰਾਮ ਗਿਰਾ ਉਚਰੀ ਤੁਮ ਆਇਸ ਮੋ ਮਨ ਹੈ ਅਨੁਸਾਰੀ ॥ ਮੋਰ ਸਕੌਂ ਨ ਕਹਿਓ ਤੁਮਰੋ ਜਿਨ ਕੀਰਤ ਰਾਇ ਬੁਲਾਰ ਉਚਾਰੀ ॥ ਲੇਖਾ ਪਢੇ ਤੁ ਕਹੋ ਮੁਝ ਸੌਂ ਕਛੁ ਲੈ ਦੇਊਂ ਜੋ ਹੋਇ ਲੇਖੇ ਕੀ ਕਾਰੀ ॥ ਹੌਂ ਸਭ ਜਾਨਤ ਭਾਂਤ ਹਿਸਾਬ ਕੀ ਲੇਨ ਜੁ ਦੇਨ ਭਲੇ ਹੈ ਵਿਚਾਰੀ ॥ ੨੮ ॥ ਦੋਹਰਾ ॥ ਦੌਲਤ ਖਾਂ ਨਬਾਬ ਕੋ ਮੋਦੀਖਾਨਾ ਲੇਹੁ ॥ ਤੁਮ ਤੇ ਹੋਇ ਨਿਬਾਹੁ ਜੇ ਕਰਹੁ ਕਾਜ ਸੁਭ ਏਹੁ ॥ ੨੯ ॥ ਕਬਿੱਤ॥ ਭਾਖੀ ਜੋ ਜੈਰਾਮ ਸੋਈ ਨਾਨਕ ਜੀ ਮਾਨ ਮਨ ਕਹੈਂ ਕਰਤਾਰ ਨਿਰਬਾਹੈ ਮੁਹਿ ਕਾਜ ਕੋ ॥ ਦੀਨ ਬੰਧ ਦਯਾ ਨਿਧ ਸਦਾ ਈ ਪ੍ਰਸਿਧ ਸਾਰੇ ਸੰਤਨ ਸਹਾਈ ਰਾਖੈ ਨਿਜ ਨਾਮ ਲਾਜ ਕੋ ॥ ਭਾਖਤ ਜੈਰਾਮ ਤੁਮ ਪਾਸ ਹੋਏ ਆਵੈ ਕਾਮ ਰਿਦੇ ਮੈਂ ਵਿਚਾਰੋ ਜਾਨੋ ਬਹੁਤ ਸਮਾਜ

---

੧. ਜੜ੍ਹ ਚੇਤਨ। ੨. ਸਮੂਹ। ੩. ਬੰਧਨਾ। ੪. ਪਖੰਡ, ਦਿਖਲਾਵਾ। ੫. ਪਿਆਰੇ। ੬. ਕਪੜਾ।

ਕੇ ॥ ਚੱਲੀਏ ਨਵਾਬ ਪਾਸ ਮਿਲੀਏ ਅਵਾਸ ਤਿਹ ਕੀਜੈ ਨ ਬਿਲੰਬ ਅਬ ਭਲੋ ਦਿਨ ਆਜ ਕੋ ॥ ੩੦ ॥ ਸਵੱਯਾ ॥ ਦੌਲਤ ਖਾਨ ਕੇ [1]ਭੌਨ ਗਏ ਪ੍ਰਭੁ ਜਾਇ ਮਿਲੇ ਸਭ ਬਾਤ [2]ਜਨਾਏ ॥ ਨਾਨਕ ਰੂਪ ਨਿਹਾਰ ਨਬਾਬ ਕਹੈ ਇਹੁ ਮੋਦੀ ਕੀ ਕਾਰ ਚਲਾਏ ॥ ਹੈ ਮਤਵਾਨ ਸੁਜਾਨ ਸਾ ਦੀਸਤ [3]ਪੋਸਸ ਭੇਟ ਦਯੋ ਹਰਖਾਏ ॥ ਰੋਹਿਪੱਯੇ ਪੁਨ ਦੀਨ ਹਜ਼ਾਰ ਜੈਰਾਮ ਸਮੇਤ ਲਏ ਘਰ ਆਏ ॥ ੩੧ ॥ ਸੋਰਠਾ ॥ ਅਗਲੇ ਦਿਨ ਜੈਰਾਮ ਸਭ ਬਿਧ ਸੌਜ ਲਿਆ ਭਲੇ ॥ ਗਾਦੀ ਬੈਠ ਭਿਰਾਮ ਬਾਲਾ ਤੋਲਤ ਦੇਵਈ ॥ ੩੨ ॥ ਸੰਬਤ ਸਤਰਹਿ ਮਾਹਿ ਮੋਦੀ ਖਾਨ ਚਲਾਇਓ ॥ ਸ੍ਰੀ ਸਤਿਗੁਰ ਜਗ ਰਾਹਿ ਖੇਲ ਕਵਨ ਕਵੀ ਕਹਿ ਸਕੈ ॥ ੩੩ ॥ ਇਤ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥੇ ਪ੍ਰਿਥਮ ਮਹਿਲੇ ਸੁਲਤਾਨ ਪੁਰ ਆ ਗਵਨ ਮੋਦੀ ਖਾਨੇ ਪ੍ਰਸੰਗ ਬਰਨਨੰ ਨਾਮ ਇਕਾਦਸਮੋ ਮੰਦਰਹਿ ॥੧੧॥

ਦੋਹਿਰਾ ॥ ਸੰਮਤ ਦਸ ਅਰ ਆਠ ਮੈਂ ਲੰਗਰ ਗੁਰੂ ਲਗਾਇ ॥ ਭੂਖੋ ਕੋ ਨਹਿੰ ਜਾਵਈ [4]ਬਿੰਜਨ ਬਹੁ ਬਿਧ ਖਾਇ ॥ ੧ ॥ ਕਬਿੱਤ ॥ ਆਵਤ [5]ਹਜਾਰ ਮੋਦੀ ਖਾਨੇ ਕੀ ਚਲਾਏ ਕਾਰ ਲੇਨ ਜੋਊ ਆਏ ਸੋਊ ਜਾਏ [6]ਹੁਲਸਾਇਕੈ ॥ ਬਜਾਜੀ ਔ ਜਿਨਸ [7]ਬਸਾਤੀ ਰੰਗ ਰੰਗ ਬਹੁ ਗੁਰੂ ਬਤਲਾ° ਬਾਲਾ ਦੇਵੈ [8]ਧਾਇ ਧਾਇਕੈ॥ ਮਾਂਗਤ ਜੋ ਆਵੈ ਕੋਊ [9]ਛੂਛੋ ਹੂੰ ਨ ਜਾਵੈ ਬਹੁ [10]ਆਸਿਖ ਅਲਾਵੈ ਜੋਊ ਮਾਂਗੈ ਸੋਊ ਪਾਇਕੈ॥ਹੋਤ ਭੀਰ ਭਾਰੀ ਲੇਨ ਹਾਰ ਨਹਿੰ ਪਾਏਂ ਵਾਰੀ ਦੇਤ [11]ਭੁਨ ਸਾਰੀ ਤੇ [12]ਪ੍ਰਦੋਖ ਲੌ ਗਿਨਾਇਕੈ ॥੨॥ ਸਵੱਯਾ ॥ ਯਾ ਬਿਧ ਦੇਖ ਬਿਸੇਖ ਅਨੰਦਤ ਦੰਪਤ ਸੰਪਤ ਭੂਰ ਭਏ ਤੇ ॥ ਨਾਨਕੀ ਬੈਨ ਕਹੇ ਪਤ ਸੋਂ ਅਬ ਭ੍ਰਾਤ ਰਖੈ ਧਨ ਬਿਆਹਿ ਕੇ

੧. ਘਰ। ੨. ਦਸੀ। ੩. ਪੋਸ਼ਾਕ। ੪. ਸਲੂਣੇ। ੫. ਹਜਾਰ ਰੁਪੈ ਨਾਲ। ੬. ਪ੍ਰਸੰਨ ਹੋ ਕੇ। ੭. ਬਿਸਾਤੀ ਵਾ ਸਟਾਕ ੮. ਦੌੜ ਦੌੜ ਕੇ। ੯. ਖਾਲੀ। ੧੦. ਅਸੀਸਾਂ ਦੇਂਦੇ ਹਨ। ੧੧. ਸਵੇਰ। ੧੨. ਰਾਤ।

ਹੇਤੇ ॥ ਟੇਰਹੁ ਕੋ ਘਰ ਚਾਹਿ ਰਖੋ ਉਰ ਹੋਇ ਬਰੋਬਰ ਜੋ ਮਿਲਏ ਤੇ ॥ ਕਾਲੂ ਪਿਤਾ ਹਰਖੈ ਸਭ ਭਾਂਤਨ ਹੋਇ ਸਗਾਈ ਜੋ ਈਹਾਂ ਅਏ ਤੇ ॥ ੩ ॥ ਦੋਹਰਾ ॥ ਸੁਨ ਬੋਲਿਓ ਜੈਰਾਮ ਤਬ ਕਰਨ ਲਗੇ ਹੈਂ ਕਾਰ ॥ ਕੋ ਖੱਤ੍ਰੀ ਅਬ ਦੇਖ ਕੈ ਕਰੈ ਸਗਾਈ ਬੀਚਾਰ ॥ ੪ ॥ ਕਬਿੱਤ ॥ ਕਹੇ ਸੰਤ ਰੇਨ ਕਥਾ ਸੁਨੋ ਹਰਿ ਪ੍ਰੇਮ ਤਬ ਬਾਲਾ ਕਹੈ ਬੈਨ ਗੁਰੂ ਬਿਦਾ ਮੁਹਿ ਦੀਜੀਏ ॥ [1]ਧਾਮ ਹਮ ਜਾਇਕੈ [2]ਕ੍ਰਿਸਾਨੀ ਕੋ ਕਮਾਇ ਖਾਏਂ ਕਰੈਂ ਕ੍ਰਿਤ ਆਪਨੀ ਕੋ ਜਾਹੀ ਤੇ ਸੁਹੀਜੀਏ॥ ਕਰੋ ਕਾਰ ਆਪ ਕੋਈ ਮਾਨਸ ਕੋ ਰਾਖ ਪਾਸ ਭਯੋ ਪਰਚਾਵਾ ਸਿਰੀ ਗੁਰੂ ਜੀ ਜਨੀਜੀਏ॥ ਬਾਲੇ ਗੁਜਰਾਨ ਕਰ ਰਿਦੈ ਕਰਤਾਰ ਧਰ ਕੈਸੇ ਤੂੰ ਉਦਾਸ ਉਰ ਭੇਦ ਸੋ ਭਨੀਜੀਏ ॥ ੫ ॥ ਸਵੱਯਾ ॥ ਐਸੇ ਨ ਜਾਨ ਸੁਜਾਨ ਰਿਦੇ ਕ੍ਰਿਤ ਮੋਦੀ ਲਈ ਧਨ ਧਾਮ [3]ਸੰਚਾਰੇ ॥ ਕੇਤਕ ਬਾਸਰ ਕਾਲ ਬਿਤਾਵਤ ਹੈਂ ਕਿਹ ਕਾਮ ਜੋ ਕਾਰ ਹਮਾਰੇ ॥ ਜੋ ਕਰਨੀ ਕ੍ਰਿਤ ਸੋ ਕਰ ਹੈਂ ਜਬ ਆਨ ਚਲੈਂ ਤੁਝ ਲੇਯ ਸੰਗਾਰੇ ॥ ਹੈ ਗੁਜਰਾਨ ਹਮਾਰਿ ਤੁਮਾਰਿ ਮਿਲੇ ਕਰੀਯੇ ਇਹੁ ਕਾਰ ਪਿਆਰੇ ॥ ੬ ॥ ਦੋਹਿਰਾ ॥ ਅਸ ਕਹਿ ਤਬ [4]ਕਰਖ ਲਿਯ ਨਿਕਟ ਰਖਨ ਕੇ ਹੇਤ ॥ ਤਜ ਨ ਸਕਯੋ ਦਰਸ਼ਨ ਸਫਲ ਸ੍ਰੀ ਬੇਦੀ ਕੁਲ ਕੇਤ ॥ ੭ ॥ ਸੋਰਠਾ ॥ ਬੋਲਿਓ ਤਬ ਕਰ ਬੰਦ ਤੁਮ ਰਜਾਇ ਮਾਨੋਂ ਸਦਾ ॥ ਇਹੁ ਬਰ ਦੇਹੁ [5]ਮੁਕੰਦ ਭੂਲ ਨ [6]ਪ੍ਰਤਕੂਲੋਂ ਕਦਾ ॥ ੮ ॥ ਬਾਲੇ ਤੂ ਮਮ [7]ਮਿੱਤ [8]ਸੱਤ ਬਿਖੈ ਨਿਤ ਮਤ ਦ੍ਰਿੜ੍ਹੈ ॥ ਇਹ ਬਚ ਰਾਖੋ ਚਿੱਤ ਜਨਮ ਮਰਨ ਤੇ ਮੁਕਤ ਹ੍ਵੈ ॥ ੯ ॥ ਅਸ ਸੁਨ ਪਦ ਅਰ ਬਿੰਦ ਤਬ ਬੰਦੇ ਕਰ ਬੰਦ ਦੋ ॥ ਕਹੈ ਜੋ ਕ੍ਰਿਤ ਬਖਸ਼ਿੰਦ ਕਰਨ ਲਗਯੋ ਪੁਨ ਕਾਰ ਸੋ ॥ ੧੦ ॥ ਅਪਰ ਥਾਨ ਤੇ ਆਨ ਸੌਦਾ ਲਿਆ ਬਾਲਾ

---

੧. ਘਰ। ੨. ਖੇਤੀ। ੩. ਅਕੱਠਾ। ੪. ਖਿਚ ਲਿਆ। ੫. ਮੁਕਤੀ ਦੇ ਦਾਤੇ ਸਤਿਗੁਰੂ। ੬. ਉਲਟ। ੭. ਮਿਤਰ। ੮. ਸਚਾ।

ਧਰੇ ॥ ਆਪਨ ਕਿਧੌ ਨਿਧਾਨ ਹੋਤ [1]ਅਤੋਟਹਿ ਵਸਤ ਸਭ ॥੧੧॥
ਦੋਹਰਾ ॥ ਜਾਚਕ ਕਰਹਿੰ ਜੁ ਜਾਚਨਾ ਪਾਵਹਿੰ ਪਰਮ ਪ੍ਰਸਾਦਿ ॥
ਸੁਨ ਸੁਨ ਆਵਹਿੰ ਅਨਕ ਪੁਨ ਦੇਵਹਿੰ ਸਭਨ ਅਨਾਦ ॥ ੨੨ ॥
[2]ਅਸਨ ਹੀਨ [3]ਬਸਨੰ ਨਗਨ ਕਰਤ ਅਰਥਨਾ ਜੌਨ ॥ [4]ਛੂਛਾ ਬਹੁਰ
ਨ ਜਾਵਈ ਕਰਨਾ [5]ਕਰਨਾ ਭੌਨ ॥ ੧੩ ॥ ਦੋਹਿਰਾ ॥ ਕੀਰਤ
ਪਸਰੀ ਪੁਰ ਸਰਬ ਘਰ ਘਰ ਭੀ ਭਰਪੂਰ ॥ ਕਿਧੌ ਚੰਦ ਕੀ ਚਾਂਦਨੀ
ਜਨ ਚਕੋਰ ਪ੍ਰਿਅ ਰੂਰ ॥ ੧੪ ॥ ਮਾਸ ਮਾਸ ਲੇਖਾ ਹੁਵੈ ਜਾਇੰ
ਵਹੀ ਲੈ ਹਾਥ ॥ [7]ਸੰਖਯਾ ਕਰ ਸਭ ਦਿਵਸ ਕੀ ਬੈਸਹਿੰ ਲੇਖਕ
ਸਾਥ ॥ ੧੫ ॥ ਸੋਰਠਾ ॥ ਜਬ ਜਬ ਲੇਖਾ ਹੋਏ ਤਬ ਤਬ ਬਾਧਾ
ਨਿਕਸਈ ॥ ਬਿਸਮੈਂ ਮਨ ਸੁਨ ਲੋਏ ਕੋ ਕੋ ਕਰਈ ਈਰਖਾ॥੧੬॥
ਨਹਿ ਜਾਨੈ ਮਤ ਮੰਦ ਇਹੁ ਕਰਤਾਰ ਸਰੂਪ ਹੈ ॥ ਆਨੰਦ ਕੰਦ
ਮੁਕੰਦ ਯਾਂਕੇ ਕੱਛ ਅਚਰਜ ਨਹੀਂ ॥ ੧੭ ॥ ਸਵੈਯਾ ॥ ਕੇਤਕ
ਕਾਲ ਬਿਤੀਤ ਭਯੋ ਭਲੀ ਰੀਤ ਸੋਂ ਮੋਦੀ ਕੀ ਕਾਰ ਚਲਾਈ ॥ ਤੋਲ
ਤੁਲਾਵਤ ਹੈਂ ਨਿਜ [8]ਸਾਮੁਹਿ ਲੇਤ ਹੈਂ ਪੂਰੋ ਔ ਦੇਤ ਸਵਾਈ ॥
[9]ਜਾਚਕ ਆਵਤ ਕੀਰਤ ਕੋ ਸੁਨ ਜੋ ਮਨ ਭਾਵਤ ਪਾਵਤ [10]ਸਾਈ ॥
ਹੋਇ ਰਹੇ [11]ਬਿਸਮਾਦ ਸਭੈ ਨਰ ਕੀਨ [12]ਰਸਾਇਨ ਕੇ ਧਨ ਪਾਈ
॥ ੧੮ ॥ ਜਾਨੈਂ ਨ ਭੇਦ ਅਛੇਦ ਇਹੀ ਕਰਤਾਰ ਸਰੂਪ ਧਰਾ
ਅਵਤਾਰਾ ॥ [13]ਦੰਭ ਨਿਕੰਦਨ ਆਨੰਦ ਕੰਦ ਸੁ ਨਾਮ ਜਪਾਵਨ ਕੋ
ਤਨ ਧਾਰਾ ॥ ਨਵ ਨਿੱਧ ਸਿੱਧ ਅਠਾਰਹਿ ਜੇ ਕਰ ਬੰਦ ਕੈ ਠਾਂਢੀ
ਰਹੈਂ ਦਰਬਾਰਾ ॥ ਕੌਨ ਕਮੀ ਹੋਇ ਤਾਂ ਇਸ ਥਾਨ [14]ਨਿਰੰਜਨ
[15]ਅੰਜਨ ਮੈਂ ਵਰਤਾਰਾ ॥ ੧੯ ॥ ਕਬਿੱਤ ॥ ਪੱਖੋਕੇ ਰੰਧਾਵੇ ਗ੍ਰਾਮ

---

੧. ਨਾ ਮੁਕਣ ਵਾਲੀ ਵਸਤੂ । ੨. ਭੋਜਨ । ੩. ਕਪੜਾ । ੪. ਖਾਲੀ ।
੫. ਕਿਰਪਾ ਦੇ ਘਰ ਗੁਰੂ ਜੀ ਕਿਰਪਾ ਕਰਦੇ ਹਨ । ੬. ਜਸ ਫੈਲ ਗਿਆ ਸਾਰੇ ਨਗਰ ਵਿਚ ।
੭. ਗਿਣਤੀ । ੮. ਸਾਹਮਣੇ । ੯. ਮੰਗਤੇ । ੧੦. ਉਹੋ ਜਹੀ । ੧੧. ਅਸਚਰਜ ।
੧੨ ਸੋਨਾ ਬਨਾਣ ਵਾਲੇ ਵਾਂਗ । ੧੩. ਪਾਖੰਡੀ । ੧੪. ਮਾਇਆ ਮਲ ਤੋਂ ਰਹਿਤ ਗੁਰੂ
ਨਾਨਕ । ੧੫. ਮਾਇਆ ।

ਬਸੈ ਇਕ ਮੂਲਾ ਚੋਨਾ ਸੁਣਕੇ ਤੇ ਜੱਸ ਸਿਰੀ ਨਾਨਕ ਕੋ ਭਾਯੋ ਹੈ ॥ ਆਏ ਸੁਲਤਾਨ ਪੁਰ ਬੂਝਤ ਜੈਰਾਮ ਘਰ ਮਿਲਕੇ ਸਗਾਈ ਬਾਤ ਸਭ ਸਮਝਾਯੋ ਹੈ ॥ ਨਾਨਕੀ ਸੁਨੰਤ ਹਰਖੰਤ ਨਹਿੰ [1]ਮੇਵ ਅੰਗ ਕਹਿ ਨਿਜ ਪਤੀ ਪਿਤਾ ਮਾਤ ਕੋ ਮੰਗਾਯੋ ਹੈ ॥ ਦੂਤ ਜੈਰਾਮ ਭੇਜ ਪਹੁੰਚਿਓ ਤਿਲਵੰਡੀ ਆਇ ਸੁਨ ਗੁਰੂ ਪਿਤਾ ਮਾਤ ਸੁਖ ਪਾਯੋ ਹੈ ॥ ੨੦ ॥ ਦੋਹਰਾ ॥ ਸ੍ਰੀ ਨਾਨਕ ਕੇ ਨਾਨਕੇ ਬੋਲ ਪਠੇ ਸੁਧ ਦੇਯ॥ ਚਲ ਆਏ ਤਤ ਕਾਲ ਸੋ ਲਾਗ ਆਪਨੀ ਲੇਯ ॥ ੨੧ ॥ ਚੌਪਈ॥ ਸ੍ਰੀ ਨਾਨਕ ਜਨਨੀ ਪਿਤ ਰਾਮਾ ॥ ਮਾਤੁਲ [2]ਸ੍ਰਿਸ਼ਟ ਸੁ ਕਿਸ਼ਨਾ ਨਾਮਾ ॥ ਨਾਨਕ ਜਨਨੀ ਮਾਤ ਭਿਰਾਈ ॥ ਸੁਨ ਕਰ ਸਗਨ ਭਲੇ ਤਹਿ ਆਈ ॥ ੨੨ ॥ ਮਿਲ ਸਭ ਕੀਨੋ ਉਤਸ਼ਵ [3]ਭੂਰੀ ॥ ਹਰਖਤ ਕਰਹਿੰ ਰੀਤ ਕੁਲ [4]ਹੂਰੀ॥ ਮਿਲ ਸਭਹੂੰ ਸੋਂ ਬੋਲਿਓ ਕਾਲੂ ॥ ਤਜਹੁ [5]ਬਿਲੰਬਹਿ ਹੋਵਹੁ [6]ਤਾਲੂ ॥ ੨੩ ॥ ਚਲ ਕਰ [7]ਚੌਕੜ ਖਰਚਨ ਕਰੀਯੇ ॥ ਤੂਰਨ ਪੰਥ ਬਿਖੈ ਪਗ ਧਰੀਯੇ॥ ਅਸ ਕਹਿ ਸਭ ਹੀ [8]ਸੌਜ ਸੰਭਾਰੀ ॥ [9]ਬ੍ਰਿਖਭ ਰਥਨ ਸੋਂ ਜੋਰੇ ਭਾਰੀ ॥ ੨੪ ॥ ਕਾਲੂ ਲਾਲੂ ਕੀਨੀ ਤਿਆਰੀ ॥ ਸ੍ਰੀ ਨਾਨਕ ਗੁਨ ਭਨਤ ਉਚਾਰੀ ॥ ਕਰਨ ਦਰਸ ਲਾਲਸ ਉਰ ਜਾਗੀ ॥ ਜਿਉਂ [10]ਮਧਕਰ [11]ਪੁਸ਼ਕਰ [12]ਅਨਰਾਗੀ ॥ ੨੫ ॥ ਰਾਇ ਸਦਨ ਕਾਲੂ ਤਬ ਗਯੋ ॥ ਨਿਕਟ ਜਾਏ ਉਚਰਤ ਬਚ ਭਯੋ ॥ ਸ੍ਰੀ ਨਾਨਕ ਮਮ ਤਾਤ ਪਿਆਰਾ ॥ ਭਈ ਸਗਾਈ ਮੁਝਹਿ [13]ਹਕਾਰਾ ॥ ੨੬ ॥ ਰਾਇ ਕਹੇ ਕਰ ਕਾਰਜ ਜਾਏ ॥ ਕਰਹੈ ਤੁਮਰੋ ਭਲੋ ਖੁਦਾਇ ॥ ਮੁਝ ਉਰ ਤੇ ਕਰ ਅਧਕ ਸਨੇਹਾ ॥ ਪਰਸਹੁ ਪਦ [14]ਅਨਕੰਪਾ ਗ੍ਰਿਹਾ ॥ ੨੭ ॥ ਰਥ ਊਪਰ [15]ਆਰੂਢਤ ਹੋਏ ॥ ਚਲਤ ਭਏ ਸਬ ਸਭ ਸ਼ੋਕ ਬਿਗੋਏ ॥ ਸੁਤ ਕੀ ਪ੍ਰੀਤ ਬੰਧੇ

੧. ਸਮਾਂਵਦੀ ਨਹੀਂ ਹੈ। ੨. ੩. ਬਹੁਤ। ੪. ਸੁੰਦਰ। ੫. ਦੇਰੀ ਦਾ ਤਿਆਗ। ੬. ਛੇਤੀ। ੭. ਥੈਲੀ ਰੁਪਏ ਦੀ। ੮. ਸਮਗਰੀ। ੯. ਬੈਲ। ੧੦. ਭੌਰਾ ੧੧. ਫੁਲਾਂ ਤੇ। ੧੨. ਪ੍ਰੇਮੀ। ੧੩. ਬੁਲਾਵਣਾ ਕੀਤਾ। ੧੪. ਕਿਰਪਾ। ੧੫. ਚੜ੍ਹਕੇ।

ਸੰਗ ਡੋਰੀ ॥ ਮਨੋ ਮੀਨ ਕਰਖੈ ਕਰ ਜੋਰੀ ॥ ੨੯ ॥ ਖਰਚ ਸਮਾਜ ਲੀਨ ਬਿਧ ਨਾਨਾ ॥ ਦਿਨ ਪ੍ਰਤਿ ਅਧਕਹਿ ਕੀਨ ਪਯਾਨਾ ॥ ਘਰ ਕੋ ਡੂਮ ਸੰਗ ਮਰਦਾਨਾ ॥ ਜਿਸਕੇ ਜਾਗੇ ਭਾਗ ਮਹਾਨਾ ॥ ੨੯ ॥ ਪੁਰ ਸੁਲਤਾਨ ਵਿਖੇ ਚਲ ਆਏ ॥ ਨਰ ਨਾਰੀ ਮਿਲ ਦੇਤ ਵਧਾਏ ॥ ਉਤਰ ਰਥਨ ਪਰ ਤੇ ਤੈ ਸਭ ਹੀ ॥ ਧਾਮ ਜਰਾਮ ਪਰਵਿਸੇ ਤਬ ਹੀ ॥ ਮਿਲੀ ਨਾਨਕੀ ਨੇਹੁ ਘਨੇਰਾ ॥ ਮਾਤ ਅੰਗ ਲੇ ਸਿਰ ਕਰ ਫੇਰਾ ॥ ਕਾਲੂ ਕੀ ਪਤਿਬ੍ਰਤਾ [1]ਕੁਮਾਰੀ ॥ ਰੂਪ ਸੀਲ ਗੁਨ ਪੂਰਨ [2]ਚਾਰੀ ॥ ੩੧ ॥ ਮਿਲ ਸਭਹਿਨ ਸੋਂ ਆਨੰਦ ਦੀਨਾ ॥ ਜਥਾ ਉਚਿਤ ਤਿਉਂ ਆਦਰ ਕੀਨਾ ॥ ਆਇ ਵਹਿਰ ਤੇ ਤਬਹਿ ਜਰਾਮਾ ॥ ਸਭਹਿਨ ਸੋਂ ਮਿਲ ਕੀਨ ਪ੍ਰਨਾਮਾ ॥ ੩੨ ॥ ਸ੍ਰੀ ਨਾਨਕ ਸੁਨ ਆਵਨ ਕਾਲੂ ॥ ਉਠ ਕਰ [3]ਗਮਨੇ ਸਦਨ ਉਤਾਲੂ ॥ ਧਰਿਓ ਪਾਦ ਪੰਕਜ ਪਰ ਸੀਸਾ ॥ ਦੀਨੀ ਕਾਲੂ ਅਧਕ ਅਸੀਸਾ ॥ ੩੩ ॥ [4]ਸੂੰਘਤ ਮਸਤਕ ਭਰ ਕਰ [5]ਕੌਰੀ ॥ ਪੇਖਹਿਂ ਮੁਖ ਕੋ ਸਭ ਸੁਖ ਠਉਰੀ ॥ ਪਰਮ ਪ੍ਰੇਮ [6]ਪੁਲਕਾਵਲ ਅੰਗਾ ॥ ਕਰਤ ਪਿਆਰ ਉਰ ਸੰਗ ਉਮੰਗਾ ॥ ੩੪ ॥ ਦੋਹਿਰਾ ॥ ਗਤ ਦਾਨੀ ਬੂਝਤ ਭਏ ਭਨੋ ਜਨਕ ਸਮਝਾਇ ॥ ਤਨ [7]ਅਨਾਮ ਮਨ ਅਨਦ ਹੈ ਤਲਵੰਡੀ ਮੈਂ ਰਾਇ ॥ ੩੫ ॥ ਚੌਪਈ ॥ ਕਾਲੂ ਕਹਿਤ ਭਯੋ ਸੁਨ ਤਾਤਾ ॥ ਵਿਸਰ ਗਈ ਥੀ ਉਰ ਤੇ ਬਾਤਾ ॥ ਤੁਮ ਕਰਵਾਇ ਦਈ ਮੁਝ ਯਾਦੂ ॥ ਸਭਹਿ ਕੁਸਲ ਤਹਿ ਪ੍ਰਭੂ [8]ਪ੍ਰਸਾਦੂ ॥ ੩੬ ॥ ਪਰਮ ਪ੍ਰੇਮ ਸੋਂ ਤਹਿ ਮਤ ਪੂਰੀ ॥ ਕਹੀ ਬੰਦਗੀ ਤੁਮ ਸੋਂ ਭੂਰੀ ॥ ਕਰਿਉ ਪ੍ਰੀਤ ਸੋਂ ਤੌ ਪਦ ਪਰਸਨ ॥ ਜਿਸ ਕੌ ਲਾਲਸ ਨਿਸ ਦਿਨ ਦਰਸਨ ॥ ੩੭ ॥ ਸੁਨ ਸੰਦੇਸ ਪ੍ਰਿਅ ਉਠੇ [9]ਬਹੋਰੀ ॥ ਗਏ ਮਾਤ ਢਿਗ [10]ਦ੍ਵੈ ਕਰ ਜੋਰੀ ॥

੧. ਲੜਕੀ । ੨. ਪੂਰਨ ਗੁਣਾਂ ਵਿਚ ਵਿਚਰ ਰਹੀ ਹੈ । ੩. ਛੇਤੀ ਨਾਲ ਘਰ ਚਲੇ । ੪. ਮਥਾ ਚੁੰਮਦੀ ਹੈ । ੫. ਜਫੀ ਵਿਚ । ੬. ਸ਼ਰੀਰ ਦੇ ਰੋਮ ਪ੍ਰੇਮ ਵਿਚ ਖੜੇ ਹੋ ਗਏ । ੭. ਸਰੀਰ ਰੋਗ ਰਹਿਤ । ੮. ਕਿਰਪਾ । ੯. ਮੁੜ ਕੇ । ੧੦. ਦੋ ਹਥ ਜੋੜੇ ।

ਮਹਲਾ ੧

ਧਰਯੋ ਯੁਗਲ ਚਰਨਨ ਪਰ ਮਾਥਾ ॥ ਕੰਠ ਲਗਾਇ ਚੂਮਿਓਂ ਮਾਥਾ
॥ ੩੮ ॥ ਸਭ ਸੋਂ ਮਿਲੇ ਬਹੁਤ ਹਿਤ ਸਾਥਾ ॥ ਕਾਰਨ ਕਰਨ
ਜਗਤ ਕੇ ਨਾਥਾ ॥ ਮਾਮੇ ਨਾਨੇ ਨਾਨੀ ਫੇਰ ॥ ਦੁਹਤੇ ਸੀਸ ਵਾਰ
ਧਨ ਫੇਰ ॥ ੩੯ ॥ ਪਰਮਾਨੰਦ [1]ਨੰਦਨ ਜੈਰਾਮ ॥ ਕੀਨ ਤਿਆਰੀ
ਸਗਨਹਿ ਕਾਮ ॥ ਭੇਜਿਓ ਮਾਨਸ ਮੂਲੇ ਪਾਸ ॥ ਆਵੋ ਬੇਦੀ ਆਏ
[2]ਅਵਾਸ ॥ ੪੦ ॥ ਸੁਨ ਕਰ ਮੂਲਾ ਤਤ ਛਿਨ ਆਯੋ ॥ ਮਿਲ
ਬੇਦਿਨ ਸੋਂ ਅਨਦ ਬਢਾਯੋ ॥ ਦਿਜ ਭੇਜੇ ਪੁਨ [3]ਪੈਂਚ ਬੁਲਾਏ ॥
ਆਏ ਸਭ ਮਨ ਹਰਖ ਬਢਾਏ ॥ ੪੧ ॥ ਸ੍ਰੀ ਨਾਨਕ ਕੋ ਲੀਆ
ਬੁਲਾਏ ॥ ਚੰਦਨ ਚੌਕੀ ਪਰ ਬੈਠਾਏ ॥ ਤਿਲਕ ਸਗਾਈ [4]ਕੁੰਕਮ
ਕੇਰਾ ॥ ਦੇ ਹਰਿਦਿਆਲ ਆਨੰਦ ਵਧੇਰਾ ॥ ੪੨ ॥ ਚੌਕੜ ਖਰਚਨ
ਜੋ ਬਿਧ ਕੀਨੀ ॥ ਪਰਮਾਨੰਦ ਸਭਹਿ ਤਬ ਕੀਨੀ ॥ ਰਾਹੁ ਲਾਗ
ਜੁਗ ਦਿਸ ਤੇ ਹੋਯੋ ॥ ਭਈ ਵਧਾਈ [5]ਸ਼ੋਕ ਬਿਗੋਯੋ ॥ ੪੩ ॥ ਕਰ
ਇਕੰਤ ਕਾਲੂ ਕਹਿ ਬਾਨੀ ॥ ਪਰਮਾਨੰਦ ਸੁਨੋ ਸੁਖ ਦਾਨੀ ॥ ਮੂਲੇ
ਤੇ ਮਾਂਗਹੁ ਤੁਮ [6]ਸਾਹਾ ॥ ਭਲੀ ਭਾਂਤ ਜੋ ਹੋਹਿ ਬਿਵਾਹਾ ॥ ੪੪ ॥
ਕੀਨ [7]ਪ੍ਰਿਥਕ ਮੂਲੇ ਕੋ ਤਬਹੀ ॥ ਪਰਮਾਨੰਦ ਕਹੀ ਬਿਧ ਸਭ
ਹੀ ॥ ਕੰਨਿਆ [8]ਬਰ ਕੀ [9]ਬੈ ਹੈ [10]ਤਰਨਾ ॥ ਸਾਹਾ ਲਿਖ ਦੇਹੁ
[11]ਆਚਰਨਾ ॥ ੪੫ ॥ ਸੁਣ ਮੂਲਾ ਦੀਵਾਨ ਉਚਾਰੇ ॥ ਨਹਿ ਮਾਨੋ
ਮਨ ਬੈਨ ਤੁਮਾਰੇ ॥ ਏਕ ਬਰਖ ਬੀਤੇ ਤਹਿ ਪਾਛੇ ॥ ਲਿਖ ਭੇਜੋਂ
ਸਾਹਾ ਮੈਂ ਆਛੇ ॥ ੪੬ ॥ ਕਰਤ ਨਾਨਕੀ ਉਤਸ਼ਵ ਭਾਰੀ ॥
ਸਦਨ ਬੁਲਾਈ [12]ਨਾਗਰ [13]ਨਾਰੀ ॥ ਨਾਮ ਗੁਰੂ ਲੇ ਗੀਤਨ ਗਾਏ
॥ ਅਨਕ ਬਿਧਨ ਬਾਜੇ ਬਜਵਾਏ ॥ ੪੭ ॥ ਦੋਹਿਰਾ ॥ ਦਿਸ

---

੧. ਪਰਮਾਨੰਦ ਦਾ ਨੰਦਨ ਪੁਤਰ ਜੈਰਾਮ ਜੀ। ੨. ਘਰ। ੩. ਸਰਪੰਚ। ੪. ਕੇਸਰ ਦਾ ੫. ਚਿੰਤਾ ਦੂਰ ਹੋ ਗਈ,ਖੁਸ਼ੀ ਨੂੰ ਕਥਨ ਕਰਦੇ ਹਨ। ੬. ਮੁਕੱਰਰ ਕੀਤਾ ਦਿਨ। ੭. ਵਖਰਾ ੮. ਵਰ ਦੇ ਲਾਇਕ। ੯. ਉਮਰਾ। ੧੦. ਜਵਾਨ। ੧੧. ਦੇਰ ਤੋਂ ਬਿਨਾਂ। ੧੨. ਪੁਰਸ਼। ੧੩. ਇਸਤਰੀ।

ਗ੍ਰਹਿ ਸੰਮਤ ਹਾੜ ਦਸ ਕੁੜਮਾਈ ਗੁਰ ਕੇਰ ॥ ਉਤਸ਼ਵ ਕੋ ਕਵ
ਕਹਿ ਸਕੈ ਜਿਸ ਬਿਧ ਭਯੋ ਬਡੇਰ ॥ ੪੯ ॥ ਇਤਿ ਸ੍ਰੀ ਗੁਰ
ਪੁਰ ਪ੍ਰਕਾਸ਼ ਗ੍ਰੰਥੇ ਪ੍ਰਿਥਮ ਮਹਿਲੇ ਕੁੜਮਾਈ ਪ੍ਰਸੰਗ ਬਰਨਨੰ ਨਾਮ
ਦ੍ਵਾਦਸਮੋਂ ਮੰਦਰਹਿ ॥ ੧੨ ॥

ਦੋਹਿਰਾ ॥ ਸ੍ਰੀ ਨਾਨਕ ਗੁਰਦੇਵ ਜੀ ਮੋਦੀ ਕਾਰ ਚਲਾਇ
॥ ਦੇਵੈਂ ਦਾਨ ਅਪਾਰ ਨਰ ਸਾਵਨ ਜਿਉਂ ਬਰਖਾਇ ॥ ੧ ॥
ਚੌਪਈ ॥ ਕਈ ਨਰ ਐਸੇ ਬਚਨ ਅਲਾਵੈਂ ॥ ਆਜ ਕਾਲ ਮੋਦੀ
ਭਜ ਜਾਵੈਂ॥ [1]ਦੂਤੀ ਭਈ ਜਰਾਮ ਸੋਂ ਕੀਨੀ॥ ਭਾ ਤਬ [2]ਸ਼ੋਕ ਨਦੀ
ਮੈਂ ਲੀਨੀ ॥ ੨ ॥ ਸ੍ਰੀ ਨਾਨਕ ਤਿਸ ਮਨ ਕੀ ਜਾਨ ॥ ਜੀਜਾ ਜੀ
ਸੁਨੀਏਂ ਮਮ ਬਾਨੀ ॥ ਅਬ ਲੇਖਾ ਕਰੀਏ ਚਲ ਜਾਈ ॥ ਸੁਨ
ਜਰਾਮ ਮਨ ਆਨੰਦ ਪਾਈ ॥ ੩ ॥ ਦੋਹਿਰਾ ॥ ਲੇਖਾ ਗਿਨਨੇ
ਕੋ ਚਲੇ ਜਾਦੋ ਰਾਇ [3]ਨਵੀਸ॥ [4]ਆਮਦ ਖਰਚ ਲਿਖਾਵਤੇ ਸ੍ਰੀ ਜਗ
ਕੇ ਜੋ [5]ਈਸ ॥ ੪ ॥ ਪਾਚ ਦਿਵਸ ਲੇਖਾ ਭਯੋ ਬਹੁ [6]ਅੜਾਵਨੀ
ਪਾਇ ॥ [7]ਤਿਨ ਸੈ ਇੱਕੀ ਪੁਨਾ ਭੀ ਬਾਕੀ ਨਿਕਸੀ ਆਇ ॥ ੫ ॥
ਸਵੈਯਾ ॥ ਐਸੇ ਹੀ ਕਾਲ ਬਤੀਤ ਕਰਾ ਇਕ ਸਾਲ ਭਯੋ [8]ਪਸਚਾਤ
ਸਗਾਈ ॥ ਮੂਲੇ ਨੇ ਕੀਨ ਬਿਚਾਰ ਤਬੈ ਅਬ ਬਿਆਹ ਕਰੈਂ ਪੁਤਰੀ
[9]ਤਰਨਾਈ ॥ ਕਾਗਦ ਕੇਸਰ ਕੋ ਮੰਗਵਾਇ ਕੈ ਸਾਹਾ ਲਿਖਯੋ ਮਨ
ਆਨੰਦ ਪਾਈ ॥ ਮਾਸ ਅਸਾੜ ਸੁਦੀ ਸਪਤੈ ਤਿਲਵੰਡੀ ਪੁਰੈ ਨਰ
ਕੀਨ ਹੈ ਧਾਈ ॥ ੬ ॥ ਆਨ ਕੋ ਕਾਲੂ ਕੈ [10]ਭੌਨ ਦਈ ਸੁਨ ਕੈ
ਮਨ ਮਾਹਿ [11]ਖਿਰੀ ਸੁਖ ਬਾਰੀ ॥ ਨਾਨਕ ਪਾਨ ਗ੍ਰਹੰਨ ਹੁਵੈ ਅਬ
ਬਾਸਰ ਆਜ ਜਯੈ ਬਲਿਹਾਰੀ॥ [12]ਪਾਤੀ ਲਿਖੀ ਸੁਲਤਾਨ ਪੁਰੇ ਸਭ

---

੧. ਚੁਗਲੀ ਕੀਤੀ। ੨. ਚਿੰਤਾ ਦੀ ਨਦੀ ਵਿਚ। ੩ ਮੁਨਸ਼ੀ ਲਿਖਣ ਵਾਲਾ।
੪. ਆਮਦਨ। ੫. ਈਸਰ ਰੂਪ ਗੁਰੂ ਨਾਨਕ। ੬. ਅੜਾਉਣੀਆਂ ਪਾ ਪਾ ਕੇ।
੭. ਤਿੰਨ ਸੌ ਇਕੀ ਰੁਪੈ ਬਾਕੀ ਨਿਕਲੀ। ੮. ਪਿਛੋਂ। ੯. ਜਵਾਨ। ੧੦. ਘਰ।
੧੧. ਖਿੜੀ। ੧੨. ਚਿਠੀ ਵਿਆਹ ਦੇ ਦਿਨ ਦੀ।

ਆਵਹੁ ਬਿਆਹਿ ਰਚੋਂ ਅਬ ਭਾਰੀ ॥ ਦੂਸਰ ਨਿਜ ਸਸੁਰਾਰਹਿ ਭੇਜ ਸੁਨੀ ਜਬ ਆਇ ਸਮਾਜ ਲੇ ਸਾਰੀ ॥ ੭ ॥ ਸੁਨ ਲੀ ਪਤੀਆ ਰੈਰਾਮ ਜਬੈ ਪੁਨ ਨਾਨਕੀ ਜੀ ਕੋ ਸੁਨਾਈ ਸਬੀ ॥ [੧]ਹਰਖੰਤ ਰਿਦੇ ਗੁਰ ਨਾਨਕ ਜੀ ਕੀ ਤਿਆਰੀ ਕਰੀ ਮਨ [੨]ਮੋਦ ਸਬੀ ॥ ਨ੍ਰਿਪ ਦੌਲਤ ਖਾਨ ਕੀ [੩]ਆਇਸ ਲੇ ਭਾਈ ਬਾਲਾ ਜੀ ਸਾਥ ਚਲਾਯੋ ਅਬੀ ॥ ਚਲਕੈ ਤਿਲਵੰਡੀ ਮੈਂ ਆਇ ਬਰੇ ਮਾਨੋਂ [੪]ਸ਼ੇਸ਼ ਮਨੀ ਗਹੀ ਆਇ ਲਬੀ ॥ ੮ ॥ ਮਿਲੇ ਪਿਤ ਮਾਤ ਔ ਚਾਚਾ ਕੇ ਸਾਥ ਬੇਦੀ ਜੋ ਬੰਸ ਸਭੀ ਤਹਿ ਆਯੋ ॥ ਰਾਇ ਸੁਨਿਓ ਜਬ [੫]ਧਾਇ ਅਯੋ [੬]ਚਰਨਾਨ ਗੁਰੂ ਪਰ ਸੀਸ ਨਿਵਾਯੋ ॥ ਮਿਲਕੈ ਸਭ ਬਾਲ ਸਖਾਈ ਕੇ ਮਿਤ੍ਰਨ ਨਾਨੇ ਔ ਨਾਨੀ ਔ ਨਾਮੇ ਮਿਲਾਯੋ ॥ ਕੌਨ ਕਹਿ ਤਹਿ ਕਾਲ ਕੇ ਆਨੰਦ ਜੋ ਤਿਲਵੰਡੀ ਕਾਲੂ ਗ੍ਰਿਹਿ ਛਾਯੋ ॥ ੯ ॥ ਦੋਹਿਰਾ ॥ ਹਰਖਤ ਉਰ ਮਹਿ ਸਰਬ ਜਬ ਕਾਲੂ ਬਹੁ ਸੁਖ ਪਾਇ॥ [੭]ਤੂਰਨ ਤਿਆਰੀ ਕੋ ਕਰਤ ਖਹਚਤ ਧਨ ਕਰ [੮]ਚਾਇ ॥ ੧੦ ॥ ਸੋਰਠਾ ॥ ਸ੍ਰੀ ਨਾਨਕ ਮਾਤ ਕਰੀ ਰੀਤ ਜੇ ਬਿਆਹ ਕੀ ॥ ਮੰਗਲ ਸਦਨ ਸੁਹਾਤ [੯]ਤੋਰਣ ਦਰ ਪਰ [੧੦]ਰਾਜ ਹੀ ॥ ੧੧ ॥ ਕਬਿੱਤ ॥ ਨਗਰ ਕੀ ਨਾਰੀ ਸਭ ਲੀਨ ਹੈ [੧੧]ਹਕਾਰ ਭਲੇ ਸੁਨ [੧੨]ਹੁਲਸਾਇਕੈ ਅਨੰਦ ਧਰ ਆਵਤੀ ॥ ਬੇਦਨ [੧੩]ਬਧੂਟੀ [੧੪]ਛਬ ਸਭਨ ਕੀ ਲੂਟੀ ਮਨੋ ਬਾਂਧ ਬਾਂਧ ਟੋਲੀ ਮੁਖ [੧੫]ਮੰਦ ਮੰਦ ਗਾਵਤੀ ॥ [੧੬]ਬਸਨ ਔ [੧੭]ਭੂਖਨ ਸਭ ਧਰੇ ਹੈਂ ਨਵੀਨ ਸੁਭ ਨਾਨਕ ਕੇ ਬਿਆਹ ਹਿਤ[੧੮]ਹੀਏ ਹੁਲਸਾਵਤੀ ॥ ਬਰੀ ਦਰ ਨਾਰੀ ਗੁਰੂ ਮਾਤ ਸਤਕਾਰੀ ਸਭ ਭਈ ਭੀਰ ਭਾਰੀ ਘਰ ਬਾਵਹੂ ਨ ਪਾਵਤੀ ॥ ੧੨ ॥ ਦੇਤ ਹੈਂ ਵਧਾਈ

---

੧. ਪ੍ਰਸੰਨ ਹਿਰਦੇ ਵਿਚ। ੨. ਖੁਸ਼ੀ। ੩. ਆਗਿਆ। ੪. ਸ਼ੇਸ਼ਨਾਗ ਦੇ ਸਿਰ ਦੀ ਮਣੀ ਲਭੀ ਹੈ। ੫. ਦੌੜ ਕੇ। ੬. ਚਰਨਾਂ ਪਰ। ੭. ਛੇਤੀ। ੮. ਉਤਸ਼ਾਹ ਨਾਲ। ੯. ਲੜੀਆਂ। ੧੦. ਇਸਥਿਤ। ੧੧. ਬੁਲਾ ਕੇ। ੧੨. ਪ੍ਰਸੰਨ। ੧੩. ਬੇਦੀ ਘਰ ਦੀਆ ਇਸਤ੍ਰੀਆਂ। ੧੪. ਸ਼ੋਭਾ। ੧੫. ਸਹਿਜੇ ਸਹਿਜੇ। ੧੬. ਕਪੜੇ। ੧੭. ਗਹਿਣੇ। ੧੮. ਹਿਰਦੇ ਵਿਚ ਪ੍ਰਸੰਨ ਹੁੰਦੀਆਂ ਹਨ।

ਲੇਤ ਸੌ ਗੁਨੀ ਚਢਾਇ ਸੀਸ ਪੂਜ [1]ਜਗਦੀਸ ਕੋ ਅਬਿਘਨ ਮਨਾ-
ਵਈ ॥ ਸੁਨੇ ਪੁਰ ਸਾਰੇ ਆਏ [2]ਜਾਚਕ ਦੁਵਾਰੇ ਮਿਲ ਮਾਂਗਤ ਜੋ
ਦੇਤ ਸੋਊ [3]ਛੂਛ ਨ ਹਟਾਵਈ ॥ ਕੀਨੇ ਪਕਵਾਨ ਬਾਂਟ ਦੀਨੇ
ਸਨਮਾਨ ਸਨ ਅਧਕ ਉਮੰਗ ਸੰਗ ਅੰਗ ਮੈਂ ਨ ਮਾਵਈ ॥
[4]ਦੁੰਦਭੀ ਔ [5]ਭੇਰੀ ਪੌਰ ਪਰ ਬਿਧ ਖਰੀ ਬਾਜੈ ਨਾਰ ਨਰ
ਭੀਰ ਕੋਊ ਛਕੈ ਕੋ ਛਕਾਵਈ ॥ ੧੩ ॥ ਦੋਹਿਰਾ ॥
ਦਿਵਸ ਬਿਤੀਤੇ ਕਿਤਕ ਇਵ ਸਾਹਾ ਅਯੋ ਸਮੀਪ ॥
ਲਗੇ ਕਰਨ ਤਿਆਰੀ ਚਲਨ ਬਿਆਹਨ ਕੁਲ ਕੋ ਦੀਪ ॥ ੧੪ ॥
ਸਵੱਯਾ ॥ ਭੂਪਤ ਪਾਸ ਤੈ ਕਾਲੂ ਗਯੋ ਸਭ ਜਾਨ ਬਰਾਤ ਕੀ
[6]ਗਾਥ ਸੁਨਾਈ ॥ ਸੁਨ ਰਾਇ ਰਿਦੈ ਹਰਖਾਇ ਮਹਾਂ ਗੁਰੁ ਜਾਨਕੈ
ਬਾਤ ਸੁਨਾਈ ॥ ਸਭੈ ਕਛੁ ਸ੍ਰੀ ਕਰਤਾਰ ਦਯੋ ਤੁਹਿ ਨਾਹਿ ਕਮੀ
ਕਿਸ ਭਾਤ ਲਖਾਹੀ ॥ [7]ਤੱਦਪਿ ਭੀ ਜਸ ਪੂਤ ਹੈ ਤੋਹਿ ਕੋ ਤੈਸੇ
ਗੁਰੂ ਮਮ ਲੇਹੁ ਲਖਾਈ ॥ ੧੫ ॥ ਅੜਿੱਲ ॥ ਇਸ ਹਿਤ ਕਾਲੂ
ਚੰਦ ਬੇਨਤੀ [8]ਗਾਇ ਹੈਂ ॥ ਜੋ ਆਵਹਿ ਸਤਿਗੁਰ ਕਾਜ ਸਫਲ ਸੋ
ਪਾਇ ਹੋਂ ॥ ਅਸ ਕਹਿ ਅਧਿਕ ਸਮਾਜ ਦੀਓ ਨ੍ਰਿਪ [9]ਹਰਖ ਧੁਤ
॥ ਹੋ ਕਹੈ ਕਰੋ ਯਸ [10]ਭੂਰ ਉਦਾਰੇ ਅਹੋ ਚਿਤ ॥ ੧੬ ॥ ਸਵੱਯਾ ॥
ਆਨ ਸੁ ਕਾਲੂ ਨੇ ਧਾਮ ਵਿਖੇ ਤਤਕਾਲ ਕਰੀ ਚਢਨੇ ਕੀ ਤਿਆਰੀ
ਆਪਨੇ ਆਪਨੇ [11]ਵਾਹਿਨ ਸਾਜ [12]ਅਰੂਢ ਭਏ ਤਨ [13]ਪੋਸਸ
ਧਾਰੀ ॥ ਲੋਕਕ [14]ਬੰਸਕ ਗੀਤ ਕਰੀ ਸਭ ਬ੍ਰਿੱਧ ਮਿਲੀ ਤਹ ਨਾਗਰ
ਨਾਰੀ ॥ ਮਾਨਹੁ [15]ਕੋਕਿਲਕਾ ਕੁਹਕਾਵਤ ਗਾਵਤ ਗੀਤਨ ਆਨੰ
ਭਾਰੀ ॥ ੧੭ ॥ [16]ਸਾਰਸ ਲੋਚਨ [17]ਬੰਧ ਬਿਮੋਚਨ ਰੂਪ ਬਿਲੋਕ

---

੧. ਵਾਹਿਗੁਰੂ। ੨. ਮੰਗਤੇ। ੩. ਖਾਲੀ। ੪. ਨਗਾਰਾ। ੫. ਭੇਰੀਆ
ਦਰਵਾਜ਼ੇ ਅਗੇ। ੬. ਕਥਾ। ੭. ਫਿਰ ਵੀ। ੮. ਕਥਨ ਕਰਦਾ ਹਾਂ। ੯. ਪ੍ਰਸੰਨ
੧੦. ਬਹੁਤ ਜਸ। ੧੧. ਸਵਾਰੀ। ੧੨. ਚੜ੍ਹ ਕੇ। ੧੩. ਪੁਸ਼ਾਕ। ੧੪. ਸੋਨੇ
੧੫. ਕੋਇਲਾਂ ਦੀ ਤਰ੍ਹਾਂ ਇਸਤ੍ਰੀਆਂ ਮਿਠੇ ਮਿਠੇ ਗੀਤ ਗਾਉਂਦੀਆਂ ਹਨ। ੧੬. ਕੰਵ
ਨੈਣ। ੧੭. ਬੰਧਨ ਤੋਂ ਛੁਡਾਉਣ ਵਾਲੇ ਗੁਰੂ ਜੀ ਦਾ ਰੂਪ।

ਹੈ ਮਨ ਹਾਰੀ ॥ ਸੇਹਰੇ ਸੋਂਹੈ [੧]ਲਿਲਾਰ ਉਦਾਰ ਕੇ ਸੀਸ ਪੈ [੨]ਹੇਮ
[੩]ਕਰੀਟ ਹੈ ਧਾਰੀ ॥ ਸੋਭਾ ਕੇ [੪]ਮੌਰ ਫਿਰੈ ਚਿਤ ਚੋਰ ਪਿਸੈਂ ਨਰ ਦੌਰ
ਸੁ ਭੀਰ ਭੀ ਭਾਰੀ ॥ ਹੋਇ ਅਰੂਢ ਚਲੇ [੫]ਬੜਵਾ ਪਰ ਜੀਨ ਜਟੇ
ਝਮਕੈ ਨਗ ਚਾਰੀ ॥ ੧੮ ॥ ਕਬਿੱਤ ॥ ਸੁੰਦਰ [੬]ਮਤੰਗ ਸਜਿਓ
[੭]ਆਰਨ ਅੰਬਾਰੀ ਸੰਗ ਤਾ ਪੈ ਚਢ ਕਾਲੂ ਅੰਗ ਆਨੰਦ ਨ
[੮]ਮਾਵਈ ॥ ਲਾਲੂ [੯]ਗਜਾ ਰੂਢ ਭਯੋ ਰਾਮ ਚੰਦ ਕਾਨ੍ਹਾ ਪੁਨ ਚਢਿਓ
ਜਗਜੀਤ ਮੱਲ ਲਾਲਾ ਨੰਦ ਭਾਵਈ ॥ ਜੱਟ ਮੱਲ ਇੰਦ ਸੈਨ [੧੦]ਨੰਦ
ਲਾਲ [੧੧]ਮੈਨ ਸਸ ਸੋਭਾ ਐਨ ਰਥ ਪਰ ਚਢੇ ਛਬ ਪਾਵਈ ॥ ਚੰਦ
ਭਾਨ ਕੌਲ ਨੈਨ ਸ਼ਿਵਲਾਲ ਕਾਮ ਸੈਨ ਮਾਨ ਚੰਦ ਮਾਨ ਸੰਗਚਢਿਓ
ਹਰਖਾਵਈ ॥ ੧੯ ॥ ਛਪੈ ॥ ਪਰਮਾ ਨੰਦ ਜੈਰਾਮ ਬਹੁਰ ਚਢ
ਚਲਿਓ ਵਿਰੰਦਾ ॥ ਤਖਤ ਰਾਮ ਜਗ ਰਾਇ ਬਨਿਓ ਸੁਭ ਅਰਜਨ
ਚੰਦਾ ॥ ਐਰ ਦਿਵਾਨੀ ਮੱਲ ਮੋਹਨ ਮਨ ਭਲੋ ਸਹਾਈ ॥ ਲਖਪਤ
ਰਾਇ ਕੁਲੀਨ ਚਢਿਓ ਸਭ ਔਰੈ ਭਾਈ ॥ ਬੇਦੀ ਪੁਨ ਛਤ੍ਰੀ ਅਪਰ
ਕੇਤਕ ਗਿਨੀਏਂ ਨਾਮ ਤਿਨ ॥ ਸਭ ਬਾਨੇ ਨੀਕ ਬਨਾਇ ਕੈ ਚਲੈ
ਜੰਞ ਲੈ ਮੋਦ ਜਿਨ ॥ ੨੦ ॥ ਸਵੈਯਾ ॥ ਦਿਸ ਏਕ [੧੨]ਤੁਰੰਗਨ
ਚੰਚਲ ਸੁੰਦਰ ਜਾਤ [੧੩]ਕੁਦਾਵਤ ਭੂਖਨ ਧਾਰੀ ॥ ਦਿਸ ਏਕ
ਮਤੰਗ ਅੰਬਾਰਨ ਸੰਗ ਕਰੈਂ ਜਿਨ ਗੰਢਹਿੰ [੧੪]ਭ੍ਰਿੰਗ ਗੁੰਜਾਰੀ ॥
ਦਿਸ ਏਕ ਚਲੇ [੧੫]ਸਿਵਕਾ ਰਥ ਪੰਗਤ ਬੀਚ ਬਿਰਾਜਹਿੰ ਬਾਹਿਜ
ਚਾਰੀ ॥ ਦਿਸ ਏਕ [੧੬]ਤੁਖਾਰ ਚਲੇਂ [੧੭]ਸਕਟੇ ਗਮਨੇ ਮਗ ਹੋਤ
[੧੮]ਕੁਲਾਹਲ ਭਾਰੀ ॥ ੨੧ ॥ ਬਾਜਤ ਢੋਲ [੧੯]ਦਮਾਮੇ ਵਡੇ [੨੦]ਤੁਰਹੀ

---

੧. ਮਥੇ ਤੇ । ੨. ਸੋਨੇ ਦੀ । ੩. ਜਿਗ੍ਹਾ ਕਲਗੀ । ੪. ਸੋਮਣੀ । ੫. ਦਾਵਾ ਵਾ ਅਗਨ । ੬. ਹਾਥੀ । ੭. ਲਾਲ । ੮. ਸਮਾਉਂਦਾ ਨਹੀਂ ਹੈ । ੯. ਹਾਥੀ ਪਰ ਚੜ੍ਹਿਆ । ੧੦. ਨਾਮ ਹੈ । ੧੧ ਕਾਮ ਵਰਗਾ, ਸ਼ੋਭਾ ਦੇ ਘਰ । ੧੨ ਘੋੜਾ ਚੰਚਲ । ੧੩ ਟਪਦਾ ਹੈ । ੧੪ ਭੌਰਾ ਜਿਸਤਰਾਂ ਫੁਲਾਂ ਤੇ ਗੁੰਜਾਰ ਕਰਦਾ ਹੈ । ੧੫ ਪਾਲਕੀਆਂ । ੧੬ ਊਠ ੧੭ ਗਡੇ । ੧੮ ਰੌਲਾ । ੧੯ ਨਗਾਰੇ । ੨੦ ਤੁਰੀਆਂ ।

ਡਫ ਸੌਂ ਮੁਰਲੀ [1]ਕਰਨਾਈ ॥ ਝਾਂਜਰ [2]ਭੂਰ [3]ਨਫੀਰ ਬਜੈ ਮੁਖ ਬਾਤ ਕਰੀ ਨਹਿੰ ਦੇਤ ਸੁਨਾਈ ॥ ਰੰਗ ਅਨੇਕਨ ਕੇਰ [4]ਪਤਾਕ ਲੀਏ ਕਰ ਮਾਹਿੰ ਸੁ ਆਗੇ ਹੀ ਧਾਈ ॥ ਮੰਗਲ [5]ਭੌਨ ਭਏ ਸ਼ੁਭ [6]ਸੌਨ ਸਮੈਂ ਸਭ [7]ਗੌਨ ਕੇ ਦੀਨੋ ਦਿਖਾਈ ॥ ੨੨ ॥ ਦੋਹਿਰਾ ॥ ਬਾਲਾ ਰਾਖ੍ਯੋ ਸੰਗ ਨਿਜ ਖਰਚ [8]ਪ੍ਰਿਥਕ ਕਛੁ ਦੇਯ ॥ ਸੁਨੀਯੇ ਸ੍ਰੀ ਹਰਿ ਪ੍ਰੇਮ ਜੀ ਕਥਾ ਸਾਰ ਰਸ ਲੇਯ ॥ ੨੩ ॥ ਸਵੱਯਾ ॥ ਹੋਤ ਕੁਲਾਹਲ ਬਾਦਤ ਬਾਜਤ ਆਇ ਗਏ ਸਭ [9]ਤੀਰ ਬਿਪਾਸਾ ॥ ਕੇਵਟ ਆਇ ਮਿਲਿਯੋ ਤਬ ਬਹੁ ਦੂਲਹਿ ਕੋ ਦਰਸਿਓ ਸੁਖ ਰਾਸਾ ॥ ਤਰਨੀ ਬਹੁ ਸੁੰਦਰ ਲਿਆਵਤ ਭੇ ਨਰ ਚਾਢ ਸਮਾਜ ਸੁ ਦੀਨ ਚਢਾਸਾ ॥ ਹੀਨ ਬਿਲੰਭਹਿ ਅੰਭ ਤੇ ਪਾਰ ਕਰੇ ਸਭ ਹੀ ਨਿਜ ਲਾਇ ਕੈ ਦਾਸਾ ॥ ੨੪ ॥ ਦੋਹਿਰਾ ॥ ਸਭ ਜਨੇਤ ਉਲਘੀ ਜਬੈ ਕਾਲੂ ਦੇਹਿ ਇਨਾਮ ॥ ਕਹਿ [10]ਕੇਵਟ ਗੁਰ ਜਾਤ ਮਮ ਇਨ ਸੇ ਲੇਹਿੰ ਨ [11]ਦਾਮ ॥ ੨੫ ॥ ਆਏ ਹਮਰੇ ਘਾਟ ਗੁਰ ਕਰ ਦੀਨੇ ਹਮ ਪਾਰ ॥ ਜਬ ਜਾਵੈਂ ਹਮ ਘਾਟ ਇਨ ਕਰੈਂ ਭਵੋ ਨਿਧ ਪਾਰ ॥ ੨੬ ॥ ਲੇਵੈ ਨਹਿੰ ਕਾਲੂ ਦਯੋ ਧਨ ਬਹੁ ਹਰਖ ਮਨਾਇ ॥ ਕੌਤਕ ਕਰਤ ਅਨੇਕ ਬਿਧ ਬਾਟਾਲੇ ਨਿਕਟਾਇ ॥ ੨੭ ॥ ਰੰਧਾਵੇ ਕੋ ਤਿਆਗ ਕੈ ਮੂਲਾ ਸੁਮਤ ਦਿਵਾਨ ॥ ਬਸਯੋ ਬਟਾਲੇ ਆਇ ਕੈ ਜਹਿੰ ਅਬ ਗੁਰ ਅਸਥਾਨ ॥ ੨੮ ॥ ਕਬਿੱਤ ॥ ਪਰਮਾ ਨੰਦ ਨੰਦਨ ਜੈਰਾਮ ਦਿਜ ਬੋਲ ਲੀਨੋ ਦੀਨੇ ਸੋ ਪਠਾਇ ਸੁਧ ਦੀਜੀਏ ਬਰਾਤ ਕੀ ॥ ਮਿਲਿਓ ਮੂਲੇ ਜਾਇ ਮੁਖ [12]ਆਸਿਖਾ ਅਲਾਏ ਭਲੇ ਸੁਨੋ ਜਜਮਾਨ ਕਲਿਆਨ ਤੇਰੌ ਗਾਤ ਕੀ ॥ ਕਾਲੂ ਚੰਦ ਮੰਤਰੀ ਕੀ ਉਤਰੀ ਬਰਾਤ ਆਨ ਆਯੋ ਸੁਧ ਦੇਨ ਜਹਿ ਸੋਭਾ ਬਹੁ ਭਾਂਤ ਕੀ ॥

੧. ਇਕ ਪ੍ਰਕਾਰ ਦਾ ਨਰਸਿੰਗਾ। ੨ ਬਹੁਤ। ੩ ਤੂਤੀ। ੪ ਝੰਡੀਆਂ। ੫ ਘਰ। ੬ ਸ਼ਗਨ। ੭ ਚਲਣ ਵੇਲੇ। ੮ ਵੱਖਰੇ। ੯ ਬਿਆਸ ਦੇ ਕਿਨਾਰੇ। ੧੦ ਮਲਾਹ। ੧੧ ਰੁਪੈ। ੧੨ ਅਸੀਸ।

ਮੂਲੇ ਕੀਨੀ ਬੰਦਨਾ ਅਨੰਦ ਰਿਦੈ ਮਾਨ ਕਹਯੋ ਭਲੀ ਬਾਤ ਭਈ
ਸੁਧ ਲੇਵੈਂ ਸਭੈ ਆਤਕੀ ॥ ੨੯ ॥ ਇਤਿ ਸ੍ਰੀ ਗੁਰ ਪੁਰ ਪ੍ਰਕਾਸ਼
ਗ੍ਰੰਥੇ ਪ੍ਰਿਥਮ ਮਹਿਲੇ ਬਿਆਹ ਪ੍ਰਸੰਗ ਬਰਨਨੰ ਨਾਮ ਤ੍ਰੋਦਸਮੋਂ
ਮੰਦਰਹਿ ॥ ੧੩ ॥

ਦੋਹਿਰਾ ॥ ਲੇ ਮੂਲਾ ਨਰ ਪੈਂਚ ਬਹੁ ਆਇ ਮਿਲਿਓ ਅਗ-
ਵਾਇ ॥ ਹੋਤ ਭਯੇ ਉਤਸ਼ਾਹ ਬਹੁ ਕੋ ਕਵਿ ਭਾਖ ਸੁਨਾਇ ॥ ੧ ॥
ਮਿਲ ਕਰ ਦੁਹ ਦਿਸ ਪਰਸਪਰ [੧]ਸਰਸਤ [੨]ਹਰਖਤ ਹੋਇ ॥ ਗਮਨੇ
ਨਗਰੀ ਕੋ ਬਹੁਰ ਚਹਿਤ ਕਰਯੋ ਅਬ ਢੋਇ ॥ ੨ ॥ ਸਵੱਯਾ ॥
[੩]ਗਜ ਗਾਜਤ ਸਾਜ ਸਜੇ ਸਭ ਹੀ ਧੁਨ ਘੰਟਨ ਕੀ ਉਠਹੀ ਬਡ
ਘੋਰਾ ॥ ਅਸ [੪]ਹਿੰਮਤ [੫]ਜੀਨ ਜਰਾਵ ਜਰੇ [੬]ਅਵਨੀ ਖੁਰ ਬਾਜ
[੭]ਰਹੇ ਚਹੁ [੮]ਓਰਾ ॥ ਰਥ ਜਾਤ ਚਲੇ ਛਨਕੈਂ ਘੁੰਗਰੂ ਪੁਨ ਚਕ੍ਰਨ
[੯]ਕੋ ਖਰਕੋ ਨਹਿ [੧੦]ਥੋਰਾ ॥ ਡਫ ਢੋਲ ਦਮਾਮਨ ਡੰਕ ਲਗੈ ਪਰ
ਆਪਨ ਕੋ ਨ ਸੁਨੈ ਵਡ [੧੧]ਸ਼ੋਰਾ ॥ ੩ ॥ ਏਕ [੧੨]ਮੰਤਗੀ ਪੈ ਕਾਲੂ
[੧੩]ਅਰੂਢ ਕਰੈ ਬਰਖਾ ਧਨ ਕੀ ਮਨ ਭਾਈ॥ ਦੂਸਰ ਪੈ ਚਢ [੧੪]ਤਾਤ
ਜੈਰਾਮ ਕੋ ਹੀਨ [੧੫]ਬਿਲੰਬ ਭਲੇ ਬਰਖਾਈ ॥ ਮੇਘ ਕੀ ਰੀਤ ਸੁਹਾਤ
ਦੋਊ ਤਬ ਨੀਚ ਔ ਊਚ ਬਿਚਾਰ ਨ ਕਾਈ ॥ ਕੀਰਤ ਯੌਂ ਬਿਸ-
ਤੀਰਤ ਹੈਂ ਜਨ [੧੬]ਪੂਰਨ ਚੰਦ ਨੇ [੧੭]ਜੌਨ ਸੀ ਛਾਈ ॥ ੪ ॥ ਦੂਲੋ
ਸਮੇਤ ਬਰਾਤ ਬਹੋਰ ਕੀਯੋ ਸੁਭ ਥਾਨ ਮੈਂ ਆਨਕੈ ਡੇਰਾ॥ [੧੮]ਰਾਜਹਿ
ਧੂਰ ਪਰੀ ਮੁਖ ਤੇ ਜਿਵ ਸੰਗ [੧੯]ਪਿਰਾਗ ਕੇ [੨੦]ਕੰਜਹਿ [੨੧]ਹੇਰਾ ॥
ਤੰਬੂ ਕਨਾਤਨ ਤਾਨੇ ਬਿਤਾਨਨ ਲਾਗੇ ਸ਼ਮਜਾਨਨ ਸੋਹੈਂ ਘਨੇਰਾ ॥

---

੧. ਅਧਕ। ੨. ਅਨੰਦ। ੩. ਹਾਥੀ ਗਜ ਰਹੇ ਹੈਂ। ੪. ਹਿਣਕਦੇ। ੫. ਕਾਠੀਆਂ। ੬. ਜਮੀਨ ਉਤੇ। ੭. ਖੁਰ ਵਜਾ ਰਹੇ ਹਨ [ਘੋੜਿਆਂ ਦੇ]। ੮. ਚੁਫੇਰੇ. ੯. ਪਹੀਆਂ ਦਾ। ੧੦. ਆਵਾਜ਼ ਥੋੜੀ ਨਹੀਂ ਭਾਵ ਬਹੁਤਾ ਹੈ। ੧੧. ਸ਼ੋਰ ਬੜਾ ਹੈ, ਆਪਣੀ ਪਰਾਈ ਕੋਈ ਗਲ ਨਹੀਂ ਸੁਣੀਂਦੀ। ੧੨. ਹਾਥੀ। ੧੩. ਚੜ੍ਹੇ ਹੋਏ। ੧੪. ਜੈਰਾਮ ਦਾ ਪਿਤਾ। ੧੫. ਛੇਤੀ ਨਾਲ। ੧੬. ਪੁੰਨਯਾ ਦੇ ਚੰਦ ਨੇ। ੧੭. ਚਾਂਦਨੀ। ੧੮. ਸੋਭਾ ਬਿਰਾਜ ਰਹੀ ਹੈ। ੧੯. ਫੁਲ ਦੀ ਧੂੜੀ। ੨੦. ਕੌਲ ਫੁਲ। ੨੧. ਦੇਖੀਦਾ ਹੈ।

ਜੋ ਚਹਿੰ ਚਾਹਿ ਦਈ ਸੋਊ ਤਾਹਿ [1]ਹਤਿਓ [2]ਸੂਮ ਦੂਰ ਲਗੀ ਨ
ਦੇਰਾ ॥ ੫ ॥ [3]ਧੇਨ ਕੇ ਧੂਲ ਕੋ ਵੇਲਾ ਭਯੋ ਤਬ ਛੂਟਨ ਲਾਗੀ
ਜੋਰ [4]ਹਵਾਈ ॥ ਮੰਗਲ ਕੀ ਸੁਧ ਦੇਨੇ ਕੇ ਹੇਤ ਮਨੋ [5]ਪਤੀਆ ਸੁ
[6]ਲੋਕ ਪਠਾਈ ॥ [7]ਬਾਜ [8]ਮਤੰਗ [9]ਉਤੰਗ ਬਰੂਦ ਕੇ ਝਾਰ ਮਤਾਬ
ਛੂਟੈ [10]ਫੂਲਵਾਈ ॥ ਹੋਤ ਪ੍ਰਸਾਦਿ ਤਿਆਰ ਭਯੋ ਬਹੁ ਸ੍ਵਾਦ ਸਨੇ
ਸਭ ਕੋ ਅਚਵਾਈ ॥ ੬ ॥ ਮਾਨਵ ਮੂਲੇ ਨੇ ਏਕ ਪਠਾ ਹਿਤ
ਲਜਾਵਨ ਕੇ ਤਿਨ ਜਾਇ ਸੁਨਾਵਾ ॥ ਧਾਰਹੁ ਆਪ ਚਲੋ [11]ਪਦ ਕੋ
ਅਬ ਕਾਲ ਭਯੋ ਹਿਤ ਲੇਵਨ ਲਾਵਾਂ ॥ ਯੌਂ ਸੁਨ [12]ਡੰਕ [13]ਨਿਸਾਨ
ਲਗੇ ਧੁਨ ਘੋਰ ਉਠੀ [14]ਘਨ ਜਿਉਂ [15]ਘਹਿਰਾਵਾ ॥ ਆਨੰਦ ਕੋ
ਉਰ ਧਾਰ ਤਬੈ ਗਮਨੋ ਮਿਲ ਸਾਜ ਸਮਾਜ ਸੁਹਾਵਾ ॥ ੭ ॥ ਬੇਦੀ
ਜੇ [16]ਬ੍ਰਿੰਦ ਔ ਬੇਦੀ [17]ਸਿਰੋਮਣ ਬੇਦੀ ਰਚੀ ਜਹਿੰ ਗੇ ਤਹਿ ਥਾਈ
॥ ਪੁੰਜ ਜਹਾਂ ਦਿਜਰਾਜ ਬਰਾਜਤ ਹੇਰ ਗੁਰੂ ਸੁ ਉਠੇ ਹਰਖਾਈ ॥ ਦੇ
ਮੁਖ [18]ਆਸਿਖ ਪਾਂਏਗਹੇਗੁਰਬੈਠਗਏਤਹਾਂ ਹੂੰ [19]ਚਹੁੰਘਾਈ॥ [20]ਪੰਕਜ
ਨੈਨ ਸੁ ਹੈ ਦਿਸ [21]ਦਾਹਿਨੀ ਬਾਮੇ ਸੁਲਖਣੀ ਸੋਭਾ ਕੋ ਪਾਈ ॥੮॥
ਦੋਹਿਰਾ ॥ ਇਤਨੇ ਮੈਂ ਹਰ ਦਿਆਲ ਜੀ ਬ੍ਰਹਮਾ ਕੇ ਅਵਤਾਰ ॥
ਹਾਥ ਜੋਰ ਬਿਨਤੀ ਕਰੈ ਸ੍ਰੀ ਸਤਿਗੁਰੂ ਦਇਆਰ ॥ ੯ ॥ ਸਵੱਯਾ॥
ਹੇ ਗੁਰੁ ਜੀ ਹਮ ਜਾਨਤ ਹੈਂ ਸਭ ਆਪ ਸੁ [22]ਪੰਥ ਰਚੋ ਸਿਖ ਭਾਰੀ
॥ ਤਾਹਿ ਨਮਿੱਤ ਗਿਰਾ [23]ਉਚਰੌ ਜੋਊ ਬੇਦੋਂ ਸੇ ਉਤਮ ਬਹੁ
ਪਰਕਾਰੀ ॥ ਜਗ [24]ਜੀਰਨ ਸਾਧਨ ਦੂਰ ਕਰੋ ਸੁਧ ਸਾਧਨ ਸ੍ਰਿਸ਼ਟ

---

੧. ਦੂਰ ਕੀਤਾ। ੨. ਥਕੇਵਾਂ। ੩. ਗਊ ਧੂੜ ਦਾ ਵੇਲਾ। ੪. ਇਕ ਤਰ੍ਹਾਂ ਦੀ ਆਤਸ਼ਬਾਜ਼ੀ ਹੈ। ੫. ਪਤ੍ਰਿਕਾ। ੬. ਦੇਵ ਲੋਕ। ੭. ਘੋੜੇ। ੮. ਹਾਥੀ। ੯. ਉਚੇ। ੧੦. ਇਕ ਆਤਸ਼ਬਾਜ਼ੀ। ੧੧. ਛੇਤੀ। ੧੨. ਚੋਟ। ੧੩. ਨਗਾਰੇ। ੧੪. ਬਦਲ। ੧੫. ਗਜਿਆ। ੧੬. ਸਾਰੇ। ੧੭. ਸਤਿਗੁਰੂ ਜੀ। ੧੮. ਅਸ਼ੀਰਬਾਦ। ੧੯. ਚਾਰੇ ਤਰਫ। ੨੦. ਭਾਵ ਗੁਰੂ ਜੀ। ੨੧. ਸਜੇ ਪਾਸੇ। ੨੨. ਸਿਖਾਂ ਲਈ ਵਡਾ ਪੰਥ ਦਸਣ ਕਰੋ। ੨੩. ਉਸ ਪੰਥ ਦੇ ਮੁਤਾਬਕ ਬਾਣੀ ਉਚਾਰਨ ਕਰੋ। ੨੪. ਪੁਰਾਣਾ।

ਕਰੋ [1]ਪਰਚਾਰੀ॥ ਆਪ ਕੋ [2]ਬਿਆਹ ਮੈਂ ਕੈਸੇ ਪਠੋਂ ਜਿਮ ਆਗਿਆ ਤਿਮ ਲੇਹਿੰ ਸੁਧਾਰੀ ॥ ੧੦ ॥ ਜਬ [3]ਰਾਵਰ ਸਰਗੁਨ ਰੂਪ ਧਰਿਯੋ ਤਬ ਜਾਨਿਯੋ ਮੈਂ ਰੂਪ ਸਹੀ ਕਰਤਾਰੀ ॥ ਸ੍ਰੀ ਪਿਤ ਤੋਹਿ ਪਠਾਨ ਲਗੇ ਤਬ ਪਾਂਧਾ ਔ ਮੁੱਲਾਂ ਜੋ ਪੰਡਤ ਭਾਰੀ ॥ ਤਿਨ ਹੂੰ ਕੋ ਦਯੋ ਉਪਦੇਸ਼ ਭਲੇ ਬ੍ਰਿਖ ਨਾਗ ਔ ਖੇਤ ਕੀ ਰੀਤ ਨਿਆਰੀ ॥ ਜਬ [4]ਯੱਗਜਪਵੀਤ ਮੈਂ ਪਾਨ ਲਗਯੋ ਤਬ ਆਪ ਕਰੀ ਗਤਿ ਸੁਧ [5]ਹਮਾਰੀ ॥ ੧੧ ॥ ਦੋਹਿਰਾ ਬਿਆਹਿ ਸਮਾ ਸੁਭ ਆਇਓ ਅਬ ਸੋ ਦੀਨ [6]ਦਯਾਰ ॥ ਜੋ ਕੁਛ ਨਿਜ ਆਗਿਆ ਕਰੋ ਭਲੀ ਸੋਈ ਹੈ ਕਾਰ ॥ ੧੨ ॥ ਸਵੱਯਾ ॥ ਸੁਨਕੇ ਹਰਿਦਿਆਲ ਕੀ ਬਾਤ ਸਭੀ ਅਸਚਰਜ ਹੂਵੇ ਇਤ ਊਤ ਕੋ ਹੇਰੈਂ ॥ ਕਹੈਂ ਸਭ ਪੰਡਤ ਜੀ ਹਰ-ਦਿਆਲ ਕਰਹੁ ਪੁਰਖੀ ਪਿਤ ਜੈਸੇ ਭਲੇਰੈ ॥ ਸੁਨਕੇ ਹਰਦਿਆਲ ਕਹੈ ਜਜਮਾਨਹੁ ਯਹ ਗੁਰ ਮਾਲਕ ਹੈਂ ਜਗ ਕੇਰੈ॥ ਕੌਣ ਹਾਂ [7]ਕੀਟ ਮੈਂ ਬਿਆਹਿ [8]ਪਠੋਂ ਇਨ ਜੌ ਨਹੀਂ ਆਗਯਾ ਸ੍ਰੀ ਮੁਖ [9]ਟੇਰੈਂ ॥ ੧੩ ॥ ਜਬ ਪੰਡਤ ਜੀ ਨਹਿ ਬਿਆਹਿ ਪਢੈਂ ਤਬ ਚਾਚਾ ਜੀ ਲਾਲੂ ਔ ਬਾਬਾ ਜੀ ਕਾਲੂ ॥ ਬੇਦੀ ਕੇ ਬੰਸ ਪ੍ਰਧਾਨ ਜਿਤੇ ਸਭ ਕਹਿਨ ਲਗੇ ਮੁਖ ਬੈਨ [10]ਰਸਾਲੂ ॥ ਹੇ ਸਿਰੀ ਨਾਨਕ ਜੀ [11]ਪੁਰਸ਼ੋਤਮ ਬੰਸ ਕੀਓ ਹਮਰੋ ਉਜਿਆਲੂ ॥ ਆਗਯਾ ਸੁ ਦੇਹੁ ਜੀ ਪੰਡਤ ਕੋ ਜਿਮ ਇਛ ਹੁਵੈ ਕਰ ਹੈ ਤਤਕਾਲੂ ॥ ੧੪ ॥ ਦੋਹਿਰਾ ॥ ਸ੍ਰੀ ਗੁਰ ਨਾਨਕ ਜੀ ਤਬੈ ਸ਼ਬਦ ਉਚਾਰਨ ਕੀਨ ॥ ਸੁਨ ਹੇ [12]ਸ੍ਰੋਤਾ ਗਨ ਸਭੈ ਲਿਖ ਹਮ ਇਹ ਠਾਂ ਦੀਨ ॥ ੧੫ ॥ ਸ੍ਰੀ ਮੁਖਵਾਕ ॥ ਸ੍ਰੀ ਰਾਗ ਮਹਲਾ ੧ ॥ ਘਰ ਦੂਜਾ ॥ ਆਪੇ ਰਸੀਆ ਆਪਿ ਰਸੁ ਆਪੇ

---

੧. ਨਵਾਂ ਪ੍ਰਚਾਰ। ੨. ਹੁਣ ਮੈਂ ਵਿਆਹ ਕਿਸ ਤਰਾਂ ਪੜ੍ਹਾਂ ਆਗਿਆ ਦਿਓ। ੩. ਆਪਨ ਸਰਗੁਣ ਰੂਪ ਧਾਰਿਆ ਹੈ, ਇਹ ਕਰਤਾਰ ਦਾ ਸਰੂਪ ਨਿਸਚੇ ਕੀਤਾ ਹੈ। ੪. ਜੰਞੂ ਪਾਣ ਵੇਲੇ। ੫. ਸਾਡੀ ਭੁਲ ਠੀਕ ਕੀਤੀ ਸੀ। ੬. ਦਯਾਲ। ੭. ਦਾਸ। ੮. ਪੜ੍ਹਾਂ। ੯. ਉਚਾਰਨ ਦਾ। ੧੦. ਸੁੰਦਰ। ੧੧. ਪੁਰਸ਼ਾਂ ਵਿਚੋਂ ਉਤਮ ਪੁਰਸ਼। ੧੨. ਕੰਨਾਂ ਨਾਲ

ਰਾਵਣ ਹਾਰੁ ॥ ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ ॥ ੧ ॥ ਰੰਗ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ ॥ ੧ ॥ ਰਹਾਉ ॥ ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ ॥ ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ ॥ ੨ ॥ ਆਪੇ ਬਹੁ ਬਿਧਿ ਰੰਗੁਲਾ ਸਖੀਏ ਮੇਰਾ ਲਾਲੁ ॥ ਨਿਤ ਰਵੈ ਸੋਹਾਗਣੀ ਦੇਖੁ ਹਮਾਰਾ ਹਾਲੁ ॥ ੩ ॥ ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ ॥ ਕਉਲ ਤੂਹੈ ਕਵੀਆ ਤੂਹੈ ਆਪੇ ਵੇਖਿ ਵਿਗਸੁ ॥ ੪ ॥ ਸਵੱਯਾ ॥ ਸ੍ਰੀ ਗੁਰ ਨਾਨਕ ਜੀ ਤਬ ਹੀ [1]ਮੁਖ ਚੰਦਹਿ ਤੇ [2]ਸੁਧ ਬੈਨ ਉਚਾਰੇ ॥ ਹਮ ਪੂਜਕ ਹੈਂ ਇਕ ਹੀ ਨਿਰੰਕਾਰ ਬਿਨਾਂ ਉਸ ਕੇ ਨਹੀਂ ਇਸ਼ਟ ਹਮਾਰੇ ॥ ਤਹਿ ਕੋ ਯਹ ਮੰਤ੍ਰ ਸੁ ਪੂਜ ਅਤੀ ਇਸ ਹੀ ਤੇ ਲਹੋ ਸਭ ਕਾਜ ਸੁਧਾਰੇ ॥ ਬਿਆਹੁ ਸੁ ਆਨੰਦ ਨਾਮ ਇਸੇ ਸਭ ਸਿੱਖ ਕਰੈਂ ਜਗ ਹੋਹਿੰ ਸੁਖਾਰੇ ॥ ੧੬ ॥ ਕਬਿੱਤ ॥ ਦੂਜੇ ਰੂਪ ਧਾਰ ਹੈਂ ਬਰਨ ਕੋ ਬਿਥਾਰ ਹੈਂ ਗੁਣੋਂ ਰੂਪ ਧਾਰ ਹੈਂ ਅਨੰਦ ਕੋ ਉਚਾਰ ਹੈਂ ॥ ਵੇਦ ਰੂਪ ਧਾਰ ਹੈਂ ਸੁ ਚਾਰ ਲਾਂਵਾ ਕਾਰ ਹੈਂ ਤੱਤ ਰੂਪ ਧਾਰ ਹੈਂ ਗਰੰਥ ਪਰਚਾਰ ਹੈਂ ॥ ਰਸੋ ਰੂਪ ਧਾਰ ਹੈਂ ਸੁ [3]ਤੇਗ ਗਰੇ ਧਾਰ ਹੈਂ ਰੂਪ ਵਾਰ ਧਾਰ ਹੈਂ ਨਿਥਾਵੇਂ ਥਾਵ ਕਾਰ ਹੈਂ ॥ [4]ਵਸੂ ਗ੍ਰਹ ਧਾਰ ਹੈਂ ਸੁ ਭਾਰ ਹਿੰਦ ਟਾਰ ਹੈਂ ਦਸਮੇਂ ਸਰੂਪ ਮਾਹਿ ਕੇਸੋਂ ਵਾਰੇ ਕਾਰ ਹੈਂ ॥ ੧੭ ॥ ਦੋਹਿਰਾ ॥ ਅਸ ਕਹਿ ਸ੍ਰੀ ਸਤਿਗੁਰ ਤਬੈ ਕਲਮ ਸਿਆਹੀ ਮੰਗ-ਵਾਇ ॥ ਕਾਗਦ ਕਰ ਮੈਂ ਧਾਰ ਕੈ ਲਿਖਯੋ ਐਸ [5]ਸੁਖਦਾਇ ॥ ੧੮ ॥

ੴ ਸਤਿਨਾਮੁ ਕਰਤਾ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

੧. ਸ੍ਰੀ ਗੁਰੂ ਨਾਨਕ, ਚੰਦ ਵਰਗਾ ਮੁਖ। ੨. ਸੁਧ ਬਚਨ। ੩. ਤਲਵਾਰ ਗਲੇ ਵਿਚ ਧਾਰੀ ਹੈ। ੪. ਸੂਰਜ, ਚੰਦ੍ਰ, ਧ੍ਰੂਵ, ਇੰਦਰ, ਧਰਤੀ, ਜਲ, ਵਾਯੂ, ਅਗਨੀ। ੫. ਸੁਖਾਂ ਦੇ ਦੇਣ ਵਾਲੇ ਗੁਰੂ ਨਾਨਕ ਜੀ।

ਦੋਹਿਰਾ ॥ ਅਸ ਲਿਖ ਚੌਕੀ ਪਰ ਧਰਯੋ ਲੀਨ ਪ੍ਰਕਰਮਾ ਚਾਰ ॥
ਲਗਹਿ ਆਗਹਿ ਸਤਿਗੁਰੂ ਮੂਲੇ ਪਾਛ [੧]ਕੁਮਾਰ ॥ ੧੯ ॥ ਪੰਡਤ
ਸ੍ਰੀ ਹਰਿਦਿਆਲ ਭੀ ਯਾ ਗੁਰ [੨]ਮੰਤਰ ਸਾਰ ॥ ਪਰਕਰਮਾ ਚਾਰੋਂ
ਬਖੇ ਪਰੁਯੋ ਬੇਰ ਸੁਭ ਚਾਰ ॥ ੨੦ ॥ ਸੋਰਠਾ ॥ ਸੰਬਤ ਬਿੰਸਤ
ਮਾਂਹਿ ਬਿਆਹਿ ਅਨੰਦ ਗੁਰ ਕੋ ਭਯੋ ॥ ਬਸੇ [੩]ਤੀਨ ਨਿਸ ਯਾਹਿ
ਮੂਲਾ ਦੇ ਬਹੁ ਦਾਨ ਕੋ ॥ ੨੧ ॥ ਪੁਨ ਗਮਨੇ ਪੁਰ ਓਰ ਲੇ [੪]ਡੋਰਾ
ਸ੍ਰੀ ਗੁਰ ਭਲੇ ॥ [੫]ਬਾਜਨ ਕੋ ਬਹੁ ਸ਼ੋਰ ਤਿਲਵੰਡੀ ਨਰ ਧੁਨਿ ਸੁਨੀ
॥ ੨੨ ॥ ਚੌਪਈ ॥ ਅਸ ਪ੍ਰਕਾਰ ਪੁਰ ਨਿਕਟ ਬਰਾਤਾ ॥ [੬]ਪ੍ਰਵਸੀ
ਦ੍ਵਾਰ ਪ੍ਰਕਾਰ ਸੁਹਾਤਾ ॥ ਜਹਾਂ ਚੌਂਕ ਹੈ ਚਾਰ ਬਜਾਰੂ ॥ ਤਹਿ ਮਹਿ
ਗਮਨੇ ਹਰਖ ਅਪਾਰੂ ॥ ੨੩ ॥ ਧਨ [੭]ਵਾਰਤ [੮]ਬਰਖਾ ਵਤ ਵਾਰੀ
॥ ਕਰਹਿੰ ਸੁਜਸ ਜਹਿੰ ਕਹਿੰ ਨਰ ਨਾਰੀ ॥ [੯]ਨਿਜ [੧੦]ਨਿਕੇਤ ਕੇ
ਨਿਕਟਹਿ ਆਏ ॥ ਅਨਕ ਭਾਂਤ ਕੇ ਹੋਤ ਵਧਾਏ ॥ ੨੪ ॥ ਭਾ
ਤ੍ਰਿਪਤਾ ਉਰ ਹਰਖ ਘਨੇਰਾ ॥ ਸਹਿਤ [੧੧]ਸਨੂਖਾ ਸੁਤ ਕੋ ਹੇਰਾ ॥
ਕਰਹਿੰ ਨਿਛਾਵਰ ਦਰਬ ਅਪਾਰਾ ॥ [੧੨]ਵਾਰਹਿੰ ਵਾਰ ਵਾਰ ਵਰ
ਵਾਰਾ ॥ ੨੫ ॥ ਜੇ ਕੁਲ ਰੀਤ ਸ਼ਗਨ ਬਹੁ ਕਰਹੀ ॥ ਹੌਂ ਬਲਿ-
ਹਾਰੀ ਬੈਨ ਉਚਰਹੀ ॥ ਭਯੋ ਸਪੂਤ ਨਿਕੇਤ ਹਮਾਰੇ ॥ ਬਿੰਸਤ ਏਕ
ਜਾਸ ਕੁਲ ਤਾਰੇ ॥ ੨੬ ॥ ਮਿਲੀ ਸੁਲੱਖਣੀ ਪੁਨ ਨਿਜ ਸਾਸੂ ॥
ਧਰਿਓ ਚਰਣ ਪਰ ਮਸਤਕ[੧੩]ਆਸੂ ॥ ਆਸਿਖ ਦੀਨੀ ਲੀਨੀ ਅੰਕਾ
॥ ਹਰਖ ਬਿਲੋਕਯੋ ਬਦਨ [੧੪]ਮਯੰਕਾ ॥ ੨੭ ॥ ਬੇਦੀ ਕੁਲ ਕੀ
ਮਿਲੀਂ [੧੫]ਬਧੂਟੀ ॥ ਦੇਖ ਦੇਖ ਮੁਖ ਸੁਖ ਜਨ ਲੂਟੀ ॥ ਨਿਕਟੇ

---

੧. ਮੂਲੇ ਦੀ ਲੜਕੀ। ੨. ਗੁਰਾਂ ਦੀ ਸਲਾਹ ਨਾਲ। ੩. ਤਿੰਨ ਰਾਤਾਂ ਰਹੇ। ੪. ਡੋਲਾ। ੫. ਵਾਜਿਆਂ ਦੀ ਬਹੁਤ ਹੀ ਘਨਘੋਰ ਆਵਾਜ਼। ੬. ਦਰਵਾਜ਼ੇ ਦੇ ਲਾਗੇ ਭਲੀ ਪਰਕਾਰ ਲੋਕੀ ਪ੍ਰਵੇਸ਼ ਹੋ ਗਏ। ੭. ਵਾਰਕੇ। ੮. ਬਰਖਾ ਦੇ ਨਿਆਈਂ ਧਨ ਵਾਰ ਕੇ ਸੁਟੀ ਜਾ ਰਹੇ ਹਨ। ੯. ਆਪਣੇ। ੧੦. ਘਰ ਦੇ। ੧੧. ਨੂੰਹ ਦੇ ਨਾਲ ਪੁਤਰ ਗੁਰੂ ਨਾਨਕ ਨੂੰ ਦੇਖਿਆ। ੧੨. ਵਾਰਦੀ ਹੈ ਬਾਰ ਬਾਰ ਉਪਰੋਂ ਸ੍ਰੇਸ਼ਟ ਪਾਣੀ। ੧੩. ਛੇਤੀ। ੧੪ ਮੁਖੜਾ ਚੰਦਰਮਾ ਵਰਗਾਵੇਖਿਆ। ੧੫. ਇਸਤ੍ਰੀਆਂ।

ਤ੍ਰਿਪਤਾਂ ਦੇਤ ਵਧਾਈ ॥ ਲੇਤ ਹਰਖ ਯੁਤ [1]ਅੰਗ ਨ ਮਾਈ ॥੨੮
ਨਿਕਸ [2]ਸਦਨ ਦੁਖ [3]ਕਦਨ ਬਹੋਰੀ ॥ ਮਿਲੇ ਸਭਨ ਕਰ ਪ੍ਰੀ
ਨ ਥੋਰੀ ॥ ਸੁਨ ਕਰ ਰਾਇ ਬੁਲਾਰ ਚਲ ਆਯੋ ॥ ਸ੍ਰੀ ਗੁਰ ਚਰ
ਨਨ ਸੀਸ ਨਿਵਾਯੋ ॥ ੨੯ ॥ ਦਰਸ ਪਿਆਸ ਦਿਨ ਬਿਤੇ ਨ ਥੋ
॥ ਜਨੁ ਪੀਵਤ ਕੀਏ ਨੈਨ ਕਟੋਰੇ ॥ ਪੰਡਤ ਪਾਂਧਾ ਵੈਦ ਮੁਲਾਨਾ
ਚਲ ਆਏ ਜਹਿ ਥੇ [4]ਗਤ ਦਾਨਾ ॥ ਮਿਲਨ ਹੇਤ ਮਨ ਸੰਗ
ਉਮੰਗਾ ॥ ੩੦ ॥ ਜਿਨ ਕੋ ਚਢਿਓ ਰੰਗ ਸਤਸੰਗਾ ॥ ਜਬਹਿ
[5]ਬਿਲੋਕਿਓ ਕਾਲੂ [6]ਨੰਦਨ ॥ [7]ਧਾਇ ਕਰੀ ਯੁਗ ਪਦ ਪਰ ਬੰਦਨ
॥ ੩੧ ॥ ਕਮਲ ਨੈਨ [8]ਸਨਮਾਨ ਬਠਾਏ ॥ [9]ਕੁਸਲ ਬੂਝਨੇ ਬੈਨ
ਸੁਨਾਏ ॥ ਮੁਕਤ ਦਾਨ ਲੇ ਸਦਨ ਸਿਧਾਏ ॥ ਜਿਨ ਮਨ ਭਗਤਿ
ਵਿਖੈ ਸੁਖ ਪਾਏ ॥ ੩੨ ॥ ਮਿਲੇ ਆਨ ਪੁਨ ਬਾਲ ਸਖਾਈ ॥
ਕਹਿਤ ਪਰਸਪਰ ਅਧਕ ਬਡਾਈ ॥ ਯਾ ਬਿਧ ਲੀਲ੍ਹਾ ਸ੍ਰੀ ਜਗ
ਨਾਥਾ ॥ ਕੀਨੀ ਤਲਵੰਡੀ ਸੁਖ ਸਾਥਾ ॥ ੩੩ ॥ ਇਤਿ ਸ੍ਰੀ ਗੁਰ
ਪੁਰ ਪ੍ਰਕਾਸ਼ ਗ੍ਰੰਥੇ ਪ੍ਰਿਥਮ ਮਹਿਲੇ ਅਨੰਦ ਬਿਵਾਹਿ ਪ੍ਰਸੰਗ ਬਰਨਨੰ
ਨਾਮ ਚਤਰਦਸਮੋ ਮੰਦਰਹਿ ॥ ੧੪ ॥

ਦੋਹਿਰਾ ॥ ਬਿਆਹਿ ਸਿਰੀ ਸਤਗੁਰੂ ਕਾ ਜਥਾ ਜੋਗ ਭਾ
ਸੋਏ ॥ ਤਿਲਵੰਡੀ ਨਨਕਾਣ ਜਸ ਸੁਨੋ ਕਥਾ ਅਬ ਹੋਏ ॥ ੧ ॥
ਚੌਪਈ ॥ ਰਹਿਨ ਲਗੇ [10]ਗਤ ਦਾ ਤਿਲਵੰਡੀ ॥ ਜਿਨ ਕੀ
[11]ਕੀਰਤਿ ਘਰ ਘਰ [12]ਮੰਡੀ ॥ ਕਾਤਕ ਸ਼ੁਭ ਪੂਨਿਆ ਨੀਅਰਾਈ ॥
ਸਭਹਨ ਕੇ ਮਨ ਆਨੰਦ ਪਾਈ ॥ ੨ ॥ ਕਹਿ ਮਾਤਾ [13]ਸੁਤ ਭੋ
ਦਿਨ ਆਯੋ ॥ ਹੇ ਪਤਿ ਵਰ੍ਹੇ ਗੰਢ ਮਨਵਾਯੋ ॥ ਤਾ ਦਿਨ ਉਤਸ਼ਵ

੧. ਹਿਰਦੇ ਵਿਚ ਖੁਸ਼ੀ ਸਮਾਉਂਦੀ ਨਹੀਂ ਹੈ। ੨. ਘਰ। ੩. ਕਟਣ। ੪. ਮੁਕਤੀ ਦੇ ਦੇਣ ਵਾਲੇ ਸਤਿਗੁਰੂ। ੫. ਵੇਖਿਆ। ੬. ਪੁਤਰ। ੭. ਦੌੜ ਕਰ ਦੋਹਾਂ ਚਰਨਾਂ ਪਰ ਨਮਸ਼ਕਾਰ ਕੀਤੀ। ੮. ਆਦਰ। ੯. ਸੁਖ। ੧੦. ਮੁਕਤੀ ਦੇ ਦਾਤੇ ਸਤਿਗੁਰੂ। ੧੧. ਜਸ। ੧੨. ਇਸਥਿਤ। ੧੩. ਜਨਮ ਦਿਨ।

ਕਰੋ ਮਹਾਨਾ ॥ ਮਨ ਇੱਛਤ ਦੇਹੁ [1]ਰੰਕਨ ਦਾਨਾ ॥ ੩ ॥ ਬਾਬੇ
ਕਾਲੂ ਕੀਨ ਤਿਆਰੀ ॥ ਕਹਿ ਉਤਸ਼ਵ ਕਰ ਹੈਂ ਬਹੁ ਭਾਰੀ ॥
[2]ਘ੍ਰਿਤ [3]ਮਿਸ਼ਟਾਨ [4]ਚੂਨ ਬਹੁ ਲਿਆਏ ॥ [5]ਯੱਗ ਕਰਨ ਕੋ ਮੇਲਾ
ਲਾਏ ॥ ੪ ॥ ਜਨਮ [6]ਸਥਲ ਗੁਰੂ ਨਾਨਕ ਕੇਰਾ ॥ ਰਾਇ ਬਨਾਯੋ
ਮਹਿਲ ਚੰਗੇਰਾ ॥ ਹਰ ਮੰਦਰ ਸੋ ਨਾਮ ਕਹਾਯੋ ॥ ਤਯਾਰ ਭਯੋ
ਨ੍ਰਿਪ ਭਲਾ ਮਨਾਯੋ ॥ ੫ ॥ ਮੰਦਰ ਔ ਬਜਾਰ ਸਜਵਾਏ ॥ ਬਹੁ
ਦਿਸ ਤੇ ਨਰ ਦੇਖਨ ਆਏ ॥ ਸੁਲਤਾਨ ਪੁਰੇ ਨਰ ਪਠ ਮੰਗਵਾਏ॥
ਨਾਨੇ ਨਾਨੀ ਮਾਮੇ ਆਏ ॥ ੬ ॥ ਜਬ ਪੁਨਿਆ ਕਾ ਦਿਨ ਸੁਭ
ਆਯੋ ॥ ਸੰਮਤ ਇਕ ਬਿੰਸਤ ਤਬ ਥਾਯੋ ॥ [7]ਰਾਇ [8]ਸਲਕ ਤੋਪਨ
ਕਰਵਾਈ ॥ ਗੁਰ ਮੰਦਰ ਮੈਂ ਬਜੀ ਵਧਾਈ॥ ੭ ॥ ਸ੍ਰੀ ਗੁਰ ਜਨਮ
ਸਥਲ ਨਿਜ ਬੈਸੇ ॥ ਸੁਰ ਪੁਰ ਮਾਨੋਂ ਬਿਸ਼ਨੂ ਜੈਸੇ ॥ ਸ੍ਰੀ ਹਰਿ-
ਦਿਆਲ [9]ਪਰੋਧਾ ਆਯੋ॥ ਪਾਂਧਾ ਵੈਦ ਸਭੈ ਨਿਕਟਾਯੋ ॥ ੮ ॥
ਕਹਿ ਹਰਦਿਆਲ ਸੁਨੋ ਜਜਮਾਨ॥ ਦੱਛਣਾ ਦੇਵਹੁ ਅਪਣਾ ਨਾਮ॥
ਹੇ ਗੁਰ [10]ਪਰਮ ਬ੍ਰਹਮ ਪੋਰਾਤਨ ॥ ਪਰਮ ਪਰਾਵਰ ਨਾਥ ਸਨਾਥਨ
॥੯॥ਅਹਿਸੱਚਦਾਨੰਦ ਮੁਕੰਦਾ॥ਤਵਲੀਲ੍ਹਾਭਗਤਨਸੁਖਕੰਦਾ॥[11]ਬ੍ਰਿਧ
ਬੈਸ[12]ਮੁਰ ਭਾ ਬਲਹੀਨਾ॥ ਅਬ ਦੀਜੈ ਮੁਝ ਮੋਖ[13]ਪ੍ਰਬੀਨਾ ॥੧੦॥
ਭਗਤ ਮਿਲੀ ਬਾਨੀ ਸੁਨ ਕਾਨਾ ॥ ਹਸ ਬੋਲੇ ਸ੍ਰੀ ਕ੍ਰਿਪਾ ਨਿਧਾਨਾ
॥ ਧੰਨ ਬਿੱਪ੍ਰ ਧੰਨ ਬੁਧ ਤੁਮਾਰੀ ॥ ਤਨ ਹਉਮੈ ਕੀ ਸੁਰਤ ਬਿਸਾਰੀ
॥ ੧੧ ॥ [14]ਕਿੰਚਤ ਰਹਿ ਗੀ ਬੈਸ ਸਰੀਰਾ ॥ ਪੁਨ ਪਦ [15]ਰੂਰ
ਪਾਹੁ [16]ਮਤ ਧੀਰਾ ॥ ਜਿਉਂ ਮਾਲਾ [17]ਗਜ ਤਜੇ [18]ਅਸੋਕੂ ॥ ਤਿਉਂ

---

੧. ਗਰੀਬ। ੨. ਘਿਉ ੩. ਮਿਠਾ। ੪. ਆਟਾ। ੫. ਜਗ। ੬. ਅਸਥਾਨ ੭. ਰਾਇ ਬੁਲਾਰ। ੮. ਤੋਪਾਂ ਦੀ ਸਲਾਮੀ ਕਰਾਈ। ੯. ਪ੍ਰੋਹਤ। ੧੦. ਵਡਾ ਮੁਢ ਤੋਂ ਹੀ ਨਾਥ ਦਾ ਭੀ ਵਡਾ ਨਾਥ ਹੈ। ੧੧. ਬੁਢੇਪੇ ਦੀ ਉਮਰਾ ੧੨. ਮੈਂ ਬਲਹੀਨ ਹੋਇਆ ਹਾਂ ੧੩. ਚਤਰ। ੧੪. ਥੋੜੀ। ੧੫. ਸੁੰਦਰ ਚਰਨ ਧੈਨਾ ਕਰਦਾ ਹਾਂ। ੧੬. ਮਤ ਨੂੰ ਧੀਰਜ ਦੇਣ ਵਾਲੇ ਸਤਿਗੁਰੂ। ੧੭. ਹਾਥੀ। ੧੮. ਚਿੰਤਾ ਤੋਂ ਬਿਨਾ।

ਤਨ ਤਜ ਗਮਨਹਿ ਪਰਲੋਕੂ ॥ ੧੨ ॥ ਅਸ ਕੀ ਕ੍ਰਿਪਾ ਦ੍ਰਿਸ਼ਟ ਕਰ ਹੇਰਾ ॥ ਆਤਮ ਗਯਾਨ ਦੀਨ ਬਿਨ ਦੇਰਾ ॥ ਲਖ [1]ਸ੍ਵਰੂਪ ਦਿਜ ਆਨੰਦ ਪਾਯੋ ॥ ਮਨਹੁ [2]ਰੰਕ ਕਰ ਪਾਰਸ ਆਯੋ ॥ ੧੩ ॥ ਬਹੁਰੋ ਬੈਦ ਪਾਂਧਾ ਅਰ ਪੰਡਤ ॥ ਲੇ ਚਰਨਾਮ੍ਰਿਤ ਕਲਮਲ [3]ਖੰਡਤ ਕਈ ਸਿੱਖ ਬਡਭਾਗੀ ਜੋਇ ॥ ਲੇ ਉਪਦੇਸ਼ ਮੁਕਤ ਸੋ ਹੋਇ ॥ ੧੪ ॥ ਹਾਥ ਬੰਦ ਤਬ ਰਾਇ ਬੁਲਾਰਾ ॥ ਪਰਮ ਲਾਭ ਮੁਝ ਦਰਸ ਤੁਮਾਰਾ ॥ ਗਯਾਨ ਸਿਰੋਮਣ ਕ੍ਰਿਪਾ ਨਿਧਾਨਾ ॥ ਕਲਾਵਾਨ ਕਲ ਬਿਨ ਗੁਣ ਖਾਨਾ ॥ ੧੫ ॥ ਫਸਿਓ ਰਹਿਤ ਮੈਂ ਜਗਤ ਕਲੇਸ਼ੂ ॥ [4]ਰਾਵਰ ਕੀ ਲਾਲਸ ਉਪਦੇਸ਼ੂ ॥ ਕਰਤ ਨ ਕਿਉਂ ਮੁਝ ਲਖ ਅਧਕਾਰੀ॥ [5]ਕਦਨਹੁ ਬੰਦਨ ਸਰਣ ਤੁਮਾਰੀ ॥ ੧੬ ॥ ਸੁਣ ਬੋਲੇ ਸ੍ਰੀ [6]ਪੰਕਜ ਬਦਨਾ ॥ ਸਿਮਰਹੁ ਸੱਤਿਨਾਮ ਸੁਖ ਸਦਨਾ ॥ ਲਗਯੋ [7]ਹਮਾਊ ਪੰਖ ਜਯੋਂ ਸੰਗਾ ॥ ਜਬ ਛੂਟੈ ਧਨ ਤੇ ਸੁ [8]ਖਤੰਗਾ ॥੧੭॥ ਪਰ ਕੇ ਬਲ ਪਰ ਹੋਤ ਉਡਾਊ ॥ ਪਹੁੰਚਹਿ ਸੋ ਜਿਹ ਦੇਸ ਹਮਾਊ ॥ ਬਹੁਰ ਨ ਆਇ ਪਰੈ ਕਬ ਧਰਨੀ ॥ ਤੈਸੀ ਰੀਤ ਨਾਮ ਕੀ ਬਰਨੀ ॥ ੧੮ ॥ ਇਕ ਚਿਤ ਸਿਮਰਹਿ ਜ਼ੇ ਦਿਨ ਰਾਤੀ ॥ ਛੂਟੇ ਦੇਹ ਤੇ ਹੋਤ ਸੰਗਾਤੀ ॥ ਜਹਿ ਨਾਮੀ ਕੋ ਦੇਸ ਸੁਹਾਵਨ ॥ ਤਹਾਂ ਰਹਿ ਬਿਨ [9]ਬਿਲਮ [10]ਪਲਾਵਨ ॥ ੧੯ ॥ ਬਹੁਰ ਨ ਜਗ ਮਹਿ ਆਵਹਿੰ ਦੇਹੀ ॥ ਸੱਤਿਨਾਮ ਕੇ ਭੇ ਜੁ ਸਨੇਹੀ॥ ਸੁਨ ਉਪਦੇਸ ਲਗੀ ਲਵ ਨਾਮੂ ॥ ਜਾਗਯੋ ਪਰਮ ਪ੍ਰੇਮ [11]ਅਭਰਾਮੂ ॥ ੨੦ ॥ ਲੇ ਗੁਰ ਸ਼ਬਦ ਰਾਇ [12]ਮੁਦ ਪਾਈ ॥ ਤਿਲਵੰਡੀ ਤਬ ਨਾਮ [13]ਹਟਾਈ ॥

੧. ਹਰੀ ਰੂਪ ਜਾਣ ਕੇ। ੨. ਕੰਗਾਲ। ੩. ਦੂਰ ਹੋ ਗਏ। ੪. ਆਪ ਦੀ। ਬੰਧਨਾਂ ਦੇ ਕਰਣੇ ਵਾਲੇ ਆਪ ਦੀ ਸ਼ਰਣ ਆਇਆ ਹਾਂ। ੬. ਕਮਲ ਮੁਖੜਾ ਸਤਿਗੁਰੂ ਜੀ। ਹਮਾਯੂ ਦਾ ਖੰਭ ਤੀਰ ਨਾਲ ਜੁੜ ਕੇ ਹਮਾਊਂ ਦੇ ਦੇਸ ਵਿਚ ਪੁਜ ਜਾਂਦਾ ਹੈ। ਇਥੇ ਹਮਾਊਂ ਦਾ । ਸਤਿਨਾਮ ਵਾਹਿਗੁਰੂ ਵਾ ਗਿਆਨ ਵੈਰਾਗ ਦੋ ਖੰਭ ਹਨ ਇਸ ਦੇ ਜਪ ਕਰਕੇ ਨਾਮੀ ਵਾਹਿਗੁਰੂ ਚ ਪਹੁੰਚ ਜਾਂਦਾ ਹੈ। ੮. ਤੀਰ। ੯. ਦੇਰ ਤੋਂ ਬਿਨਾਂ। ੧੦. ਪਹੁਚਾਵਨਾ ਕਰਦਾ ਹੈ। ੧. ਸੁੰਦਰ। ੧੨. ਖੁਸ਼ੀ। ੧੩. ਦੂਰ ਕੀਤਾ।

ਤਹਿ ਕੋ ਸ੍ਰੀ ਨਨਕਾਨਾ ਸਾਹਿਬ ॥ ਰਾਖਿਓ ਬੁੱਧੀ ਰਾਇ ਅਜਾਇਬ ॥ ੨੧ ॥ ਤਿਸ ਦਿਨ ਤੇ ਨਨਕਾਣੇ ਸਾਹਿਬ ॥ ਹੋਨ ਲਗਿਓ ਮੇਲਾ ਸੁ ਅਜਾਇਬ ॥ ਗੁਰੂ ਨਾਮ ਪੁਨ ਲੰਗਰ ਲਾਯੋ ॥ ਕਰ ਕੋ ਦਸਵੇਂ ਬਾਂਟਾ ਪਾਯੋ ॥ ੨੨ ॥ ਲਗਯੋ ਦੀਵਾਨ ਆਯੋ ਮਰਦਾਨਾ ॥ ਗੁਰ ਚਰਨਨ ਪਰ [illegible]ਨ ਠਾਨਾ ॥ ਜੋਰ ਹਾਥ [1]ਜੁਗ [2]ਬਿਨੈ ਬਖਾਨੀ ॥ ਸੁਨ ਜਜਮਾਨ ਅਧਕ ਤੁਮ ਦਾਨੀ ॥ ੨੩ ॥ ਬਜਾਹ ਵਰ੍ਹੇ ਗੰਢ ਕੇਰ ਬਧਾਈ ॥ ਮੁਝ ਦੀਜੈ ਬੇਦੀ ਕੇ [3]ਰਾਈ ॥ ਭੇ ਸੁਖ ਸਾਰ ਅਵਾਸ ਮਿਰਾਸੀ ॥ ਧਰੋਂ ਸਦਾ ਮੈਂ ਰਾਵਰ ਆਸੀ ॥ ੨੪ ॥ ਨਰ ਅਨੇਕ ਤੁਮ ਤੇ ਵਰਸਾਨੇ ॥ ਪਾਵਹਿੰ [4]ਜਾਚਕ ਨਿਜ ਮਨ ਭਾਨੇ ॥ ਅਬ ਲੌ ਮੈਂ ਨ [5]ਜਾਚਨਾ ਕੀਨੀ ॥ ਤੁਮ ਪਿਤ ਦੇਤ ਵਸਤ ਸੋ ਲੀਨੀ ॥੨੫॥ ਗਤ ਦਾਨੀ ਸੁਨ ਕਰ ਤਹਿ ਬਾਨੀ ॥ ਬੋਲੇ ਮ੍ਰਿਦਲ ਪਰਮ ਸੁਖ ਸਾਨੀ ॥ ਜੌਨ ਮਨੋਰਥ ਮਨ ਹ੍ਵੈ ਤੇਰੇ ॥ ਕਰਹੁ ਬਚਨ ਦੇਵੋਂ ਬਿਨ ਦੇਰੇ ॥ ੨੬ ॥ ਹਮਰੋ ਤੁਮ ਸੋਂ ਹੈ ਬਹੁ ਕਾਜੂ ॥ ਅਭਲਾਖਾ ਪੂਰਹੁ ਨਿਜ ਆਜੂ ॥ ਮਰਦਾਨਾ ਗੁਨ ਕੈ [6]ਮਨ ਸ੍ਵਾਰਥ ॥ ਕਹੈ ਦੇਹੁ ਕੋ ਭਲੋ ਪਦਾਰਥ ॥ ੨੭ ॥ ਬੋਲੇ ਕਮਲ ਨੈਨ ਤੁਝ ਦੀਨੋ ॥ [7]ਬਾਦਤ ਤੰਤ ਬਜਾਵਨ ਚੀਨੋ ॥ ਸਾ ਗੁਨ ਤੇ ਮਨ ਕਰ ਹਰ ਸੋਕੂ ॥ ਬੰਦਨ ਤਜ ਹ੍ਵੈ ਸੁਖ ਦ੍ਵੈ ਲੋਕੂ ॥ ੨੮ ॥ ਹਰ ਗੁਨ ਗਾਵਨ ਕੇ ਰਸ ਮਾਹੀ ॥ ਪਰਚਹਿ ਮਨ ਅਵਗੁਨ ਮਿਟ ਜਾਹੀ ॥ ਅਸ ਗੁਨ ਜਾਨੋ ਭਲੋ ਪਦਾਰਥ ॥ ਰਹੈ ਸੰਗ ਸਵਰੈ ਪਰਮਾਰਥ ॥੨੯॥ ਪੁਨ ਸ੍ਰੀ [8]ਪੰਕਜ ਲੋਚਨ ਚਾਰੀ ॥ [9]ਗਰ ਤੇ ਜਾਮਾ ਦੀਨ ਉਤਾਰੀ ॥ ਕੇਤਕ ਦਰਬ ਦੇਤ ਭੇ ਸੰਗਾ ॥ ਲੇ ਮਰਦਾਨੇ ਸੰਗ ਉਮੰਗਾ ॥ ੩੦ ॥ ਜਾਮਾ ਪਾਇ ਬਹੁਤ [10]ਮੁਦ ਪਾਯੋ ॥ ਸ੍ਰੀ ਸਤਿਗੁਰ ਨੇ ਪੁਨਹਿ ਅਲਾਯੋ ॥

---

੧. ਦੋਂਵੇ ਹਥ। ੨. ਬੇਨਤੀ ਨੂੰ ਕਥਨ ਕਰਦਾ ਹੈ। ੩. ਵੇਖਣਾ। ੪. ਮੰਗਤੇ। ੫. ਮੰਗਣਾ। ੬. ਮਰਦਾਨਾ ਮਨ ਦੇ ਪ੍ਰਯੋਜਨ ਲਈ ਗੁਣਾਂ ਦਾ ਉਚਾਰਨ ਕੀਤਾ। ੭. ਰਬਾਬ ਵਜਾਣਾ ਜਾਣਦਾ ਹੈ। ੮. ਕੰਵਲ ਵਾਂਗ ਸੁੰਦਰ ਅਖਾਂ। ੯. ਗਲੇ। ੧੦. ਖੁਸ਼ੀ।

ਤਿਆਰ ਹੋਣ ਅਬ ਤੂੰ ਮਰਦਾਨੇ ॥ ਲੇ ਚਲਹੈਂ ਤੁਝ ਪੁਰ ਸੁਲਤਾਨੇ ॥ ੩੧ ॥ ਦੂਸਰ ਦਿਨ ਤਬ ਕੀਨ ਤਿਆਰੀ ॥ ਮਿਲਨ ਆਏ ਬਹੁ ਨਰ ਔ ਨਾਰੀ ॥ ਮਿਲੀ ਮਾਤ ਉਰ ਪ੍ਰੇਮ ਬਢਾਈ ॥ ਬਿਛਰਨ ਕਸ਼ਟ ਹੋਤ ਅਧਕਾਈ ॥ ੩੨ ॥ ਆਸਿਖ ਦੇਤ ਪਲੋਸਤ ਮਾਥਾ ॥ ਮਨਹਿੰ ਮਨਾਵਤ ਸ੍ਰੀ ਜਗ ਨਾਥਾ ॥ ਸੁਤ ਕੀ ਕੁਸ਼ਲ ਕਰਹੁ ਸਭ ਕਾਲਾ ॥ ਅੰਤਰਯਾਮੀ ਦੀਨ ਦਿਆਲਾ ॥ ੩੩ ॥ ਧਰਿਓ ਮਾਤ ਕੇ ਪਗ ਪਰ ਸੀਸਾ ॥ ਨਿਕਸੇ ਨਿਜ ਘਰ ਤੇ ਜਗਦੀਸਾ ॥ ਪ੍ਰੇਮੀ ਮਿਲੇ ਆਨ ਜੋ ਪੁਰ ਕੇ ॥ [1]ਪਰਸ ਪਰਸ [2]ਗਮਨੇ ਪਗ ਗੁਰ ਕੇ ॥ ੩੪ ॥ ਪੁਨ ਬਾਬਾ ਕਾਲੂ ਕੋ ਬੰਦਨ ॥ ਗਮਨੇ [3]ਮਾਰਗ [4]ਦੋਖ ਨਿਕੰਦਨ ॥ ਬੰਦ ਸੁਲੱਖਣੀ ਸਾਸੂ ਚਰਨਾ ॥ ਮਿਲਤ ਸਨੇਹ ਸੰਗ ਕਰ ਕਰਨਾ ॥੩੫॥ ਦਈ ਆਸਿਖਾ ਚਿਤ ਹਿਤਕਾਰੀ ॥ ਸਦਾ ਸੁਹਾਗ ਸਹਿਤ ਸੁਖ ਭਾਰੀ ॥ ਭਾਗਵਾਨ ਸੁਤ ਕੀ ਹੈ ਮਾਤਾ ॥ ਪਤ ਕੀ ਪ੍ਰੀਤ ਰਹੈ ਸਭ [5]ਭਾਤਾ ॥ ੩੬ ॥ ਚਢ [6]ਡੋਰੇ ਗਮਨੀ ਮਗ ਮਾਹੀ ॥ ਹੈ ਪਰ ਸ੍ਰੀ ਸਤਿਗੁਰ ਚਢ ਜਾਹੀ ॥ ਸਿਰੀ ਨਾਨਕੀ ਸੰਗ ਜਰਾਮ ॥ ਸਿਰੀ ਬਾਲਾ ਮਰਦਾਨਾ ਸਾਮ ॥ ੩੭ ॥ [7]ਕ੍ਰਮ ਕ੍ਰਮ ਪਹੁੰਚੇ ਪੁਰ ਸੁਲਤਾਨਾ ॥ ਦੀਨ ਦਾਨ ਬਹੁ ਦਯਾ ਨਿਧਾਨਾ ॥ ਪ੍ਰੇਮੀ ਹੁਤੇ ਨਗਰ ਕੇ ਜੇਈ ॥ ਦਰਸ਼ਨ ਕਰਨ ਆਏ ਸਭ ਤੇਈ ॥ ੩੯ ॥ ਬੰਦਹਿੰ ਪਦ ਅਰ ਬਿੰਦ ਮੁਕੰਦਾ ॥ ਸਨਮਾਨੇ ਸਭ ਕੋ ਸੁਖ ਕੰਦਾ ॥ ਭਈ ਰੈਨ [8]ਬਿੰਜਨ ਕਰਵਾਇ ॥ ਨਿਕਟ ਨਾਨਕੀ ਬੈਠ [9]ਜਵਾਇ ॥ ੩੯ ॥ ਰੈਨ ਬਿਖੈ [10]ਸੈਨੰ ਪੁਨ ਕੀਨੀ ॥ ਬਹੁ [11]ਕਿੰਕਰ ਕੋ ਜਿਨ ਗਤ ਦੀਨੀ ॥ ਸਵਾ ਜਾਮ ਨਿਸ ਤਜੀ [12]ਗੁੜਾਕਾ ॥ ਉਠੇ ਸ਼ਾਂਤ ਦਾ ਦਰਸ਼ਨ ਜਾਕਾ ॥ ੪੦ ॥ ਸਭਹਿ ਸੋਚ ਸੋਂ ਕੀਨ ਸਨਾਨਾ ॥ ਆਸਨ ਕਰ ਬੈਸੇ ਨਿਜ

੧. ਗੁਰੂ ਜੀ ਦੇ ਚਰਨਾਂ ਦੀ ਧੂੜੀ ਪਰਸ ਪਰਸ ਕੇ ਚਲੇ ਗਏ । ੨. ਚਲੇ । ੩. ਰਸਤੇ । ੪. ਦੁਖਾਂ ਦੇ ਕਟਣ ਵਾਲੇ ਗੁਰੂ ਨਾਨਕ । ੫. ਸਭ ਤਰਾਂ । ੬. ਡੋਲੇ ਵਿਚ ਚੜ੍ਹੀ । ੭. ਹੌਲੀ ਹੌਲੀ । ੮. ਭੋਜਨ । ੯. ਵੇਖਣਾ ਹੈ । ੧੦. ਸੇਜਾ । ੧੧. ਦਾਸਾਂ ਨੂੰ । ੧੨. ਨਿੰਦ੍ਰਾ ।

ਧਿਆਨਾ ॥ ਤਿਮਰ ਨਸੇ ਹੋਈ ਜਬ ਭੋਰਾ ॥ ਗਮਨੇ ਬਹੁਰ ਦੁਕਾਨੇ ਓਰਾ ॥ ਕਰਨੇ ਲਗੇ ਬੈਸ ਕ੍ਰਿਤ ਮੋਦੀ ॥ ਲੈਨ ਦੈਨ ਜੋ ਹੈ ਨ੍ਰਿਪ ਲੋਦੀ ॥ ਕਰਤ ਕਿਤਕ ਜਬ ਕਾਲ ਬਿਤਾਵਾ ॥ ਲੇਨ ਸੁਤਾ ਨਿਜ ਮੂਲਾ ਆਵਾ ॥ ੪੨ ॥ ਇਤ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥੇ ਪ੍ਰਿਥਮ ਮਹਿਲੇ ਸ੍ਰੀ ਨਨਕਾਣਾ ਸੁਲਤਾਨਪੁਰ ਆਗਮਨ ਪ੍ਰਸੰਗ ਬਰਨਨੰ ਨਾਮ ਪੰਚਦਸਮੋਂ ਮੰਦਰਹਿ ॥ ੧੫ ॥

ਦੋਹਿਰਾ ॥ ਦੋਇ ਦਿਵਸ ਰਹਿ ਕੈ ਨਗਰ ਲੇ [1]ਤਨਿਯਾ ਨਿਜ ਸੰਗ ॥ ਕ੍ਰਮ ਕ੍ਰਮ ਪਹੁੰਚਿਓ ਸਦਨ ਕੋ ਮੂਲਾ ਹੋਇ ਉਮੰਗ ॥ ੧ ॥ ਚੌਪਈ ॥ ਪੂਰਬ ਉਰ [2]ਉਦਾਰਤਾ ਜੈਸੀ ॥ ਕਰੈ ਬਹੁਰ ਸੁਖ ਸਾਗਰ ਤੈਸੀ ॥ ਜਿਉਂ [3]ਸੁਰਸਰਿ ਗਤ ਪ੍ਰਾਚੀ ਗਵਨੀ ॥ ਕਬਹਿ [4]ਬਿਹਰਹਿ [5]ਪਸਚਮ [6]ਅਵਨੀ ॥ ੨ ॥ ਜਿਉਂ ਸੂਰਜ ਕੋ ਧਰਮ ਸੁਹਾਵਨ ॥ ਸਦਾ [7]ਤਿਮਰ ਕੋ ਕਰਹਿ ਨਸਾਵਨ ॥ ਤਿਉਂ [8]ਰੰਕਨ ਕੋ ਕਸ਼ਟ ਨਿਵਾਰਨ ॥ ਕਰਹਿਂ ਸਦਾ ਜੋ ਦਾਸ [9]ਉਬਾਰਨ ॥ ੩ ॥ ਜਿਉਂ [10]ਸੁਹ ਤਰ ਕੋ ਸੁਭਗ ਸੁਭਾਉ ॥ [11]ਜਾਚੇ [12]ਛੂਛਾ [13]ਛੋਰ ਨ ਕਾਊ ॥ ਤਿਉਂ ਗੋ ਕਰਹਿ ਅਰਥਨਾ [14]ਰੰਕਾ ॥ ਦੇਹਿਂ ਸਭਨ ਕੋ [15]ਬਦਨ ਮਯੰਕਾ ॥ ੪ ॥ ਦੌਲਤ ਖਾਨ ਖਰਚ ਤਹਿ ਬੋਰਾ ॥ ਹੋਤ [16]ਬਿਸਾਲਾ [17]ਰੰਕਨ [18]ਓਰਾ ॥ ਸਰਬ ਦਿਵਸ ਮਹਿ ਅਪਰ ਨ ਕਾਰਾ ॥ ਬੀਤੇ ਦੇਤੇ ਦਾਨ ਉਦਾਰਾ ॥ ੫ ॥ ਦੋਹਿਰਾ ॥ ਮਨਹੁ ਪੁੰਨ ਤਨ ਧਾਰ ਨਿਜ ਕੀਨੀ ਆਨ ਦੁਕਾਨ ॥ ਦਾਰਦ ਛੁਧਾ ਜੁ ਨਗਨਤਾ ਤਜ ਗੇ ਪੁਰ ਸੁਲਤਾਨ ॥ ੬ ॥ ਚੌਪਈ ॥ ਬਿਸਮੈਂ ਨਗਰ ਬਿਖੈ ਨਰ ਨਾਰੀ ॥ ਮਨ ਅਨਮਾਨਤ ਮਤ ਜਿਨ ਹਾਰੀ ॥ ਕੇਊ

---

੧. ਲੜਕੀ। ੨. ਵਡਿਆਈ। ੩. ਗੰਗਾ। ੪. ਵਿਛੋੜਾ। ੫. ਸੂਰਜ ਜਿਸ ਪਾਸੇ ਡੁਬਦਾ ਹੈ। ੬. ਧਰਤੀ। ੭. ਹਨੇਰੇ ਨੂੰ। ੮. ਗਰੀਬ। ੯. ਬਚਾਉਂਦਾ। ੧੦. ਕਲਪ ਬ੍ਰਿਛ। ੧੧. ਮੰਗਦਾ। ੧੨ ਖਾਲੀ। ੧੩. ਛਡਦੇ। ੧੪. ਗਰੀਬ ਵਾਸਤੇ ੧੫ ਚੰਦਰ ਮੁਖ। ੧੬ ਬਹੁਤ। ੧੭ ਕੰਗਾਲ। ੧੮. ਪਾਸ।

ਖਹਿੰ ਰਸਾਇਣ ਕਰਹੀ॥ ਧਰਮ ਬਧਾਵਹਿ ਕੋਊ ਉਚਰਹੀ ॥੭॥
ਇਕ ਕਲਾਵਾਨ ਅਨਮਾਨਹਿੰ ॥ ਕੋ ਪਾਰਸ ਗੁਰ ਪਾਸ ਪਛਾਨਹਿ
ਕੇ ਕਹਿ ਬਰ ਦੀਨੋ ਦੇਵਾ ॥ ਕੋ ਜਾਨੈ ਕੀਅ [1]ਤੰਤਰ ਸੇਵਾ ॥੮॥
ਖਤ ਕੋਇ ਭਗਤ ਇਹੁ ਪੂਰਾ ॥ ਸ੍ਰੀ ਹਰਿ [2]ਕੋਸ਼ ਕਹੈ ਨਹਿ [3]ਊਰਾ
ਕੋਇਕ ਕਹੈ [4]ਨਿੱਧ [5]ਸਿੱਧ ਪਾਸੂ॥ ਦੇਤ ਦਾਨ [6]ਦੀਨਨ ਕੋ ਆਸੂ
੯ ॥ ਜਿਨ ਪਰ [7]ਕਰਨਾ ਦ੍ਰਿਸ਼ਟ ਨਿਹਾਰੀ ॥ ਰਿਦੈ [8]ਅਵਿਦਿਆ
ਰ [9]ਵਿਦਾਰੀ ॥ ਸੋ ਜਾਨੈ ਪਰਮੇਸਰ ਆਪੂ ॥ ਧਰਾਵਤਾਰ ਕਰਹਿ
ਖ [10]ਖਾਪੂ ॥ ੧੦ ॥ ਸੋ ਸਰਧਾ ਧਰ ਦਰਸਨ ਕਰਹੀ ॥ [11]ਮੋਹ
ਨਤ ਸੰਸੈ ਸਭ ਹਰਹੀ॥ ਜੇ ਕੋ [12]ਸੀਖ ਆਨ ਕਰ ਲੇਈ ॥ ਬਦਨ
ਨਤ [13]ਭ੍ਰਮ ਕੋ ਤਜ ਦੇਈ ॥ ੧੧ ॥ ਅਸ ਪ੍ਰਕਾਰ ਇਕ [14]ਕਾਲ
ਤਾਵਾ ॥ [15]ਜਾਚਕ [16]ਛੂਛੇ ਕੋ ਨ [17]ਸਿਧਾਵਾ ॥ [18]ਰਿਦੈ ਨਾਨਕੀ
ਨ ਵਿਚਾਰਾ ॥ [19]ਭ੍ਰਾਤ ਭਾਰਜਾ ਆਇ [20]ਅਗਾਰਾ ॥ ਸਭੈ ਸੰਭਾਰਨ
ਭੈ ਸੋਊ ॥ ਤਹਿ ਬਿਨ ਘਰ ਕੀ ਰੀਤ ਨ ਕੋਊ ॥ ਯਾ ਬਿਧ ਕਰ
ਰ ਕੀ ਅਭਿਲਾਖਾ ॥ [21]ਪਤ ਕੇ ਨਿਕਟ ਬਚਨ ਪੁਨ ਭਾਖਾ ॥
੩ ॥ [22]ਮਨਜ ਯੋਗ ਕੋ ਦੇਹੁ ਪਠਾਈ ॥ ਭ੍ਰਾਤ ਭਾਰਜਾ ਲੇਹੁ
ਗਾਈ ॥ ਸੁਨ ਜਰਾਮ ਤਬ ਮਨਜ ਬੁਲਾਇ ॥ ਭਲੀ ਰੀਤ ਸੋਂ
ਹਿ ਪਧਰਾਇ ॥ ੧੪ ॥ ਮੂਲ ਚੰਦ ਕੇ ਸਦਨ ਸੁਹਾਵਾ ॥ ਪਹੁੰ-
ਰਉ ਜਾਇ ਸੰਦੇਸ ਸੁਨਾਵਾ ॥ ਕਰ ਵਿਚਾਰ ਤਬ ਚੰਦੋ ਰਾਨੀ ॥
ਤਾ ਸਨੇਹ ਵਿਖੈ ਮਨ ਮਾਨੀ ॥ ੧੫ ॥ ਵਡਭਾਗਨ ਕੀ ਕੀਨ

---

੧. ਧਾਗੇ ਪਰ ਮੰਤਰ ਪੜ੍ਹਨ ਨੂੰ ਤੰਤਰ ਕਹਿੰਦੇ ਹਨ। ੨. ਖਜ਼ਾਨੇ ਵਾਲਾ ਹੈ। ੩.
ਲੀ ਨਹੀਂ ਹੈ। ੪. ਨੌਂ ਨਿਧੀਆਂ। ੫. ਅਠਾਰਾਂ ਸਿਧੀਆਂ ਪਾਸ ਹਨ ੬. ਗਰੀਬਾਂ ਨੂੰ।
. ਕ੍ਰਿਪਾ ਦ੍ਰਿਸ਼ਟੀ ਨਾਲ ਦੇਖਣਾ ਕੀਤਾ ਹੈ। ੮. ਅਗਿਆਨ। ੯. ਦੂਰ ਕੀਤਾ। ੧੦.
ਖਾਂ ਨੂੰ ਨਾਸ ਕਰਨ ਲਈ ਅਵਤਾਰ ਧਾਰਿਆ ਹੈ। ੧੧. ਗੁਰੂ ਨਾਨਕ ਦੇ ਦਰਸ਼ਨ ਕਰਦਾ ਹੈ,
ਹ ਜਮ ਸੰਸੈ ਸਭ ਨਾਸ ਹੋ ਜਾਂਦੇ ਹਨ। ੧੨. ਸਿਖਿਆ। ੧੩. ਭਰਮ ਦੂਰ ਕਰ ਦੇਂਦਾ ਹੈ।
੪. ਸਮਾਂ। ੧੫. ਮੰਗਤੇ। ੧੬. ਖਾਲੀ। ੧੭. ਜਾਂਦੇ ਨਹੀਂ ਹਨ। ੧੮. ਹਿਰਦੇ
ਚ। ੧੯. ਭਰਾ ਭਰਜਾਈ। ੨੦. ਘਰ। ੨੧. ਸ੍ਰੀ ਜੈਰਾਮ ਜੀ। ੨੨. ਪੁਰਸ਼।

ਤਿਆਰੀ ॥ ਦੀਨੀ ਸੰਗ [1]ਸੌਜ ਤਿਨ ਭਾਰੀ ॥ ਦੇਵੀ ਰੂਪ ਸੁਲੱਖਣੀ
ਨਾਮਾ ॥ ਚਢ ਡੋਰੇ [2]ਗਮਨੀ ਅਭਰਾਮਾ ॥ ੧੬ ॥ ਦਾਸੀ ਸੰਗ ਲਏ
ਪੁਰ ਆਈ ॥ ਚਰਨ ਨਾਨਕੀ ਕੇ ਲਪਟਾਈ ॥ ਦੀਨ [3]ਆਸਿਖਾ
ਕਰ [4]ਸਨਮਾਨਾ ॥ [5]ਸਦਨ ਬਸਾਈ ਜੋ ਸੁਭ ਥਾਨਾ ॥ ੧੭ ॥
ਕੇਤਕ ਦਿਵਸ ਬਿਤਾਏ ਤਹਿਵਾ ॥ ਹੁਤੇ ਨਿਕੇਤ ਨਾਨਕੀ ਜਹਿਵਾ ॥
ਬਹੁਰ ਨਿਰਾਰਾ [6]ਹਰਮ ਬਨਾਵਾ ॥ ਸਰਬ ਰੁਤਨ ਮਹਿ ਸੁਭਗ
ਸੁਹਾਵਾ ॥ ੧੮ ॥ [7]ਭਾਜਨ ਆਦਿ ਸਹੁਜ ਜੋ ਚਹੀਆ ॥ ਸਭ
ਅਨਵਾਇ ਧਰੀ ਘਰ ਮਹੀਆ ॥ [8]ਸਰਪੀ [9]ਸਿਤਾ ਅੰਨ ਜੇ [10]ਨੀਕੇ
॥ ਆਨ ਧਰੈ ਸਭ ਭਾਵਤ ਜੀ ਕੇ ॥ ੧੯ ॥ ਦੋਹਿਰਾ ॥ [11]ਕੰਚਨ
ਭੂਖਨ [12]ਨਗ ਜਟੇ ਪਹਿਰਾਏ [13]ਘਰਵਾਇ ॥ [14]ਹਰਖੀ ਉਰ ਬਹੁ
ਨਾਨਕੀ ਭ੍ਰਾਤਾ [15]ਭੌਨ ਬਸਾਇ ॥ ੨੦ ॥ ਚੌਪਈ ॥ ਕਮਲ ਬਦਨ
ਨਿਜ ਸਦਨ ਨ ਆਵਹਿ ॥ [16]ਆਪਨ ਪਰ ਨਿਸ ਦਿਉਸ ਬਿਤਾ-
ਵਹਿੰ ॥ ਜੇ ਕਬ ਆਵਹਿੰ ਦੀਨਨ ਨਾਥਾ ॥ ਭਨਤ ਨ ਬਚਨ
ਸੁਲੱਖਣੀ ਸਾਥਾ ॥ ੨੧ ॥ [17]ਕਿੰਚਤ ਪ੍ਰੀਤ ਨ ਕਿਤ ਤੇ ਕਰਈ ॥
ਆਨ ਦਰਬ ਕਛ ਧਾਮ ਨ ਧਰਈ ॥ [18]ਦੀਨਨ ਦੇਨੋ ਦਾਨ
ਗੁਸਾਈਂ ॥ [19]ਕਰ ਦੁਕਾਨ ਜਗ ਰੀਤ ਚਲਾਈ ॥ ੨੨ ॥ ਤੋਟਕ
ਛੰਦ ॥ ਏਕ ਦਯੋਸ ਗਏ [20]ਭਗਨੀ ਸਦਨੰ ॥ [21]ਬਿਕਲੰਕ [22]ਮਯੰਕ
ਬਨਯੋ [23]ਬਦਨੰ ॥ [24]ਪਦ ਮੰਦਹਿ ਮੰਦ ਧਰੈ ਧਰਨੀ ॥ ਉਪਮਾ
[25]ਅਰਬਿੰਦ ਭਲੇ [26]ਬਰਨੀ ॥ ੨੩ ॥ ਭਗਨੀ ਪਿਖ ਸ੍ਰੀ ਮੁਖ ਕੋ

---

੧. ਸਮਗਰੀ। ੨. ਚਲੀ ਗਈ। ੩. ਅਸੀਸ ਪਿਆਰ। ੪. ਵਡਿਆਈ।
੫. ਘਰ। ੬. ਮਹਿਲ। ੭. ਭਾਂਡਿਆਂ ਆਦਿ ਤੋਂ ਲੈ ਕੇ ਸਾਰੀ ਸਮਗਰੀ। ੮. ਘਿਉ।
੯. ਖੰਡ। ੧੦. ਚੰਗੇ। ੧੧. ਸੋਨੇ ਦੇ ਗਹਿਣੇ। ੧੨. ਕੀਮਤੀ ਨਗ ਹੀਰੇ ਜੜਵਾਏ।
੧੩. ਘੜਵਾਏ, ਬਨਾਵਣਾ ਕੀਤੇ। ੧੪. ਪ੍ਰਸੰਨ। ੧੫. ਭਰਾ ਦਾ ਘਰ। ੧੬. ਹੋਰ ਥਾਂ
ਪਰ। ੧੭. ਥੋੜੀ। ੧੮. ਗਰੀਬਾਂ ਨੂੰ। ੧੯. ਸੰਸਾਰ ਦੀ ਮਰਯਾਦਾ ਚਲਾਣ ਲਈ ਦੁਕਾਨ
ਕੀਤੀ। ੨੦. ਭੈਣ। ੨੧. ਕਲੰਕ ਤੋਂ ਬਿਨਾਂ। ੨੨. ਚੰਦਰਮਾ। ੨੩. ਮੁਖ।
੨੪. ਚਰਨ ਹੌਲੀ ਹੌਲੀ ਧਰਤੀ ਪਰ ਰਖਦਾ ਹੈ। ੨੫. ਕਮਲ। ੨੬. ਕਥਨ ਕਰਦਾ ਹਾਂ।

ਹਰਖੀ ॥ ਜਨ ਆਨੰਦਤਾ ਜਗ ਕੀ ਕਰਖੀ ॥ ਤੁਲਸਾ [1]ਪਰਯੰਕ [2]ਮਨੋਗ ਡਸਾ ॥ ਢਿਗ ਬੈਠ ਗਈ ਕਹਿ ਬੈਨ [3]ਸੁਸਾ ॥ ੨੪ ॥ ਕ੍ਰਿਪਾ ਸੇ ਨਿਕੇਤ ਧਰੇ ਚਰਨਾ ॥ ਮਨ ਜਾਨਤ ਹੌ ਜਿ ਭਈ ਕਰਨਾ ॥ ਮੁਖ ਹੇਰਨ ਕੀ ਚਿਤ ਚਾਹਿ ਸਦਾ ॥ ਨਿਜ ਯਾਦ ਕਰੋਂ ਤੁਮ ਆਵੈ ਕਦਾ ॥ ੨੫ ॥ ਪੁਨ ਨਾਨਕ ਬੈਨ ਭਨੇ ਮੁਖ ਸੁਨੀਯੇ ॥ ਨਿਜ ਦਾਸ ਸਦਾ ਹਮ ਕੋ ਜਨੀਯੇ ॥ ਅਭਿਲਾਖਹ ਕਾਰਨ ਕੀ ਕਰ ਹੋ ॥ ਤਬ ਤੂਰਨ ਆਵ ਨ ਮੈਂ ਟਰਹੋਂ ॥ ੨੬ ॥ ਮੁਝ ਤੇ [4]ਬੈ [5]ਦੀਰਘ ਹੈ ਤੁਮਰੀ ॥ ਨਿਤ ਆਇਸ ਮੈਂ [6]ਲਿਪਸਾ ਹਮਰੀ ॥ ਤੁਮ ਵਾਕ ਨ ਮੋਰੇਂ ਮੈਂ ਕਬਹੀ ॥ ਪਰਤਾਪ ਅਹੈ ਤੁਮਰਾ ਸਭ ਹੀ ॥ ੨੭ ॥ ਜਗ ਕਾਰਜ ਜਾਰ ਸਮਾਨ ਫਸੇ ॥ [7]ਬਿਲਗੇ ਜੁ ਮਿਲੇ ਬਿਨ ਕਿਉਂ ਨਿਕਸੇ ॥ ਢਿਗ ਹੋਵਤ ਭੀ ਨਹਿ ਮੇਲ ਬਨੈ ॥ ਦਿਸਟਾਂਤ ਇਹੈ [8]ਮਤਵਾਨ ਭਨੈ ॥ ੨੮ ॥ ਭਗਨੀ ਬਚ ਬੋਲਤ [9]ਆਨਨ ਸੇ ॥ ਅਸ [10]ਗਾਥ ਕਥੋ ਅਨਜਾਨਨ ਸੋ ॥ [11]ਭਵ ਤਾਰਨ ਕੋ [12]ਭਵ ਲੀਨਤੁਮੈ ॥ [13]ਗਤ ਦਾਯਕ ਨਾ ਭਰਮਾਵ ਹਮੈ ॥ ੨੯ ॥ ਦੋਹਿਰਾ ॥ ਇਹ ਬਿਧ ਕੀ ਸੁਧ ਤੁਮਹਿ ਕੋ ਜਾਨਹੁ ਸਭ ਵੀਚਾਰ ॥ ਕਰਨਾ ਹੈ ਕਰਤਾਰ ਕੀ ਤੋ ਪਰ ਸੁਸਾ ਅਪਾਰ ॥ ੩੦ ॥ ਤੋਟਕ ਛੰਦ ॥ ਇਕ [14]ਸੋਦਰ ਮੋਹਿ ਬਿਨਤੀ ਸੁਨੀਯੇ ॥ ਇਹ ਬੈਨ ਭਲੇ ਮਨ ਮੈਂ ਗੁਨੀਯੇ ॥ ਅਬ ਆਇਸ ਦੇਹੁ ਕਹੋਂ ਤਬਹੀ ॥ ਉਚਰੋਂ ਨ ਕਦਾ ਚਿਤ ਯੋਂ ਕਬਹੀ ॥ ੩੧ ॥ ਜਗ ਤਾਰਨ ਬੈਨ ਬਿਨੈ ਸੁਨਕੈ ॥ ਪਰ ਸੀਦਤ ਭੇ ਮਨ ਤਾ ਗੁਨਕੈ ॥ ਮਨ [16]ਜੌਨ ਪਦਾਰਥ ਸੰਕ ਬਿਨਾ ॥ ਮੁਖ ਭਾਖਹੁ ਮੈਂ ਅਨਸਾਰ ਸਨਾ ॥ ੩੨ ॥ ਸੁਨ ਸੋਦਰ ਲਾਲਸ [17]ਰੈਨ ਦਿਨਾ ॥

---

੧. ਪਲੰਘ। ੨. ਸੁੰਦਰ ਡਾਹਿਆ, ਵਛਾਇਆ। ੩. ਭੈਣ ਜੀ। ੪. ਉਮਰਾ। ੫. ਲੰਬੀ। ੬. ਇਛਾ। ੭. ਖੁਡ। ੮. ਮਤੀ ਵਾਲੇ ਉਚਾਰਨ ਕਰਦੇ ਹਨ ੯. ਮੁਖ ਤੋਂ। ੧੦. ਕਥਾ। ੧੧. ਸੰਸਾਰ ਦੇ ਤਾਰਨ ਲਈ। ੧੨. ਜਨਮ। ੧੩. ਮੁਕਤੀ ਦੇ ਦੇਣ ਵਾਲੇ। ੧੪ ਭਰਾ ਜੀ। ੧੫ ਪ੍ਰਸੰਨ। ੧੬ ਸਰਬ ਵਾ ਜੋ। ੧੭ ਰਾਤ ਦਿਨੇ

ਤੁਮ [੧]ਤਾਤ ਪਿਖੌਂ ਤੁ ਅਨੰਦ ਘਨਾ ॥ ਤਹਿੰ ਲਾਲਤ ਹੋਇ ਖੁਸੀ ਹਮਰੇ ॥ ਅਸ [੨]ਜਾਚ ਕਰੌਂ ਢਿਗ ਮੈਂ ਤੁਮਰੇ ॥ ੩੩ ॥ ਸੋਰਠਾ ॥ ਭਈ ਮਨੋਰਥ ਵਾਨ ਤੂੰ ਭਗਤਨ ਕਰਤਾਰ ਕੀ ॥ ਪੂਰਹਿ ਕ੍ਰਿਪਾ ਨਿਧਾਨ ਭਗਤ [੩]ਵਛਲ [੪]ਵਡ ਬਿਰਦ ਜਹਿ ॥੩੪॥ ਤੋਟਕ ਛੰਦ ॥ ਅਸ ਭਾਖ [੫]ਗਿਰਾ [੬]ਸੁਖ ਸਾਗਰ ਜੋ ॥ ਉਠ ਆਪਨ ਆਏ [੭]ਉਜਾ-ਗਰ ਜੋ ॥ [੮]ਭਗਨੀ [੯]ਹਰਖੀ [੧੦]ਸਰਸੀ ਉਰ ਮੈਂ ॥ ਜਿਉਂ ਨਉਂ ਨਿਧ ਆਨ ਪਰੀ ਘਰ ਮੈਂ ॥ ੩੫ ॥ ਦੋਹਿਰਾ ॥ [੧੧]ਦੋਖ ਨਿਕੰਦਨ [੧੨]ਕੰਦ ਸੁਖ ਸਦਨ ਲਗੇ ਪੁਨ ਜਾਨ ॥ ਪਰਫੁਲਤ [੧੩]ਕੌਲਜ ਬਦਨ [੧੪]ਰਦਨ [੧੫]ਕੁੰਦ [੧੬]ਦੁਤਵਾਨ ॥ ੩੬ ॥ ਸੋਰਠਾ ॥ ਆਇਸ ਮੈਂ ਦਿਨ ਰੈਨ ਰਹਿਤ ਸੁਲੱਖਣੀ ਹੈ ਸਦਾ ॥ ਜਿਉਂ ਉਚਰਤ ਮੁਖ ਬੈਨ ਤਿਉਂ ਸਭ ਕ੍ਰਿਤ ਕਮਾਵਈ ॥ ੩੭ ॥ ਦੋਹਿਰਾ ॥ ਕਮਲ ਬਦਨ ਜਬ ਸਦਨ ਮਹਿੰ ਬੈਸਹਿੰ ਆਨ [੧੭]ਮੁਕੰਦ ॥ ਦਾਸਨ ਕਰ ਤੇ [੧੮]ਬਿਜਨ ਲੇ ਪੌਨ ਝੁਲਾਵਹਿ [੧੯]ਮੰਦ ॥੩੮॥ [੨੦]ਸੀਤਲ ਜਲ ਨਿਜ ਹਾਥ ਲੇ [੨੧]ਪਾਦ ਪਖਾਰ ਸਪ੍ਰੀਤ ॥ ਪੁਨ [੨੨]ਅੰਚਰ ਸੋਂ [੨੩]ਪੋਛ ਕੈ ਸੇਵਤ ਯਾ ਬਿਧ ਨੀਤ ॥ ੩੯ ॥ ਸਦਨ ਵਿਖੇ ਸੇਵਾ ਸਰਬ ਦਾਸੀ ਦਾਸ ਹਟਾਇ ॥ ਕਰਤ ਸੁਲੱਖਣੀ ਭਾਵ ਧਰ ਮਨ ਕੋ ਮਾਨ ਹਟਾਇ ॥ ੪੦ ॥ ਸਵੈਯਾ ॥ ਜਬ ਕਾਲ [੨੪]ਛਬੀਸਵੇਂ [illegible]ਾਨ ਭਯੋ ਮਿਤਿ [੨੫]ਪੰਚ ਅਹੈ ਸੁਭ ਸਾਵਨ ਮਾਸਾ ॥ ਕਈ ਕੋਟ ਨਿਹਾਲ ਕਰੇ ਜਿਨ ਮਾਨਵ ਜਾਹੀ ਕੇ ਨਾਮ ਕਟੇ ਜਮ ਫਾਸਾ ॥ ਨਿਪਜਿਓ ਗੁਰ ਤਾਤ

---

੧ ਪਿਤਾ । ੨ ਮੰਗਣਾ । ੩ ਭਗਤਾਂ ਦਾ ਪਿਆਰ । ੪ ਧਰਮ । ੫ ਬਾਣੀ ਨੂੰ ਕਹਿ ਕੇ । ੬ ਸੁਖਾਂ ਦੇ ਸਮੁੰਦਰ ਗੁਰੂ ਨਾਨਕ । ੭ ਪ੍ਰਗਟ । ੮ ਭੈਣ ਜੀ । ੯ ਪ੍ਰਸੰਨ । ੧੦ ਅਧਕ । ੧੧ ਦੁਖਾਂ ਦੇ ਕਟਣ ਵਾਲੇ । ੧੨ ਸੁਖਾਂ ਦੇ ਘਰ ਗੁਰੂ ਨਾਨਕ, ਸੁਖਾਂ ਦੇ ਦੇਣ ਵਾਲੇ । ੧੩ ਕਮਲ ਮੁਖ । ੧੪ ਦੰਦ । ੧੫ ਮਰਤਾਬਾਨ ਦੇ ਫੁਲ ਸਮਾਨ ਸਫੈਦ ਦੰਦ । ੧੬ ਸੁੰਦਰ ਵਾ ਸੋਭਾ ਵਾਲੇ । ੧੭ ਮੁਕਤੀ ਦੇ ਦੇਣ ਵਾਲੇ । ੧੮ ਪਖਾ । ੧੯ ਹੌਲੀ ਹੌਲੀ ਹਵਾ ਨੂੰ ਦੇਂਦੇ ਹਨ । ੨੦ ਠੰਡਾ ਜਲ । ੨੧ ਚਰਨਾਂ ਨੂੰ ਧੋਂਦੇ ਹਨ । ੨੨ ਕਪੜਾ । ੨੩ ਸਾਫ ਕਰਕੇ । ੨੪ ਛਬੀ ਸਾਲ । ੨੫. ਸ੍ਰਿਸ਼ਟ ।

ਮਹਾਂ ਸੁਖ ਕੰਦ ਅਨੰਦ ਬਡਾ ਪਰਵਾਰ [੧]ਹੁਲਾਸਾ ॥ ਸੁਨ ਤਾ ਛਿਨ ਨਾਨਕੀ [੨]ਅੰਗ ਨ ਮਾਵਤ ਪਾਵ [੩]ਅਮੀ ਜਿਮ [੪]ਆਮੀਸੁ ਪਾਸਾ ॥ ੪੧ ॥ ਦੋਹਿਰਾ ॥ ਸਦਨ ਨਾਨਕੀ ਪਿਤਾ ਕੇ [੫]ਸੁੱਧ ਪਠੀ ਸੁਖ ਸਾਰ ॥ ਸੁਨ ਕਰ ਪੋਤ੍ਰੇ ਜਨਮ ਕੀ ਹਰਖੇ ਰਿਦੇ ਅਪਾਰ ॥ ੪੨ ॥ ਤੋਟਕ ਛੰਦ ॥ ਚਲ ਆਵਤ ਭੇ ਸੁਲਤਾਨ ਪੁਰੇ ॥ ਸੁਨ ਸ੍ਰੀ ਗੁਰ ਪਾਇਨ ਧਾਇ ਪਰੇ ॥ ਜਨਨੀ ਮਨ ਕੀਨ ਅਨੰਦ ਘਨਾ ॥ ਸੁਤ ਪੈ [੬]ਕਰ ਫੇਰ ਦੁਲਾਰ ਸਨਾ ॥ ੪੩ ॥ [੭]ਪਿਖ ਪੌਤ੍ਰਹਿ [੮]ਤੁੰਡ ਕੋ [੯]ਸੇਸ ਯਸਾ ॥ ਧਨ ਦੀਨਨ [੧੦]ਦੀਨ [੧੧]ਨਰੇਸ ਯਸਾ ॥ [੧੨]ਤਨਯਾ ਮਿਲ [੧੩]ਤੋਖਤ ਹੋਇ ਘਨੇ ਦਿਨ ਤ੍ਰੋਦਸ ਨਾਮ ਸ੍ਰੀ ਚੰਦ ਭਨੇ ॥ ੪੪ ॥ ਰਹੇ ਕੇਤਕ ਬਾਸਰ ਮਾਤ ਪਿਤਾ ॥ ਮਿਲ ਕੈ ਸੁਤ ਪੌਤ੍ਰਹਿ ਕੀਨ ਗਤਾ ॥ ਇਕ ਸਾਲ ਭਯੋ ਸੁਤ ਕੇ ਜਨਮੇਂ ॥ ਮੁਖ [੧੪]ਹੇਰਤ ਮਾਤ ਖੁਸ਼ੀ ਮਨ ਮੇਂ ॥ ੪੫ ॥ [੧੫]ਭਗਨੀ ਮਨ ਕੀ ਸਭ ਜਾਨ [੧੬]ਰਿਦੇ ॥ ਮੁਖ ਨਾਨਕ [੧੭]ਬੈਨ ਭਨੇ ਸੁਖ ਦੇ ॥ ਇਹੁ [੧੮]ਬਾਰਕ ਲੇ ਪ੍ਰਿਤ-ਪਾਰ ਕਰੋ ॥ ਤੁਮ ਆਨ ਵਿਚਾਰ ਕਹੂ ਨ ਧਰੋ ॥ ੪੬ ॥ ਸੁਨ ਕਰ [੧੯]ਹਰਖੀ [੨੦]ਸਰਸੀ [੨੧]ਉਰ ਮੇਂ ॥ ਭਵ [੨੨]ਰੰਕ ਕਲੱਪ ਪਯੋ ਘਰ ਮੇਂ ॥ ਮੁਖ [੨੩]ਕੰਜ [੨੪]ਬਿਲੋਕਤ [੨੫]ਲਾਲਤ ਹੈ ॥ ਅਤਿ ਪ੍ਰੇਮ ਮਨੇ [੨੬]ਪ੍ਰਤਪਾਰਤ ਹੈ ॥ ੪੭ ॥ ਦੋਹਿਰਾ ॥ ਸਿਰੀ ਚੰਦ ਅਭਿਰਾਮ ਅਤਿ ਲਯੋ [੨੭]ਉਛੰਗ ਭਤੀਜ ॥ ਉ[illegible] ਅਨੰਦ ਬਹੁ ਨਾਨਕੀ ਸੋਦਰ ਲਖਯੋ ਪ੍ਰਸੀਜ ॥ ੪੮ ॥ ਇਤਿ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥੇ ਪ੍ਰਿਥਮ

---

੧. ਉਤਸ਼ਾਹ। ੨. ਅੰਗਾਂ ਵਿਚ ਸਮਾਉਂਦੀ ਨਹੀਂ ਹੈ। ੩. ਅੰਮ੍ਰਿਤ। ੪. ਰੋਗੀ। ੫. ਖਬਰ ਭੇਜੀ। ੬. ਹਥ। ੭. ਪੋਤਰੇ ਨੂੰ ਦੇਖ ਕੇ। ੮. ਮੁਖ ਨੂੰ। ੯. ਚੰਦਰਮਾਂ। ੧੦. ਗਰੀਬਾਂ ਨੂੰ। ੧੧. ਰਾਜਿਆਂ ਵਾਂਗ। ੧੨. ਬੇਬੇ ਨਾਨਕੀ। ੧੩. ਪ੍ਰਸੰਨ। ੧੪. ਦੇਖ ਕੇ। ੧੫. ਭੈਣ ਜੀ। ੧੬. ਹਿਰਦੇ ਵਿਚ। ੧੭. ਬਚਨਾਂ ਨੂੰ ਉਚਾਰਨ ਕੀਤਾ। ੧੮. ਬਾਲਕ ਸ੍ਰੀ ਚੰਦ। ੧੯. ਪ੍ਰਸੰਨ। ੨੦. ਅਧਕ। ੨੧. ਹਿਰਦੇ ਵਿਚ। ੨੨. ਮਾਨੋ ਕੰਗਾਲ ਨੇ ਕਲਪ ਬ੍ਰਿਛ ਨੂੰ ਪਾ ਲਿਆ। ੨੩. ਕਮਲ ਵਰਗਾ ਮੁਖ। ੨੪. ਦੇਖਦੀ ਹੈ। ੨੫. ਖਿਡਾਉਂਦੀ ਹੈ। ੨੬. ਪਾਲਦੀ ਹੈ। ੨੭. ਉਤਸ਼ਾਹ।

ਮਹਿਲੇ ਬਾਬਾ ਸਿਰੀ ਚੰਦ ਜਨਮ ਪ੍ਰਸੰਗ ਬਰਨਨੰ ਨਾਮ [1]ਖੋੜਸਮੋ ਮੰਦਰਹਿ ॥ ੧੬ ॥

ਦੋਹਿਰਾ ॥ ਚਰਨ ਸਰਨ ਗੁਰ [2]ਪਰਨ ਮਨ ਦੇਤ ਦਾਸ ਸੁਖ [3]ਮੂਲ ॥ ਹਰਨ ਮਰਨ [4]ਭਵ ਨਿਜ ਜਨਨ ਨਮੋ ਹੋਇ [5]ਅਨਕੂਲ ॥ ੧ ॥ ਚੌਪਈ ॥ ਕਈ ਵਾਰ ਚੁਗਲੋਂ ਨੇ ਚੁਗਲੀ ॥ ਜਾਇ ਨਬਾਬ ਪਾਸ ਬਹੁ [6]ਉਗਲੀ ॥ ਜਬ ਜਬ ਲੇਖਾ ਹੋਵਤ ਭਯੋ ॥ [7]ਬਾਧਾ ਸ੍ਰੀ ਗੁਰ ਕੋ ਨਿਕਸਯੋ ॥ ੨ ॥ ਇਸ ਪ੍ਰਕਾਰ ਸੰਮਤ ਜੁਗ ਬੀਤੇ॥ ਬੀਬੀ [8]ਧਾਮ ਆਈ [9]ਸੈ ਪ੍ਰੀਤੇ ॥ ਸਿਰੀ ਨਾਨਕੀ ਬਿਨੈ ਬਖਾਨੀ ॥ ਜਗਤ ਆਸ ਪੂਰਹੁ ਸੁਖ ਦਾਨੀ ॥ ੩ ॥ [10]ਮੁਰ ਆਸਾ ਤੈਂ ਪੂਰਨ ਲਈ ॥ ਸਾਹਿਬਜ਼ਾਦ ਖਿਲਾਵਤ ਭਈ ॥ ਪਰ ਇਕ ਬਿਨਤੀ ਔਰ ਬਖਾਨੋਂ॥ ਨਿਜ ਭਰਜਾਈ [11]ਛੂਛੀ ਜਾਨੋ ॥ ੪ ॥ ਇਕ [12]ਬਾਰਕ ਤਿਸ ਦੇਹੁ ਖਿਲਾਵਾ ॥ ਜਿਸ ਤੇ ਤਿਸ ਕੋ ਹੈ ਪਰਚਾਵਾ ॥ ਸੁਨ ਕਰ ਸ੍ਰੀ ਨਾਨਕ [13]ਮੁਸਕਾਇ ॥ ਬੀਬੀ ਜੀ ਅਬ ਲੋਭ ਕਰਾਇ ॥ ੫ ॥ ਏ ਭੀ ਬਚਨ ਤੁਮਾਰਾ ਮਾਨੋਂ ॥ ਪੁਨ ਤੀਸਰ ਨਹੀਂ ਭੂਲ ਬਖਾਨੋਂ ॥ [14]ਅਸ ਬਰ ਦੇ ਕੁਛ [15]ਕਾਲ ਬਿਤਾਵਾ ॥ ਜਨਮ ਸਮਾਂ ਸ਼ਹਿਜ਼ਾਦੇ ਆਵਾ ॥ ੬ ॥ ਦੋਹਿਰਾ ॥ ਸੰਮਤ ਸ਼ਾਹੀ ਅਠਾਵੀਏ ਉੱਨੀਸ ਫਾਗਨ ਜਾਮ ॥ ਜਨਮ ਸ਼ਹਜ਼ਾਦੇ ਕੋ ਭਯੋ ਲਖਮੀ ਚੰਦ ਸੁ ਮਾਨ ॥ ੭ ॥ ਪੁਰ ਸੁਲ-ਤਾਨ ਸਮੀਪ ਹੈ [16]ਮਹਿਲਸੀਹਾ ਇਕ ਗ੍ਰਾਮ ॥ ਹੁਤੋ ਉਪਾਸ਼ਕ ਕਾਲਕਾ ਤਹਾਂ ਭਗੀਰਥ ਨਾਮ ॥ ੮ ॥ ਚੌਪਈ ॥ ਜਿਉਂ ਮਿਲ ਤਹਿ ਲਿਜ ਗੁਰਮਤ ਰੀਤੀ ॥ ਤਿਉਂ ਮੈਂ ਕਹੌਂ ਸੁਨਹੁ ਕਰ ਪ੍ਰੀਤੀ ॥ [17]ਭਾਵ ਧਰੇ ਸੇਵੈ ਨਿਤ ਕਾਲੀ ॥ ਸੁਚ ਸੰਜਮ ਕਰ

---

੧. ਸੋਲਾਂ। ੨. ਆਸਰਾ। ੩. ਸੁਖਾਂ ਦੇ ਮੁਢ ਵਾ ਸੁਖਾਂ ਦੇ ਦੇਣ ਵਾਲੇ। ੪. ਜਨਮ ਮਰਨ ਦੇ ਨਾਸ ਕਰਨ ਵਾਲੇ। ੫. ਅਨੁਸਾਰ। ੬. ਉਂਗਲੀ ਇਸ਼ਾਰਾ। ੭. ਬਾਧਾ। ੮. ਘਰ। ੯. ਪ੍ਰੀਤੀ ਸਹਿਤ। ੧੦. ਮੇਰੀ ਆਸਾ। ੧੧. ਖਾਲੀ। ੧੨. ਬਾਲਕ। ੧੩. ਹਸੇ। ੧੪. ਵਰ ਦੇ ਕੇ। ੧੫. ਸਮਾਂ। ੧੬. ਪਿੰਡ ਦਾ ਨਾਮ ਹੈ। ੧੭. ਪ੍ਰੇਮ ਨੂੰ ਧਾਰਕੇ।

[1]ਭੂਰ ਸੁ ਚਾਲੀ ॥ ੯ ॥ ਏਕ ਦਿਵਸ ਸੁਰ ਸੰਜਮ ਮਾਥਾ ॥ ਬੰਦਹਿ ਧਰ ਪਰ ਧਰ ਕਰ ਮਾਥਾ ॥ ਸੇਵਾ ਕਰਤਿਓ ਬਾਸਰ ਬੀਤਾ ॥ ਤਦਪਿ ਨ ਤਜੈ ਬਧੀ ਚਿਤ ਪ੍ਰੀਤਾ ॥੧੦॥ ਰਹਿਓ ਕਾਲਕਾ ਮੰਦਰ ਮਾਹੀਂ ॥ [2]ਸਦਨ ਨ ਗਮਨਿਯੋ ਅਤ ਚਿਤ ਚਾਹੀ ॥ [3]ਅਰਧ ਨਿਸਾ ਬੀਤੀ ਅਲਸਾਵਾ ॥ ਤਬਹਿ [4]ਚੰਡਕਾ ਸੁਪਨ ਦਿਖਾਵਾ ॥ ੧੧ ॥ ਭੋ ਸੁਮੱਤ ਜੁ ਮਨੋਰਥ ਤੋਰਾ ॥ ਹੋਇ ਸਪੂਰਨ ਇਹੁ ਬਰ ਮੋਰਾ ॥ ਨਿਜ ਸਰੂਪ ਕੋ ਲਖਹਿ ਗਿਆਨਾ ॥ ਪ੍ਰਾਪਤ ਹੈ [5]ਅਪਵਰਗ ਮਹਾਨਾ ॥ ੧੨ ॥ ਪਰਾਲਬਦ ਹੈ ਤਨ ਕੀ ਜੌ ਲੌ ॥ ਸੇਵ ਸਿਰੀ ਨਾਨਕ ਪਗ ਤੌ ਲੌ ॥ ਪੁਰ ਸੁਲਤਾਨਹਿ ਕੀਨ ਦੁਕਾਨਾ ॥ ਦੁਰਿਓ ਰਹਿਤ ਹੈ ਜਾਇ ਨ ਜਾਨਾ ॥ ੧੩ ॥ ਸ੍ਰੀ ਕਰਤਾਰ ਰੂਪ ਅਵਤਾਰਾ॥ [6]ਕਲ ਨਰ ਤਾਰਨ ਕੋ ਤਨ ਧਾਰਾ ॥ ਧਰ ਸਰਧਾ ਦਰਸਹੁ ਦੁਖ ਦਾਹੂ ॥ ਜਗ ਜੀਵਨ ਕੋ ਲੇਵਹੁ ਲਾਹੂ ॥ ੧੪ ॥ ਇਤੇ ਮਾਤ੍ਰ ਮੈਂ ਖੁਲ੍ਹੇ ਬਿਲੋਚਨ ॥ ਲਖ ਸੁਪਨੇ ਕੋ ਕਰ ਬਹੁ ਸੋਚਨ ॥ ਭੋਰ ਹੋਤ ਲੋ [7]ਦ੍ਰਿੜ੍ਹ ਬੈਰਾਗਾ ॥ ਭਯੋ ਰਿਦੈ ਨਿਜ [8]ਕੁਟੰਬ ਤਿਆਗਾ ॥ ੧੫ ॥ [9]ਗ੍ਰਾਮ ਚੌਧਰਤਾ ਆਦ [10]ਬਿਭੂਤੀ ॥ ਤਜ ਗਮਨਿਉਂ ਅਤਸੈ ਮਤ ਪੂਤੀ ॥ ਰੋਕ ਰਹੇ ਨਰ [11]ਰੁਕਤ ਨ ਕੈਸੇ ॥ ਪ੍ਰੇਮ ਪ੍ਰਵਾਹੁ ਬਹਿਓ ਹੜ ਜੈਸੇ ॥ ੧੬ ॥ ਆਵਾ ਪੁਰ ਸੁਲਤਾਨਹਿ ਤੂਰਨ ॥ ਪ੍ਰੇਮ ਸੰਗ ਹਿਰਦਾ ਪਰ ਪੂਰਨ ॥ ਜਹਿ ਆਪਨ ਪਰ ਜਾਚਕ ਭੀਰਾ ॥ ਦਰਸਨ ਹੇਤਹਿ ਹੋਤ ਅਧੀਰਾ ॥ ੧੭ ॥ [12]ਪਗ ਪਰ ਪਰਯੋ ਦੰਡ ਸਮਾਨਾ ॥ ਬਜਾ-ਕੁਲ ਭਾ ਤਨ ਸੁਧ ਬਿਸਰਾਨਾ ॥ ਸਬ ਬ੍ਰਿਤਾਂਤ ਲਖ ਕਰ ਜਗ ਨਾਥਾ ॥ ਹਾਥ ਛੁਹਾਯੋ ਮਾਥੇ ਸਾਥਾ ॥ ੧੯ ॥ [13]ਭੁਜਾ ਪਕਰ ਕੈ

---

੧. ਬਹੁਤ । ੨. ਘਰ ਨਾ ਗਿਆ । ੩. ਅਧੀ ਰਾਤ ਗੁਜਰੀ । ੪. ਕਾਲਕਾ ਮਾਤਾ। ੫. ਮੁਕਤੀ । ੬. ਕਲਜੁਗ ਦੇ ਮਨੁਖਾਂ ਨੂੰ ਤਾਰਨ ਲਈ ਸਰੀਰ ਨੂੰ ਧਾਰਨ ਕੀਤਾ ਹੈ । ੭. ਪਕਾ ਵੈਰਾਗ ਸਵੇਰੇ । ੮. ਪਰਵਾਰ । ੯. ਪਿੰਡ ਦੀ ਚੌਧਰਤਾ । ੧੦. ਸੰਪਦਾ ਮਾਇਆ । ੧੧. ਰੁਕਦਾ ਨਹੀਂ ਹੈ । ੧੨. ਚਰਨਾਂ ਪਰ ਡੰਡੇ ਸਮਾਨ । ੧੩. ਬਾਹਾਂ ਤੋਂ ਪਕੜ ਕਰ ।

ਬਹੁਰ ਬਠਾਯੋ ॥ ਸ੍ਰੀ ਮੁਖ ਕੋਮਲ ਵਾਕ ਅਲਾਯੋ ॥ ਕੌਨ ਮਨੋਰਥ
ਕਹਿ ਤੇ ਆਵਾ ॥ [1]ਚਹਿਓ ਸੁ ਦੇਉਂ ਕਹੋ ਮਨ ਭਾਵਾ ॥ ੧੯ ॥
ਸੁਨਤ ਭਗੀਰਥ ਬੋਲਿਓ ਬਾਨੀ ॥ ਸਭ ਜਾਨਤ ਹੋ ਤੁਮ ਗੁਨ ਖਾਨੀ
॥ ਕ੍ਰਿਪਾ ਕੀਨ ਮੁਝ ਪਰ ਜਗ ਮਾਈ ॥ ਸੁਮਤ ਦੀਨ ਕਹਿ [2]ਗਾਥ
ਬੁਝਾਈ ॥ ੨੦ ॥ ਮੈਂ ਆਯੋ ਤੁਮ ਸੇਵਨ ਚਰਨਾ ॥ ਨਮੋ ਨਮੋ
ਚਰਨਨ ਤਵ ਸਰਨਾ ॥ ਸੁਨੀ [3]ਸ੍ਰੋਨ ਮੈਂ ਬਿਨੈ ਬਿਸਾਲਾ ॥ ਪਰਮ
[4]ਪ੍ਰਸੀਦੇ ਦੀਨ ਦਯਾਲਾ ॥ ੨੧ ॥ ਜਗ ਸਗਰੇ ਪਰਪੰਚ ਦਖਾਯੋ ॥
ਬਹੁਰੋ ਮਨ ਤਹਿ ਸੇਵ ਲਗਾਯੋ ॥ ਰਹਿਤ ਭਯੋ ਦਰਸਨ ਹਿਤ
ਕਰਹੀ ॥ [5]ਚਰਨ ਪਖਾਰ [6]ਹਰਖ ਉਰ ਧਰਹੀ ॥ ੨੨ ॥ ਜਿਉਂ
ਕਰਨਾ ਨਿਧ ਦੇਹਿ [7]ਰਜਾਈ ॥ ਤੈਸੇ ਕਰਹਿ ਸਦਾ ਮਨ ਭਾਈ ॥
ਬੀਤਿਓ ਅਸ ਪ੍ਰਕਾਰ [8]ਕਛੁ ਕਾਲਾ ॥ ਸਰਧਾ ਧਾਰਤ ਰਿਦੈ
ਬਿਸਾਲਾ ॥ ੨੩ ॥ ਏਕ ਸਮੇਂ ਗੁਰ ਕਹੇ ਮਰਦਾਨਾ ॥ ਅਬ ਕਰ
ਹੈਂ ਕਿਤ ਦੂਰ ਪਯਾਨਾ ॥ ਮਿਲ [9]ਸਨਬੰਧਨ ਸੋਂ ਤੁਮ ਆਵੋ ॥
[10]ਕਾਰਜ ਬਿਗਰੋ ਸੌਰ ਬਨਾਵੋ ॥੨੪ ॥ ਸੁਨ ਕਹੈ ਸਤਿਗੁਰ ਫਿਕਰ
ਨ ਹੋਰ ॥ ਇਕ ਤਜਨਾ [11]ਤਰਨੀ ਘਰ ਮੋਰ ॥ ਤਹਿ ਬਿਆਹੋਂ ਜੇ
ਆਗਿਆ ਦੇਉ ॥ ਕਰੋਂ ਤਾਹਿ ਸਭ ਚਿੰਤ ਮਿਟੇਉ ॥ ੨੫ ॥ ਅਸ
ਪ੍ਰਕਾਰ ਸੁਨ ਕਰ ਸੁਖ ਰਾਸਾ ॥ ਤਹਿ ਛਿਨ ਹੁਤੇ ਭਗੀਰਥ ਪਾਸਾ ॥
ਤਾ ਸੋਂ ਬੋਲੇ ਕ੍ਰਿਪਾ ਨਿਧਾਨਾ ॥ ਤੁਮਰਾ ਬਨ ਹੈ [12]ਲੌ ਪੁਰ ਜਾਨਾ ॥
੨੬ ॥ ਬਿਆਹਿ [13]ਸੌਜ ਤਹਿ ਤੇ ਸਭ ਲਿਆਵੋ॥ ਏਕ [14]ਰੈਨ ਬਸ
[15]ਤੂਰਨ ਆਵੋ ॥ ਸੁਨ ਆਗਯਾ ਧਨ ਲੇਕਰ ਸੰਗਾ। ਪਹੁੰਚਿਓ
ਲਵ ਪੁਰ ਜਾਇ [16]ਉਮੰਗਾ ॥ ੨੭ ॥ ਮਨਸੁਖ ਨਾਮ ਹੁਤੇ ਜਿਸ

---

੧. ਜੋ ਮੰਗੇਂ ਸੋ ਦੇਣਾ ਕਰਾਂ। ੨. ਕਥਾ। ੩. ਕੰਨਾਂ ਵਿਚ। ੪. ਪ੍ਰਸੰਨ।
੫ ਚਰਨ ਧੋ ਕਰਕੇ। ੬ ਹਿਰਦੇ ਵਿਚ ਖੁਸ਼ੀ ਧਾਰਨ ਕੀਤੀ। ੭ ਆਗਿਆ। ੮ ਕੁਛ ਸਮਾਂ।
੯ ਸਬੰਧੀਆਂ ਨੂੰ। ੧੦ ਵਿਗੜੇ ਹੋਏ ਕੰਮਾਂ ਨੂੰ ਸਵਾਰ ਕੇ ਬਨਾਣਾ ਕਰੋ। ੧੧ ਧੀ ਦੇ।
੧੨ ਲਾਹੌਰ। ੧੩ ਸਮਗਰੀ। ੧੪ ਇਕ ਰਾਤ। ੧੫ ਛੇਤੀ। ੧੬ ਉਤਸ਼ਾਹ।

ਕੇਰੋ ॥ ਧਨੀ ਅਧਕ ਵਾਪਾਰ ਘਨੇਰੋ ॥ ਤਹ ਕੇ ਸਾਥ ਕਹੀ ਨਿਜ
[1]ਗਾਥਾ ॥ ਸਰਬ ਦਰਬ ਕੋ ਲੇਕਰ ਹਾਥਾ ॥ ੨੮ ॥ ਬਿਆਹ [2]ਸੌਜ
ਕਾਗਜ ਪਰ ਜੇਤੀ ॥ ਆਪ ਸਰਬ ਲੇ ਦੀਜਹਿੰ ਤੇਤੀ ॥ ਏਕ ਨਿਸਾ
ਬਸਹੌਂ ਇਸ ਨਗਰਾ ॥ [3]ਤੂਰਨ ਕਰੀਏ ਕਾਰਜ ਸਗਰਾ ॥ ੨੯ ॥
ਸੁਨ ਕਰ ਮਨਸੁਖ ਤਹਿ ਸਨਮਾਨਾ ॥ ਨਿਕਟ ਬਠਾਯੋ ਬਚਨ
ਬਖਾਨਾ ॥ [4]ਅਬ ਪ੍ਰਦੋਖ ਭੀ ਕਰਹੁ [5]ਨਿਵੇਸਾ ॥ ਭੋਰ ਹੋਤ ਲੇ ਵਸਤ
ਸੁਦੇਸਾ ॥ ੩੦ ॥ ਤਬਹਿ ਭਗੀਰਥ ਬੋਲਿਓ ਬਾਨੀ ॥ ਸੁਨਹੁ ਸ਼ਾਹੁ
ਸਾਚੋ ਬਚ ਜਾਨੀ ॥ ਦੂਜੀ ਨਿਸਾ ਰਹੌਂ ਜੇ [6]ਨਗਰਾ ॥ [7]ਬਾਦ ਜਨਮ
ਜਾਵਹਿ ਮੁਝ [8]ਸਗਰਾ ॥ ੩੧ ॥ ਕਹਿਉ ਸ਼ਾਹੁ ਕੇ ਯਾਂਕੋ ਕਾਰਨ ॥
ਉਰ ਸੰਸੇ ਭਾ ਕਰਹੁ ਨਿਵਾਰਨ ॥ ਜੋ ਮਾਨਵ ਭੇਜੈ ਨ੍ਰਿਪ [9]ਤਾਦੂ ॥
ਉਚਰੈ ਯੌਂ ਨ ਜਨਮ ਹੋਇ [10]ਬਾਦੂ ॥ ੩੨ ॥ ਸੁਨਹੁ ਸਾਹ ਮਮ
ਸਤਿਗੁਰ ਪੂਰਾ ॥ ਜਾਂਕੋ ਬਚਨ ਹੋਤ ਨਹਿ [11]ਊਰਾ ॥ ਤਿਨਕੀ
ਆਇਸ ਜਾਨਹੁ ਐਸੇ ॥ ਦੂਜੀ ਨਿਸ ਪੁਰ ਰਹੌਂ ਨ ਕੈਸੇ ॥ ੩੩ ॥
ਸੁਨ ਕਰ ਮਨਸੁਖ ਬਚਨ ਬਖਾਨਾ॥ ਕਲੀ ਕਾਲ ਅਤਸੈ ਬਲਵਾਨਾ
॥ ਇਸ ਮਹਿ ਐਸੋ ਕੋਇ ਨ ਪੂਰਾ ॥ ਤੂ ਭਾਖਤ ਜੈਸੋਂ ਜਸ [12]ਰੂਰਾ ॥
੩੪ ॥ ਭੋ ਸੁਮੱਤ ਨਹਿ ਕੀਜੈ [13]ਸੰਸਾ ॥ ਜਿਸ ਕੀ ਮੈਂ ਭਾਖਤ
ਪਰਸੰਸਾ ॥ ਤਿਸ ਮੈਂ ਧਰਹੁ ਜਿ ਸਰਧਾ ਭੂਰੀ ॥ ਜਗਤ [14]ਕੁਬੰਧ
ਕਰਹਿੰ ਗੁਰ ਦੂਰੀ ॥ ੩੫ ॥ [15]ਕਲੀ ਕਾਲ ਤਾਰਨ ਕਰਤਾਰਾ ॥
ਨਿਜ ਸਰੂਪ ਕੀਨੋ ਅਵਤਾਰਾ ॥ ਜਹਿੰ ਕੇ ਜਾਗਹਿੰ ਭਾਗ ਮਹਾਨਾ ॥
ਸੋ ਮਹਿਮਾ ਜਾਨਹਿੰ ਮਤਵਾਨਾ ॥ ੩੬ ॥ ਲੋਕਕ ਰੀਤ ਕਰਹਿੰ

---

੧. ਕਥਾ । ੨. ਸਮਗਰੀ। ੩. ਛੇਤੀ ਨਾਲ ਸਾਰਾ ਕੰਮ ਕਰਨਾ ਹੈ। ੪. ਸੰਧਯਾ ਹੋ ਗਈ। ੫. ਨਿਵਾਸ। ੬. ਸ਼ਹਿਰ ਵਿਚ। ੭. ਨਿਸਫਲ ਜਨਮ। ੮. ਸਾਰਾ। ੯. ਕਿਸੇ ਰਾਜੇ ਆਦਿਕ। ੧੦. ਨਿਸਫਲ। ੧੧. ਖਾਲੀ। ੧੨. ਸੁੰਦਰ। ੧੩. ਸੰਸਾ ੧੪. ਖੋਟ ਬੰਧਨ। ੧੫. ਕਲਜੁਗ ਦੇ ਸਮੇਂ ਤੋਂ ਤਾਰਨ ਵਾਸਤੇ ਕਰਤਾਰ ਦਾ ਰੂਪ ਹੋਇਆ ਹੈ।

ਨਿਰਬਾਹੂ ॥ ਰਿਦੇ ਗਿਆਨ [੧]ਘਨ [੨]ਅਗਮ [੩]ਅਗਾਹੂ ॥ ਸਰਬ ਘਟਨ ਕੇ [੪]ਅੰਤਰਜਾਮੀ ॥ ਪ੍ਰੇਰਕ ਚੌਦਹਿ ਲੋਕਨ ਸ੍ਵਾਮੀ ॥ ੩੭ ॥ ਸੰਤ ਮਿਲਨ ਕੀ ਜਹਿ ਅਭਿਲਾਖਾ ॥ ਅਸ ਮਨ ਸੁਖ ਬਹੁਰੋ [੫]ਬਚ ਭਾਖਾ ॥ ਜੇ ਮੁਝ ਦੇ ਕਛੁ ਕਲਾ ਦਿਖਾਈ ॥ ਤਬ ਹੋਵਹੁੰ ਮੈਂ ਸਿਖ ਹਿਤ ਲਾਈ ॥ ੩੮ ॥ [੬]ਦੰਭੀ ਸਾਧ ਮਿਲੇ ਬਹੁਤੇਰੇ ॥ ਸ਼ਾਂਤ ਨ ਪ੍ਰਾਪਤ ਭੀ ਮਨ ਮੇਰੇ ॥ ਯਾਂਤੇ ਮੁਝੈ ਨ ਉਪਜਤ ਪ੍ਰੀਤਾ ॥ ਬਿਨ [੭]ਅਜਮਤ ਨਹਿ ਹੋਤ [੮]ਪ੍ਰਤੀਤਾ ॥ ੩੯ ॥ ਕਹੈ ਭਗੀਰਥ ਜੇ ਚਿਤ ਚਾਹੂ ॥ ਮੁਕਤ ਲੇਨ ਤਬ ਦੇਰ ਨ ਲਾਹੂ ॥ ਕਰ [੯]ਸੰਭਾਖਣ ਆਪਸ ਮਾਹੀ ॥ [੧੦]ਅਸਨ [੧੧]ਅਚਯੌ ਕੀਅ [੧੨]ਸੈਨ ਤਦਾਹੀ ॥ ੪੦ ॥ ਭੋਰ ਹੋਤ ਉਠ ਕੀਨ ਸਨਾਨਾ ॥ ਬਿਆਹ [੧੩]ਸੌਜ ਬਨਜੀ ਬਿਧ ਨਾਨਾ ॥ ਆਪਸ ਮੈਂ ਪਈ ਪ੍ਰੀਤੀ ਭੂਰੀ ॥ [੧੪]ਮਗ ਗਮਨੇ ਜਿਨ ਕੀ ਮਤ [੧੫]ਰੂਰੀ ॥ ੪੧ ॥ ਮਨਸੁਖ ਕਹੈ ਲੇਹਿ ਮੁਝ ਨਾਮਾ ॥ ਕਰਹਿ [੧੬]ਅਵਾਹਿਨ ਜੇ ਸੁਖ ਧਾਮਾ ॥ ਦ੍ਰਿੜ ਪ੍ਰਤੀਤ ਤਬ ਉਰ ਮਹਿ ਜਾਗੇ ॥ ਚਲਤ ਚਲਤ ਤਬ ਗੁਰ ਪੈ ਆਗੇ ॥ ੪੨ ॥ ਕਹਿ ਗੁਰ [੧੭]ਮਨ ਸੁਖ ਪੂਰਬ ਕਾਚਾ ॥ ਕੀਓ ਨਾਮ ਚਾਹਤ ਅਬ ਸਾਚਾ ॥ ਯਾਂਤੇ ਆਨਿਓ ਅਪਨੇ ਸੰਗਾ ॥ ਧੰਨ ਸੰਤ ਤਾਰਹਿ ਸਤਸੰਗਾ ॥ ੪੩ ॥ ਸੁਨ ਬਚ [੧੮]ਧਾਇ ਚਰਨ ਲਪਟਾਏ ॥ ਮਨਹੁ ਮਿਲਿਓ ਜਲ [੧੯]ਅਧਕ [੨੦]ਤਿਸਾਏ ॥ [੨੧]ਬਿਆਹ ਸੌਜ ਧਰ ਦੀਨ [੨੨]ਅਗਾਰੀ ॥ ਬਹੁਰ ਭਗੀਰਥ [੨੩]ਗਿਰਾ ਉਚਾਰੀ ॥੪੪॥ ਨਾਮ [੨੪]ਪਤਤ [੨੫]ਪਾਵਨ ਸੁਨ [੨੬]ਸ਼੍ਰੋਨੇ॥ ਯਹ ਆਵਾ ਤੁਮਰੋ ਸਿਖ ਹੋਨੇ॥ ਗੁਰੂ [੨੭]ਹਕਾਰਿਓ ਤਬ

---

੧. ਬਹੁਤ। ੨. ਮਨ ਕਰਕੇ ਅਗਮ ਹੈ। ੩. ਡੂੰਘਾ ਹੈ, ੪. ਅੰਤਰ ਦੀ ਵਾਰਤਾ ਨੂੰ ਜਾਣਦਾ ਹੈ। ੫. ਬਚਨ ਉਚਾਰੇ। ੬. ਪਾਖੰਡੀ। ੭. ਸ਼ਕਤੀ। ੮. ਭਰੋਸਾ। ੯. ਬਚਨ ਬਿਲਾਸ। ੧੦. ਭੋਜਨ। ੧੧. ਛਕਿਆਂ। ੧੨. ਸੌਣਾ ਕੀਤਾ। ੧੩. ਸਮਗਰੀ। ੧੪. ਰਸਤੇ ਵਿਚ ਤੁਰੇ। ੧੫. ਸੁੰਦਰ ਮਤ। ੧੬. ਬੁਲਾਣਾ। ੧੭. ਮਨ ਸੁਖ ਪਹਿਲਾ ਨਾਮ ਕਚਾ ਹੈ। ੧੮. ਦੌੜ ਕੇ। ੧੯. ਬਹੁਤ। ੨੦. ਤਿਹਾਏ। ੨੧. ਸ਼ਾਦੀ। ੨੨. ਅਗੇ। ੨੩. ਬਾਣੀ। ੨੪. ਪਾਪੀਆਂ। ੨੫. ਪਵਿਤਰ। ੨੬. ਕੰਨ। ੨੭. ਬੁਲਾਇਆ।

[1]ਤਾਤਾ ॥ ਭਾ ਪਰਲੋਕ ਹੁਤੇ ਬਖ੍ਯਾਤਾ ॥ ੧੬ ॥ ਤਿਸ [2]ਨਮਿੱਤ ਮੈਂ ਕੀਨ [3]ਅਹਾਰਾ ॥ ਖੁਆਇ [4]ਬਿੱਪਰਨ ਸਭਨ [5]ਖਵਾਰਾ ॥ ਪੁਨ ਬੂਝਿਯੋ ਸ੍ਰੀ ਸਤਿਗੁਰ ਤਾਹੀਂ ॥ ਤਬ ਪਿਤ ਪ੍ਰਾਪਤ ਭਯੋ ਕਿ ਨਾਹੀਂ ॥ ੧੭ ॥ ਦੁਨੀ ਚੰਦ ਕਹਿ ਲਖੋਂ ਨ ਕੋਊ ॥ ਪਹੁੰਚਿਓ ਰਹਿਯੋ ਕਿ ਭੂਖੋ ਸੋਊ ॥ ਇਸ ਬਿਧ ਕੀ [6]ਸੁਧ [7]ਰਾਵਰ ਜਾਨੋਂ ॥ ਜੰਤ [8]ਅਲਪ ਮਤ ਮੈਂ ਨ ਪਛਾਨੋਂ ॥ ੧੮ ॥ ਗੁਰ ਕਹਿ ਤਵ ਪਿਤ [9]ਛੁਧਾ ਅਧੀਨਾ ॥ ਭੂਖੇ [10]ਬਾਸਰ ਬੀਤੇ ਤੀਨਾ ॥ ਬੈਠਯੋ ਅਬੈ [11]ਛੁਧਾਤਰ ਸੋਊ ॥ ਤਾਹਿ ਨ ਪਹੁੰਚਿਓ ਭੋਜਨ ਕੋਊ ॥ ੧੯ ॥ ਇਸ ਪ੍ਰਕਾਰ ਕੇ ਬਚਨ ਸੁਨੇ ਜਬ ॥ ਨਿਮ੍ਰ ਭਯੋ ਬੂਝਤ ਭਾ ਪੁਨ ਤਬ ॥ ਕਿਹ ਸਥਾਨ ਮਹਿੰ ਭੂਖਾ ਬੈਸਾ ॥ ਕਹੋ ਕ੍ਰਿਪਾ ਕਰ ਤਿਹ ਤਨ ਕੈਸਾ ॥ ੨੦ ॥ [12]ਹੇਤ ਬਤਾਵਨ [13]ਬੈਨ ਅਲਾਇ ॥ ਤਵ ਪਿਤ [14]ਬ੍ਰਿਕ ਦੇਹ ਕੋ ਪਾਏ ॥ ਪੰਚ ਕੋਸ ਪਰ [15]ਝਾਰਨ ਮਾਹੀਂ ॥ ਭੂਖੇ ਬੈਠ ਰਹਯੋ ਸੋ ਤਾਹੀਂ ॥ ੨੧ ॥ ਲੇ ਅਹਾਰ ਤੁਮ ਤਹਿ ਠਾਂ ਜਾਵਹੁ ॥ [16]ਦੇਖ ਸਰੂਪ ਨ ਮਨ ਡਰ ਪਾਵਹੁ ॥ ਤੇਰੇ ਦਰਸ਼ਨ ਕੋ ਜਬ ਹੇਰੇ ॥ ਮਾਨਖ ਦੇਹਿ ਧਰੇ [17]ਤਿਸ ਬੇਰੇ ॥ ੨੨ ॥ ਦੁਨੀ ਚੰਦ ਅਚਰਜ ਉਰ ਧਰਕੈ ॥ ਚਲਿਯ [18]ਪਾਤ੍ਰ ਪਾਇਸ ਕੋ ਭਰਕੈ ॥ ਜਹਾਂ ਬਤਾਯੋ ਕ੍ਰਿਪਾ ਨਿਧਾਨਾ ॥ ਦੇਖਿਯੋ ਤਹਾਂ ਜਾਇ ਸੋ ਥਾਨਾ ॥ ੨੩ ॥ [19]ਬ੍ਰਿਕ ਬਿਲੋਕ ਝਾੜਨ ਮੈਂ ਜਬ ਹੀ ॥ ਕਰੀ ਦੂਰ ਤੇ ਬੰਦਨ ਤਬ ਹੀ ॥ ਦੁਨੀ ਚੰਦ ਕੋ ਤਿਨੇ [20]ਨਿਹਾਰਾ ॥ ਤਤ ਛਿਨ ਮਾਨਖ ਤਨ ਕੋ ਧਾਰਾ ॥ ੨੪ ॥ ਧਰ ਕਰ ਪਾਇਸ ਪਾਤ੍ਰ [21]ਅਗਾਰੀ ॥ ਹਿਤ ਬੂਝਨ ਕੋ ਗਿਰਾ ਉਚਾਰੀ ॥

---

੧ ਪਿਤਾ। ੨ ਵਾਸਤੇ। ੩ ਭੋਜਨ। ੪ ਬ੍ਰਾਹਮਣ। ੫ ਖਵਾਇਆਂ। ੬ ਖਬਰ। ੭ ਆਪ। ੮ ਤੁਛ ਬੁਧੀ। ੯ ਭੁਖ। ੧੦ ਦਿਨ। ੧੧ ਭੁਖਾਂ ਦੇ ਵਿਚ ਦੁਖੀ। ੧੨ ਦਸਣ ਦੇ ਵਾਸਤੇ। ੧੩ ਬਚਨ ਉਚਾਰੇ। ੧੪ ਬਘਿਆੜ। ੧੫ ਝਾੜੀ ਵਿਚ। ੧੬ ਬਘਿਆੜ ਵਾਲਾ ਰੂਪ ਦੇਖ ਕੇ। ੧੭ ਉਸੀ ਵਕਤ। ੧੮ ਭਾਂਡਾਂ ਭਰਕੇ। ੧੯ ਰਿੱਛ। ੨੦ ਦੇਖਾ। ੨੧ ਅਗੇ।

ਤੁਮ ਧਰਮਾਤਮ ਥੇ ਸਭ [1]ਭਾਂਤੀ ॥ ਸ਼ੁਭ ਕਾਰਜ ਮਹਿਂ ਮਤ ਦਿਨ ਰਾਤੀ ॥ ੨੫ ॥ ਕਿਉਂ ਬਘਿਆੜ ਦੇਹ ਤੁਮ ਪਾਈ ॥ ਇਹੁ ਪ੍ਰਸੰਗ ਮੁਝ ਦੇਹੁ ਸੁਨਾਈ ॥ ਅਬ ਬ੍ਰਿੱਕ ਦੇਹ ਤਜੀ ਹੈ ਕੈਸੇ ॥ ਮਾਨੁਖ ਤਨ ਪਾਯੋ ਕਹੁ ਤੈਸੇ ॥ ੨੬ ॥ ਬੋਲਿਯੋ ਤਬ ਸੋ ਸੁਨਹੁ [2]ਬ੍ਰਿਤਾਂਤਾ ॥ ਜਿਉਂ ਬੀਤੀ ਮਮ [3]ਪਾਛਲ ਬਾਤਾ ॥ [4]ਮ੍ਰਿਤ ਕਾਲ ਹਮ ਕੋ [5]ਗੰਧ ਆਈ ॥ ਮਾਂਸ [6]ਸਾਲਣਾ ਕਿਨੈ ਰਿਨ੍ਹਾਈ ॥ ੨੭ ॥ ਮਨ ਖਾਵਨ ਕੋ ਮਮ ਲਲਚਾਯੋ ॥ ਸੋ ਮੇਰੇ ਤਬ ਹਾਥ ਨ ਆਯੋ ॥ ਭਯੋ ਮ੍ਰਿਤਕ ਇਹ ਦੇਹੀ ਪਾਈ ॥ ਰਹੀ ਬਾਸਨਾ ਠਹਿਹ ਜਹਾਂ ਹੀ ॥ ੨੮ ॥ ਪੂਰਨ ਪੁਰਖ ਤੋਹਿ ਘਰ ਆਵਾ ॥ ਦਰਸ ਪਵਿਤ੍ਰ ਤਾਹਿ ਤਹਿ ਪਾਵਾ ॥ ਤੇਰੋ ਦਰਸਨ ਮੈਂ ਕਰ ਲੀਨੋ ॥ ਇਉਂ ਮਾਨੁਖ ਤਨ ਭਾ ਮਨ ਚੀਨੋ ॥ ੨੯ ॥ ਪੂਰਬ ਕਰਮ ਜਗੇ ਅਬ ਮੇਰੇ ॥ ਉੱਤਮ ਗਤ ਪਾਈ ਬਿਨ ਦੇਰੇ ॥ ਅਸ ਕਹਿ [7]ਲੋਕ ਸੰਤਾਨਕ ਗਯੋ ॥ ਦੁਨੀ ਚੰਦ ਸੁਨ ਅਚਰਜ ਭਯੋ ॥ ੩੦ ॥ ਤਿਹ ਤੇ ਸਦਨ ਬਿਖੈ ਚਲ ਆਵਾ ॥ ਸ੍ਰੀ ਨਾਨਕ ਬੈਸੇ ਜਿਹ ਥਾਵਾ ॥ ਕਰ ਬੰਦਨ ਉਸਤਤ ਬਹੁ [8]ਭਾਖੀ ॥ ਅਤ ਸਰਧਾ ਮਹਿਂ ਭਾ [9]ਅਭਲਾਖੀ ॥ ੩੧ ॥ ਕਹੀਯੇ ਹੇ ਸ੍ਰੀ ਸਤਿਗੁਰ ਸ੍ਵਾਮੀ ॥ ਦੀਨ ਬੰਧ ਪ੍ਰਭ ਅੰਤਰਜਾਮੀ ॥ ਪਹੁੰਚਿਯੋ ਪਿਤ ਕੋ [10]ਖਿਆਹ ਨ ਕੈਸੇ ॥ ਭੇਦ ਬਤਾਵਹੁ ਸਵਾਮੀ ਜੈਸੇ ॥ ੩੨ ॥ ਸ੍ਰੀ ਗੁਰ ਕਹਯੋ ਦੁਨੀ ਚੰਦ ਭਾਈ ॥ ਜਾਨ ਲੇਹੁ ਅਪਨੇ ਮਨ ਮਾਹੀਂ ॥ ਸੱਤਿ ਕਿਰਤ ਕਰ ਦਿਹੈ ਜੁ ਦਾਨ ॥ ਪ੍ਰਾਪਤ ਤਿਹ ਫਲ [11]ਮਹਿਦ ਮਹਾਨ ॥ ੩੩ ॥ ਔ [12]ਕਲ ਮਲ ਕਰ ਧਨ [13]ਸੰਚਰੈ ॥ ਦਿਹੈ ਦਾਨ ਸੁਖ ਪਿਤ੍ਰਨ ਹਰੈ ॥ [14]ਸਪਤ ਲਾਖ ਸੰਚਿਯੋ ਤਹਿ [15]ਦਰਬਾ ॥ ਕਲਮਲ ਕਰ ਮੇਲਿਯੋ ਤੈ ਸਰਬਾ ॥ ੩੪ ॥ ਧਨ

---

੧ ਤਰਾਂ । ੨ ਹਾਲ । ੩ ਪਿਛੇ । ੪ ਮਰਨ ਸਮੇਂ । ੫ ਵਾਸ਼ਨਾਂ ਆਈ । ੬ ਮਾਸ ਵਿਚ ਮਸਾਲੇ ਪਾਕੇ ਰਿਨਿਆਂ । ੭ ਬੈਕੁੰਠ ਧਾਮ । ੮ ਉਚਾਰੀ । ੯ ਇਛਾ । ੧੦ ਸ੍ਰਾਧ । ੧੧ ਵਡਾ । ੧੨ ਪਾਪਾਂ । ੧੩ ਅਕੱਠਾ । ੧੪ ਸਤ ਲਖ ਰੁਪੈ । ੧੫ ਧੰਨ ।

ਕਉ ਸੰਚ ਕਰੈਂ ਬਹੁ ਕਲਮਲ ॥ ਬੋਲਹਿਂ ਕੂੜ ਕਰਤ ਹੈਂ [੧]ਬਲ ਛਲ ॥ ਆਗੇ ਸੰਗ ਨ ਹੋਤ ਸਹਾਈ ॥ ਸੰਚਤ ਸੰਚਤ ਔਧ ਵਿਹਾਈ ॥ ੩੫ ॥ ਧਰਿਯੋ ਰਹੈ ਤਨ [੨]ਮ੍ਰਿਤੁ ਸੁ ਆਈ ॥ ਕਰਤ ਪਾਪ ਸੋ ਜੀਵ [੩]ਭੁੰਚਾਈ ॥ [੪]ਸਰਿਓ ਦਰਬ ਤੇ ਕੌਨੈ ਕਾਮਾ ॥ ਬਿਨਾਂ ਪੁੰਨ ਤੇ ਦੁਖ ਕੋ ਧਾਮਾ ॥ ੩੬ ॥ ਦੁਨੀ ਚੰਦ ਸੁਨ ਗਿਰਾ ਉਚਾਰੀ ॥ ਕਿਸ ਪ੍ਰਕਾਰ ਸੰਗ ਜਾਇ [੫]ਅਗਾਰੀ ॥ਸੋ ਕਰਨਾ ਕਰ ਮੁਝੈ ਬਤਾਵੋ॥ [੬]ਦੀਨ ਜਾਨ ਉਪਦੇਸ਼ ਦ੍ਰਿੜ੍ਹਾਵੋ ॥ ੩੭ ॥ ਗੁਰੂ ਭਨੈਂ ਸੁਨੀਏ ਦੇ ਚੀਤਾ ॥ ਇਸ ਪ੍ਰਾਣੀ ਕੇ ਤੀਨਹੁ ਮੀਤਾ ॥ ਦਰਬ ਪ੍ਰਵਾਰ ਕਰਮ ਲਖ ਲੀਜੈ ॥ ਜਸ ਸੰਗੀ ਤਸ [੭]ਦਸਾ ਸੁਨੀਜੈ ॥ ੩੮ ॥ [੮]ਜਬ ਲੌ ਪ੍ਰਾਨ ਰਹੈਂ ਤਨ ਮਾਹੀਂ ॥ [੯]ਤਬ ਲੌ ਧਨ ਮਿਤ ਬਹੁਰੋ ਨਾਹੀਂ ॥ ਲੇਤ [੧੦]ਸੰਭਾਰ ਅਪਰ ਹੀ [੧੧]ਯਾਂਕੋ ॥ ਕਲ ਮਲ ਅਨਕ ਕਿਯੇ ਹਿਤ ਜਾਂਕੋ ॥ ੩੯ ॥ ਤਨ ਕੇ [੧੨]ਦਾਹ ਤੀਕ ਪਰਵਾਰਾ ॥ ਪੁਨ ਤਿਹ ਤਿਆਗ ਆਹਿੰ [੧੩]ਆਗਰਾ ॥ ਆਗੈ ਕੋਇ ਨ ਸੰਗ ਸਹਾਈ ॥ ਜਿਨ ਸੋਂ ਹਿਤ ਕਰ [੧੪]ਔਧ ਬਿਹਾਈ ॥ ੪੦ ॥ ਤੀਜੇ ਕਰਮ ਮੀਤ ਇਸ ਕੇਰੇ ॥ ਸੋ ਨਿਤ ਸੰਗੀ ਜਾਹਿੰ ਅਗੇਰੇ ॥ ਪੂਰੇ ਕਿ ਭਲੇ ਕਰੇ ਹੈ ਜੈਸੇ ॥ ਫਲ ਦੇਵਹਿੰ ਤਸ ਹਟਹਿੰ ਨ ਕੈਸੇ ॥ ੪੧ ॥ ਇਸ ਬਿਧ ਰਿਦੈ ਬਿਚਾਰ ਕਰੀਜੈ ॥ ਦਰਬ ਭਲੇ ਕਰਮਨ ਮਹਿੰ ਦੀਜੈ ॥ ਆਗੈ ਹੋਵਹਿ ਤੋਹਿ ਸਹਾਈ ॥ ਸੱਤਿਨਾਮ ਜਪੀਐ ਲਿਵ ਲਾਈ ॥ ੪੨ ॥ ਸਤਿ ਸੰਗਤ ਕੋ ਕਰਹੁ ਮਿਲ਼ਾਪਾ ॥ ਤਜੀਏ [੧੫]ਅਪਰ ਬਿਕਾਰ [੧੬]ਕਲਾਪਾ ॥ ਇਸ ਪ੍ਰਕਾਰ ਸੁਨ ਗੁਰ ਕੀ ਬਾਨੀ ॥ ਦੁਨੀ ਚੰਦ ਮਨ ਮਹਿੰ ਭਲ ਮਾਨੀ ॥ ੪੩ ॥ [੧੭]ਅਧਕ ਦਰਬ ਇਕਠੋ ਥੋ ਜੇਤੋ ॥ ਸੰਤਨ ਹਿਤ ਖਰਚਿਯੋ ਸਭ

---

੧ ਛਲ ਵਾ ਫਰੇਬ। ੨ ਮੌਤ। ੩ ਭੋ[illegible]। ੪ ਸਰਿਆ। ੫ ਅਗੇ ਪ੍ਰਲੋਕ। ੬ ਗਰੀਬ ਵਾ ਦੁਖੀ ਜਾਨਕੇ। ੭ [illegible]। ੮ ਜਦ ਤਕ। ੯ ਤਦ ਤਕ। ੧੦ ਸੰਭਾਲ। ੧੧ ਉਸਨੂੰ। ੧੨ ਸਾੜਨੇ ਤਕ। ੧੩ ਅਗੇ ਪ੍ਰਲੋਕ। ੧੪ ਉਮਰਾ ਬਤੀਤ। ੧੫ ਹੋਰ ਵਿਕਾਰ। ੧੬ ਕਲਪਣਾ। ੧੭ ਬਹੁਤ।

ਤੇਤੋ ॥ ਅਨਕ ਪ੍ਰਕਾਰ ਕਰਾਇ [੧]ਅਹਾਰਾ ॥ ਸੰਤਨ ਕਰਿਯੋ ਪ੍ਰਸੰਨ [੨]ਜਿਵਾਰਾ ॥ ੪੪ ॥ ਬਹੁਤੇ [੩]ਬਸਨ ਸਿਵਾਇ ਪਨਾਏ ॥ ਧਰਮਸਾਲ ਰਚ ਸਮਾਂ ਬਿਤਾਏ ॥ ਸਿਮਰਹਿ ਵਾਹਿਗੁਰੂ ਸਤਿਨਾਮੂ ॥ ਤਜੇ [੪]ਵਿਅਰਥ [੫]ਕੁਮਾਰਗ [੬]ਕਾਮੂ ॥ ੪੫ ॥ ਭਾ ਨਿਹਾਲ ਤਤਕਾਲ ਬਿਸਾਲਾ ॥ ਧਰ ਉਪਦੇਸ ਜੁ ਬੀਯੋ ਦਿਯਾਲਾ ॥ ਤਿਹ ਤੇ ਚਲਤ ਭਏ ਗੁਰ ਪੂਰੇ ॥ ਜਿਸਕੇ ਸਿਮਰੇ [੭]ਸੰਕਟ ਦੂਰੇ ॥ ੪੬ ॥ ਪੁਰ ਇਕ ਦਿਸਾ ਗਏ ਜਿਸ ਬੇਰਾ ॥ ਤਹਾਂ [੮]ਕਸਾਬ ਪੁਰਾ ਸੋ [੯]ਹੇਰਾ ॥ ਜਰ ਨਹਿ ਸਕੇ ਸ੍ਰਾਪ ਤਬ ਦੀਨੋ ॥ ਸ੍ਰੀ ਮੁਖ ਤੇ ਅਸ ਭਾਖਨ ਕੀਨੋ ॥ ੪੭ ॥ ਸ਼ਬਦ ॥ ਲਾਹੌਰ ਸਹਰੁ [੧੦]ਜਹਰੁ [੧੧]ਕਹਰੁ ਸਵਾ ਪਹਰੁ ॥ ੧ ॥ ਚੌਪਈ ॥ ਐਸ ਸ੍ਰਾਪ ਦੇ ਗੇ ਅਗਵਾਈ ॥ ਤਿਸ ਦਿਨ ਤੇ ਲਵ ਪੁਰ ਦੁਖ ਪਾਈ ॥ ਸਵਾ ਪਹਰੁ ਲਗ ਬੋਲ ਜ਼ਰੀਲੇ ॥ ਕਈ [੧੨]ਬੇਰ ਭੇ ਜੰਗ [੧੩]ਕਟੀਲੇ ॥ ੪੮ ॥

ਇਤ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥੇ ਪ੍ਰਿਥਮ ਮਹਿਲੇ ਦੁਨੀ ਚੰਦ ਪ੍ਰਸੰਗ ਬਰਨਨੰ ਨਾਮ ਚਤ੍ਰ ਬਿੰਸਤ ਮੰਦਰਹਿ ॥ ੨੪ ॥

ਦੋਹਿਰਾ ॥ ਦੁਨੀ ਚੰਦ ਤੇ ਸਤਿਗੁਰੂ ਕੋਸ ਪਚੀਸ ਸਿਧਾਇ ॥ ਅਕਲ ਚੂਨਾਮ੍ਰਤ [੧੪]ਤਾਲ ਜਹਿ [੧੫]ਥਿਰੇ ਤਾਹਿ ਸੁਖ ਦਾਇ ॥ ੧ ॥ ਸ੍ਰੀ ਬਾਲੇ ਜੀ ਬੂਝਯੋ ਹੇ ਗੁਰ ਕਰਨਾਂ ਖਾਨ ॥ [੧੬]ਰਾਵਰ ਇਹ [੧੭]ਠਾਂ ਥਿਤ ਭਏ ਕਹੋ ਕੌਨ ਅਸਥਾਨ ॥ ੨ ॥ ਸੁਨ ਕਰ ਕ੍ਰਿਪਾ ਨਿਧਾਨ ਜੀ ਸ੍ਰੀ ਮੁਖ ਬਚਨ ਉਚਾਰ ॥ [੧੮]ਸੁਧਾ ਸਰੋਵਰ ਪ੍ਰਗਟਬੇ ਦਿਖਰਾਯੋ ਪਰਕਾਰ ॥ ੩ ॥ ਰਾਗ ਪ੍ਰਭਾਤੀ ਮਹਲਾ ੧ ॥ ਅੰਮ੍ਰਿਤੁ ਨੀਰੁ ਗਿਆਨਿ ਮਨ [੧੯]ਮਜਨੁ [੨੦]ਅਠ ਸਠਿ ਤੀਰਥ ਸੰਗਿ ਗਹੇ ॥ ਗੁਰ

੧ ਭੋਜਨ। ੨ ਭੋਜਨ ਛਕਾ ਕੇ। ੩ ਕਪੜੇ। ੪ ਨਿਸਫਲ। ੫ ਖੋਟਾ ਰਸਤਾ। ੬ ਕੰਮ। ੭ ਦੁਖ। ੮ ਕਸਾਈਆਂ ਦਾ ਨਗਰ। ੯ ਦੇਖਿਆ। ੧੦ ਵਿਸ਼ਰੂਪ ਪਦਾਰਥ। ੧੧ ਕੈਹਰ। ੧੨ ਕਈ ਵਾਰ। ੧੩ ਕਰੜੇ। ੧੪ ਸਰੋਵਰ। ੧੫ ਇਸਥਿਤ। ੧੬ ਆਪ। ੧੭ ਜਗ੍ਹਾ। ੧੮ ਅੰਮ੍ਰਿਤ ਦਾ ਸਰੋਵਰ। ੧੯ ਇਸ਼ਨਾਨ। ੨੦ ਅਠਾਸਠ ਤੀਰਥ।

ਉਪਦੇਸਿ ਜਵਾਹਰ ਮਾਣਕ ਸੇਵੇ ਸਿਖੁ ਸੁ ਖੋਜਿ ਲਹੇ ॥ ੧ ॥ ਗੁਰ ਸਮਾਨਿ ਤੀਰਥੁ ਨਹੀ ਕੋਇ ॥ [1]ਸਰੁ ਸੰਤੋਖੁ ਤਾਸੁ ਗੁਰੁ ਹੋਇ ॥ ੧ ॥ ਰਹਾਉ ॥ ਗੁਰ ਦਰੀਆਉ ਸਦਾ ਜਲ ਨਿਰਮਲ ਮਿਲਿਆ ਦੁਰਮਤਿ ਮੈਲੁ ਹਰੈ ॥ ਸਤਿਗੁਰ ਪਾਈਐ ਪੂਰਾ [2]ਨਾਵਣੁ [3]ਪਸੂ [4]ਪਰੇਤਹੁ ਦੇਵ ਕਰੈ ॥ ੨ ॥ ਰਤਾ ਸਚਿ ਨਾਮਿ ਤਲ [5]ਹੀਅਲੁ ਸੋ ਗੁਰੁ ਪਰਮਲੁ ਕਹੀਐ ॥ ਜਾਕੀ ਵਾਸੁ ਬਨਾਸਪਤਿ ਸਉਰੈ ਤਾਸ ਚਰਣ ਲਿਵ ਰਹੀਐ ॥ ੩ ॥ ਗੁਰਮੁਖਿ ਜੀਅ ਪ੍ਰਾਨ ਉਪਜਹਿ ਗੁਰਮੁਖਿ ਸਿਵ ਘਰਿ ਜਾਈਐ ॥ ਗੁਰਮੁਖਿ ਨਾਨਕ ਸਚਿ ਸਮਾਈਐ ਗੁਰਮੁਖਿ ਨਿਜ ਪਦੁ ਪਾਈਐ ॥ ੪ ॥ ਦੋਹਿਰਾ ॥ ਪੁਨਹਿ ਤਹਾਂ ਤੇ ਗਮਨ ਕਿਯ ਸਤਿਗੁਰ ਦੀਨ ਦਯਾਰ ॥ [6]ਢੱਕ ਪਰਗਣੇ ਪਰ ਵਿਸੇ ਦ੍ਵਾਬੇ ਦੇਸ [7]ਮਝਾਰ ॥ ੪ ॥ ਚੌਪਈ ॥ ਨਾਮ ਭੋਮੀਆ ਇਕ [8]ਕ੍ਰਿਖ ਕਾਰਾ ॥ ਹੁਤੋ [9]ਧਾਰਵੀ ਅਤਿ [10]ਉਜਿਆਰਾ ॥ ਨਿਜ ਪੁਰ ਮਹੁ ਇਕ ਠਾਕਰ ਦ੍ਵਾਰਾ ॥ ਆਇ ਮੁਸਾਫਰ ਦੇਹਿ ਉਤਾਰਾ ॥ ੫ ॥ ਸੇਵਾ ਸਾਧ ਸੰਤ ਕੀ ਕਰਹੀ ॥ [11]ਪੈ [12]ਤਸਕਰੀ ਨਹਿੰ [13]ਪਰਹਰਹੀ ॥ ਤਿਹ ਕੇ ਹੇਤ ਉਧਾਰਨ [14]ਕਾਜਾ ॥ ਆਏ ਗੁਰੂ ਗਰੀਬ ਨਿਵਾਜਾ ॥ ੬ ॥ ਠਾਕਰ ਦ੍ਵਾਰੇ ਮਹੁ [15]ਥਿਤ ਭਏ ॥ [16]ਪਿਖ ਭੋਮੀ ਬਹੁ ਆਦਰ ਦਏ ॥ ਤਿਆਰ [17]ਅਸਨ ਕਰ ਗੁਰ [18]ਢਿਗ ਲਿਆਯੋ ॥ ਕਹਯੋ ਗੁਰੂ ਅਬ ਸਾਚ ਸੁਨਾਯੋ ॥ ੭ ॥ ਕੌਨ ਕਿਰਤ ਤੂੰ ਕਰ ਹੈਂ ਭਾਈ ॥ ਜਿਸਤੇ ਹਮ ਚਹਿੰ [19]ਅਸਨ [20]ਅਚਾਈ ॥ ਗੁਰ ਦਰਸਨ ਤੇ ਮਨ [21]ਮਲ ਹੀਨਾ ॥ ਹਾਥ ਬੰਦ ਭਾਖਯੋ ਹੈ੍ [22]ਦੀਨਾ ॥ ੮ ॥ ਪ੍ਰਭ ਜੀ ਚੋਰੀ ਕੋ

੧ ਸਰੋਵਰ। ੨ ਅਸ਼ਨਾਨ। ੩ ਜਾਨਵਰ ਆਦਿਕ। ੪ ਭੂਤ ਪਰੇਤ। ੫–ਹਿਰਦੇ। ੬ ਢਾਕੇ ਦੇ ਪਾਸ। ੭ ਵਿਚ। ੮ ਜਿਮੀਂਦਾਰ। ੯ ਧਾੜਵੀ। ੧੦ ਪ੍ਰਗਟ। ੧੧ ਸੌਂ ਕਰਕੇ। ੧੨ ਚੋਰੀ। ੧੩ ਦੂਰ ਨਹੀਂ ਹੁੰਦਾ। ੧੪ ਕੰਮ। ੧੫ ਇਸਥਿਤ। ੧੬ ਦੇਖਕੇ। ੧੭ ਭੋਜਨ। ੧੮ ਪਾਸ। ੧੯ ਭੋਜਨ। ੨੦ ਛਕਾਉਂਦਾ ਹੈ। ੨੧ ਮੈਲੀ ਬੁਧੀ ਦੂਰ ਹੋ ਗਈ। ੨੨ ਨਿਮਾਣਾ ਗਰੀਬ ਹੋਕੇ।

ਬਿਵ੍ਹਾਰਾ ॥ ਕਰੌਂ ਇਸੀ ਤੇ [੧]ਅਖਲ ਗੁਜਾਰਾ ॥ ਸ਼ੁਨ ਗੁਰ ਕਹਿਯੋ
ਨ ਭੋਜਨ ਪਾਵਹਿੰ ॥ ਐਸੋ ਅਸਨ ਨ ਹਮ ਕੌ ਭਾਵਹਿ ॥ ੯ ॥ ਜ
ਪੁਨ ਕਰ [੨]ਤਸਕਰਤਾ ਛੋਰਹਿੰ ॥ ਤੌ ਹਮ ਭੋਜਨ [੩]ਖੈਬੋ ਲੋਰਹਿੰ ।
ਸੁਨਤ ਭੋਮੀਏਂ ਤਬੈ ਉਚਾਰਾ ॥ ਨਹਿੰ ਚੋਰੀ [੪]ਤਜਵਾਹੁ [੫]ਦਯਾਰਾ ॥
੧੦ ॥ ਅਪਰ ਜੁ ਭਾਖਹੁ ਮਾਨਹੁੰ ਸੋਈ ॥ ਬਿਨ ਚੋਰੀ ਨਿਰਬਾਹ ਨ
ਹੋਈ ॥ ਸੁਨ ਸ੍ਰੀ ਸਤਿਗੁਰ ਐਸ ਉਚਾਰੇ ॥ ਤੀਨ ਬਚਨ ਯਹ ਮਾਨ
ਹਮਾਰੇ ॥ ੧੧ ॥ [੬]ਸੱਤ ਭਾਖਨੋ ਪ੍ਰਥਮਹੁ ਜਾਨਹੁ ॥ ਦੁਤਿਯਹ [੭]ਰੰਕ
ਮਾਰ ਨਹਿ ਠਾਨਹੁ ॥ [੮]ਤ੍ਰਿਤੀਏ ਨਿਮਕ ਖਾਹੁ ਜਹਿ ਕੇਰਾ ॥ ਬੁਰਾ ਨ
ਚਿਤਵਹੁ ਤਿਹ ਕਿਹ ਬੇਰਾ ॥ ੧੨ ॥ ਸੁਨ ਗੁਰ ਤੇ ਭੋਮੀ ਤਿਹ
ਬਾਰਾ ॥ [੯]ਸਤਿ ਬਚ ਮਾਨਯੋ ਤਬ ਸੁਖ ਸਾਰਾ ॥ ਸੱਤਿ ਨਾਮ ਦੇ
ਸਿੱਖ ਬਨਾਯੋ ॥ ਕੜ੍ਹ ਪਰਸਾਦਿ ਪੁਨਹਿ ਮੁਖ ਪਾਯੋ ॥ ੧੩ ॥ ਬਿਦਾ
ਭਏ ਤਿਹ ਤੇ ਜਗਰਾਈ ॥ ਕਥਾ ਕਛਕ ਭੋਮੀ ਇਹ ਥਾਈ ॥ ਇਕ
ਬਿਰ ਮਨ ਮਹੁੰ ਕੀਨ ਬਿਚਾਰ ॥ ਨਹਿੰ ਗਰੀਬ ਕੀ ਕਰਨੀ ਮਾਰ ॥
੧੪ ॥ ਝੂਠ ਨਾਹਿ ਪੁਨ [੧੦]ਬੋਲਬ ਬਨੇ ॥ ਬਿਨ ਚੋਰੀ ਨਹਿੰ ਪ੍ਰਾਪਤ
ਧਨੇ ॥ ਬਹੁ ਦਿਨ ਚਿਤ ਮੋਂ ਕੀਨ ਬਿਚਾਰਾ ॥ ਇਕ ਨਿਸ ਕੀਨ
ਐਸ ਪਰਕਾਰਾ ॥ ੧੫ ॥ [੧੧]ਨਿਸਾ [੧੨]ਜਾਮ ਜਬ ਏਕ ਬਿਹਾਈ ॥
[੧੩]ਬਡ ਮੋਲੀ ਪੁਸ਼ਾਕ ਤਨ ਲਾਈ ॥ [੧੪]ਰਾਜ ਦ੍ਵਾਰ ਮਹਿੰ ਪ੍ਰਵਸਯੋ
ਜਾਹਿ ॥ ਬੂਝਯੋ [੧੫]ਪਹਿਰੂ ਕੋ ਤੂੰ ਆਹਿ ॥ ੧੬ ॥ ਕਹਯੋ ਭੂਮੀਏਂ
[੧੬]ਤਸਕਰ ਜਾਨੋ ॥ ਸੁਨ ਕਰ ਪਹਿਰੂ ਭਏ ਹਰਾਨੋ ॥ ਜਾਨਯੋ ਇਹੁ
ਤੋ ਤਸਕਰ ਨਾਹਿੰ ॥ [੧੭]ਭੂਪਤ ਨਿਕਟ ਵਰਤ ਕੋ ਆਹਿ ॥ ੧੭ ॥

---

੧ ਸਾਰਾ । ੨ ਚੋਰੀ ਨੂੰ ਛਡੋ । ੩ ਖਾਣਾ ਚਾਹੁੰਦੇ ਹਾਂ । ੪ ਛਡਵਾਓ ੫ ਦਿਆਲੂ ਗੁਰੂ ਜੀ । ੬ ਪਹਿਲਾਂ ਸਚ ਬੋਲਣਾ । ੭ ਦੂਜਾ ਗਰੀਬ ਮਾਰ ਨਹੀਂ ਕਰਨੀ । ੮ ਤੀਜਾ ਜਿਸ ਦਾ ਨਿਮਖ ਖਾਣਾ ਉਸ ਦਾ ਬੁਰਾ ਨਹੀਂ ਕਰਨਾ । ੯ ਸਤਿ ਬਚਨ । ੧੦ ਬੋਲਣਾ ਨਹੀਂ ਬਨਦਾ । ੧੧ ਰਾਤ । ੧੨ ਘੜੀ । ੧੩ ਵਡੇ ਮੁਲ ਵਾਲੀ । ੧੪ ਬਾਦਸ਼ਾਹ ਦੇ ਮਹਿਲਾ ਵਿਚ । ੧੫ ਪਹਿਰੇਦਾਰ । ੧੬ ਚੋਰ । ੧੭ ਰਾਜੇ ਦੀ ਨਿਕਟ ਵਰਤੀ ਭਾਵ ਸੰਬੰਧੀ ਹੈ ।

ਕਹਯੋ ਜਾਹੁ ਭਾਈ ਜਿਤ ਜਾਇ ॥ ਬਖਸਹੁ ਬੂਜਯੋ ਹਮਹੁ ਗਨਾਇ ॥
[1]ਨ੍ਰਿਪ ਸਨਬੰਧੀ ਤੂੰ ਪਹਿਚਾਨਾ ॥ ਹਰਖਤ ਸੁਨ ਕਰ [2]ਅਗੂ
[3]ਸਿਧਾਨਾ ॥ ੧੮ ॥ ਅੰਤਰ ਪ੍ਰਵਸਯੋ [4]ਭੂਮੀ ਭਾਈ ॥ ਮਹਿਲ ਮਾਹਿ
[5]ਭੂਖਨ ਜਿਹ ਬਾਈ ॥ [6]ਰਜਤ ਸੁ [7]ਚਾਮੀ ਕਰ ਬਹੁ ਲੀਨ ॥ [8]ਪੋਟ
ਬਾਂਧ ਕਰਕੈ ਬਹੁ [9]ਪੀਨ ॥ ੧੯ ॥ ਪੁਨਹਿ ਇਤੈ [10]ਉਤ ਦ੍ਰਿਸਟੀ
ਗੇਰੀ ॥ [11]ਰੁਚਰ [12]ਰਕਾਬੀ ਸੋਨੇ [13]ਹੇਰੀ ॥ ਲੀਨ ਉਠਾਇ ਬੀਚ
ਕਛ ਪਰਯੋ ॥ ਮੁਖ ਮਹਿੰ ਪਾਯੋ ਸ੍ਵਾਦ ਨਿਹਰਯੋ ॥ ੨੦ ॥ ਚੂਰਨ
ਹੁਤੋ ਸਰਬ ਰਸ ਸਨੋ ॥ ਖਾਇ ਬਿਚਾਰਿਯੋ ਭੂਮੀ ਮਨੋ ॥ ਗੁਰੂ ਬਚਨ
ਹੈ ਮੋ ਪਰ ਏਹੁ ॥ ਨਿਮਕ ਖਾਇ ਨਾਹਿੰ ਬੁਰੋ ਚਿਤੇਹੁ ॥ ੨੧ ॥ ਅਸ
ਬਿਚਾਰ ਸਭ ਦੀਨ ਤਿਆਗੇ ॥ [14]ਛੂਛੋ ਨਿਕਸਯੋ ਤਬ ਬਡ ਭਾਗੇ ॥
ਹੁਤੀ ਸਵੇਰ [15]ਭੂਪ ਸੁਨ ਪਾਯੋ ॥ ਐਸੋ [16]ਤਸਕਰ [17]ਗ੍ਰਿਹ ਮਹੁ
ਆਯੋ ॥ ੨੨ ॥ [18]ਡਿੰਡਮ ਢੇਰੀ ਹ੍ਵੈ ਜੇ ਚੋਰ ॥ ਆਇ ਬਤਾਵਹਿ
[19]ਢਿਗ ਸੋ [20]ਮੋਰ ॥ ਲਹੈ ਇਨਾਮ ਜਿਤਕ ਮਨ ਭਾਯੋ ॥ ਆਯੋ
ਦਰਬ ਨ ਕਾਹਿ ਚੁਰਾਯੋ ॥ ੨੩ ॥ ਸੁਨ [21]ਡਿੰਡਮ ਭੂਮੀ ਤਹਿ
[22]ਕਾਲਾ ॥ ਆਯੋ [23]ਭੂਪਤ ਪਹਿ [24]ਤਤਕਾਲਾ ॥ ਬੰਦਨ ਕਰਕੇ
ਮੁਖਹੁ ਉਚਾਰੀ ॥ ਅਹਿ [25]ਨ੍ਰਿਪ [26]ਤਸਕਰ ਹਉਂ [27]ਤੁਹਿ ਭਾਰੀ ॥
੨੪ ॥ ਤਜਹੁ ਕਿ ਮਾਰੋ ਮਰਜੀ [28]ਤੋਰ ॥ ਸੁਨ ਨ੍ਰਿਪ ਕਹਿਯੋ ਪੇਖ
ਤਿਹ [29]ਓਰ ॥ ਕਯੋਂ [30]ਗ੍ਰਿਹ ਮੋ ਤੇ [31]ਛੂਛ [32]ਸਿਧਾਯੋ ॥ ਸੁਨ ਭੂਮੀ
ਤਬ ਐਸ ਸੁਨਾਯੋ ॥ ੨੫ ॥ ਸਤਿਗੁਰ ਮੋਰੇ ਬਚ ਯਹ

---

੧ ਰਾਜਾ। ੨ ਅਗੇ। ੩ ਗਿਆ। ੪ ਭੂਮੀਆਂ ਚੋਰ। ੫ ਗਹਿਣੇ। ੬ ਰੁਪੈ।
੭ ਚਮੜੇ ਦੇ ਰੁਪਏ। ੮ ਪੋਟਲੀ। ੯ ਬਹੁਤੀ ਤਕੜੀ। ੧੦ ਹੋਰ ਪਾਸੇ ਵੇਖਿਆ।
੧੧ ਸੁੰਦਰ। ੧੨ ਥਾਲ। ੧੩ ਦੇਖੀ। ੧੪ ਖਾਲੀ। ੧੫ ਰਾਜਾ। ੧੬ ਚੋਰ।
੧੭ ਘਰ ਵਿਚ। ੧੮ ਢੰਡੋਰਾ। ੧੯ ਪਾਸ। ੨੦ ਮੇਰੇ। ੨੧ ਢੰਡੋਰਾ।
੨੨ ਤਿਸ ਸਮੇਂ। ੨੩ ਰਾਜੇ ਪਾਸ। ੨੪ ਛੇਤੀ ਨਾਲ। ੨੫ ਰਾਜਾ।
੨੬ ਚੋਰ। ੨੭ ਤੁਹਾਡਾ। ੨੮ ਤੁਹਾਡੀ। ੨੯ ਤਰਫ। ੩੦ ਘਰ ਤੋਂ।
੩੧ ਖਾਲੀ। ੩੨ ਗਿਆ।

[1]ਸਾਰ ॥ ਕਰੋ ਨ [2]ਪ੍ਰਥਮ ਗਰੀਬਹਿ ਮਾਰ ॥ ਦੁਤੀਏ ਝੂਠ ਨ ਮੁਖਹੁੰ ਅਲਾਵਹੁ ॥ [3]ਚਿਤਹੁ ਨ ਬੁਰੋ ਨਿਮਕ ਜਹਿ ਖਾਵਹੁ ॥ ੨੬ ॥ ਇਸ [4]ਹਿਤ ਮੈਂ ਤੋਰੇ ਗ੍ਰਿਹ ਆਯਾ ॥ [5]ਪਹਿਰੂ ਬੂਝਯੋ ਸਾਚ ਸੁਨਾਯਾ ॥ ਖਾਯੋ ਨਿਮਕ [6]ਅਖਲ ਤਜ ਦੀਨ ॥ ਸਤਿਗੁਰ ਸਿਖ੍ਯਾ ਮਨ [7]ਦਿਢ ਕੀਨ ॥ ੨੭ ॥ ਸੁਨ ਕੈ ਭੂਪਤ [8]ਹਰਖਤ ਭਯੋ ॥ ਧੰਨ ਗੁਰੂ ਧੰਨ ਤੂੰ ਸਿਖ ਲਯੋ ॥ ਅਸ ਕਹਿ [9]ਮੰਤ੍ਰੀ ਬਡੋ ਬਨਾਯੋ ॥ ਗੁਰ ਬਚ ਪਾਲ [10]ਮੁਰਾਤਬ ਪਾਯੋ ॥ ੨੮ ॥ ਭੂਮੀ ਸੰਗਤ ਤੇ [11]ਭੂਪਾਰਾ ॥ ਭਯੋ ਸਿੱਖ ਸਤਿਗੁਰ ਕੋ ਪਿਆਰਾ ॥ ਸੁਨਹੁ ਕਥਾ ਅਬ ਗੁਰ ਕੀ ਪਿਆਰੇ ॥ ਭੋਮੀ ਤੈ ਗੇ ਜਬੈ [12]ਅਗਾਰੇ ॥ ੨੯ ॥ ਕਿਤਕ ਦਿਵਸ ਗਮਨੇ [13]ਉਦਯਾਨਾ ॥ ਨਹਿੰ ਕਹਿ ਗ੍ਰਾਮ ਕੀਨ [14]ਪ੍ਰਵਸਾਨਾ ॥ ਨਹਿ ਕਛ [15]ਅਸਨਰੁ [16]ਅੰਭ [17]ਅਹਾਰਾ ॥ ਚਲੇ ਜਾਤ ਸਤਿਗੁਰ [18]ਨਿਰਹਾਰਾ ॥ ੩੦ ॥ ਦੋਹਰਾ ॥ [19]ਛੁਧਾ ਲਗੀ [20]ਬਿਆਕੁਲ ਭਯੋ ਮਰਦਾਨਾ [21]ਅਕੁਲਾਇ ॥ [22]ਸਮਿਤ ਹੇਤ ਕਾਰਨ ਕਰਨ ਤਹਿ ਉਰ ਭੂਖ ਲਗਾਇ ॥ ੩੧ ॥ ਦੇਖ [23]ਬੂਟ ਇਕ ਅਰਕ ਕੋ ਮਰਦਾਨਾ ਸੰਗ ਭਾਖ ॥ [24]ਛੁਧਾ ਨਿਵਾਰੋ ਖਾਉ ਇਸ ਅੰਮ੍ਰਿਤ ਫਲ ਜਿਉਂ ਚਾਖ ॥ ॥ ੩੨ ॥ ਸੋਰਠਾ ॥ ਹਸੀ ਕਰਤ ਮਮ ਸਾਥ ਮਾਰਹੁ ਇਹੁ ਖਵਾਇਕੈ ॥ ਕੈਸੇ ਖਾਵਉਂ ਨਾਥ ਅਰਕ ਫਲਨ [25]ਮ੍ਰਿਤ ਕੋ ਕਰੈਂ ॥ ੩੩ ॥ ਸਵੱਯਾ ॥ ਕਮਲਾਨਨ ਵਾਕ ਕਹੇ [26]ਸਮਿਤੰ ਤੁਮ ਖਾਵਹੁ ਖਾਇ ਸੁ

---

੧ ਸ੍ਰਿਸ਼ਟ। ੨ ਪਹਿਲਾ। ੩ ਮਨ ਵਿਚ। ੪ ਕਾਰਨ। ੫ ਪਹਿਰੇਦਾਰ। ੬ ਸਾਰਾ। ੭ ਦ੍ਰਿੜ। ੮ ਪ੍ਰਸੰਨ। ੯ ਵਜ਼ੀਰ। ੧੦ ਦਰਜਾ। ੧੧ ਰਾਜਾ। ੧੨ ਪਹਿਲੇ। ੧੩ ਜੰਗਲ ਵਿਚ ਚਲਦੇ ਰਹੇ। ੧੪ ਪ੍ਰਵੇਸ਼। ੧੫ ਭੋਜਨ। ੧੬ ਜਲ। ੧੭ ਛਕਣਾ। ੧੮ ਖਾਣੇ ਤੋਂ ਬਿਨਾਂ। ੧੯ ਭੁਖ। ੨੦ ਵਿਆਕੁਲ। ੨੧ ਦੁਖੀ। ੨੨ ਕੌਤਕ। ਬੂਟਾ ਦਰਖਤ। ੨੩ ਰੇਠਿਆਂ ਦਾ। ੨੪ ਭੁਖ ਨੂੰ ਦੂਰ ਕਰੋ। ੨੫ ਮੌਤ। ੨੬ ਰਲ ਕੇ।

ਜਾਹਿੰ ਜਿਤੇ ॥ ਤਵ ਪੇਟ ਛੁਧਾ ਜਿਤਨੀ ਜੁ ਅਹੈ ਭਰ ਲੇਹੁ ਤਿਤੀ ਤਨ ਹੋਇ ਹਿਤੇ ॥ ਨਹਿੰ ਹੋਵਹਿਗੋ ਦੁਖ ਪ੍ਰਾਨਨ ਕੋ ਹਤ ਮਾਨਹੁ [1]ਵਾਕ [2]ਅਚੇਹੁ ਇਤੇ ॥ ਪੁਨ ਲਾਲਚ ਫੇਰ ਕਰੋ ਨ ਰਿਦੇ [3]ਨਿਜ ਰਾਖਨ ਪਾਸ ਸੁਨੋ [4]ਸੁਮਤੇ ॥ ੩੪ ॥ ਯੌਂ ਸੁਨ ਬੈਨ ਮਨੋ ਮਨ ਮੈਂ ਪੁਨ [5]ਆਨਨ ਖਾਤਿ ਅਨੰਦ ਚਿਤੇ ॥ ਤੋਰਤ [6]ਤੂਰਨ ਪਾਵਤ ਹੈ ਮੁਖ ਖਾਵਤ ਸਾਦ [7]ਸੁਧਾ ਤੇ ਅਤੇ ॥ [8]ਛੋਰ ਸਕੈ ਨਹਿੰ ਪੇਟ ਭਰਾ ਬਹੁ ਥਾਵ ਰਹਾ ਨਹਿੰ ਪਾਇ ਕਿਤੇ ॥ ਪੂਰ ਲਯੋ [9]ਗਰ ਲੌ [10]ਉਦਰੰ ਤ੍ਰਿਸਨਾ ਨ ਹਟੈ ਬਹੁ [11]ਤੋਰ ਲਿਤੇ ॥ ੩੫ ॥ ਲਾਲਚ ਕੋ ਕਰਕੇ ਫਲ ਤੋਰ ਕੈ ਬਾਂਧ [12]ਦੁਕੂਲ ਕੇ ਸੰਗ ਲਿਯੇ ॥ ਬਾਸਰ ਏਕ ਅਹਾਰ ਰਖਾ ਤਿਨ ਸ੍ਰੀ ਗੁਰ ਤੇ ਚਖ ਚੋਰ ਕੀਯੇ ॥ ਭੂਖ ਲਗੀ ਜਬ ਹੀ ਅਗਲੋ ਦਿਨ ਤੂਸਨ ਹੀ ਤਬ ਕਾਢ ਖਿਯੇ ॥ ਖਾਵਤ ਬਿਆਕੁਲ ਹੋਇ ਗਯੋ ਮੁਖ ਹਾਇ ਪੁਕਾਰਤ ਹਾਇ ਕਿਯੇ ॥ ੩੬ ॥ [13]ਪਰਕੈ ਧਰਤੀ ਪਰ [14]ਪਾਂਇ ਪਸਾਰ [15]ਪੁਕਾਰਤ [16]ਆਰਤ ਭਾ ਮਰਦਾਨਾ ॥ ਕਬ [17]ਪੈਂਡਤ [18]ਦਾਬਤ ਹੈ ਉਦਰੰ ਕਬ ਬੈਠਤ [19]ਐਠ [20]ਅਮੈਡਤ [21]ਘ੍ਰਾਨਾ ॥ ਨਿਜ ਕਾਰ ਕਰੀ [22]ਤਰਫਾ ਪਰਕੈ ਉਚਰੈ ਨ ਗੁਰੂ [23]ਢਿਗ ਬੈਨ [24]ਅਯਾਨਾ ॥ [25]ਉਰ ਭੂਰ [26]ਬਿਸੂਰਤ ਬਿਆਕੁਲ ਹੋਵਤ ਯੌ ਦੁਖ ਪਾਇ ਪਰਯੋ ਤਿਹ [27]ਥਾਨਾ ॥ ੩੭ ॥ ਸਿੱਖਨ ਕੇ ਸੁਖ ਦਾ

---

੧ ਬਚਨ। ੨ ਉਚਾਰੋ। ੩ ਆਪਣੇ। ੪ ਸ੍ਰਿਸ਼ਟ ਮਤ ਵਾਲੇ। ੫ ਮੂੰਹ ਨਾਲ। ੬ ਛੇਤੀ ਨਾਲ ਤੋੜਦਾ ਹੈ। ੭ ਅੰਮ੍ਰਿਤ। ੮ ਛੋੜ। ੯ ਗਲੇ ਤਕ। ੧੦ ਪੇਟ। ੧੧ ਤੋੜ ਲਏ। ੧੨ ਚਾਦਰ ਨਾਲ। ੧੩ ਪੈਕੇ। ੧੪ ਪੈਰਾਂ ਨੂੰ ਪਸਾਰਕੇ। ੧੫ ਵਿਰਲਾਪ। ੧੬ ਦੁਖੀ। ੧੭ ਲੰਮੇ ਪੈਕੇ। ੧੮ ਦਬਾਉਂਦਾ ਹੈ ਪੇਟ ਨੂੰ। ੧੯ ਆਕੜਦਾ ਹੈ। ੨੦ ਸੋਭਾ ਹੀਨ। ੨੧ ਘਰ। ੨੨ ਪਾਸੇ। ੨੩ ਪਾਸ। ੨੪ ਅਨਜਾਣ। ੨੫ ਹਿਰਦੇ ਵਿਚ ਬਹੁਤ ਝੂਰਦਾ ਹੈ। ੨੬ ਵਿਆਕੁਲ ਦੁਖੀ। ੨੭ ਉਸ ਥਾਂ ਤੇ।

[1]ਚਖੁ ਦੇਖੁ [2]ਦੁਖਾਤਰ ਹੈ [3]ਬਮੁਖੰ ਮਰਦਾਨਾ ॥ [4]ਆਨਨ ਤੇ [5]ਸਮਿਤੰ ਕਰਨਾ ਨਿਧ ਤਾਹਿ ਕਿ ਸੰਗ ਸੁ ਵਾਕ ਬਖਾਨਾ ॥ ਲਾਲਚ ਸੋਂ ਕਰ ਪਾਸ ਰਖੇ ਤੁਹਿ ਬੂਝ ਨ [6]ਮੋਹਿ ਲਯੋ ਤਿਹ ਬਾਕਾ ॥ ਤੌ ਦੁਖ ਪਾਵਤ ਹੋ ਇਤਨੋ ਮੂੜ ਬੂਝਹਿ ਜੋ ਨਹਿੰ ਦੂਖ ਸੁਜਾਨਾ ॥ ੩੮ ॥ ਔਰ [7]ਖਰੋ ਤਹਿ [8]ਠੌਰ [9]ਬਿਖੈ [10]ਅਰਕੰ ਫਲ ਫੂਲਨ ਸੋਂ ਗੁਰ ਚੀਨੋ ॥ [11]ਤੋਰਤ ਭੇ ਫਲ ਆਪਨ ਹਾਥਨ [12]ਪੀਰ ਮਿਟਾਵਨ ਕੇ ਹਿਤ ਦੀਨੋ॥ ਪਾਵਤ ਹੀ ਮੁਖ ਭਾ [13]ਬਮੁਖੰ ਦੁਖ [14]ਖੈ ਸੁਖ ਤੇ [15]ਹਰਖਿਯੋ ਲਖ ਲੀਨੋ ॥ [16]ਬੰਦ ਉਭੈ ਕਰ [17]ਭਾਖ ਬਿਨੈ ਬਰ ਬੰਦਨ ਕੋ ਕਰ ਹੋਤ ਅਧੀਨੋ ॥ ੩੯ ॥ ਯਾਧ ਸੋਂ ਕਰ [18]ਅਗੂ ਚਲੇ ਗੁਰ ਹਾਸ ਬਿਲਾਸ ਕਰੈਂ ਸੁਖ ਸਾਰੈਂ ॥ [19]ਮਾਰਗ ਜਾਤ [20]ਉਭੈ [21]ਪਸਚਾਤ ਸੁਨੈ ਸੁਭ ਬਾਤ [22]ਸੰਦੇਹ ਨਿਵਾਰੈਂ ॥ [23]ਮੰਦਹਿ ਮੰਦ ਚਲੈਂ [24]ਗਤ [25]ਪੰਧ ਅਨੰਦ ਭਏ ਪੁਨ ਗ੍ਰਾਮ [26]ਨਿਹਾਰੈਂ ॥ ਗ੍ਰਾਮ ਬਸੈ [27]ਨਿਸ ਬਾਸਰ ਕੋ ਚਲ ਦੇ ਉਪਦੇਸ ਅਨੇਕਨ ਤਾਰੈਂ ॥ ੪੦ ॥ ਚੌਪਈ ॥ ਚਲੰਭ ਦੇਸ ਮਹਿੰ ਤੀਰਥ ਰਾਮ ॥ ਤਿਹਿ ਸਤਿਗੁਰ ਕੀਨਸ [28]ਬਿਸ ਰਾਮ ॥ ਏਕ [29]ਦਿਜ ਤਹਿ ਕਾਂਸੀ ਨੰਦ ॥ [30]ਆਂਖ ਮੀਚ ਕਰ ਬੈਠਿਓ ਅੰਧ ॥ ੪੧ ॥ ਪੂਛਹਿੰ ਗੁਰ ਕਿਓਂ ਨੇਤ੍ਰਨ [31]ਮੂੰਦਹੁ ॥ ਚਖ ਮੂਦਨ ਮਹਿੰ ਕਿਯਾ ਤੁਮ [32]ਗੂੰਦਹੁ ॥ ਕਹਿ ਕਾਸ਼ੀ ਮੈਂ [33]ਨੈਨ [34]ਮਿਚਾਊਂ ॥

---

੧ ਨੇਤਰਾਂ ਨਾਲ ਦੇਖਕੇ । ੨ ਦੁਖੀ । ੩ ਬੇਮੁਖ । ੪ ਮੂੰਹ ਤੋਂ । ੫ ਸਮੂੰਹ । ੬ ਮੋਹ ਨੇ । ੭ ਖੜੇ । ੮ ਜਗ੍ਹਾ । ੯ ਵਿਖੇ । ੧੦ ਰਸ ਨਿਚੋੜ । ੧੧ ਤੋੜ ਕੇ । ੧੨ ਪੀੜ ਦੂਰ ਕਰਨ ਵਾਸਤੇ । ੧੩ ਮਰਦਾਨਾਂ । ੧੪ ਨਾਸ । ੧੫ ਪ੍ਰਸੰਨ । ੧੬ ਦੋਵੇਂ ਹਥ ਜੋੜ ਕੇ । ੧੭ ਬੇਨਤੀ ਨੂੰ ਉਚਾਰਦਾ ਹੈ । ੧੮ ਅਗੇ। ੧੯ ਰਸਤੇ ਵਿਚ ਚਲਦੇ । ੨੦ ਖੜੇ । ੨੧ ਬਾਦ ਵਿਚ । ੨੨ ਸੰਸੇ ਨੂੰ ਦੂਰ ਕੀਤਾ । ੨੩ ਹੌਲੀ ਹੌਲੀ । ੨੪ ਮੁਕਤੀ ਦੇ ਦਾਤੇ ਸਤਿਗੁਰ ਜੀ । ੨੫ ਰਸਤੇ ਵਿਚ । ੨੬ ਪਿੰਡ ਦੇਖਿਆ । ੨੭ ਰਾਤ ਦਿਨ । ੨੮ ਡੇਰਾ । ੨੯ ਬ੍ਰਾਹਮਣ । ੩੦ ਅਖਾਂ ਨੂੰ ਬੰਦ ਕਰਕੇ । ੩੧ ਅਖਾਂ ਕਿਉਂ ਬੰਦ ਕੀਤੀਆਂ ਹਨ । ੩੨ ਅਖਾਂ ਨੂੰ ਮੀਟਣ ਨਾਲ ਭੀ ਗੁੰਦਿਆ ਹੋਇਆ । ੩੩ ਅਖਾਂ । ੩੪ ਮੀਟਿਆ ਹੈ ।

[੧]ਤ੍ਰੈਲੋਕੀ ਕੋ [੨]ਅਗ੍ਰ ਤਕਾਊਂ॥ ੨ ॥ ਅਸ ਕਹਿ ਪੁਨਾ ਨੈਨ ਮੀਚਾਏ ॥ ਸਤਿਗੁਰ ਬਾਲਾ ਸੰਗ ਅਲਾਏ ॥ ਹੇ ਬਾਲਾ ਇਸ [੩]ਸਾਲਗ ਰਾਮ ॥ [੪]ਲੋਪ ਕਰੋ ਦਸ ਪੀਛੇ [੫]ਠਾਮ ॥ ੪੩ ॥ ਲੇ ਬਾਲੇ ਠਾਕਰ [੬]ਪਰਯੰਕੀ ॥ ਤਿਸਕੇ ਆਸਣ ਨੀਚੇ ਢੰਕੀ ॥ ਜਬ ਨੇਤਰ ਖੋਲ੍ਹੇ ਕਿਆ ਦੇਖੈ ॥ ਸਾਲਗਰਾਮ ਨ ਕਿਤ [੭]ਅਵਰੇਖੈ ॥ ੪੪ ॥ ਹਾਇ ਹਾਇ ਕਰ ਉਠਿਓ ਸੋਊ ॥ ਮੈਂ ਲੁਟਿਓ ਕਿਨ ਕਰਕੈ [੮]ਧ੍ਰੋਊ ॥ ਸ੍ਰੀ ਗੁਰ ਕਹਿੰ ਹੇ ਕਾਂਸ਼ੀ ਰਾਮ ॥ ਤ੍ਰੈ ਲੋਕੀ ਮਹਿੰ ਸਾਲਗ ਰਾਮ ॥ ੪੫ ॥ ਨੈਨ [੯]ਮੂੰਦ ਕਰ ਦੇਖਹੁ ਸੋਊ ॥ ਹਾਹਾਕਾਰ ਕਰਤ ਕਿਉਂ ਤੋਊ ॥ ਪੁਨ ਸਤਿਗੁਰ ਇਕ ਸ਼ਬਦ ਅਲਾਯੋ ॥ ਜਿਸ ਕੇ ਮਾਹਿੰ ਪਖੰਡ ਉਠਾਯੋ ॥ ੪੬ ॥ ਸ੍ਰੀ ਮੁਖ ਵਾਕ ॥ ਧਨਾਸਰੀ ਮਹਲਾ ੧ ॥ ਕਾਲ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ ॥ [੧੦]ਥਾਨਿਸਟ ਜਗ ਭਰਿਸਟ ਹੋਏ ਡੂਬਤਾ ਇਵ ਜਗ ॥ ਕਲ ਮਹਿ ਰਾਮ ਨਾਮੁ ਸਾਰ ॥ ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰ ॥ ੧ ॥ ਰਹਾਉ ॥ [੧੧]ਆਂਟ ਸੇਤੀ ਨਾਕ ਪਕੜਹਿ ਸੂਝਤੇ ਤਿਨ ਲੋਅ ॥ ਮਗਰ ਪਾਛੈ ਕਛੁ ਨ ਸੂਝੈ ਏਹੁ [੧੨]ਪਦਮ ਅਲੋਅ ॥ ੨ ॥ ਖਤ੍ਰੀਆ ਤ ਧਰਮ ਛੋਡਿਆ ਮਲੇਛ ਭਾਖਿਆ ਗਹੀ ॥ [੧੩]ਸਰਿਸਟ ਸਭ ਇਕ ਵਰਨ ਹੋਈ ਧਰਮ ਕੀ ਗਤ ਰਹੀ ॥ ੩ ॥ [੧੪]ਅਸਟ ਸਾਜ ਸਾਜ ਪੁਰਾਣ ਸੋਧਹਿ ਕਰਹਿ ਬੇਦ ਅਭਿਆਸ ॥ ਬਿਨ ਨਾਮ ਹਰ ਕੇ ਮੁਕਤ ਨਾਹੀ ਕਹੈ ਨਾਨਕ ਦਾਸ ॥ ੪ ॥ ਚੌਪਈ ॥ ਸੁਨ ਕਰ ਸ਼ਬਦ ਚਰਨ ਲਪਟਾਯੋ ॥ ਕਹਿ ਮੈਂ ਬਹੁਤ ਪਖੰਡ ਕਮਾਯੋ ॥ ਹੇ ਅੰਤਰਜਾਮੀ ਸੁਰ

---

੧ ਤਿੰਨਾਂ ਲੋਕਾਂ ਨੂੰ ਤਕਾਂ। ੨ ਸਾਹਮਣੇ। ੩ ਮੂਰਤੀ। ੪ ਛੁਪਾ ਲੈ। ੫ ਇਸਥਿਤ ਕਰਦੇ। ੬ ਚੌਂਕੀ। ੭ ਦਿਸਦਾ ਨਹੀਂ ਹੈ। ੮ ਛਲ। ੯ ਮੀਟ ਕੇ। ੧੦ ਮੰਦਰ ਠਾਕਰ ਦੁਆਰੇ। ੧੧ ਚੀਚੀ ਉਂਗਲ ਤੇ ਅੰਗੂਠਾ ਦੋਨੋਂ ਨਾਲ ਨਕ ਨੂੰ ਪਕੜਿਆ ਹੈ। ੧੨ ਬਚਨ ਤੇਰੇ ਅਸਚਰਜ। ੧੩ ਸ੍ਰਿਸ਼ਟੀ ਨੂੰ। ੧੪ ਅਠਾਰਾਂ ਪੁਰਾਣ।

ਗਿਆਨ ॥ ਅਬ ਮੇਰੀ ਕਰਹੋ ਕਲਜਾਨ ॥ ੪੭ ॥ ਕਹਿ ਸਤਿਗੁਰ [1]ਮੁਚਹੋ ਯਹਿ [2]ਦੰਭ ॥ ਸਤਿਨਾਮ ਸਿਮਰਹੁ ਮਨ [3]ਥੰਭ ॥ ਬਿਨਾਂ ਪਖੰਡ ਗੁਜਾਰਾ ਮਿਲ ਹੈ ॥ ਜਨਮ ਮਰਨ ਦੁਖ ਕੋ ਸਭ [4]ਗਿਲ ਹੈ ॥ ੪੮ ॥ ਲੇ ਉਪਦੇਸ਼ ਸਿੱਖ ਤਬ ਭਯੋ ॥ ਜਪੈ ਨਾਮ ਮੁਕਤੀ ਸੋ ਥਯੋ ॥ ਅਸ ਪ੍ਰਕਾਰ ਨਰ ਬਹੁਤ ਉਧਾਰੇ ॥ ਨਾਮ ਲਿਯੇ ਜਹਿੰ ਉਤਰਹਿੰ ਪਾਰੇ ॥ ੪੯ ॥

ਇਤ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥੇ ਪ੍ਰਿਥਮ ਮਹਿਲੇ ਭੋਮੀਏ ਐ ਰਾਮ ਤੀਰਥ ਪ੍ਰਸੰਗ ਬਰਨਨੰ ਨਾਮ ਪੰਚ ਬਿੰਸਤ ਮੰਦਰਹਿ॥੨੫॥

ਦੋਹਿਰਾ—ਤਹਿ ਤੇ ਸ੍ਰੀ ਸਤਿਗੁਰੂ ਜੀ ਕੁਰਖੇਤਰ ਅਸਥਾਨ ॥
ਪਹੁੰਚੇ ਸੂਰਜ ਗ੍ਰਿਹਨ ਕੋ ਮੇਲਾ ਜਹਾਂ [5]ਮਹਾਨ ॥੧॥

ਚੌਪਈ ॥ [6]ਦਿਜ ਆਦਿਕ ਜੇ ਚਾਰੋਂ ਬਰਨੇ ॥ ਆਵਤ ਭੇ ਹਿਤ [7]ਮੱਜਨ ਕਰਨੇ ॥ [8]ਆਸ੍ਰਮ ਹੈਂ ਗ੍ਰਿਹਸਥਾਦਕ ਜੋਊ ॥ ਆਵਤ ਭੇ ਚਾਰੋ ਮਿਲ ਸੋਊ ॥ ੨॥ [9]ਖਟ ਦਰਸਨ ਤੇ ਆਦਿਕ ਔਰਾ ॥ [10]ਪੁਰਬ ਕਰਨ ਆਏ ਤਿਹ ਠੌਰਾ [10] ॥ ਤਿਹ ਛਿਨ ਇਕ ਰਾਣੀ [11]ਸੁਤ ਲੀਨੇ ॥ ਆਈ [12]ਨਿਕਟ ਆਨਾ ਕੀਨੇ ॥ ੩ ॥ [13]ਪਟਨੇਸਰ ਥੋ [14]ਮ੍ਰਿਗ ਕੋ ਮਾਰੀ ॥ ਧਰੀ ਭੇਟ ਤਿਨ ਗੁਰੂ ਅਗਾਰੀ ॥ ਕਹਿ ਸੋ [15]ਰਿਪ ਨੈ ਦੀਨ ਨਿਹਾਰੇ ॥ ਹਮ ਆਏ ਅਬ ਸ਼ਰਣ ਤੁਮਾਰੇ ॥ ੪ ॥ ਕ੍ਰਿਪਾ ਕਰੋ ਭਾਖੋ ਬਚ ਐਸੇ ॥ ਰਾਜ ਹਮੈਂ ਪ੍ਰਾਪਤ ਹੈ ਜੈਸੇ ॥ ਸ੍ਰੀ ਗੁਰ ਕਹੈਂ ਕਰੋ ਅਸ ਰੀਤੀ ॥ ਬ੍ਰਹਮ ਭੋਜ ਕਰਹੋ ਸੋ ਪ੍ਰੀਤੀ ॥ ੫ ॥ ਇਸ [17]ਮ੍ਰਿਗ ਕਾ ਸਭ ਮਾਸ ਸਵਾਰੋ ॥ ਕੋਰੋ ਮਟਕੇ ਚੁੱਲ ਪਰ ਚਾਰੋ ॥ ਇਸ ਪ੍ਰਕਾਰ ਕੀ [19]ਆਇਸ ਸੁਨਕੈ ॥ ਕਰਤ ਭਏ ਤਬ ਸਭ

---

੧ ਦੂਰ ਕਰੋ । ੨ ਪਖੰਡ । ੩ ਰੋਕਣਾ । ੪ ਨਿਗਲ ਲੈਂਦਾ ਹੈ ॥ ੫ ਬਹੁਤ ਵਡਾ । ੬ ਬ੍ਰਹਮਣ ਖਤ੍ਰੀ ਸ਼ੂਦ੍ਰ ਵੈਸ਼ ਚਾਰ ਵਰਣ ਦੇ ਲੋਕ ॥ ੭ ਅਸ਼ਨਾਨ ਕਰਨ ਵਾਸਤੇ । ੮ ਡੇਰਾ । ੯ ਛੇ ਮਤ । ੧੦ ਮੇਲਾ ਸੂਰਜ ਗ੍ਰਹਿਨ ॥ ੧੧ ਜਗ੍ਹਾ । ੧੨ ਪੁਤਰ । ੧੩ ਪਾਸ । ੧੪ ਪਟਨੇ ਦਾ ਰਾਜਾ ॥ ੧੫ ਹਰਨ । ੧੬ ਰਾਜੇ ਨੇ । ੧੭ ਹਰਨ ਦਾ ਮਾਸ ॥ ੧੯ ਆਗਿਆ ਸੁਣਕੇ ॥

[1]ਬਿਧ ਗੁਨ ਕੈ ॥ ੬ ॥ ਬਹੁਤੇ [2]ਬਿੱਪ੍ਰਨ ਤਬਹਿ [3]ਨਿਹਾਰਾ ॥ ਲੇਕਰ [4]ਕੁਤਕੇ ਸ਼ਸਤ੍ਰ ਅਪਾਰਾ ॥ ਆਜ [5]ਤਰਨ ਕੋ ਗ੍ਰਹਿਨ ਅਕਾਸਾ ॥ ਤੁਮ ਨੇ [6]ਰੀਧਯੋ ਕੈਸੇ ਮਾਸਾ ॥ ੭ ॥ ਕਹਿੰ ਇਸ ਮਾਰਹੁ ਅਬ [7]ਬਿਨ ਬੇਰਾ ॥ ਅਸ [8]ਕੁਕਾਜ ਕੋ ਕਰੈ ਨ ਫੇਰਾ ॥ ਧਰਮ [9]ਰੀਤ ਇਨ [10]ਦੀਨ ਬਿਗਾਰੀ ॥ [11]ਅਘ ਨ ਹੋਤ ਐਸਨ ਕੋ ਮਾਰੀ ॥ ੮ ॥

ਦੋਹਿਰਾ–ਗੁਰੂ ਕਹੈਂ ਬਲ਼ ਕਰੋ ਜੇ [12]ਹਤਨ ਬਿਖੈ ਹਿਤ ਹੋਇ ॥
ਜਿਉਂ ਮਨ ਮੈਂ ਤਿਉਂ ਕਰੋ ਅਬ [13]ਬਰਜਤ ਇਹਾਂ ਨ ਕੋਇ ॥੯॥

ਚੌਪਈ ॥ ਜੇ ਤੁਮ ਹਮ ਸੋਂ [14]ਚਰਚਾ ਕਰਨੀ ॥ [15]ਪਰਮ ਅਧਰਮ ਰੀਤ ਜੋ ਬਰਨੀ ॥ ਤੌ ਪੰਡਤ ਸਭ ਮਿਲ ਸਨਯਾਸੀ ॥ ਆਇ ਕਰੋ ਚਰਚਾ ਹਮ [16]ਪਾਸੀ ॥ ੧੦ ॥ ਸੁਨੇ [17]ਸਧੀਰਜ ਬਚਨਾ ਜਬ ਹੀ ॥ ਮਿਲ ਆਏ ਪੰਡਤ ਜੇ ਸਬ ਹੀ ॥ ਵਿਦਿਆਵਾਨ ਹੁਤੇ ਸਨਯਾਸੀ ॥ [18]ਅਪਰ ਲੋਕ ਆਏ ਬਹੁ ਪਾਸੀ ॥ ੧੧ ॥ ਸ੍ਰੀ ਗੁਰ ਨਾਨਕ ਬੈਨ ਉਚਾਰੇ ॥ [19]ਆਮਿਖ ਨਿੰਦ ਨ [20]ਮਤੇ ਤੁਮਾਰੇ ॥ ਪੁਨ ਗੁਰ [21]ਦੰਭ ਤਿਨਹੁ ਨਿਰਵਾਰਨ ॥ ਕੀਨਹੁ ਤਬਹਿ ਸਲੋਕ ਉਚਾਰਨ ॥ ੧੨ ॥

ਸ੍ਰੀ ਮੁਖ ਵਾਕ–ਸਲੋਕ ਮਹਲਾ ੧ ॥ ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ ॥ ਜੀਉ ਪਾਇ ਮਾਸ ਮੁਹਿ ਮਿਲਿਆ ਹਡ ਚੰਮੁ ਤਨੁ ਮਾਸੁ ॥ ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ ॥ ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ ॥

---

੧ ਸਭ ਤਰਾਂ । ੨ ਬ੍ਰਾਹਮਣ । ੩ ਦੇਖਿਆ । ੪ ਡੰਡੇ । ੫ ਸੂਰਜ ਗ੍ਰਹਿਨ । ੬ ਰਿੱਝਿਆ ਹੈ ਮਾਸ । ੭ ਦੇਰ ਤੋਂ ਬਿਨਾ । ੮ ਖੋਟਾ ਕੰਮ । ੯ ਮਰਯਾਦਾ । ੧੦ ਵਿਗਾੜ ਦਿਤੀ । ੧੧ ਪਾਪ । ੧੨ ਮਾਰਨ । ੧੩ ਰੋਕੇਗਾ ਨਹੀਂ । ੧੪ ਗਲ ਬਾਤ ਵੀਚਾਰ । ੧੫ ਵਡੀ ਅਧਰਮ ਵਾਲੀ ਮਰਯਾਦਾ ਜੋ ਤੁਸੀ ਕਥਨ ਕਰਦੇ ਹੋ । ੧੬ ਸਾਡੇ ਪਾਸ । ੧੭ ਸਹਿਤ ਧੀਰਜ । ੧੮ ਹੋਰ ਲੋਕ । ੧੯ ਮਾਸ । ੨੦ ਤੁਹਾਡੇ ਮਤ ਵਿਚ । ੨੧ ਪਖੰਡ ।

ਵਡਾ ਹੋਆ ਵੀਆਹਿਆ ਘਰ ਲੈ ਆਇਆ ਮਾਸੁ ॥ ਮਾਸਹੁ ਹੀ ਮਾਸ ਊਪਜੈ ਮਾਸਹੁ ਸਭੋ ਸਾਕ ॥ ਸਤਿਗੁਰਿ ਮਿਲਿਐ ਹੁਕਮੁ ਬੁਝੀਐ ਤਾਂ ਕੋ ਆਵੈ ਰਾਸਿ ॥ ਆਪਿ ਛੁਟੇ ਨਹਿ ਛੂਟੀਐ ਨਾਨਕ ਬਚਨਿ ਵਿਣਾਸੁ ॥ ੧ ॥

ਦੋਹਿਰਾ—ਸੁਨ ਸਤਿਗੁਰ ਕੇ ਸਬਦ ਕੋ ਉਤਰ ਆਇ ਨ ਕੋਇ ॥
[1]ਪਿਖੈਂ ਪਰਸਪਰ ਬਦਨ ਨਿਜ ਸਨਮੁਖ ਹੋਇ ਨ ਸੋਇ ॥੧੩॥
ਸਨਜਾਸੀ [2]ਦਿਜ ਕਹਿਤ ਭੇ [3]ਕੇਤਕ ਕਾਲ ਬਿਤਾਇ ॥
ਨਾਨਕ ਚੰਦ ਪੰਡਤ ਬਡੋ ਤਹਿ ਜੀਤਿਓ ਜਗ ਜਾਇ ॥੧੪॥
ਇਸ ਫਕੀਰ ਕੇ ਸਾਮ੍ਹਨੇ ਚਰਚਾ ਕਿਉਂ ਨ ਕਰੰਤ ॥
[4]ਬੇਤਾ [5]ਆਗਮ [6]ਨਿਗਮ ਕੋ ਸਬਹਨ ਮੈਂ [7]ਮਤ ਵੰਤ ॥੧੫॥

ਚੌਪਈ ॥ ਸੁਨ ਕਰ ਨਾਨੂ ਪੰਡਤ ਤਬ ਹੀ ॥ ਬੋਲਿਯੋ ਸਬਹਨ ਪ੍ਰੇਰਿਓ ਜਬ ਹੀ ॥ ਸ੍ਰੀ ਗੁਰ [8]ਕੇਰ ਪ੍ਰਤਾਪ [9]ਦਬਾਵਾ ॥ [10]ਸਾਬਤ ਕੋਇ ਨ ਉੱਤਰ ਆਵਾ ॥ ੧੬ ॥ ਹੇ ਫਕੀਰ ਤੈਂ ਕੀਨ [11]ਕੁਕਰਮਾ ॥ [12]ਪੁਰਬ ਦਿਵਸ ਅਜ ਚਹਿਯੇ ਧਰਮਾ ॥ ਕੈਸੇ ਤੇਰੇ ਅਹੇ [13]ਸਿਧਾਂਤਾ ॥ ਉੱਤਰ ਦੇ [14]ਨਤ ਹ੍ਵੈ ਹੈਂ [15]ਪਾਤਾ ॥ ੧੭ ॥

ਮਹਲਾ ੧ ॥ ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨ ਧਿਆਨੁ ਨਹੀ ਜਾਣੈ ॥ ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸ ਮਹਿ ਪਾਪ ਸਮਾਣੇ ॥ ਗੈਂਡਾ ਮਾਰ ਹੋਮ ਜਗ ਕੀਏ ਦੇਵਤਿਆ ਕੀ ਬਾਣੇ ॥ ਮਾਸ ਛੋਡ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ ॥ ਫੜੁ ਕਰ ਲੋਕਾ ਨੋ ਦਿਖਲਾਵਹਿ ਗਿਆਨ ਧਿਆਨ ਨਹੀ ਸੂਝੈ ॥ ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ ॥ ਅੰਧਾ

---

੧ ਦੇਖੇ। ੨ ਬ੍ਰਾਹਮਣ। ੩ ਕਿਤਨਾ ਸਮਾਂ।
੪ ਬਕਤਾ। ੫ ਸ਼ਾਸਤ੍ਰ। ੬ ਬੇਦ। ੭ ਅਕਲ ਵਾਲਾ। ੮ ਦਾ।
੯ ਹੇਠਾਂ। ੧੦ ਪੂਰੀ ਤਰ੍ਹਾਂ। ੧੧ ਖੋਟਾ ਕਰਮ। ੧੨ ਸੂਰਜ ਗ੍ਰਹਿਣ।
੧੩ ਤਾਤ ਪ੍ਰਜ। ੧੪ ਨਹੀਂ। ੧੫ ਪ੍ਰਤਕੇ ਵਾਪਸ।

ਸੋਇ ਜਿ ਅੰਧ ਕਮਾਵੈ ਤਿਸੁ ਰਿਦੈ ਸਿਲੋਚਨ ਨਾਹੀ ॥ ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਹੀ ॥ ਇਸਤ੍ਰੀ ਪੁਰਖੈ ਜਾ ਨਿਸਿ ਮੇਲਾ ਓਥੈ ਮੰਦ ਕਮਾਹੀ ॥ ਮਾਸਹੁ ਨਿਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥ ਗਿਆਨ ਧਿਆਨ ਕਛ ਸੂਝੈ ਨਾਹੀ ਚਤਰ ਕਹਾਵੈ ਪਾਂਡੇ ॥ ਬਾਹਰ ਕਾ ਮਾਸ ਮੰਦਾ ਸੁਆਮੀ ਘਰ ਕਾ ਮਾਸ ਚੰਗੇਰਾ ॥ 'ਜੀਅ ਜੰਤ ਸਭ ਮਾਸਹੁ ਹੋਏ ਜੀਅ ਲਇਆ ਵਾਸੇਰਾ ॥ ਅਭਖ ਭਖਹਿ ਭਖ ਤਜ ਛੋਡਹਿ ਅੰਧ ਗੁਰੂ ਜਿਨ ਕੇਰਾ ॥ ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥ ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰ ਕਹਾਵੈ ਪਾਂਡੇ ॥ ਮਾਸ ਪੁਰਾਨੀਂ ਮਾਸ ਕਤੇਬੀਂ ਚਹੁ ਜੁਗ ਮਾਸ ਕਮਾਣਾ ॥ [੧]ਜਜ ਕਾਜ ਵੀਆਹਿ ਸੁਹਾਵੈ ਓਥੈ ਮਾਸ ਸਮਾਣਾ ॥ ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਿਸਾਹ ਸੁਲਤਾਨਾ ॥ ਜੇ ਓਇ ਦਿਸਹਿ ਨਰਕੋ ਜਾਂਦੇ ਤਾ ਉਨ ਕਾ ਦਾਨ ਨ ਲੈਣਾ ॥ ਦੇਂਦਾ ਨਰਕਿ ਸੁਰਗ ਲੈਂਦੇ ਦੇਖਹੁ ਇਹੁ [੨]ਧਿਙਾਣਾ ॥ ਆਪ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ ॥ ਪਾਂਡੇ ਤੂੰ ਜਾਣੈ ਹੀ ਨਾਹੀ ਕਿਥਹੁ ਮਾਸ [੩]ਉਪੰਨਾ ॥ [੪]ਤੋਇਅਹੁ ਅੰਨ [੫]ਕਮਾਦੁ ਕਪਾਹਾ ਤੋਇਅਹੁ ਤ੍ਰਿਭਵਣੁ ਗੰਨਾ ॥ ਤੋਆ ਆਖੈ ਹਉ ਬਹੁ ਬਿਧ ਹਛਾ ਤੋਐ ਬਹੁਤ ਬਿਕਾਰਾ ॥ ਏਤੇ ਰਸੁ ਛੋਡਿ ਹੋਵੈ ਸੰਨਿਆਸੀ ਨਾਨਕੁ ਕਹੈ ਵਿਚਾਰਾ ॥ ੨ ॥

ਚੌਪਈ ॥ ਇਉਂ ਸਬ ਭਾਖਿਯੋ ਸ੍ਰੀ [੬]ਗੁਨ ਐਨ ॥ [੭]ਤੂਸਨ ਭਾ ਤਬ ਆਇ ਨ [੮]ਬੈਨਾ ॥ [੯]ਨਾਨੂ ਦ੍ਵੈ ਕਰ ਬੰਦ ਉਚਾਰਾ ॥ ਹੇ ਫਕੀਰ ਕਿਆ ਨਾਮ ਤੁਮਾਰਾ ॥ ੧੯ ॥ ਕਹੈਂ ਗੁਰੂ ਹਮ ਨਾਨਕ ਨਾਮੂ ॥ ਸੇਵਕ ਨਿਰੰਕਾਰ ਸੁਖ ਧਾਮੂ ॥ ਸੁਨ ਕਰ ਨਾਨੂ [੧੦]ਸ੍ਰੋਨ ਮਝਾਰਾ ॥ ਨਿਜ

---

੧ ਝੰਡ ਸਮੇਂ। ੨ ਧਕੋ ਧਕੀ। ੩ ਪੈਦਾ। ੪ ਜਲ। ੫ ਗੰਨਾ। ੬ ਗੁਣਾਂ ਦੇ ਘਰ ਗੁਰੂ ਨਾਨਕ। ੭ ਚੁਪ। ੮ ਗਲ। ੯ ਨਾਨੂ ਪੰਡਤ ਦੋ ਹਥ ਜੋੜ ਕੇ ਬੇਨਤੀ ਕਰਦਾ ਹੈ। ੧੦ ਕੰਨਾਂ ਦੇ ਵਿਚ।

ਸੰਗਮ ਸੋਂ ਬਚਨ ਉਚਾਰਾ ॥ ੧੯ ॥ ਲਿਖਿਯੋ [1]ਭਵਿਖਯਤ ਮਹਿੰ ਇਤਹਾਸੂ ॥ ਸ੍ਰੀ ਨਾਨਕ ਅਵਤਾਰ [2]ਪ੍ਰਕਾਸੂ ॥ ਸ੍ਵਾਮੀ ਕਾਰਤਕ ਬ੍ਰਹਮਾ ਪਾਸ ॥ ਕੀਨੋ ਪ੍ਰਸ਼ਨ ਕਲੀ ਦੁਖ ਰਾਸ ॥ ੨੦ ॥ [3]ਮੰਦ ਕਰਮ ਬਹੁ ਕਲੁਖ ਕਮਾਵਹਿੰ । ਨਰਕਨ ਤੇ ਕਿਹ ਬਿਧ ਛੁਟ ਜਾਵਹਿੰ ॥ ਬ੍ਰਹਮਾਂ ਨੇ ਤਬ ਬਾਕ ਉਚਾਰਾ ॥ ਸੋ ਸੁਨੀਏਂ ਅਬ ਭਲੀ ਪ੍ਰਕਾਰਾ ॥ ੨੧ ॥

ਸਲੋਕ ॥ ਤਦਾ ਵੈ ਲੋਕ ਰਖਯਾਰਥੰ ਮਲੇਸਾਨਾਂ ਨਾਸ਼ ਹੇਤੁਬੇ ॥ ਪਸਚਮੈ ਤੂ ਸੁਭੇ ਦੇਸੇ ਬੇਦੀ ਬੰਸੇਚ ਨਾਨਕੋ ॥ ੩੪ ॥ ਨਾਮ ਨਾ ਨਾ ਭੁਵਿ ਰਾਜ ਰਿਖੀ ਬ੍ਰਹਮ ਗਿਯਾਨੈਕ ਮਾਨਸ: ਵਵਿਖਯਤੀ ਕਲੂ ਸਕੰਦ ਤਤ ਬਿਦਿਯੰ ਕਲਯਾਹਰੋ ॥ ੩੫ ॥ ਸ਼੍ਰੀ ਮਾਨ ਰਾਜ ਸਾਰਦੂਲਾਨੁ ਪਦਿਸ਼ਯਤੀ ਪੁਨ: ॥ ਮਲੇਛਾਨਾਂ ਹਰਿ ਨਿਸਯਤਿ ਸਕੰਦ ਧਰਮ ਤਤ੍ਵੋਪਦੇਸ ਕ੍ਰਿਤ: ॥ ੩੬ ॥

ਚੌਪਈ ॥ [4]ਬ੍ਰਹਮਾ ਵਤਾਰ [5]ਬਿਯਾਸ ਜੁ ਮਹਾਨਾ ॥ [6]ਭਾਵਿਯਖਤ ਜੁ ਪੌਰਾਨ ਬਖਾਨਾ ॥ [7]ਉੱਤ੍ਰਾਧ ਕੇ ਨਾਹਿ ਪ੍ਰਕਾਸਾ ॥ ਅਠਾਈਸਵੇਂ ਧਿਯਾ ਸੁਖ ਰਾਸਾ ॥ ੨੨ ॥ ਨਾਨਕ ਨਾਮ ਮੈਂ ਥੋ ਜੋ [8]ਧਰਾਵਾ ॥ [9]ਬਿਦਿਆ ਬਲ ਦਿਗਬਿਜੈ ਕਰਾਵਾ ॥ ਸੋ ਸੈਂ ਨਹਿੰ ਅਬ ਇਹ ਪ੍ਰਗਟਾਏ ॥ ਜਗਤ ਉਧਾਰਨ ਕੇ [10]ਹਿਤ ਆਏ ॥ ੨੩॥ ਜੋ ਸੁਨ ਹੈ ਇਨ ਕੋ ਉਪਦੇਸ਼ਾ ॥ ਉਧਰਹਿੰ ਸੇ ਤਭ [11]ਜਗਤ ਕਲੇਸ਼ਾ ॥ ਬਿਨੈ ਕਰੀ ਬਹੁ [12]ਭਾਂਤ ਸੁਹਾਵਨ ॥ ਅਪਨੀ [13]ਖਤਾ [14]ਕੇਰ ਬਖਸ਼ਾਵਨ ॥ ੨੪ ॥ ਇਤਨੇ ਮਹਿੰ [15]ਰਵਿ ਬਿਮਲ ਸੁ ਥਾਈ ॥

---

੧ ਭਵਿਖਤ ਪੁਰਾਣ ਗ੍ਰੰਥ ਵਿਚ ਇਤਿਹਾਸ ਲਿਖਿਆ ਹੈ । ੨ ਪ੍ਰਕਾਸ਼ । ੩ ਭੈੜੇ ਕਰਮ । ੪ ਵਾਹਿਗੁਰੂ ਦਾ ਅਵਤਾਰ । ੫ ਬਿਆਸ ਪੰਡਤ । ੬ ਭਵਿਖਤ ਪੁਰਾਣ ਵਿਚ ਕਥਨ ਕੀਤਾ ਹੈ । ੭ ਪਿਛਲੇ ਕਾਂਡ ਵਿਚ । ੮ ਰਖਿਆ ਹੈ । ੯ ਵਿਦਿਆ ਬੇ ਬਲ ਕਰਕੇ ਸਾਰੇ ਦੇਸਾਂ ਨੂੰ ਫਤੇ ਕਰੇਗਾ । ੧੦ ਵਾਸਤੇ । ੧੧ ਸੰਸਾਰ ਤੋਂ ਉਹ ਤਰੇਗਾ ਜੋ ਕਲੇਸ਼ ਦਾ ਤਿਆਗ ਕਰੇਗਾ । ੧੨ ਤਰਾਂ । ੧੩ ਹਸਤੀ । ੧੪ ਦੇ । ੧੫ ਸੂਰਜ ਸਾਫ ਹੋ ਗਿਆ ਭਾਵ ਸੂਰਜ ਗ੍ਰਹਿਨ ਹਟ ਗਿਆ ।

ਕਹਿੰ ਗੁਰ [1]ਨ੍ਰਿਪ ਬ੍ਰਹਮ ਭੋਜ ਕਰਾਈ ॥ [2]ਢਿਗ ਬਠਾਇ ਪੰਗਤ ਕਰਵਾਈ ॥ [3]ਬਿਜੈ ਪ੍ਰਕਾਸ ਪਾਇਸ ਵਰਤਾਈ ॥ ੨੫ ॥ [4]ਆਮਿਖ ਤੇ [5]ਪਾਇਸ ਜਬ ਪਾਏ ॥ ਪਿਖ ਅਸ਼ਚਰਯ ਬਹੁਰ ਖ਼ੁਸ਼ ਥਾਏ ॥ ਦ੍ਵਿਜ ਸਨਿਆਸੀ ਬਹੁ ਤ੍ਰਿਪਤਾਏ ॥ ਸਤਿਗੁਰ ਪਰ ਬਹੁ ਸ਼ਰਧਾ ਲਿਆਏ ॥ ੨੬ ॥ [6]ਪਗ ਪਾਹੁਲ ਬਹੁਤਨ ਤਬ ਲੀਨੀ ॥ ਗੁਰਮਤ ਧਰੀ ਸਕਲ ਬਿਧ ਚੀਨੀ ॥ ਸ਼੍ਰੀ ਸਤਿਗੁਰ ਕਹਿ ਸਿਮਰਹੁ ਨਾਮੂ ॥ ਵੰਡ ਖਾਹੁ ਸਤਿ ਸੰਗ ਕਰਾਮੂ ॥ ੨੭ ॥ ਇਸ ਪ੍ਰਕਾਰ ਕੋ ਸੁਨ ਉਪਦੇਸਾ ॥ ਕਰ ਬੰਦਨ ਸਿਖ [7]ਗੇ [8]ਨਿਜ ਦੇਸਾ ॥ ਮਹਿਮਾ ਕਰਤ [9]ਜਾਤ [10]ਮਗ ਮਾਹੀ ॥ ਇਹ ਅਵਤਾਰ ਨਿਰੰਜਨ ਆਹੀ ॥ ੨੯ ॥

ਇਤ ਸ੍ਰੀ ਗੁਰ ਪੁਰ ਪ੍ਰਕਾਸ ਗ੍ਰੰਥੇ ਪ੍ਰਿਥਮ ਮਹਿਲੇ ਕੁਰੂਖੇਤ੍ਰ ਪ੍ਰਸੰਗ ਬਰਨਨੰ ਖਟ ਬਿੰਸਤ ਮੰਦਰਹਿ ॥ ੨੬ ॥

ਦੋਹਰਾ ॥ ਸ੍ਰੀ ਸਤਿਗੁਰ [11]ਰਜ ਚਰਨ ਜੋ ਸਿਖ ਮਨ [12]ਮੁਕਰ [13]ਸੂਛਾਇ ॥ ਐਸੇ ਗੁਰ ਕੀ [14]ਸ਼ਾਮ ਜੋ ਨਹਿੰ ਆਵਹਿ ਪਛਤਾਇ ॥ ੧ ॥

ਚੌਪਈ ॥ ਬਿਜੈ ਪ੍ਰਕਾਸ਼ ਮਾਤ ਸੰਗ ਲੀਨੇ ॥ ਆਨ ਚਰਨ ਪਰ ਬੰਦਨ ਕੀਨੇ ॥ ਤਿਨ [15]ਬਿਲੋਕ ਬੋਲੇ [16]ਜਗਤੇਸਾ ॥ ਅਬ ਤੁਮ ਜਾਹੁ ਆਪਨੇ ਦੇਸਾ ॥ ੨ ॥ ਸਨਮੁਖ ਹ੍ਵੈ ਕਰ ਕਰੋ ਲਰਾਈ ॥ ਨਹਿੰ ਠਹਰਹਿ [17]ਅਰਿ ਜਾਹਿ [18]ਪਲਾਈ ॥ ੩ ॥ ਲੀਨੋ ਸਰਬ ਜਾਇ [19]ਨਿਜ ਦੇਸਾ ॥ ਕਰਤ ਭਯੋ ਸੋ ਰਾਜ [20]ਨਰੇਸਾ ॥ ਪਟਨੇ ਨਗਰ ਬਿਖੈ ਰਜਧਾਨੀ ॥ ਰਹਿਤ ਭਯੋ ਗੁਰ ਮਹਿਮਾ ਜਾਨੀ ॥ ੪ ॥ ਪ੍ਰੇਮ

---

੧ ਰਾਜਾ । ੨ ਪਾਸ । ੩ ਰਾਜੇ ਦਾ ਨਾਮ ਹੈ । ੪ ਮਾਸ ਤੋਂ । ੫ ਖੀਰ । ੬ ਚਰਨਾ ਦਾ ਅੰਮ੍ਰਿਤ । ੭ ਗਿਆ । ੮ ਆਪਣੇ ਦੇਸ । ੯ ਜਾਂਦਿਆਂ । ੧੦ ਰਸਤੇ ਵਿਚ । ੧੧ ਚਰਨਾਂ ਦੀ ਧੂੜੀ । ੧੨ ਸ਼ੀਸ਼ਾ । ੧੩ ਦੇਸ ਪੈਂਦਾ ਹੈ । ੧੪ ਸ਼ਰਨ । ੧੫ ਵੇਖ ਕੇ । ੧੬ ਜਗਤ ਦਾ ਈਸ਼ਰ ਸਤਿਗੁਰ ਨਾਨਕ ਜੀ । ੧੭ ਵੈਰੀ । ੧੮ ਦੌੜ ਜਾਏਗਾ । ੧੯ ਆਪਣੇ ਦੇਸ ਦੀ ਜਗ੍ਹਾ । ੨੦ ਨਗਰੀ ਦਾ ਰਾਜਾ ਹੋਕੇ ਰਾਜ ਭਾਰੀ ਨੂੰ ਕਰੇਗਾ ।

ਹਰੀ ਸੁਨਿਯੇ ਇਤਿਹਾਸਾ ॥ [੧]ਮੰਦ ਮੰਦ ਗਮਨੇ ਸੁਖ ਰਾਸਾ ॥ ਆਏ
ਤਟ [੨]ਸੁਰਸਰਿ ਕੇ ਮੇਲੇ ॥ ਭੀਤ [੩]ਭੂਰ ਨਰ ਬਹੁਤ ਸਕੇਲੇ ॥ ੫ ॥
[੪]ਪੂਰਬ [੫]ਪਸ਼ਚਮ ਉੱਤਰ ਕੇਰੇ ॥ ਨਰ ਦੱਖਨ ਕੇ ਆਏ ਘਨੇਰੇ ॥
ਕਈ [੬]ਲੱਛ [੭]ਮੱਜਨ ਨਰ ਕਰ ਹੀ ॥ [੮]ਭਾਉ ਭਗਤ ਕੋ ਉਰ ਨਹਿੰ
ਧਰ ਹੀ ॥ ੬ ॥ ਦੇ [੯]ਸੂਰਜ ਕੋ ਨੀਰ ਘਨੇਰਾ ॥ [੧੦]ਥਿਰ ਨਹਿੰ ਮਨ
[੧੧]ਛਿਨ ਚਹੁ ਦਿਸ ਫੇਰਾ ॥ ਤਿਨ ਕੇ ਬੀਚ ਪਹੂਚੇ ਜਬ ਹੀ ॥ [੧੨]ਨਾਨ
ਕੀਨ ਸ੍ਰੀ ਸਤਿਗੁਰ ਤਬ ਹੀ ॥ ੭ ॥ [੧੩]ਪਸਚਮ ਦਿਸ ਮੁਖ ਕਰ ਗੁਨ
ਖਾਨੀ ॥ [੧੪]ਕਰ ਅੰਜਲ ਸੋਂ ਸੀਚਤ ਪਾਨੀ ॥ ਲੋਕ [੧੫]ਬਿਲੋਕਤ
ਅਚਰਜ ਮਾਨੈਂ ॥ ਪਨ ਕਹਿੰ ਕਿਤ ਜਲ ਦੇਹਿੰ [੧੬]ਅਜਾਨੈ ॥ ੮ ॥
ਸੁਨ ਕਰ ਬੋਲੇ ਕ੍ਰਿਪਾ ਨਿਧਾਨਾ ॥ ਤੁਮ ਪੂਰਬ ਜਲ ਦਿਹੁ ਕਿਆ
ਜਾਨਾ ॥ ਨਰ ਬੋਲੇ ਜੇ ਪਿਤਰ ਹਮਾਰੇ ॥ ਤਿਨ ਕੌ ਜਲ ਦੇਨਾ
[੧੭]ਇਸ ਕਾਰੇ ॥ ੯ ॥ ਸ੍ਰੀ ਗੁਰ ਤਿਨ ਸੋਂ ਬੈਨ ਉਚਾਰੇ ॥ ਕਿਤਕ
ਦੂਰ ਹੈਂ ਪਿਤਰ ਤੁਮਾਰੇ ॥ ਨਰ ਬੋਲੇ ਮਤਵਾਨਹਿੰ ਜੋਊ ॥ [੧੮]ਕਿਤਕ
ਸਹਿਸ ਜੋਜਨ ਹੈਂ ਸੋਊ ॥ ੧੦ ॥ ਸ੍ਰੀ ਗੁਰ ਸੁਨ [੧੯]ਸ਼੍ਰੋਨਤ ਤਿਨ
ਬਾਨੀ ॥ ਦੀਨ [੨੦]ਬਿਸਾਲ ਲਗੇ ਪੁਨ ਪਾਨੀ ॥ ਬੂਝਨ ਲਗੇ ਬਹੁਰ
ਨਰ ਸੋਊ ॥ ਤੈ ਨਿਜ ਬਾਤ ਬਤਾਇ ਨ ਕੋਊ ॥ ੧੧ ॥ ਸੁਨ ਬੋਲੇ
ਬੇਦੀ ਕੁਲ ਕੇਤਾ ॥ ਹਮ [੨੧]ਨਿਜ ਨਗਰ ਬੀਜਿਓ ਖੇਤਾ ॥ ਨਹਿੰ
ਜਲ ਦੇਨ ਹਾਰ ਕੋ [੨੨]ਪਾਛੇ ॥ ਤਿਹ ਕੋ ਨੀਰ ਦੇਊਂ ਮੈਂ [੨੩] ।

---

੧ ਹੌਲੀ ਹੌਲੀ ਚਲੋ। ੨ ਗੰਗਾ। ੩ ਬਹੁਤ। ੪ ਸੂਰਜ ਜਿਸ ਪਾਸੇ ਉਦੇ ਹੁੰਦਾ। ੫ ਜਿਸ ਪਾਸੇ ਸੂਰਜ ਡੁਬਦਾ। ੬ ਲਖ। ੭ ਅਸ਼ਨਾਨ। ੮ ਪ੍ਰੇਮਾ ਭਗਤੀ। ੯ ਸੂਰਜ ਨੂੰ ਬਹੁਤ ਪਾਣੀ ਦੇਂਦੇ ਹਨ। ੧੦ ਮਨ ਇਸਥਿਤ ਨਹੀਂ ਹੈ। ੧੧ ਖਿਨ ਵਿਚ ਚਾਰ ਪਾਸੇ ਫਿਰਦਾ ਹੈ। ੧੨ ਅਸ਼ਨਾਨ। ੧੩ ਸੂਰਜ ਲੈਂਦੇ ਪਾਸੇ। ੧੪ ਬੁਕਾਂ ਨਾਲ ਪਾਣੀ ਭਰ ਭਰ ਕੇ ਧਰਤੀ ਪਰ ਛਿੜਕਦੇ ਹਨ। ੧੫ ਲੋਕੀ ਦੇਖ ਕੇ ਅਸਚਰਜ ਹੁੰਦੇ ਹਨ। ੧੬ ਅਨਜਾਣ। ੧੭ ਇਸ ਵਾਸਤੇ। ੧੮ ਕਿਤਨੇ ਹਜ਼ਾਰ ਜੋਜਨ, ਚਾਰ ਕੋਹ ਦਾ ਇਕ ਜੋਜਨ ਹੁੰਦਾ ਹੈ। ੧੯ ਕੰਨਾਂ ਨਾਲ। ੨੦ ਬਹੁਤਾ ਪਾਣੀ। ੨੧ ਆਪਣੇ ਨਗਰ ਵਿਚ। ੨੨ ਪਿਛੇ। ੨੩ ਅਛੀ ਤਰਾਂ।

੧੨ ॥ ਕਹਿ ਨਰ ਖੇਤ ਕਹਾਂ ਤੂੰ ਕਹਾਂ ॥ ਕਿਯੋਂ ਪ੍ਰਾਪਤ ਪਾਨੀ ਹੈ ਤਹਾਂ ॥ ਬਹੁਰ ਕਹੈਂ ਇਹੁ ਬਡੌ ਅਜਾਨ ॥ ਤਬ ਬੋਲੇ ਸਤਿਗੁਰੂ ਗੁਨ ਖਾਨੱ ॥ ੧੩ ॥ ਸ੍ਰੀ ਪਰਮੇਸ਼ਰ ਤੁਮਹਿ ਭੁਲਾਯੋ ॥ [1]ਭਾਉ ਭਗਤ ਬਿਨ ਮਨ ਭਰਮਾਯੋ ॥ ਮੇਰੋ ਅਹੈ ਸਮੀਪ [2]ਕਿਦਾਰਾ ॥ ਤਹਿਂ ਕੋ ਪਹੁੰਚ ਨ ਸਕਈ [3]ਬਾਰਾ ॥ ੧੪ ॥ ਤੁਮਰੇ ਪਿਤਰ [4]ਉਰਧ [5]ਅਧਕਾਈ ॥ ਸੋ ਜਲ ਤਿਨ ਕੋ ਕੈਸ ਪੁਚਾਈ ॥ ਮੁਝੇ ਅਜਾਨ ਭਨਤ ਹੋ ਕੈਸੇ ॥ ਬਡੇ ਅਜਾਨ ਭਏ ਤੁਮ ਐਸੇ ॥ ੧੫ ॥ ਅਸ ਕਹਿ [6]ਤੂਸਨ ਭੇ ਜਗ ਸਾਂਈ ॥ ਬੈਠ ਰਹੇ ਤਬ ਤਿਸਹੀ ਥਾਂਈ ॥ [7]ਪੁੰਜ [8]ਮਨੁਜ ਤਹਿਂ [9]ਮੱਜਨ ਕਰਹੀ ॥ [10]ਤਟ ਪਰ ਬੈਠ ਧਿਆਨ ਕੋ ਧਰ ਹੀ ॥ ੧੬ ॥

ਦੋਹਰਾ ॥ ਕੋ ਸੰਧਯਾ ਲਾਗੇ ਕਰਨ ਕੇਤੁਕ [11]ਤਰਪਣ ਕੀਨ ॥
ਤੂਸਨ ਹੋ ਬੈਠੇ ਕਿਤਕ ਕਰ ਮਹਿਂ ਮਾਲਾ ਲੀਨ ॥ ੧੭ ॥

ਚੌਪਈ ॥ ਸ੍ਰੀ ਗੁਰ ਸਭ ਕੇ ਮਨ ਕੀ ਜਾਨੈਂ ॥ ਤਿਨਹਿਂ ਸੁਨਾਵੈਂ ਬਚਨ ਬਖਾਨੈਂ ॥ ਦੇਖਹੁ ਮਨਜ ਪਖੰਡ ਕਮਾਵੈਂ ॥ ਮਨ ਥਿਰ ਨਾਹਿਂ ਲੋਕ ਦਿਖਰਾਵੈਂ ॥ ੧੮ ॥ ਕਹਿ ਨਰ ਆਗੇ [12]ਸੱਤਿ ਬਤਾਯੋ ॥ ਇਨ ਕੋ [13]ਦੰਭ [14]ਕੈਸ ਤੁਮ ਪਾਯੋ ॥ [15]ਸੂਧੇ ਮਗ ਕੇ ਪਾਵਨ ਹੇਤਾ ॥ ਪੁਨ ਬੋਲੇ ਬੇਦੀ ਕੁਲ ਕੇਤਾ ॥ ੧੯ ॥ ਲੇ ਮਾਲਾ ਬੈਠੇ ਕਰ ਮਾਹੀ ॥ ਮਨ [16]ਇਸਥਿਰ ਇਕ ਛਿਨ ਭੀ ਨਾਹੀ ॥ ਲੋਕ ਦਿਖਾਵਨ ਹਿਤ ਦਿਨ ਰਾਤੀ॥ਕਰਹਿਂ ਦੰਭ ਬੈਠੇ [17]ਭਲਭਾਤੀ ॥੨੦॥

ਦੋਹਿਰਾ ॥ ਕੈਸੇ ਜਪਤਾ ਨਾਮ ਤੁਮ ਮਨ ਪਠਿਯੋ ਮੁਲਤਾਨ ॥
ਤੇਰੋ [18]ਲਵ ਪੁਰ ਮਹਿਂ ਗਯੋ ਕਰਹੋ ਸਾਚ ਬਖਾਨ ॥ ੨੧ ॥

---

੧ ਪ੍ਰੇਮਾ ਭਗਤੀ ਤੋਂ ਬਿਨਾਂ। ੨ ਖੇਤੀਆਂ। ੩ ਜਲ। ੪ ਉਚਾ। ੫ ਵਿਸ਼ੇਸ਼ ਕਰਕੇ। ੬ ਚੁਪ। ੭ ਸਮੂਹ। ੮ ਮਾਨੁਖ। ੯ ਇਸ਼ਨਾਨ। ੧੦ ਗੰਗਾ ਦੇ ਕਿਨਾਰੇ। ੧੧ ਤ੍ਰਿਪਤੀ ਨਾਲ ਮੰਤ੍ਰ ਪੂਰਾ ਕਰਕੇ ਜਲ ਦੇਣ ਦਾ ਕਰਮ। ੧੨ ਸਚ। ੧੩ ਪਖੰਡ। ੧੪ ਕਿਸ ਤਰ੍ਹਾਂ। ੧੫ ਸਿਧੇ ਰਸਤੇ। ੧੬ ਟਿਕਾਓ ਵਿਚ। ੧੭ ਚੰਗੀ ਤਰ੍ਹਾਂ। ੧੮ ਲਾਹੌਰ।

ਚੌਪਈ ॥ ਜਿਹ ਜਿਹ ਮਨ ਮਾਨਵ ਕੇ ਗਏ ॥ ਸ੍ਰੀ ਗੁਰ ਤਹਾਂ ਬਤਾਵਤ ਭਏ ॥ ਸਭ ਮਾਨਵ ਨੇ ਸੁਨ ਅਸ [1]ਬੈਨੰ ॥ ਜਾਨਿਯੋਂ ਪਰਮੇਸ਼ਰ ਗਤ ਦੈਨੰ ॥ ੨੨ ॥ ਹਾਥ ਬੰਦ ਹੋਏ ਮਨ ਦੀਨੰ ॥ ਚਰਨ ਕਮਲ਼ ਪਰ ਬੰਦਨ ਕੀਨੰ ॥ ਬਿਨੈ [2]ਭਨਤ ਭੂਲੇ ਹੈਂ ਤੁਮ ਤੇ ॥ ਬਖਸ਼ਹੁ ਗੁਨਹਿ ਭਏ ਜੋ ਹਮ ਤੇ ॥ ੨੩ ॥ ਮਹਿਮਾ ਆਗੇ ਹਮ ਨਹਿੰ ਜਾਨੀ ॥ ਅਬ ਜਾਨੀ ਤੁਮ ਹੋ [3]ਗਤ ਦਾਨੀ ॥ ਤਰਪਣ ਠਾਕਰ ਪੂਜਾ [4]ਛੋਰੀ ॥ ਆਇ ਗਏ ਸਤਗੁਰ [5]ਪਗ ਓਰੀ ॥ ਅਬ ਤੁਮ ਸਿੱਖ ਆਪਨੇ ਕਰਿਯੇ ॥ [6]ਪਦ ਰਜ ਦੇਯ ਪਾਪ [7]ਪਰਹਰਿਯੇ ॥ ਭੂਲੇ ਹਮ [8]ਮਗ ਦੇਹੁ ਬਤਾਈ ॥ ਮਹਾਂਪੁਰਖ ਤੁਮ ਹੋ ਗਤਦਾਈ ॥ ੨੫ ॥

ਦੋਹਿਰਾ ॥ ਰਹੇ ਚਰਨ [9]ਲ਼ਪਟਾਇ ਜਬ ਗੁਰੂ [10]ਮ੍ਰਿਦਲ ਕਹਿੰ ਬੈਨ ॥
ਸਭ ਕੋ ਦੇ ਉਪਦੇਸ਼ ਤਬ ਕਰੇ ਸਿੱਖ ਗੁਨ ਐਨ ॥ ੨੬ ॥

ਚੌਪਈ ॥ ਪ੍ਰੇਮ ਨਾਮ ਕੋ [11]ਰੰਗ ਚਢਾਵਾ ॥ ਮਨ ਕੋ ਸ਼ਾਂਤ ਦਈ ਸੁਖ ਪਾਵਾ ॥ ਕਿਤਕ ਦਿਵਸ ਗੰਗਾ ਕੇ [12]ਤੀਰਾ ॥ ਭਗਤ ਬਢਾਈ [13]ਗੁਨੀ ਗਹੀਰਾ ॥ ੨੭ ॥ ਪੁਨ ਅਗ੍ਰਜ ਕੋ ਕੀਨ ਪਯਾਨਾ॥ ਜਹਿੰ ਸ੍ਰੀ ਕ੍ਰਿਸ਼ਨ ਖੇਲ ਕਿਯੇ [14]ਨਾਨਾ ॥ [15]ਬ੍ਰਿਜ ਭੂਮੀ [16]ਜਮਨਾ ਤਟ ਆਏ ॥ ਬੈਠ ਗਏ ਗੁਰ ਸੁੰਦਰ ਥਾਏ ॥ ੨੮ ॥ ਤਿਹ ਸਥਾਨ ਮੇਲਾ ਬੋ ਭਾਰੀ ॥ ਪੁਰਬ ਲਖਿਓ ਆਏ [17]ਨਰ ਨਾਰੀ ॥ [18]ਖਟ ਦਰਸ਼ਨ ਕੇ ਸਾਧੂ ਆਏ ॥ ਰਾਸ ਪਾਇ ਬਹੁ ਮੋਦ ਬਢਾਏ ॥ ੨੯ ॥ ਕਿਤਨਿਕ ਨਰ ਆਏ ਗੁਰ ਪਾਸ ॥ ਕਹੈਂ [19]ਤਪਾ ਚਲ ਦੇਖਹੁ

---

੧ ਬਚਨ। ੨ ਬਚਨਾਂ ਨੂੰ ਉਚਾਰਦੇ ਹਨ। ੩ ਮੁਕਤੀ ਦੇ ਦਾਤੇ ਗੁਰੂ ਨਾਨਕ ੪ ਛਡ ਦਿਤੀ। ੫ ਚਰਨਾਂ ਦੇ ਪਾਸ। ੬ ਚਰਨਾਂ ਦੀ ਧੂੜੀ। ੭ ਦੂਰ ਕਰੋ। ੮ ਭਗਤੀ ਰੂਪੀ ਰਸਤੇ। ੯ ਤਦਾ ਕਾਰ। ੧੦ ਕੋਮਲ ਬਚਨ। ੧੧ ਲਾਲੀ ਚਾੜ੍ਹਦੇ ਹਨ। ੧੨ ਕਿਨਾਰੇ। ੧੩ ਗੁਣਾਂ ਦੇ ਸਮੁੰਦਰ ਗੁਰੂ ਜੀ। ੧੪ ਬਹੁਤ ਤਰ੍ਹਾਂ ਦੇ। ੧੫ ਬ੍ਰਿਜ ਦੀ ਧਰਤੀ। ੧੬ ਜਮਨਾ ਦੇ ਕਿਨਾਰੇ। ੧੭ ਪੁਰਸ਼ ਇਸਤ੍ਰੀ। ੧੮ ੧. ਪੂਰਵ ਮੀਮਾਸਾ। ੨. ਵੈਸ਼ੇਖਕ। ੩. ਨਸਾਇ ਯਾ ਤਰਕ ਸੰਗ੍ਰਹਿ। ੪. ਪਾਤੰਜਲ। ੫. ਸਾਂਖ। ੬. ਵੇਦਾਂਤ। ੧੯ ਗੁਰੂ ਨਾਨਕ।

ਰਾਸ ॥ ਸ੍ਰੀ ਗੁਰ ਨਾਨਕ ਅੰਤਰਜਾਮੀ ॥ ਸਭ ਘਟ ਘਟ ਕੀ ਜਾਨਤ ਸ੍ਵਾਮੀ ॥ ੩੦ ॥ ਪੁਨ ਤਿਨਸੋਂ ਕਹਿੰ ਰਾਸ ਹਮਾਰੀ ॥ [1]ਰਾਤ ਦਿਵਸ ਇਕ ਰਸ ਹੋਇ ਭਾਰੀ ॥ ਤਿਸੀ ਰਾਸ ਮਹਿੰ ਹਮ ਚਿਤ ਲਾਇ ॥ [2]ਭੂਲ ਨ ਦੇਖੈਂ ਤੁਮ ਜੋ ਅਲਾਇ ॥ ੩੧ ॥ ਨਰ [3]ਮਲੀਨ ਬੁੱਧੀ ਇਹ ਦੇਖੈਂ ॥ ਉਪਜਾਵਤ [4]ਤਨ ਮਾਰ ਬਿਸੇਖੈ ॥ [5]ਸਿਸ ਕੁਮਾਰ ਨਾਰੀ ਧਰ ਬੇਖਹਿੰ ॥ ਕਰਹਿੰ [6]ਨਿਰਤ ਕਾਰੀ ਨਰ ਦੇਖਹਿੰ ॥ ੩੨ ॥ ਬਾਲਕ ਔਰ [7]ਅੰਗਨਾ ਦੋਊ ॥ [8]ਰਾਧਾ ਕ੍ਰਿਸ਼ਨ ਸਾਂਗ ਧਰ ਸੋਊ ॥ ਬਾਲਕ ਪੁਨਾ ਅੰਗਨਾ ਸੰਗਾ ॥ ਕਰਹਿੰ ਕੁਕਰਮ ਹੋਵਸੀ [9]ਅਨੰਗਾ ॥ ੩੩ ॥ ਸੁਨ ਨਰ ਕਹੈਂ ਰਾਸ ਤੁਮ ਕੌਨ ॥ ਹਮਹਿੰ ਦਿਖਾਵਹੁ ਕਰਨਾ ਭੌਨ ॥ ਸ੍ਰੀ ਸਤਿਗੁਰ ਤਬ ਸ਼ਬਦ ਉਚਾਰਾ ॥ ਆਸਾ ਵਾਰ ਸਲੋਕ ਮਝਾਰਾ ॥ ੩੪ ॥

ਸਲੋਕ ਮਹਲਾ ੧ ॥ ਘੜੀਆ ਸਭੇ ਗੋਪੀਆ ਪਹਰ ਕੰਨ ਗੋਪਾਲ ॥ ਗਹਿਣੇ ਪਉਣੁ ਪਾਣੀ ਬੈਸੰਤਰੁ ਚੰਦੁ ਸੂਰਜੁ ਅਵਤਾਰ ॥ ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲ ॥ ਨਾਨਕ ਮੁਸੈ ਗਿਆਨ ਵਿਹੂਣੀ ਖਾਇ ਗਇਆ ਜਮਕਾਲੁ ॥੧॥ [10]ਵਾਇਨਿ ਚੇਲੇ ਨਚਨਿ ਗੁਰ ॥ ਪੈਰ ਹਲਾਇਨਿ ਫੇਰਨਿ ਸਿਰਿ ॥ ਉਡਿ ਉਡਿ ਰਾਵਾ ਝਾਟੈ ਪਾਇ ॥ ਵੇਖੈ ਲੋਕੁ ਹਸੈ ਘਰਿ ਜਾਇ ॥ ਰੋਟੀਆ ਕਾਰਣਿ ਪੂਰਹਿ [11]ਤਾਲ ॥ ਆਪੁ ਪਛਾੜਹਿ ਧਰਤੀ ਨਾਲਿ ॥ ਗਾਵਨਿ ਗੋਪੀਆ ਗਾਵਨਿ ਕਾਨ ॥ ਗਾਵਨਿ ਸੀਤਾ ਰਾਜੇ ਰਾਮ ॥ ਨਿਰਭਉ ਨਿਰੰਕਾਰੁ ਸਚੁ ਨਾਮੁ ॥ ਜਾ ਕਾ ਕੀਆ ਸਗਲ ਜਹਾਨੁ ॥

---

੧ ਰਾਤ ਦਿਨ ਇਕ ਵਾਹਿਗੁਰੂ ਦੇ ਪ੍ਰੇਮ ਵਿਚ ਇਹ ਰਾਸ ਪਾਉਣਾ ਕੀਤੀ ਹੈ। ੨ ਭੁਲ ਕੇ ਭੀ ਤੁਹਾਡੇ ਵਾਲੀ ਰਾਸ ਨਹੀਂ ਦੇਖਦੇ। ੩ ਪਾਪਾਂ ਵਾਲੀ ਬੁਧੀ। ੪ ਸਰੀਰ ਨੂੰ ਪੈਦਾ ਕਰਕੇ। ੫ ਕੁਮਾਰ ਅਵਸਥਾ ਵਾਲੇ ਬਚੇ। ੬ ਤਮਾਸ਼ੇ ਰਾਸ। ੭ ਇਸਤ੍ਰੀਆਂ। ੮ ਰਾਧਕਾਂ ਤੇ ਕ੍ਰਿਸ਼ਨ ਦੇ ਭੇਸਾਂ ਨੂੰ ਬਣਾਕੇ ਰਾਸਾਂ ਨੂੰ ਪਾਉਂਦੇ ਹਨ। ੯ ਕਾਮ ਦੇ ਵਸ। ੧੦ ਵਜਾਉਂਦੇ ਹਨ। ੧੧ ਰਾਸਾਂ ਨੂੰ ਪੂਰਦੇ ਹਨ।

ਸੇਵਕ ਸੇਵਹਿ ਕਰਮਿ ਚੜਾਉ ॥ ਭਿੰਨੀ ਰੈਣਿ ਜਿਨਾ ਮਨਿ ਚਾਉ ॥ ਸਿਖੀ ਸਿਖਿਆ ਗੁਰ ਵੀਚਾਰਿ ॥ ਨਦਰੀ ਕਰਮਿ ਲਘਾਏ ਪਾਰਿ ॥ ਕੋਲੂ ਚਰਖਾ ਚਕੀ ਚਕੁ ॥ ਥਲ ਵਾਰੋਲੇ ਬਹੁਤੁ ਅਨੰਤੁ ॥ ਲਾਟੂ ਮਧਾਣੀਆ ਅਨਗਾਹ ॥ ਪੰਖੀ ਭਉਦੀਆ ਲੈਨਿ ਨ ਸਾਹ ॥ ਸੂਐ ਚਾੜਿ ਭਵਾਈਅਹਿ ਜੰਤ ॥ ਨਾਨਕ ਭਉਦਿਆ ਗਣਤ ਨ ਅੰਤ ॥ ਬੰਧਨ ਬੰਧਿ ਭਵਾਏ ਸੋਇ ॥ ਪਇਐ ਕਿਰਤਿ ਨਚੈ ਸਭ ਕੋਇ ॥ ਨਚਿ ਨਚਿ ਹਸਹਿ ਚਲਹਿ ਸੇ ਰੋਇ ॥ ਉਡਿ ਨ ਜਾਹੀ ਸਿਧ ਨ ਹੋਹਿ ॥ ਨਚਣੁ ਕੁਦਣੁ ਮਨ ਕਾ ਚਾਉ ॥ ਨਾਨਕ ਜਿਨ ਮਨਿ ਭਉ ਤਿਨਾ ਮਨਿ ਭਾਉ ॥ ੨ ॥

ਚੌਪਈ ॥ ਜਬ ਸਤਿਗੁਰ ਅਸ ਬਚਨ ਉਚਾਰੇ ॥ [੧]ਦੰਭੀ [੨]ਲੱਜਤ [੩]ਸਭਾ ਮਝਾਰੇ ॥ ਪੰਡਤ ਪ੍ਰਸ਼ਨ ਕਰਾ ਕਹਿ ਬਾਨੀ ॥ ਕਿਹ [੪]ਉਪਾਸ਼ਨਾ ਤੁਮ ਮਨ ਠਾਨੀ॥੩੫॥ਨਿਰਗੁਣ ਕੈ ਸਰਗੁਣ ਕੀ ਸੇਵਾ॥ ਕਿਹ ਕੀ ਕਰੋ ਕਹੋ [੫]ਨਿਜ ਭੇਵਾ ॥ ਸੁਨ ਸ੍ਰੀ ਨਾਨਕ ਬੈਨ ਉਚਾਰੇ ॥ [੬]ਪ੍ਰਿਥਕ ਪ੍ਰਿਥਕ ਦ੍ਵੈ ਨਹੀਂ ਬਿਚਾਰੇ ॥ ੩੬॥ [੭]ਭੇਦ ਹੋਇ ਤੌ ਪ੍ਰਿਥਕ ਸੇਵਾ ॥ ਨਿਰਗੁਣ ਸਰਗੁਣ ਅਲਖ [੮]ਅਭੇਵਾ ॥ ਜੇ ਦੋਨੋਂ ਮੈਂ ਭੇਦ ਪਛਾਨੇ ॥ ਹੇ ਮਾਨਵ ਜਾਨਹੁ [੯]ਅਨਜਾਨੇ ॥ ੩੭ ॥

ਦੋਹਿਰਾ ॥ [੧੦]ਦਯਾ ਸਦਨ ਕੇ ਬਦਨ ਤੇ ਬਚਨ ਸੁਨੇ ਗਤ ਦੈਨ ॥
[੧੧]ਰਿਦੈ ਸੁੱਧ ਬੰਦਨ ਕਰਤ ਸਿੱਖ ਭਏ ਮਨ ਚੈਨ ॥ ੩੮ ॥

ਚੌਪਈ ॥ ਜਿਤੇ ਹੁਤੇ [੧੨]ਜਾਤ੍ਰੀ ਤਿਹ ਥਾਈ ॥ ਸੁਨ ਸਤਿਗੁਰ

---

੧ ਪਖੰਡੀ। ੨ ਸ਼ਰਮ ਸਾਰ। ੩ ਸਭਾ ਦੇ ਵਿਚ। ੪ ਕਿਸ ਦੀ ਉਪਾਸ਼ਨਾ ਪੂਜਾ ਮਨ ਵਿਚ ਕਰਦੇ ਹੋ। ੫ ਆਪਣਾ ਭੇਦ ਦਸੋ। ੬ ਵਖਰੇ ਵਖਰੇ ਦੋ ਨਹੀਂ ਵਿਚਾਰਨਾ ਕੀਤੇ ਹਨ। ੭ ਸਰਗੁਣ ਤੇ ਨਿਰਗੁਣ ਵਿਚ ਭੇਦ ਹੋਵੇ ਤਾਂ ਵਖਰੀ ਸੇਵਾ ਕਰਾਂ। ੮ ਭੇਦ ਤੋਂ ਰਹਿਤ ਹਨ ਭਾਵ ਇਕ ਰੂਪ ਹਨ। ੯ ਬੇਸਮਝ। ੧੦ ਦਯਾ ਦੇ ਘਰ ਗੁਰੂ ਨਾਨਕ। ੧੧ ਹਿਰਦੇ ਨੂੰ ਸਾਫ ਕਰਕੇ ਭਾਵ ਨਿਸ਼ਕਪਟ ਹਨ। ੧੨ ਯਾਤਰੂ।

[੧]ਢਿਗ ਆਵਤ ਧਾਈ ॥ ਬੰਦਨ ਕਰਹਿਂ [੨]ਉਪਾਇ ਧਰਕੈ ॥ ਬਿਨੈਂ ਭਨੈਂ ਮਹਾਂ ਪੁਰਖ ਬਿਚਰਕੈ ॥ ੩੯ ॥ ਸ੍ਰੀ ਸਤਿਗੁਰ ਤਿਨ ਦੇ ਉਪਦੇਸ਼ਾ ॥ ਸੱਤਿਨਾਮ ਸਿਮਰਹੁ ਜਗ ਤੇਸਾ ॥ [੩]ਭਾਉ ਭਗਤ ਕਰਿਯੋ [੪]ਛਲ ਖੋਇ ॥ ਅਸ ਜਿ ਕਰੋ ਤੁਮਰੀ [੫]ਗਤ ਹੋਇ ॥ ੪੦ ॥ [੬]ਦਿਵਸ ਤੀਨ ਤਹਿ ਰਾਖਿਯੋ ਡੇਰਾ ॥ ਕਰਕੈ [੭]ਮਰਦਨ ਦੰਭ ਘਨੇਰਾ ॥ ਆਗੈ ਗਮਨ ਕੀਨ ਗੁਨ ਖਾਨੀ ॥ ਜਾਂਹਿ ਅਨੇਕ ਉਧਾਰੇ ਪ੍ਰਾਨੀ ॥ ੪੧ ॥

ਇਤ ਸ੍ਰੀ ਗੁਰ ਪੁਰ ਪ੍ਰਕਾਸ ਗ੍ਰੰਥੇ ਪ੍ਰਿਥਮ ਮਹਿਲੇ ਗੰਗਾ ਔ [੮]ਬ੍ਰਿਜ ਪ੍ਰਸੰਗ ਬਰਨਨੰ ਨਾਮ ਸਪਤ ਬਿੰਸਤ ਮੰਦਰਹਿ ॥ ੨੭ ॥

ਦੋਹਿਰਾ ॥ ਗੋਰਖ ਮਤਾ ਸਥਾਨ ਇਕ ਜੋਗੀ ਹਹਿਂ ਤਹਿਂ ਥਾਨ ॥ ਤਹਾਂ ਪਹੂਚੇ ਸਤਿਗੁਰੂ ਸ੍ਰੀ ਨਾਨਕ ਸੁਖ ਖਾਨ ॥ ੧ ॥

ਚੌਪਈ ॥ [੯]ਸੂਕੋ ਬਿਰਖ ਹੁਤੋ ਤਹਿ ਏਕੂ ॥ ਬੈਠ ਗਏ ਤਹਿ [੧੦]ਜਲਧ ਬਿਬੇਕੂ ॥ ਜੋ ਚਲ ਕੋ [੧੧]ਤਰ ਤਬ ਤਤਕਾਲਾ ॥ ਹਰਯੋ ਹੋਤ ਭਾ [੧੨]ਪਤ੍ਰ ਬਿਸਾਲਾ ॥ ੨ ॥ [੧੩]ਅਵਲੋਕਤ ਬਿਸਮੇ [੧੪]ਸਿਧ ਮਾਨੀ ॥ [੧੫]ਤਮਕ ਖਾਇ ਬਡ ਪੌਨ ਚਲਾਨੀ ॥ [੧੬]ਖਰੇ ਤਹਾਂ ਤਰਵਰ ਜੋ ਗਾਢੇ ॥ [੧੭]ਬੇਗ [੧੮]ਉਖਾਰੇ ਰਹੇ ਨ [੧੯]ਠਾਂਢੇ ॥ ੩ ॥

ਦੋਹਿਰਾ ॥ ਜਿਸ [੨੦]ਤਰੁ ਕੇ [੨੧]ਤਰੁ ਸਤਿਗੁਰੂ ਉਡਨ ਲਾਗਯੋ ਸੋਇ ॥ ਨਿਜ ਕਰ [੨੨]ਪੰਜਾ ਲਾ ਗੁਰੂ ਕਹਯੋ ਰਹੋ [੨੩]ਥਿਰ ਹੋਇ ॥ ੪ ॥

---

੧ ਪਾਸ। ੨ ਭੇਟਾ ਨੂੰ ਰਖ ਕੇ। ੩ ਪ੍ਰੇਮਾ ਭਗਤੀ। ੪ ਫਰੇਬ ਠਗੀ ਦੂਰ ਕਰੋ। ੫ ਮੁਕਤੀ। ੬ ਤਿੰਨ ਦਿਨ ਡੇਰਾ ਰਖਿਆ। ੭ ਪਖੰਡ ਨੂੰ ਮਲ ਕਰਕੇ। ੮ ਬ੍ਰਿਜ ਦੀ ਧਰਤੀ। ੯ ਸੁਕਾ ਹੋਇਆ ਦਰਖਤ। ੧੦ ਸਮੁੰਦਰ ਰੂਪ ਗੁਰੂ ਜੀ। ੧੧ ਦਰਖਤ। ੧੨ ਪਤੇ ਹਰੇ ਹੋ ਗਏ। ੧੩ ਦੇਖਦਿਆਂ। ੧੪ ਨਿਸਚੇ ਕਰਕੇ ਮੰਨਿਆ। ੧੫ ਡਰ ਨੂੰ ਧਾਰ ਕੇ। ੧੬ ਗਡੇ ਹੋਏ ਦਰਖਤ ਜੋ ਖੜੇ ਸਨ। ੧੭ ਸੀਘਰ। ੧੮ ਉਖੜ ਗਏ। ੧੯ ਖੜਾ ਨਾ ਰਿਹਾ। ੨੦ ਦਰਖਤ। ੨੧ ਤਲੇ ਹੇਠਾਂ। ੨੨ ਹਥ ਦਾ ਪੰਜਾ ਲਾਕੇ। ੨੩ ਖੜਾ ਰਹੋ।

ਚੌਪਈ ॥ ਸ੍ਰੀ ਗੁਰ ਕੋ ਜਬ [੧]ਕਰ ਤਹਿ ਛੁਯੋ ॥ [੨]ਪਾਤ ਪਾਤ ਮਹਿੰ ਪੰਜਾ ਹੁਯੋ ॥ ਥਿਰਯੋ ਬਿਰਖ ਸਿਧ [੩]ਬਲ ਲਾ ਹਾਰੇ ॥ ਨਹਿੰ ਕਛੁ ਬਨਯੋ ਆਇ [੪]ਢਿਗ ਸਾਰੇ ॥ ੫ ॥ [੫]ਕੇਤਕ ਚਰਨਨ ਸੀਸ ਨਿਵਾਯੋ ॥ ਕੇਤਕ ਮਨ ਮਹਿੰ [੬]ਗਰਬ ਬਢਾਯੋ ॥ ਤਬ ਇਕ ਸਿਧ ਨੇ [੭]ਬੈਨ ਉਚਾਰੇ ॥ ਹਮ ਕੋ ਫਲ [੮]ਦਿਹਮਦ੍ਰ ਅਹਾਰੇ ॥ ੬ ॥

ਦੋਹਿਰਾ ॥ [੯]ਫੇਨਲ ਕੋ ਤਰ ਤਹਿੰ ਹੁਤੋ ਤਬ ਗੁਰ ਸਿੱਧਨ ਮਾਹਿੰ ॥
ਇਕ [੧੦]ਟਹਿਨੋ ਗੁਰ ਕੀ ਦਿਸਾ ਇਕ ਸਿੱਧਨ ਦਿਸ ਆਹਿ ॥ ੭ ॥

ਚੌਪਈ ॥ ਟਹਿਨੋ ਅਪਨੀ ਦਿਸ ਕੋ ਜੋਊ ॥ ਸ੍ਰੀ ਗੁਰ [੧੧]ਪਿਖ [੧੨]ਮਧਰੋ ਕਿਜ ਸੋਊ ॥ ਤੂਟੇ ਫਰ ਤਜ ਕਰ [੧੩]ਤਰ ਡਾਰੀ ॥ ਪਰੇ ਜੋਗੀਅਨ ਕੇਰ [੧੪]ਅਗਾਰੀ ॥ ੮ ॥ ਫਲ [੧੫]ਬਿਲੋਕ ਕੈ ਹਾਥ ਉਚਾਇ ॥ [੧੬]ਸਾਦ ਮਧਰ ਅਤ ਪਾਯੋ ਖਾਇ ॥ ਅਚਰਜ ਹ੍ਵੈ ਨਿਜ ਦਿਸ ਜੋ [੧੭]ਡਾਲਾ ॥ [੧੮]ਤੋਰ ਖਾਇ ਸੋ [੧੯]ਕਟੂ ਬਿਸਾਲਾ ॥ ੯ ॥ [੨] ਪਿਖ ਸ਼ਕਤੀ ਗੁਰ ਕੀ ਸਭ ਹਾਰੇ ॥ ਸਭ ਬਿਧ ਕਰ [੨੧]ਆਦੇਸ [੨੨]ਪਧਾਰੇ ॥ ਨਾਨਕ ਮਤਾ ਭਯੋ ਤਹਿ ਨਾਮ ॥ [੨੩]ਫੇਨਲ ਮਧਰ ਕੀਨ ਜਹਿ [੨੪]ਠਾਮ ॥ ੧੦ ॥

ਦੋਹਿਰਾ ॥ ਸ੍ਰੀ ਸਤਿਗੁਰ ਜਗ [੨੫]ਤਾਰਬੇ ਚਲਤ ਭਏ [੨੬]ਅਗਵਾਇ ॥
ਨਗਰ ਅਜੁੱਧਯਾ ਜਹਿ ਹੁਤੋ ਛਿਨ ਮਹਿੰ ਪਹੁੰਚੇ ਆਇ ॥ ੧੧ ॥

---

੧ ਹਥ ਦਰਖਤ ਨਾਲ ਲਾਇਆ । ੨ ਪਤੇ ਪਤੇ ਪਰ ਸਤਿਗੁਰੂ ਜੀ ਦਾ ਪੰਜਾ ਲਗ ਗਿਆ । ੩ ਤਾਕਤ ਨੂੰ ਲਾਕੇ ਹਾਰ ਗਏ । ੪ ਪਾਸ । ੫ ਕਿਤਨਿਆਂ ਨੇ ਸਤਿਗੁਰੂ ਜੀ ਦੇ ਚਰਨਾਂ ਪਰ ਸਿਰ ਨਿਵਾਇਆ । ੬ ਹੰਕਾਰ ਨੂੰ । ੭ ਬਚਨ ਕਹੇ । ੮ ਮਿਠਾ ਫਲ ਦੇਣਾ ਕਰੋ । ੯ ਰੀਠਾ । ੧੦ ਟੈਹਣੀ ਤੇ । ੧੧ ਦੇਖ । ੧੨ ਮਿਠਾ । ੧੩ ਦਰਖਤ ਦੀ ਡਾਲੀ । ੧੪ ਅਗੇ । ੧੫ ਦੇਖ ਕੇ । ੧੬ ਸਵਾਦ ਮਿਠਾ । ੧੭ ਟਾਹਣੀ । ੧੮ ਤੋੜਕੇ । ੧੯ ਕੌੜਾ । ੨੦ ਤਾਕਤ ਨੂੰ ਦੇਖ ਕੇ । ੨੧ ਨਮਸ਼ਕਾਰ । ੨੨ ਚਲੇ ਗਏ । ੨੩ ਰੀਠਾ । ੨੪ ਜਗ੍ਹਾ । ੨੫ ਤਾਰਨੇ ਨੂੰ । ੨੬ ਅਗੇ

[1]ਸਰਜੂ ਤਟ ਬੈਠੇ ਗੁਰ ਪੂਰਨ ॥ ਜਗ ਮਹਿੰ [2]ਦੰਭ ਕੀਨ ਜਿਨ ਚੂਰਨ ॥ ਸੁਨ ਸ੍ਰੀ ਨਾਨਕ ਨਾਮ ਕ੍ਰਿਪਾਲਾ ॥ ਪੁਰ ਤੇ ਨਰ ਆਇ ਤਤਕਾਲਾ ॥ ੧੨ ॥ ਤਾਂ ਮੈਂ ਪੰਡਤ ਏਕ ਸਿਆਨੋ ॥ ਸ੍ਰੀ ਸਤਿਗੁਰ ਸੋਂ ਬੂਝਨ [3]ਠਾਨੋ ॥ ਹੇ ਸਤਿਗੁਰ ਗੁਰ ਕਿਤਕ ਪ੍ਰਕਾਰਾ ॥ ਸ੍ਰੀ ਗੁਰ ਸੁਨ ਕੈ ਤਬੈ ਉਚਾਰਾ ॥ ੧੩ ॥ ਇਕ ਪੰਡਤ ਗੁਰ ਇਕ [4]ਅਵਧੂਤਾ ॥ ਮਹਾਂ ਪੁਰਖ ਇਕ ਜੋ ਮਤ [5]ਪੂਤਾ ॥ [6]ਲੱਖਨ ਸੁਨਹੁ [7]ਭਿੰਨਜ ਮਨ ਮਾਨਹੁ ॥ ਪੰਡਤ ਤਿਨ ਕੋ ਇਉਂ ਜਾਨਹੁ ॥ ੧੪ ॥ ਅਨਤਾਰੂ ਜਿਉਂ ਬਚਨ ਅਲਾਇ ॥ ਨਦੀ ਪਾਰ [8]ਤਟ ਦੇਹਿ ਦਿਖਾਇ ॥ ਆਪ ਨ ਕਰੈ ਦੈਤ ਉਪਦੇਸਾ ॥ ਪੰਡਤ ਗੁਰ ਜਾਨਹੁ ਤੁਮ ਏਸਾ ॥ ੧੫ ॥

ਦੋਹਿਰਾ ॥ ਪੁੰਨ ਮਿਲਨ ਕੋ ਜਾਨੀਯੇਂ ਹੋਤ ਨ ਰਿਦੈ ਗਿਆਨ ॥
ਪੁਨ ਜੋ ਹੈ ਅਵਧੂਤ ਗੁਰ ਬਿਦਿਆ ਤੇ [9]ਅਨਜਾਨ ॥ ੧੬ ॥

ਚੌਪਈ ॥ ਮਿਲਾ ਸੰਤ ਕੋ ਜੋਗਹਿ ਪਾਯੋ ॥ ਭਯੋ [10]ਗਿਆਤ ਉਰ [11]ਮੋਹਿ ਮਿਟਾਯੋ ॥ ਆਪ ਤਰੈ [12]ਭਵ ਸਾਗਰ ਸੋਇ ॥ ਔਰ ਉਧਾਰ ਨ ਤਹਿ ਤੇ ਹੋਇ ॥ ੧੭ ॥ ਤ੍ਰਿਤੀਯੋ ਮਹਾਂ ਪੁਰਖ ਗੁਰ ਜਾਨਹੁ ॥ ਸਭ ਵਿਦਿਆ ਮਹਿੰ [13]ਨਿਪੁਨ ਪਛਾਨਹੁ ॥ ਤਿਨ ਕੋ ਮਿਲਹਿ [14]ਮਨੁਜ ਜੋ ਜਾਈ ॥ ਹ੍ਵੈ ਉਧਾਰ ਸਹਿਜੇ [15]ਗਤ ਪਾਈ ॥ ੧੮ ॥ ਗੁਨ ਖਾਨੀ ਤੇ ਸੁਨ ਅਸ ਬਾਨੀ ॥ ਪਰਮ ਪ੍ਰੇਮ ਮਹਿ [16]ਮਤ ਲਪਟਾਨੀ ॥ [17]ਭਵ ਸਾਗਰ ਮਹਿ ਹੈ ਦੁਖ ਭਾਰਾ ॥ [18]ਨਿਜ ਕਰਨਾ ਕਰ ਕਰਹੁ [19]ਉਬਾਰਾ ॥ ੧੯ ॥

ਦੋਹਿਰਾ ॥ ਸਿਖ ਆਪਨੇ ਕੀਜੀਯੇ ਸੁਭ ਉਪਦੇਸ ਦ੍ਰਿੜਾਇ ॥

---

੧ ਸ਼ਰੋਮਣੀ ਕਿਨਾਰੇ ਤੇ । ੨ ਪਖੰਡ ਨੂੰ ਚੂਰਨ ਦੀਨਿਆਈ ਪੀਸ ਦਿਤਾ ੩ ਜਾਣੋਂ । ੪ ਸਾਧੂ । ੫ ਮਤ ਪਵਿਤ੍ਰ । ੬ ਲਛਣ । ੭ ਵਖਰਾ ਵਖਰਾ । ੮ ਕਿਨਾਰਾ । ੯ ਬੇਸਮਝ । ੧੦ ਗਿਆਨ । ੧੧ ਮੋਹ ਨੂੰ । ੧੨ ਸੰਸਾਰ ਸਾਗਰ । ੧੩ ਚਤੁਰ । ੧੪ ਮਨੁਖ । ੧੫ ਮੁਕਤੀ । ੧੬ ਬੁਧੀ । ੧੭ ਸੰਸਾਰ ਸਾਗਰ । ੧੮ ਆਪਣੀ ਕਿਰਪਾ ਕਰਕੇ । ੧੯ ਬਚਾਣਾ ਕਰੋ ।

ਜਸ ਤੁਮਾਰਾ [੧]ਸ੍ਰਵਨਨ ਸੁਨਿਓਂ ਤਸ ਦਰਸਯੋ ਅਬ ਆਇ ॥ ੨੦॥

ਚੌਪਈ॥ ਤਿਨਕੀ ਦੇਖ ਦੀਨਤਾ ਦਯਾਲਾ ॥ ਦੇਤ ਭਏ ਉਪਦੇਸ [੨]ਰਸਾਲਾ ॥ ਜਗਤ ਜਾਨੀਐ ਰਿਦੇ [੩]ਅਨਿੱਤਾ॥ ਸੱਤਿਨਾਮ ਸਿਮਰਹੁ [੪]ਹਿਤ ਚਿੱਤਾ ॥ ੨੧ ॥ ਮਨ ਰੋਕਨ ਕੋ ਕਰ ਅਭਯਾਸਾ ॥ ਹ੍ਵੈ ਤੁਮ ਕੋ ਪ੍ਰਾਪਤ [੫]ਸੁਖ ਰਾਸਾ॥ ਯਹ ਸਭ ਜਗਤ [੬]ਅਸੱਤ ਪਛਾਨਹੁ ॥ ਮਨ [੭]ਸੰਕਲਪ ਸੁਖੈਨੰ [੮]ਹਾਨਹੁ ॥ ੨੨ ॥ ਇਸ ਪ੍ਰਕਾਰ ਕੋ ਦੇ ਉਪਦੇਸ਼ ॥ ਆਗੈ [੯]ਗਮਨ ਕੀਨ ਜਗਤੇਸ਼ ॥ ਚਲਤ ਚਲਤ ਆਏ ਗੁਰ ਤਹਾਂ ॥ [੧੦]ਸ਼ਿਵ ਪੁਰ ਬਸਤ ਬਨਾਰਸ ਜਹਾਂ ॥ ੨੩ ॥

ਦੋਹਿਰਾ ॥ਸ੍ਰੀ ਸਤਿਗੁਰ [੧੧]ਰਵਿ [੧੨]ਦੰਭ ਤਮ ਉਦਤ ਭਏ ਜਗ ਆਇ॥ ਵਿਚਰਹਿੰ [੧੩]ਭਵ ਮਹਿੰ ਜਹਿੰ ਕਹਾਂ ਗਯਾਨ ਪ੍ਰਕਾਸ਼ ਕਰਾਹਿ ॥ ੨੪॥

ਚੌਪਈ ॥ ਐਸੇ ਸਤਿਗੁਰ ਦੀਨਾ ਨਾਥ ॥ ਅਤ [੧੪]ਪਾਵਨ ਜਿਨਕੀ ਸ਼ੁਭ ਗਾਥ ॥ ਸਿਵ ਪੁਰ ਮਹਿ ਸਤਿਗੁਰ [੧੫]ਪਗ ਧਾਰੇ ॥ ਸੰਮਤ [੧੬]ਤ੍ਰਿਸਤ ਵਸੂ ਮਝਾਰੇ ॥ ੨੫ ॥ ਸੁਨਿਓਂ ਭਗਤ ਕਬੀਰ [੧੭]ਭਿਰਾਮਾ ॥ ਆਏ ਗੁਰ ਨਾਨਕ ਸੁਖ ਧਾਮਾ ॥ ਅਤ ਸ਼ਰਧਾ ਸੇ ਮਿਲਨੇ ਆਯੋ ॥ ਸ਼ਬਦ ਬਿਲਾਵਲ ਮਾਹਿੰ ਬਨਾਯੋ ॥ ੨੬ ॥

ਸ਼ਬਦ—ਰਾਗ ਬਿਲਾਵਲ ਸ੍ਰੀ ਕਬੀਰ ਜੀ ॥ ਰਾਖਿ ਲੇਹੁ ਹਮ ਤੇ ਬਿਗਰੀ॥ਸੀਲ ਧਰਮ ਜਪ ਭਗਤ ਨ ਕੀਨੀ ਹਉ ਅਭਮਾਨ ਟੇਢ ਪਗਰੀ ॥ ੧ ॥ ਰਹਾਉ ॥ ਅਮਰ ਜਾਨ ਸੰਚੀ ਇਹ ਕਾਯਾ ਇਹ ਮਿਥਿਆ ਕਾਚੀ ਗਗਰੀ ॥ ਜਿਨਹਿ ਨਿਵਾਜ ਸਾਜਿ ਹਮ ਕੀਏ

---

੧ ਕੰਨਾਂ ਨਾਲ । ੨ ਸੁੰਦਰ । ੩ ਹਿਰਦੇ ਵਿਚ ਨਾਸਵੰਦ । ੪ ਪ੍ਰੇਮ ਨਾਲ ਚਿਤ ਵਿਚ । ੫ ਵਾਹਿਗੁਰੂ । ੬ ਮਿਥਿਆ । ੭ ਇਛਾ । ੮ ਦੂਰ ਕਰੋ । ੯ ਚਲੇ । ੧੦ ਸ਼ਿਵਾ ਜੀ ਦਾ ਵਸਾਇਆ ਹੋਇਆ ਕਾਂਸ਼ੀ ਨਗਰ । ੧੧ ਸਤਿਗੁਰੂ ਤਾਂ ਸੂਰਜ ਸਮਾਨ ਪ੍ਰਕਾਸ਼ ਮਾਨ ਹੋ ਰਹੇ ਹਨ । ੧੨ ਪਖੰਡੀ ਹਨੇਰੇ ਦੇ ਸਮਾਨ ਪ੍ਰਗਟ ਹੋ ਰਹੇ ਹਨ । ੧੩ ਸੰਸਾਰ ਵਿਚ । ੧੪ ਪਵਿਤ੍ਰ । ੧੫ ਚਰਨ ਪਾਏ । ੧੬ ੩੮ ਸਾਲ ਗੁਰੂ ਨਾਨਕ । ੧੭ ਸੁੰਦਰ ।

ਤਿਸਹਿ ਬਿਸਾਰ ਅਵਰ ਲਗਰੀ ॥ ੧ ॥ ਸੰਧਿਕ ਤੋਹਿ ਸਾਧ ਨਹੀ ਕਹੀਅਉ ਸਰਨ ਪਰੇ ਤੁਮਰੀ ਪਗਰੀ ॥ ਕਹਿ ਕਬੀਰ ਇਹ ਬਿਨਤੀ ਸੁਨੀਅਉ ਮਤ ਘਾਲਹੁ ਜਮ ਕੀ ਖਬਰੀ ॥ ੨ ॥

ਚੌਪਈ ॥ ਸੁਨ ਗੁਰ ਬਿਨੈ ਸਬਦ ਹਰਖਾਏ ॥ ਦੇ ਆਦਰ ਪੁਨ ਲਯੋ ਬਠਾਏ ॥ ਆਪਸ ਮਹਿੰ ਬਹੁ ਆਤਮ ਗਯਾਨ ॥ ਚਰਚਾ ਕੀਨੀ ਬਹੁ ਗੁਨ ਖਾਨ ॥ ੨੭ ॥ ਕਹਿ ਕਬੀਰ ਹੇ ਸਤਿਗੁਰ ਦਯਾਲ॥ ਦਰਸ ਪਾਇ ਹਮ ਹੋਏ ਨਿਹਾਲ ॥ ਧੰਨ ਭਾਗ ਹਮ ਅਪਨੇ ਮਾਨੇ ॥ ਸਫਲ ਜਨਮ ਮਾਨਸ ਹਮ ਜਾਨੇ ॥ ੨੮ ॥ ਕਹਿ ਸ੍ਰੀ ਸਤਿਗੁਰ ਭਗਤ ਕਬੀਰ ॥ ਪ੍ਰੇਮ ਭਗਤ ਮਹਿੰ ਤੁਮ ਗੰਭੀਰ[1] ॥ ਸੰਤਨ ਕੋ ਆਵਨ ਸੰਸਾਰ ॥ ਦੇਨ ਭਗਤ ਨਰ ਪਰ ਉਪਕਾਰ ॥ ੨੯ ॥ ਇਤਨੇ ਮਹਿੰ [2]ਗਨ ਪੰਡਤ ਆਏ ॥ ਸਤਿਗੁਰੂ ਸੌਂ ਬਹੁ ਪ੍ਰਸ਼ਨ ਕਰਾਏ ॥ ਸਭ ਪ੍ਰਸ਼ਨਨ ਕੇ ਉਤਰ [3]ਹੇਤ ॥ [4]ਚਤ੍ਰ ਸਲੋਕ ਰਚੇ ਸੁਖ ਕੇਤ॥੩੦॥

ਸ੍ਰੀ ਮੁਖ ਵਾਕ–ਸਲੋਕ ਸਹਿਸਕ੍ਰਿਤੀ ॥ ਮਹਲਾ ੧ ॥ ਪੜਿ ਪੁਸਤਕ ਸੰਧਿਆ ਬਾਦੰ ॥ ਸਿਲ ਪੂਜਸਿ ਬਗੁਲ ਸਮਾਧੰ ॥ ਮੁਖਿ ਝੂਠੁ ਬਿਭੂਖਨ ਸਾਰੰ ॥ ਤ੍ਰੈ ਪਾਲ ਤਿਹਾਲ ਬਿਚਾਰੰ॥ ਗਲਿ ਮਾਲਾ ਤਿਲਕ ਲਿਲਾਟੰ ॥ ਦੁਇ ਧੋਤੀ ਬਸਤ੍ਰ ਕਪਾਟੰ ॥ ਜੋ ਜਾਨਸਿ ਬ੍ਰਹਮੰ ਕਰਮੰ ॥ ਸਭ ਫੋਕਟ ਨਿਸਚੈ ਕਰਮੰ ॥ ਕਹੁ ਨਾਨਕ ਨਿਹਚੌ ਧਯਾਵੈ ॥ ਬਿਨੁ ਸਤਿਗੁਰ ਬਾਟ ਨ ਪਾਵੈ ॥੧॥ ਨਿਹਫਲੰ ਤਸਯ ਜਨਮਸਯ ਜਾਵਤ ਬ੍ਰਹਮ ਨ ਬਿੰਦਯਤੇ ॥ ਸਾਗਰੰ ਸੰਸਾਰਸਯ ਗੁਰ ਪਰਸਾਦੀ ਤਰਹਿ ਕੇ ॥ ਕਰਣ ਕਾਰਣ ਸਮਰਥ ਹੈ ਕਹੁ ਨਾਨਕ ਬੀਚਾਰਿ ॥ ਕਾਰਣੁ ਕਰਤੇ ਵਸਿ ਹੈ ਜਿਨਿ ਕਲਿ ਰਖੀ ਧਾਰਿ ॥ ੨ ॥ ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਤ ਬ੍ਰਾਹਮਣਹਿ ॥ ਖ੍ਰਤ੍ਰੀ ਸਬਦੰ

---

੧ ਡੂੰਘੇ। ੨ ਸਮੂੰਹ। ੩ ਵਾਸਤੇ। ੪ ਚਾਰ ਸਲੋਕ।

ਸੂਰ ਸਬਦੰ ਸੂਦ੍ਰ ਸਬਦੰ ਪ੍ਰਾਕ੍ਰਿਤਹਿ ॥ ਸਰਬ ਸਬਦੰ ਏਕ ਸਬਦੰ ਜੇ ਕੋ ਜਾਨਸਿ ਭੇਉ ॥ ਨਾਨਕ ਤਾਕੋ ਦਾਸੁ ਹੈ ਸੋਈ ਨਿਰੰਜਨ ਦੇਉ॥ ੩॥ ਏਕ ਕ੍ਰਿਸਨੰ ਤ ਸਰਬ ਦੇਵਾ ਦੇਵ ਦੇਵਾ ਤ ਆਤਮਹ ॥ ਆਤਮੰ ਸ੍ਰੀ ਬਾਸ ਦੇਵਸ੍ਯ ਜੇ ਕੋਈ ਜਾਨਸ ਭੇਵ ॥ ਨਾਨਕ ਤਾਕੋ ਦਾਸੁ ਹੈ ਸੋਈ ਨਿਰੰਜਨ ਦੇਵ ॥ ੪ ॥

ਚੌਪਈ ॥ ਸੁਨ ਸਲੋਕ ਪੰਡਤ [1]ਹਰਖਾਏ ॥ ਸਤਿਗੁਰ ਚਰਨ ਕਮਲ [2]ਸਿਰ ਨਾਏ ॥ ਤਿਨ ਮਹਿੰ ਮੁਖ ਪੰਡਤ ਗੋਪਾਲ ॥ ਸਿੱਖ ਭਯੋ ਗੁਰ ਕੋ ਤਤਕਾਲ ॥ ੩੧ ॥ ਲੇ ਉਪਦੇਸ਼ ਸ਼ਲੋਕ ਲਿਖਾਏ ॥ ਮਨ ਕੇ ਭਰਮ ਮਿਟੈ ਸੁਖ ਪਾਏ ॥ ਗੁਰੂ ਗੁਰੂ [3]ਨਰ ਨਾਰੀ ਰਰੈਂ ॥ [4]ਸਰਧਾ ਧਰ ਚਰਨਨ ਪਰ [5]ਪਰੈਂ ॥ ੩੨ ॥ ਅਸ ਪ੍ਰਕਾਰ ਕਛ ਸਮਾਂ ਬਿਤਾਇ ॥ ਸਿਵ ਪੁਰ ਮਹਿੰ ਸਿੱਖੀ ਪ੍ਰਗਟਾਇ ॥ ਜਪੈਂ ਨਾਮ [6]ਪਾਹਿਨ ਕੋ ਤਿਆਗੇ ॥ ਜਿਨ ਕੇ ਭਾਗ [7]ਭਾਲ [8]ਭਵ ਜਾਗੇ ॥ ੩੩॥ ਚਲੇ ਤਹਾਂ ਭੇ ਦੀਨ ਦਯਾਲਾ ॥ ਜਿਨ ਤ੍ਰੈਲੋਕਨ ਕੀਨ ਨਿਹਾਲਾ ॥ ਪਟਨਾ ਨਗਰ ਬਿਖੇ ਗੁਰ ਆਏ ॥ [9]ਅਧ੍ਰੂੱਕਾ ਇਕ ਭਗਤ [10]ਰਹਾਏ ॥ ੩੪ ॥ ਕੀਨੀ ਸਤਿਗੁਰ ਸੇਵ [11]ਬਿਸਾਲਾ ॥ ਤਿਸ ਪਰ ਭੇ ਪ੍ਰਸੰਨ ਕ੍ਰਿਪਾਲਾ ॥ ਸੁਨਿਯੋ ਜਬੈ [12]ਪਟਨੇਸੂਰ ਆਯੋ ॥ ਗੁਰ [13]ਬਰ ਤੇ ਜਿਨ ਰਾਜਹਿ ਪਾਯੋ ॥ ਬਹੁ ਬਿਨਤੀ ਕਹਿ ਧੰਨ ਮੈਂ [14]ਆਜੂ ॥ ਚਲੀਯੇ [15]ਸਦਨ [16]ਗਰੀਬ ਨਿਵਾਜੂ ॥ ਕਹਿ ਸਤਿਗੁਰ ਜੇ ਚਾਹੁ ਪ੍ਰਸੰਨਤਾ ॥ ਸੇਵਾ ਕਰੁ ਅਧ੍ਰੂੱਕੇ ਸੰਤਾ ॥ ੩੬ ॥ [17]ਨ੍ਰਿਪ ਅਧ੍ਰੂੱਕੇ ਚਰਨੀ ਲਾਯੋ ॥ ਸਿਖ੍ਯਾ ਦੇ ਗੁਰ [18]ਅਗ੍ਰ ਸਿਧਾਯੋ ॥ ਜਗਨ ਨਾਥ

---

੧ ਪ੍ਰਸੰਨ ਹੋਏ । ੨ ਸਿਰ ਨਿਵਾਏ । ੩ ਪੁਰਸ਼ ਇਸਤ੍ਰੀ ਗੁਰੂ ਗੁਰੂ ਉਚਾਰਦੇ ਹਨ । ੪ ਸਰਧਾ ਨੂੰ ਧਾਰ ਕੇ । ੫ ਪੈਂਦੇ ਹਨ । ੬ ਪਥਰ ਦੀ ਪੂਜਾ ਦਾ ਤਿਆਗ ਕੀਤਾ । ੭ ਚੰਗੇ । ੮ ਸੰਸਾਰ । ੯ ਅਧ੍ਰੂਕਾ ਨਾਮ ਹੈ । ੧੦ ਰਹਿੰਦਾ ਹੈ । ੧੧ ਬਹੁਤ । ੧੨ ਪਟਨੇ ਦਾ ਰਾਜਾ । ੧੩ ਸ੍ਰਿਸ਼ਟ । ੧੪ ਅਜ । ੧੫ ਘਰ । ੧੬ ਗਰੀਬਾਂ ਨੂੰ ਨਿਵਾਜਣ ਵਾਲੇ ਗੁਰੂ ਜੀ ਹਨ । ੧੭ ਰਾਜਾ । ੧੮ ਅਗੇ ਨੂੰ ਗਏ ।

ਕੋ ਜਹਿ ਅਸਥਾਨਾ ॥ ਤਹਾਂ ਜਾਇ ਪਹੁੰਚੇ ਗਤ ਦਾਨਾ ॥ ੩੭ ॥ ਦੇਖ ਸਭੀ ਤਿਸ ਥਲ ਜਲ ਖਾਰੇ ॥ ਦਯਾ ਨਿੱਧ ਤਬ [1]ਬਿਰਦ ਸੰਭਾਰੇ ॥ ਸ੍ਰੀ ਬਾਲਾ ਸੰਗ ਬਚਨ ਅਲਾਯੋ ॥ ਜਿਹ ਥਲ ਬੈਠੇ ਸੋ [2]ਖਨਵਾਯੋ ॥ ੩੮ ॥ ਕਛਕ [3]ਖਨਯੋ ਨਿਕਸੀ [4]ਜਲ ਧਾਰਾ ॥ ਮਨਹੁ [5]ਪਯੂਖੈ ਛੁਟਯੋ ਫੁਹਾਰਾ ॥ ਅਸ ਸ਼ਕਤੀ ਦੇਖੀ ਪੁਰ ਬਾਸਨ ॥ ਨ੍ਰਿਪ [6]ਯੁਤ ਸ਼ਰਨ ਆਇ ਦੁਖ ਨਾਸਨ ॥ ੩੯ ॥ ਰਚੀ [7]ਬਾਪਕਾ ਨ੍ਰਿਪ ਧਨ ਲਾਯੋ ॥ ਸਿੱਖ ਭਯੋ ਉਪਦੇਸ਼ ਕਮਾਯੋ ॥ ਪੁਨ ਸਤਿਗੁਰ ਤਿਨ ਕੋ ਸਮਝਾਵੈ ॥ ਜੋ ਹਮਾਰੋ ਸਿਖ ਇਸ ਥਲ ਆਵੈ ॥ ੪੦ ॥ ਤਿਨ ਕੌ [8]ਸੀਤ ਪ੍ਰਸਾਦਿ ਨ ਦੇਵਹੁ ॥ [9]ਪਾਵਨ ਭੋਜਨ ਅਸਨ ਕਰੇਵਹੁ ॥ ਸੁਨ ਸਤਿਗੁਰ ਕੇ [10]ਬਚ ਨ੍ਰਿਪ ਪਾਂਡੇ ॥ ਸੱਤਿ ਬਚਨ ਕਹਿ ਮਨ [11]ਹਿਤ ਬਾਢੇ ॥ ੧੧ ॥ ਤਿਨ ਤੇ ਬਿਦਾ ਲੀਨ ਗੁਨ ਖਾਨੀ ॥ ਪਰ ਉਪਕਾਰ ਹੋਤ ਸੁਖ ਦਾਨੀ ॥ ਕਾਮ ਰੂਪ ਜੋ ਦੇਸ ਕਹੇ ਹੈਂ ॥ ਸ੍ਰੀ ਗੁਰ ਤਹਾਂ ਪ੍ਰਵੇਸ਼ ਭਏ ਹੈਂ ॥ ੪੨ ॥

ਇਤ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥੇ ਪ੍ਰਿਥਮ ਮਹਿਲੇ ਕਾਂਸ਼ੀ ਪਟਨਾ ਜਗਨ ਨਾਥ ਪ੍ਰਸੰਗ ਬਰਨਨੰ ਨਾਮ ਅਠਾਈਸਮੋਂ ਮੰਦਰਹਿ ॥ ੨੮ ॥

ਦੋਹਿਰਾ ॥ ਪਾਵਨ ਜਿਨ ਕੇ [12]ਚਰਤ ਹੈਂ ਗੁਰ ਨਾਨਕ ਸੁਖ ਸਾਰ ॥
ਔਗੁਨ ਹਾਰੇ ਤਾਰ ਹੈਂ ਕੈ ਨਰ ਹ੍ਵੈ ਕੈ ਨਾਰ ॥ ੧ ॥

ਸਵੱਯਾ ॥ ਕਾਵਰੂ ਦੇਸ ਕੀਓ ਪਰਵੇਸ਼ ਭਲੇ ਦਰਵੇਸ਼ ਕੋ ਬੇਸ ਬਨਾਇ ॥ ਮੰਤ੍ਰਨ ਜੰਤ੍ਰਨ ਤੰਤ੍ਰਨ ਕੀ ਨਿਧਿ ਜੋਰ ਸੀਮੰਤਨ ਕੋ

੧ ਧਰਮ ਨੂੰ ਸੰਭਾਲਣ ਵਾਲੇ। ੨ ਖੁਦਵਾਇਆ। ੩ ਪੁਟਿਆ। ੪ ਜਲ ਦਾ ਸੋਮਾ ਨਿਕਲ ਆਇਆ। ੫ ਮਾਨਹੁ ਅੰਮ੍ਰਿਤ ਧਾਰਾ ਚਲ ਪਿਆ। ੬ ਸੰਜੁਗਤ। ੭ ਬਉਲੀ। ੮ ਰਾਤ ਦਾ ਬਚਿਆ ਭੋਜਨ ਨਹੀਂ ਦੇਣਾ। ੯ ਪਵਿਤ੍ਰ ਭਾਵ ਤਾਜਾ ਭੋਜਨ ਛਕਣੇ ਲਈ ਦੇਣਾ ਕਰੋ। ੧੦ ਬਚਨ। ੧੧ ਪ੍ਰੇਮ ਵਧ ਗਿਆ। ੧੨ ਕੌਤਕ।

ਜਿਹ ਥਾਇ ॥ ਆਇ ਗਯੋ ਧਨ ਪੁਰ ਨਗਰਾ ਗੁਰ ਬੈਸ ਗਏ [੧]ਤਰ ਕੀ ਇਕ ਛਾਏ ॥ ਬੀਤ [੨]ਮਹੂਰਤ ਏਕ ਗਯੋ ਮਰਦਾਨੇ ਤਬੈ ਮੁਖ ਵਾਕ ਅਲਾਏ ॥ ੨ ॥ [੩]ਆਇਸ ਦੇਵਹੁ ਜਾਵਹੁੰ ਮੈਂ ਪੁਰ [੪]ਹੇਰ [੫]ਅਹਾਰ ਕਰੌਂ ਇਹ ਥਾਨਾ ॥ [੬]ਭੂਰ ਛੁਧਾ ਮੁਝ ਲਾਗ ਰਹੀ ਨਹਿ [੭]ਕੂਰ ਕਹੌਂ ਤੁਮਰੇ [੮]ਅਗਵਾਨਾ ॥ ਸ੍ਰੀ ਮੁਖ ਵਾਕ ਕਹੇ ਤਿਹ ਸੋਂ ਨਹਿ ਜਾਵਹੁ ਯਾ ਪੁਰ ਮੈਂ ਮਰਦਾਨਾ ॥ ਜਾਨ ਰਿਦੇ ਦੁਖ ਦਾਨ [੯]ਸਥਾਨ ਨ ਲਾਇਕ ਜਾਨ ਕੇ ਮਾਨ ਸਜਾਨਾ ॥ ੩ ॥ ੩ ॥ [੧੦]ਪੁਰ ਤੇ ਬਰਜੋ [੧੧]ਡਰ ਦੇ ਉਰ ਕੋ ਮੁਝ ਨਾਂ [੧੨]ਬਰ ਆਪ ਕਹੂੰ ਕੁਛ ਖ੍ਵਾਹਾ ॥ ਕਰ ਆਇ [੧੩]ਅਹਾਰ ਨ ਹੇ ਕਰੁਨਾ ਕਰ ਕਯੋਂ ਕਰ ਬਾਹਰ ਮੈਂ [੧੪]ਨਿਰਬਾਹਾ ॥ ਬਿਨ ਭੋਜਨ ਤੇ [੧੫]ਤਨ ਹਾਨਿ ਬਨੇ ਹਠ ਕੇ ਲਗ ਹੌਂ ਕਰ ਹੌਂ ਮਨ ਮਾਹਾ ॥ ਅਬ ਜਾਵਹੁੰ [੧੬]ਹੇਤ ਅਹਾਰ ਕੇ ਖਾਵਹੁ ਭੂਖ ਮਿਟਾਇ ਅਵੋਂ ਤੁਮ [੧੭]ਪਾਹਾ ॥ ੪ ॥

ਕਬਿੱਤ—ਯੌਂ ਕਹਿ ਮਰਦਾਨਾ [੧੮]ਪੁਰ ਮੱਧ ਮੈਂ [੧੯]ਪਯਾਨਾ ਤਬ ਗਯੋ ਏਕ [੨੦]ਥਾਨ ਹਿਤ ਲੇਨ ਕੇ [੨੧]ਅਹਾਰਿਆ ॥ [੨੨]ਬੈਸੀ ਚਾਰ ਨਾਰ ਚਾਰ ਨੈਨ ਸੋਂ ਨਿਹਾਰ ਇਸ ਬਚਨ [੨੩]ਪਰਸਪਰ [੨੪]ਬਿਬਧ ਉਚਾਰਿਆ ॥ ਏਕ ਕਹੈ ਮੇਰੋ ਇਹ ਦੂਜੀ ਕਹੈ ਮੀਤ [੨੫]ਮੁਹਿ ਤੀਜੀ ਕਹੈ [੨੬]ਪੂਰਬ ਮੈਂ ਤੁਮ ਤੇ ਨਿਹਾਰਿਆ ॥ ਚੌਥੀ ਉਠ [੨੭]ਤਾਤ ਕਾਲ

---

੧ ਦਰਖਤ । ੨ ਦੋ ਘੜੀਆਂ । ੩ ਆਗਿਆ । ੪ ਦੇਖਾ । ੫ ਭੋਜਨ । ੬ ਬਹੁਤ ਭੁਖ ਲਗ ਰਹੀ ਹੈ । ੭ ਝੂਠ । ੮ ਅਗੇ । ੯ ਕਾਰੂ ਨਗਰ । ੧੦ ਇਸ ਨਗਰ ਤੋਂ ਰੁਕ ਜਾਓ । ੧੧ ਮੈਨੂੰ ਡਰਾਉਂਦੇ ਹਨ । ੧੨ ਲਜਾਕੇ ਆਪਣੇ । ੧੩ ਭੋਜਨ । ੧੪ ਗੁਜ਼ਾਰਾ । ੧੫ ਸਰੀਰ ਨਾਸ ਹੁੰਦਾ ਹੈ । ੧੬ ਭੋਜਨ ਦੇ ਵਾਸਤੇ । ੧੭ ਪਾਸ । ੧੮ ਨਗਰ ਦੇ ਵਿਚ । ੧੯ ਗਿਆ । ੨੦ ਜਗ੍ਹਾ । ੨੧ ਭੋਜਨ । ੨੨ ਚਾਰ ਔਰਤਾਂ ਬੈਠੀਆਂ ਹਨ ਤੇ ਚਾਰਾਂ ਨੇ ਅਖਾਂ ਨਾਲ ਮਰਦਾਨੇ ਨੂੰ ਵੇਖ ਲਿਆ । ੨੩ ਆਪਸ ਮੇਂ । ੨੪ ਨਾਨਾ ਤਰਾਂ ਦੇ । ੨੫ ਮਿਤ੍ਰ । ੨੬ ਪਹਿਲਾਂ ਵੇਖਿਆ ਹੈ । ੨੭ ਛੇਤੀ ਨਾਲ ।

[੧]ਤੰਤ [੨]ਗੇਰ ਗ੍ਰੀਵ ਮਾਹਿੰ ਲੀਨੋ ਕਰ [੩]ਮੇਢਾ [੪]ਦਾਮ ਡਾਰ ਬੰਦ ਡਾਰਿਆ ॥ ੫ ॥

ਸਵੱਯਾ ॥ ਭਾ ਮਰਦਾਨਾ [੫]ਭੂਰ [੬]ਬਿਸੂਰਤ [੭]ਧੂਰਤ ਕੀਨ ਮੈਂ ਥੋ [੮]ਅਨਜਾਨਾ ॥ ਨਾਨਕ ਬੈਨ ਨ ਮਾਨੇ ਮਨੰ ਦੁਖ ਯਾਂਤੇ ਸਹਾਰ ਹੌਂ ਆਪਨੈ ਪ੍ਰਾਨਾ ॥ ਜੌ ਨਹਿੰ ਤਹਿੰ ਕੇ ਹੈ ਮਾਨਤ ਬੈਨ ਕੋ ਪ੍ਰਾਪਤ ਹ੍ਵੈ ਦੁਖ ਮੋਹਿ ਸਮਾਨਾ ॥ [੯]ਦੇਸ ਨਿਕੇਤ ਕਹਾਂ ਹਮਰੋ ਕਿਤ ਆਨ ਫਸੇ ਪਰਦੇਸ [੧੦]ਸਥਾਨਾ ॥ ੬ ॥

ਦੋਹਰਾ ॥ ਹੇ ਸਤਿਗੁਰ ਆਪਨਾ [੧੧]ਬਿਰਦ ਸੰਭਾਰੋ ਨਾਥ ॥
ਦਾਸ ਆਪਨਾ ਜਾਨ ਕੈ ਪਕੜ ਬਚਾਵਹੁ ਹਾਥ ॥ ੭ ॥

ਸਵੱਯਾ ॥ [੧੨]ਦੋਇ ਮਹੂਰਤ ਬੀਤ ਗਏ ਜਬ ਸ੍ਰੀ ਗੁਰ ਬੈਨ ਕਹੈਂ ਸੁਨ ਬਾਲਾ ॥ [੧੩]ਆਨਹਿੰ ਤਾਹਿ ਅਬੈ ਚਲਕੈ ਉਠ [੧੪]ਠਾਂਢ ਭਏ ਸੁਖ ਦਾ [੧੫]ਤਤ ਕਾਲਾ ॥ ਹੈ ਕਹਿ ਥਾਨ ਚਲੇ ਕਿਵ ਆਪ ਬਤਾਵਹੁ ਮੋਹਿ ਸੁ ਥਾਇ ਕ੍ਰਿਪਾਲਾ ॥ [੧੬]ਏਂਢਕ ਕੀਨ ਭਯੋ ਮਨ ਦੀਨ [੧੭]ਕੁਮੰਤ੍ਰਨ ਸੋਂ ਤਿਨ [੧੮]ਬੰਧਨ ਘਾਲਾ ॥ ੮ ॥

ਮਰਹਗੀ ਛੰਦ ॥ [੧੯]ਭਨਹੀ ਬਚ ਬਾਲਾ ਇਹੁ ਤਹਿੰ ਨਾਲਾ ਚਹੀਯੇ ਸੁਨਹੁ ਕ੍ਰਿਪਾਲਾ ॥ ਤਬ ਤੁਮ ਨੈ ਹਟਕਿਓ ਮਨ ਨਹਿੰ ਅਟਕਿਓ [੨੦]ਸਟਕਿਓ ਪੁਰ ਤਤ ਕਾਲਾ ॥ [੨੧]ਕੋ ਚਿਰ ਦੁਖ ਦੀਜੈ ਮੋਖ ਨ ਕੀਜੈ ਜਾਨਹਿ ਕਬ ਮਨ ਮਾਹਿੰ ॥ ਬਹੁਰ ਨ ਬਚ [੨੨]ਹੋਰੈ ਕਹੋ

---

੧ ਤੰਤ੍ਰ ਸੂਤ੍ਰ ਮੰਤ੍ਰਿਆ ਹੋਇਆ ਜੰਤ੍ਰ ਕਾਗਜ਼ ਪਰ ਮੰਤ੍ਰ ਮੂੰਹ ਨਾਲ। ੨ ਗਲੇ ਵਿਚ ਪਾ ਦਿਤਾ। ੩ ਭੇਡੂ ਕਰਕੇ। ੪ ਰਸੀ ਪਾਕੇ ਬੰਦ ਕਰਕੇ ਰਖਿਆ। ੫ ਬਹੁਤ। ੬ ਝੂਰਦਾ ਹੈ। ੭ ਕਪਟੀ। ੮ ਬੇਸਮਝ। ੯ ਦੇਸ ਤੋਂ ਨਿਕਲ ਕੇ। ੧੦ ਜਗ੍ਹਾ। ੧੧ ਧਰਮ ਨੂੰ ਸੰਭਾਲੋ। ੧੨ ਦੋ ਘੜੀਆਂ ਗੁਜਰ ਗਈਆਂ। ੧੩ ਮਰਦਾਨੇ ਨੂੰ ਲੈ ਆਵਣਾ ਕਰੀਐ। ੧੪ ਉਠ ਕੇ ਖੜੇ ਹੋ ਗਏ। ੧੫ ਛਤੀ ਨਾਲ। ੧੬ ਭੇਡੂ ਬਣਾ ਦਿਤਾ ਹੈ। ੧੭ ਖੋਟੇ ਮੰਤ੍ਰ। ੧੮ ਬੰਨ੍ਹ ਕੇ ਦੁਖੀ ਕੀਤਾ ਹੈ। ੧੯ ਉਚਾਰਦਾ ਹੈ। ੨੦ ਛੇਤੀ ਨਾਲ ਨਗਰ ਵਿਚ ਚਲਾ ਗਿਆ। ੨੧ ਥੋੜਾ ਸਮਾਂ। ੨੨ ਮੋੜੇਗਾ।

ਸੁ [੧]ਲੋਰਹਿ ਆਏ [੨]ਸੇਮੁਖੀ ਤਾਹਿੰ ॥ ੯ ॥ ਸੁਨੀਯੇ [੩]ਸੰਤ ਬਾਲਾ ਬੁੱਧ ਬਿਸਾਲਾ ਸੰਗ ਲਏ ਕੀ [੪]ਲਾਜ ॥ ਬਹੁ ਭੂਖ ਸੁਭੌਊ ਧੀਰ ਨਸਾਊ ਪੁਨ ਤਹਿੰ ਸੋਂ ਹਮ ਕਾਜ ॥ ਸਿਮਰਨ ਮਮ ਕਰਤਾ ਅਬ [੫]ਉਰ ਡਰਤਾ ਚਲਹੁ ਛੁਡਾਵਹਿੰ ਤਾਸ ॥ ਇਉਂ ਕਹਿ ਗੁਰ ਪੂਰਨ [੬]ਗਵਨੇ [੭]ਤੂਰਨ ਦੁਖ ਭੰਜਨ ਨਿਜ ਦਾਸ ॥ ੧੦ ॥

ਕਬਿੱਤ ॥ ਬਾਲਾ ਲੀਨੋ ਸੰਗ [੮]ਅਰਬਿੰਦ ਲੈ ਗਏ ਤਹਾਂ ਏਂਢਕ ਕੋ ਰੂਪ ਮਰਦਾਨਾ ਜਹਾਂ ਬੈਸਿਆ ॥ [੯]ਹੇਰ ਕਰ ਦੂਰ ਹੀ ਤੇ [੧੦]ਭੂਰ ਹਰਖਾਇ ਉਠਿਯੋ ਨਾਸਾਂ [੧੧]ਫੁਰਕਾਇ ਖੁਰ [੧੨]ਅਵਨੀ [੧੩]ਹਨੈਸਿਆ ॥ ਭਯਾਂ ਭਯਾਂ ਭਨੈ ਮੁਖ ਔਰ ਨ ਚਲੈ ਹੈ ਬਸ ਦੇਖ [੧੪]ਦ੍ਰਿਗ ਬਿਕਸਤ [੧੫]ਬਦਨ ਕੌ [੧੬]ਸੇਸਿਆ ॥ ਗਏ ਤਿਸ [੧੭]ਆਲਯ ਦਿਯਾਲ [੧੮]ਦਰ ਠਾਢੇ ਭਏ [੧੯]ਨਿਮਲ ਸਰੀਰ ਚੀਰ ਸਜੈ ਸੁਭ [੨੦]ਬੇਸਿਆ ॥ ੧੧ ॥ [੨੧]ਕਾਮਨੀ ਜੇ ਕਾਮ ਰਤ ਭੋਗ ਅਭਲਾਖਾ ਉਰ [੨੨]ਹੇਰ ਕਰ [੨੩]ਧਾਮ ਦਰ [੨੪]ਚਾਮਲੀ ਅਪਾਰ ਹੀ ॥ ਹੁਤੀ ਚਾਰ ਬੈਠੀਂ ਤਹਾਂ ਤੋਇ ਉਠ [੨੫]ਦੌਰ ਆਈਂ [੨੬]ਤੰਤ ਲੀਯੇ ਹਾਥ [੨੭]ਮੰਤ ਮੁਖ ਤੇ ਉਚਾਰ ਹੀ ॥ [੨੮]ਲੋਚਨ ਨਚਾਏ ਹਾਉ ਭਾਉ ਦਿਖਰਾਂਏ ਕਰ ਮੁਖ [੨੯]ਮੁਸਕਾਇ [੩੦]ਉਰ ਹਰਖ ਸੁ ਧਾਰ ਹੀ ॥ [੩੧]ਬਾਲਾ ਗਰ ਤੰਤ ਜਬ

---

੧ ਚਾਹੇ। ੨ ਬੁਧੀ ਵਾਲਾ। ੩ ਓਨਾਂ ਨਾਲ। ੪ ਸ਼ਰਮ। ੫ ਹਿਰਦੇ ਵਿਚ ਡਰਦਾ ਹੈ। ੬ ਚਲੇ। ੭ ਛੇਤੀ। ੮ ਕਮਲ ਵਰਗੇ ਨੇਤ੍ਰ। ੯ ਦੇਖ ਕਰ। ੧੦ ਬਹੁਤ ਪ੍ਰਸੰਨ। ੧੧ ਨਾਸਾਂ ਨੂੰ ਫੁਰਕਾਉਂਦਾ ਹੈ। ੧੨ ਧਰਤੀ। ੧੩ ਹਨਦਾਂ ਵਾ ਮਾਰਦਾ। ੧੪ ਅਖਾਂ ਨਾਲ ਦੇਖਿਆ। ੧੫ ਮੂੰਹ। ੧੬ ਵਸੇਸ਼। ੧੭ ਘਰ। ੧੮ ਦਰਵਾਜੇ ਅਗੇ ਖੜੇ ਹੋਏ। ੧੯ ਚੰਗੇ ਸੁਹਣੇ ਸਰੀਰ ਸਿਰਾਂ ਦੇ ਚੀਰਾਂ ਨੂੰ ਸਜਾ ਕੇ। ੨੦ ਚੰਗਾ ਭੇਸ। ੨੧ ਇਸਤ੍ਰੀਆਂ ਕਾਮਚਿਸ਼ਟਾ ਦੇ ਭੋਗਾਂ ਵਿਚ ਨੀਤੀ ਦੀ ਇਛਾ ਹਿਰਦੇ ਵਿਚ ਲਗ ਰਹੀ ਹੈ। ੨੨ ਦੇਖ ਕੇ। ੨੩ ਘਰ ਦੇ ਦਰਵਾਜੇ ਅਗੇ। ੨੪ ਚੰਦ੍ਰਕਾਂਤ ਮਣੀ। ੨੫ ਦੌੜਦੇ ਆਏ। ੨੬ ਮੰਤਰਿਆ ਹੋਇਆ ਧਾਗਾ। ੨੭ ਮੰਤਰ ਮੁਖ ਤੋਂ ਉਚਾਰਨ ਕਰ ਰਹੀ ਹੈ। ੨੮ ਅਖਾਂ ਨੂੰ ਫੇਰਦੀ ਹੈ। ੨੯ ਮੁਸਕ੍ਰਾਉਂਦੀ ਹੈ। ੩੦ ਹਿਰਦੇ ਵਿਚ ਖੁਸ਼ੀ। ੩੧ ਬਾਲੇ ਦੇ ਗਲ ਵਿਚ ਸੂਤਰ ਪਾਨ ਲਗੀ ਸੀ।

ਡਾਰਨ ਲਗੀ ਹੈ ਇਕ ਭਈ ਤਤਕਾਲ ਸੀਧੀ ਕੁਲਟਾ ਕੁਨਾਰ ਹੀ ॥ ੧੨ ॥

ਸਵੱਯਾ ॥ ਦੂਸਰੀ ਦੌਰ ਗਈ ਤਿਸ ਸ੍ਰੀ ਗੁਰ ਸੋ ਉਕਸੀ ਤੰਤ ਪਾਵਨ ਹੇਤੂ ॥ ਹੋਇ ਗਈ [1]ਸਰਮਾ ਤਨ ਤੂਰਨ ਪੂਰਨ ਕੀ ਅਵੱਗਯਾ ਦੁਖ ਦੇਤੂ ॥ ਔਰ ਹੁਤੀ ਡਰ ਧਾਰ ਰਿਦੇ ਪਿਖ [2]ਭਾਜ [3]ਬਰੀਂ ਤਤਕਾਲ ਨਿਕੇਤੂ ॥ ਸਲੋਕ ਕਹਿਓ ਤਬ ਸ੍ਰੀ ਮੁਖ ਸੋਂ ਮਰਦਾਨੇ ਕੋ ਦੇਖ ਕੈ [4]ਮੇਖ ਕੇ ਸੇਤੂ ॥ ੧੩ ॥

ਸਲੋਕ ਮਹਲਾ ੧ ॥ ਗਲੀ ਅਸੀ ਚੰਗੀਆ ਆਚਾਰੀ ਬੁਰੀਆਹ ॥ ਮਨਹੁ ਕੁਸੁਧਾ ਕਾਲੀਆ ਬਾਹਰ ਚਿਟਵੀਆਹ ॥ ਰੀਸਾ ਕਰਹਿ ਤਿਨਾੜੀਆਂ ਜੋ ਸੇਵਹਿ ਦਰੁ ਖੜੀਆਹ ॥ ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ॥ ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ ॥ ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ ॥ ੧ ॥

ਕਬਿੱਤ ॥ ਬੋਲੇ ਤਬ ਨਾਨਕ ਜੀ ਜਾਹੁ ਅਬ ਬਾਲਾ ਤੁਮ [5]ਕੰਠ ਮਰਦਾਨੇ ਕੇ ਤੇ ਤੋਰ ਡਾਰ ਬੰਧਨਾ ॥ [6]ਆਇਸ ਕੋ ਪਾਇ [7]ਤਾਤਕਾਲ [8]ਢਿਗ ਜਾਇ ਕਰ [9]ਕੰਠ ਜੋਊ [10]ਤੰਤ ਸੋਊ ਕੀਨੋ ਹੈ [11]ਨਿਕੰਦਨਾ ॥ ਮਾਨਵ ਕੀ ਦੇਹਿ ਭਈ ਫੇਰ ਮਰਦਾਨੇ ਹੂੰ ਕੀ ਆਇ ਗੁਰ ਪੂਰਨ ਕੋ ਕੀਨ ਤਬ ਬੰਦਨਾ ॥ ਵਡੀ ਜੋ [12]ਬਲਾਈ ਤਿਨ ਮਾਹਿੰ ਲੀਯੋ [13]ਬਿਹਰਤ ਹੇ ਸੂਧੇ ਮਨ ਮੇਰੋ ਹੌਂ ਜਾਨੌਂ [14]ਛੰਦ ਬੰਦ ਨਾ ॥ ੧੪ ॥ ਨਾਨਕ [15]ਬਖਾਨਾ ਸੁਨ ਕਰ ਮਰਦਾਨਾ ਨਹਿੰ ਬੈਨ

---

੧ ਖੋਟੀ ਇਸਤ੍ਰੀ। ੨ ਭਜ ਗਈ। ੩ ਛੇਤੀ ਨਾਲ ਘਰ ਵਿਚ ਚਲੀ ਗਈ। ੪ ਭੇਡ ਦੇ ਸਹਿਤ। ੫ ਮਰਦਾਨੇ ਦੇ ਗਲੇ ਨਾਲੋਂ ਧਾਗੇ ਨੂੰ ਤੋੜ ਸੁਟ। ੬ ਆਗਿਆ। ੭ ਛੇਤੀ ਨਾਲ। ੮ ਪਾਸ। ੯ ਗਲੇ ਦਾ। ੧੦ ਧਾਗਾ ਮੰਤਰਿਆ ਹੋਇਆ। ੧੧ ਕਟਣਾ ਕੀਤਾ। ੧੨ ਬਲਾਈਆਂ ਟੂਣਿਆਂ ਦੇ ਕਰਨ ਵਾਲੀਆਂ। ੧੩ ਦੇਖਣਾ। ੧੪ ਵਲ ਛਲ। ੧੫ ਕਥਨ ਕਰਦੇ ਹਨ।

[1]ਮਮ ਮਾਨਾ ਤੁਮ ਕਰੀ ਮਨ ਭਾਈਆ ॥ [2]ਭਨਤ ਪਰਸਪਰ ਐਸੇ ਈ ਬਚਨ ਗੁਰ ਤਾਹਿ ਕਾਲ ਵਿਖੇ [3]ਪਤਿ ਅੰਗਨਾ ਕੇ ਆਈਆ ॥ ਦੌਰ ਕਰ [4]ਕੂਕਰੀ ਔ [5]ਮੀਢੀ ਗਈ [6]ਪਤਿ ਪਾਸ ਗੁਰੂ ਦਿਸ ਹੋਇ ਬਾਰ ਬਾਰ ਤਾਂ ਬਤਾਈਆ ॥ ਬੋਲਨ ਸਕਤ ਨਹੀਂ ਇਤ ਉਤ ਦੌਰੀ ਫਿਰੈਂ [7]ਲਾਂਗਲ ਹਿਲਾਹਿ [8]ਫੁਰਵਾਇ ਸਮਝਾਈਆ ॥ ੧੫॥ [9]ਤੀਯ ਨਿਜ ਦੇਖ ਕਰ ਚਿੱਤ ਮੈਂ [10]ਵਿਸੇਖ ਭਏ ਜਾਨੇ [11]ਕਲਾਵਾਨ ਇਹ ਸੰਤ ਕੋਊ ਆਇਆ ॥ [12]ਟਾਮਨ ਕੋ ਕੀਨੋ ਇਨ ਭਯੋ [13]ਵਿਪ੍ਰੀਤ ਸੋਊ [14]ਕੂਕਰੀ ਔ [15]ਮੀਢੀ ਬਨ ਮਨ ਦੁਖ ਪਾਈਆ॥ ਚਲੇ ਨਹਿੰ ਜਾਇ ਇਸ ਬਿਧ ਕੀ ਬਨਾਇ ਅਬ ਕੀਨੀ [16]ਖਤਾ ਜੋਊ ਲੇਹਿੰ ਯਾਂਤੇ ਬਖਸਾਈਆ ॥ [17]ਦੌਰ ਦੋਨੋਂ ਬਾਲਾ ਕੇ ਚਰਨ [18]ਗਹਿ ਧਾਇ ਭਏ ਮਨ ਦੀਨ ਕੀਨੀ ਬੇਨਤੀ ਬਡਾਈਆ ॥ ੧੬ ॥ ਬਾਲਾ ਨੇ ਬਖਾਨੀ ਜਾਹੁ ਗੁਰੂ ਪਾਸ ਬੰਧ ਪਾਨੀ ਬਖਸਨਹਾਰ ਸੋਊ ਖਤਾ ਕੀਨੀ ਜਾਂਹਿ ਕੀ ॥ [19]ਧਾਇ ਕਰ ਪਾਹਿ ਗਹੇ ਜਾਇ [20]ਗੁਰੂ ਨਾਨਕ ਕੇ ਦੂਰ ਅਬ ਕੀਜੇ [21]ਰਿਸ ਕੀਨੀ ਜੋ [22]ਗੁਨਾਇ ਕੀ ॥ [23]ਤਿਰੀਆ [24]ਕੁਚੀਲ ਨਹਿੰ ਜਾਨਤ ਹੈਂ ਸੰਤ [25]ਸੀਲ ਭੁਲੀ ਮਤ ਸਦਾ ਜਿਨ ਦੁਸ਼ਟ ਸੁਭਾਇ ਕੀ ॥ ਕਰਮ ਕਮਾਯੋ ਜਸ ਪਾਯੋ ਫਲ ਇਨ੍ਹੈਂ ਤਸ ਸਾਧ ਉਪਕਾਰੀ ਹੋਤ ਇੱਛਾ ਨਹਿੰ ਕਾਹਿ ਕੀ ॥ ੧੭ ॥

ਸਵੱਯਾ ॥ [26]ਮੰਦਮਤੀ ਮਨ ਮੂਰਖ ਏ ਜਿਨ ਸੰਤਨ ਸੋਂ ਉਠ

---

੧ ਮੇਰੇ ਬਚਨ ਨਹੀਂ ਮੰਨੇ ਹਨ। ੨ ਉਚਾਰਦੇ। ੩ ਇਸਤ੍ਰੀਆਂ ਦੇ ਪਤੀ। ੪ ਕੁਤੀ। ੫ ਭੇਡ। ੬ ਪਤੀ ਪਾਸ। ੭ ਪੂਛ ਨੂੰ ਹਿਲਾਉਂਦੀ ਹੈ। ੮ ਫਿਰਾਉਂਦੀ। ੯ ਇਸਤ੍ਰੀ। ੧੦ ਸ੍ਰਿਸ਼ਟ। ੧੧ ਸ਼ਕਤੀ ਵਾਲਾ। ੧੨ ਜਾਦੂ ਕਰਨ ਵਾਲੀਆਂ। ੧੩ ਉਲਟਾ। ੧੪ ਕੁਤੀ। ੧੫ ਭੇਡ। ੧੬ ਭੁਲ। ੧੭ ਦੌੜ ਕੇ। ੧੮ ਚਰਨਾਂ ਨੂੰ ਪਕੜ ਕੇ। ੧੯ ਦੌੜ ਕੇ। ੨੦ ਦੌੜ ਕਰ ਗੁਰੂ ਨਾਨਕ ਦੇ ਚਰਨਾਂ ਨੂੰ ਪਕੜ ਕੇ। ੨੧ ਗੁਸੇ ਨੂੰ। ੨੨ ਗੁਨਾਹ। ੨੩ ਇਸਤ੍ਰੀਆਂ। ੨੪ ਅਪਵਿਤ੍ਰ। ੨੫ ਸੀਲ ਸੁਭਾਉ। ੨੬ ਭੈੜੀ ਮਤ।

[1]ਟਾਮਨ ਕੀਨਾ ॥ ਠੌਰ [2]ਕੁਠੌਰ ਨ ਜਾਨਤ ਹੈਂ ਨਿਤ ਦੁਸ਼ਟ ਸੁਭਾਵ ਕੇ ਹੋਤ ਅਧੀਨਾ ॥ ਆਪ ਕਰੋ ਕਰਨਾ ਕਰਨਾ ਕਰ ਤੋ ਸਰਨਾ ਪਰਨਾ ਹਮ ਲੀਨਾ ॥ [3]ਮਾਨਵੀ ਦੇਹ ਕਰੋ ਇਨ ਕੀ ਬਖਸ਼ੋ [4]ਅਪਰਾਧ ਤੁਮੈਂ ਪ੍ਰਭ ਚੀਨਾ ॥ ੧੮ ॥ ਗੁਰ ਨਾਨਕ [5]ਆਨਨ ਬੈਨ ਭਨੈ ਗੁਰ ਸਿਖਿ [6]ਪ੍ਰਮਾਨ ਕਰੋ ਮਨ ਮਾਹੀ ॥ ਧ੍ਰਮਸਾਲ ਕਰੋ ਹਰਿ ਨਾਮ [7]ਰਰੋ [8]ਉਰ ਭਾਉ ਧਰੋ ਹਰ ਕੈ ਕ੍ਰਿਤ ਯਾਹੀ ॥ ਸਿਖ ਸੰਤਨ ਸੇਵਹੁ ਹੋਇ ਭਲੋ ਤੁਮ [9]ਗ੍ਰੀਵ ਪਰੈ ਨਹਿੰ ਅੰਤਕ ਫਾਹੀ ॥ ਸੁਨ ਦੀਨ ਭਏ [10]ਭਨਹੀ ਮੁਖ ਤੇ ਤੁਮਰੈ ਅਨੁਸਾਰ ਬਿਨਾ ਹਮ ਨਾਹੀਂ ॥ ੧੯॥

ਕਬਿੱਤ ॥ ਨਾਰ [11]ਦੁਰਾਚਾਰ [12]ਬਿਭਚਾਰਨ ਕੀ [13]ਚਾਰ ਜੈਸੇ ਸੋ ਤੋ ਦੁਖ ਦੈਨ ਹੂੰ ਕੇ ਜੋਗ ਮਨ ਜਾਨੀਯੇ ॥ ਭਏ ਹੋ ਅਧੀਨ ਪੁਨ ਬੇਨਤੀ ਸੁ ਕੀਨ ਤੁਮ ਯਾਂਤੇ ਹੋਏ ਨਾਰ ਤਨ ਇਨਕੇ [14]ਪ੍ਰਮਾਨੀਯੇ ॥ ਐਸੇ ਹੀ ਭਨਤ ਭਈ ਦੇਹਿ ਤਿਨ [15]ਪੂਰਬ ਸੀ [16]ਹੇਰ ਗੁਰ ਰੂਪ ਪੁਨ ਮਨ [17]ਪਛਤਾਨੀਯੇ ॥ ਕਰਨਾ ਕੇ [18]ਐਨ ਰਹੇ ਤਹਾਂ ਭਈ [19]ਰੈਨ ਜਬ ਕੀਨੀ ਸੁਖ [20]ਸੈਨ ਜਾਂਕੇ ਭੈ ਨ ਕਿਤ ਥਾਨੀਯੇ॥ ੨੦ ॥

ਸਵੱਯਾ ॥ [21]ਭੁਨਸਾਰ ਭਈ [22]ਧੁਨ ਮੁਰਗ ਕਈ ਨਿਸ ਨਾਸ ਗਈ [23]ਸੁਖ ਸਾਗਰ ਜਾਗੇ ॥ ਮਿਲ ਮਾਨਵ ਜਾਨਵ ਭੇਦਹਿ ਕੋ ਤਿਨ ਆਨਵ ਭੇਦ ਰਿਦੈ [24]ਅਨਰਾਗੇ ॥ [25]ਪਗ ਪਾਹੁਲ ਦੀਨ [26]ਕ੍ਰਿਤਾਰਥ ਕੀਨ ਭਏ [27]ਅਘ ਹੀਨ ਵਡੇ ਵਡ ਭਾਗੇ ॥ ਧ੍ਰਮਸਾਲ

੧ ਜਾਦੂ ਕੀਤਾ। ੨ ਥਾਂ ਕੁਥਾਂ ਚੰਗਾ ਮੰਦਾ। ੩ ਮਨੁਖਾਂ ਵਾਲੀ ਦੇਹ ਇਨ੍ਹਾਂ ਦੀ ਕਰ ਦਿਓ। ੪ ਔਗੁਣ ਨੂੰ ਮੁਆਫ ਕਰੋ। ੫ ਮੁਖ ਤੋਂ ਬਚਨ ਉਚਾਰਦੇ ਹਨ। ੬ ਪ੍ਰਵਾਨ। ੭ ਉਚਰੋ। ੮ ਹਿਰਦੇ ਵਿਚ ਹਰ ਇਕ ਕੰਮ ਨੂੰ ਧਾਰੋ। ੯ ਗਲੇ। ੧੦ ਉਚਾਰਦਿਆਂ। ੧੧ ਖੋਟਾ ਚਾਲ ਚਲਨ। ੧੨ ਵਿਭਚਾਰਨ। ੧੩ ਚਾਲ। ੧੪ ਸ਼੍ਰਿਸ਼ਟ। ੧੫ ਪਹਿਲਾਂ ਵਰਗੀ। ੧੬ ਦੇਖ ਕੇ। ੧੭ ਪਛਤਾਉਂਦੇ ਹਨ। ੧੮ ਕ੍ਰਿਪਾ ਦੇ ਘਰ। ੧੯ ਰਾਤ। ੨੦ ਸੌਣਾ ਕੀਤਾ। ੨੧ ਸਵੇਰ ਹੋਈ। ੨੨ ਕੁਕੜਾਂ ਨੇ ਬਾਂਗ ਦਿਤੀ। ੨੩ ਸੁਖਾਂ ਦੇ ਸਮੁੰਦਰ ਗੁਰੂ ਨਾਨਕ ਜੀ। ੨੪ ਪ੍ਰੇਮ ਨਾਲ। ੨੫ ਚਰਨਾਂ ਦਾ ਅੰਮ੍ਰਿਤ ਦੇਕੇ। ੨੬ ਕਲਿਆਨ ਕੀਤਾ। ੨੭ ਪਾਪ।

[੧]ਬਿਸਾਲ ਰਚੀ ਤਹਿ ਕਾਲ ਦਿਆਲ ਕੀ ਕੀਰਤ ਮੈਂ ਮਤ [੨]ਪਾਗੇ ॥ ੨੧ ॥ ਦਿਨ ਪੰਚ ਦਹੇ [੩]ਅਘ ਓਘ [੪]ਹਹੇ ਪੁਨ ਬੈਨ ਕਹੇ ਹਮ ਜਾਹਿੰ [੫]ਅਗਾਰੀ ॥ [੬]ਕਰ ਜੋਰ ਪ੍ਰਮਾਨ ਬਿਨੈ ਯੋਂ ਬਖਾਨ ਭਈ ਇਹ ਬਾਨ [੭]ਮਯਾ ਸੁ ਤੁਮਾਰੀ ॥ [੮]ਮਤਮੰਦਨ ਕੋ ਗਤ ਪੰਥ ਦਯੋ ਸੁਖ ਨੰਦ ਗੁਬਿੰਦ [੯]ਮੁਕੰਦ ਉਚਾਰੀ ॥ ਇਹ [੧੦]ਠਉਰ ਰਹੋ ਦਿਨ ਔਰ ਕਛੂ [੧੧]ਸਿਰਮੌਰ ਤੁਹੀ ਜਗ ਮੈਂ ਗਤ ਕਾਰੀ ॥ ੨੨ ॥ ਨਿਤ ਵਾਹਿਗੁਰੂ ਮੁਖ ਨਾਮ ਜਪੋ ਅਰਦਾਸ [੧੨]ਤਿਹਾਵਲ ਕੀ ਕਰੀਯੇ ॥ ਮਨ ਕਾਮਨਾ ਪੂਰਨ ਹੋਵਹਗੀ ਹਰ ਕੀਰਤ ਪ੍ਰੀਤ ਰਿਦੈ ਧਰੀਯੇ ॥ ਸਤਿ ਸੰਗਤ ਸੋਂ ਮਿਲ [੧੩]ਕਾਲ ਬਿਤਾਵਹੁ ਮੈਲ [੧੪]ਜਨੰਮਨ ਕੀ ਹਰੀਯੇ ॥ ਇਹ ਭਾਂਤ ਦਯੋ ਉਪਦੇਸ਼ ਤਿਨੈ ਪੁਨ ਆਪ ਚਲੇ ਪਿਖ ਜਾਂ ਤਰੀਯੇ॥੨੩॥

ਇਤ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥੇ ਪ੍ਰਿਥਮ ਮਹਿਲੇ ਕਾਮਰੂ ਦੇਸ ਪ੍ਰਸੰਗ ਬਰਨਨੰ ਨਾਮ ਉਨਤੀਸਮੋਂ ਮੰਦਰਹਿ ॥ ੨੯ ॥

ਦੋਹਿਰਾ ॥ ਚਲੋ ਤਹਾਂ ਤੇ ਸਤਿਗੁਰੂ ਸ਼੍ਰੀ ਨਾਨਕ ਸੁਖ ਕੰਦ ॥
ਜਿਨੈਂ ਕਮਾਯੋ ਮੰਤ੍ਰ ਬਰ ਜੁਗ ਲੋਗਨ ਆਨੰਦ ॥ ੧ ॥

ਚੌਪਈ ॥ ਚਲਤ ਚਲਤ [੧੫]ਗੈਬਰ ਬਨ ਆਯੋ ॥ ਹਾਥ ਬੰਦ ਗੁਰ ਚਰਨਨ ਪਰਯੋ ॥ ਬਿਨੈ ਸਹਿਤ ਬਚ ਮੁਖ ਤੇ [੧੬]ਰਰਯੋ ॥ ੨ ॥ ਹੇ ਸਤਿਗੁਰ ਮੁਝ ਸਿੱਖ ਬਨਾਵਹੁ ॥ ਨਿਜ ਚਰਨਨ ਲਾ ਮੁਕਤ ਕਰਾਵਹੁ ॥ ਕਹਿ ਸਤਿਗੁਰ ਨਿਜ ਕਹੋ [੧੭]ਸ੍ਰਭਾਵ ॥ ਜੋ ਨਿਜ [੧੮]ਅਮਰ ਚਲਾਵਹਿ [੧੯]ਰਾਵ ॥ ੩ ॥

---

੧ ਵਡੀ । ੨ ਸਤਿਗੁਰੂ ਜੀ ਦੀ ਕੀਰਤੀ ਵਿਚ ਸਮਾਧੀ ਇਸਥਿਤ ਹੋ ਗਈ । ੩ ਬਹੁਤੇ । ੪ ਦਗਧ ਕਰ ਦਿਤੇ । ੫ ਅਗੇ । ੬ ਦੋਵੇਂ ਹਥ ਜੋੜ ਕੇ ਪੁਰਸ਼ ਬੇਨਤੀ ਕਰਦੇ ਹਨ । ੭ ਕਿਰਪਾ ਆਪ ਦੀ । ੮ ਭੈੜੀ ਮਤ ਵਾਲੇ ਨੂੰ ਮੁਕਤੀ ਤੇ ਭਗਤੀ ਰੂਪੀ ਰਸਤੇ ਨੂੰ ਦੇਣਾ ਕੀਤਾ ਹੈ । ੯ ਮੁਕਤੀ ਦਾ ਦਾਤਾ । ੧੦ ਇਸ ਜਗ੍ਹਾ । ੧੧ ਸ਼ਰੋਮਣੀ । ੧੨ ਕੜਾਹ ਪ੍ਰਸ਼ਾਦ । ੧੩ ਸਮੇਂ ਨੂੰ ਬਤੀਤ ਕਰੋ । ੧੪ ਜਨਮ ਮਰਨ ਦੀ ਮੈਲ ਨੂੰ ਦੂਰ ਕਰੋ । ੧੫ ਘੋਰ ਜੰਗਲ । ੧੬ ਉਚਾਰਿਆ ੧੭ ਆਪਣਾ ਸੁਭਾਉ ਕਹਿਣਾ ਕਰੋ । ੧੮ ਹੁਕਮ । ੧੯ ਆਪ ।

ਦੋਹਰਾ ॥ ਕਲਜੁਗ ਕਹਿਯੋ ਸੁਭਾਵ ਜੋ ਸੁਨਿਯੇ ਸ੍ਰੀ ਗੁਰ [੧]ਰਾਇ ॥
ਬੁੱਧ ਸਭਨ [੨]ਬਿਪਰੀਤ ਕਰ ਦਿਹੁ [੩]ਕੁਕਰਮ ਚਲਾਇ ॥ ੪ ॥

ਚੌਪਈ ॥ ਚੋਰੀ ਜਾਰੀ ਨਿੰਦਾ [੪]ਕੂਰੰ॥ ਲੰਪਟ [੫]ਭੋਗੀ ਤ੍ਰਿਸ਼ਨਾ [੬]ਭੂਰੰ ॥ [੭]ਬਾਟ ਪਾਰ ਜੋ ਸੂਰ ਕਹਾਵੈਂ ॥ ਸਾਚ ਕਹੈਂ ਤਿਨ [੮]ਸਠ ਠਹਿਰਾਵੈਂ ॥ ੫ ॥ [੯]ਪਿਸਨ ਬਡੇ ਆਦਰ ਕੋ ਪਾਵਹਿੰ ॥ ਬਹੁ ਬੋਲਤ ਸੇ ਗੁਨੀ ਕਹਾਵਹਿੰ ॥ [੧੦]ਗੁਨੀਅਨ ਕੇਰ ਨਰਾਦਰ ਹੋਊ ॥ ਭੂਪ ਨਿਕਟ ਬੈਠਹਿੰ [੧੧]ਸਠ ਜੋਊ ॥ ੬ ॥

ਦੋਹਿਰਾ ॥ [੧੨]ਕਲ ਮਲ [੧੩]ਆਲਜ ਹੋਇ ਨਰ [੧੪]ਕ੍ਰਿਪਨ ਨ ਕਰਹੀ ਦਾਨ ॥ ਧਰਮ ਹਤੇ [੧੫]ਵਿਪ੍ਰੀਤ ਹ੍ਵੈ ਪਾਵਹਿ ਕਸਟ ਮਹਾਨ ॥ ੭ ॥

ਚੌਪਈ ॥ [੧੬]ਦਿਜ ਵਿਵਹਾਰੀ ਬਹੁਰ [੧੭]ਕ੍ਰਿਸਾਨ ॥ ਤਿਨਕੋ ਆਦਰ ਹੋਇ ਮਹਾਨ ॥ ਬੇਦ ਪਾਠ ਕੀ [੧੮]ਤੱਤ ਵਿਚਾਰੀ ॥ ਤਿਨਹਿ ਕਹੈਂ ਇਹੁ ਫਿਰਤ [੧੯]ਖੁਵਾਰੀ ॥ ੮ ॥ ਭੂਪ ਕਹੈਂ ਹਮ ਕੋ ਨਿਤ [੨੦]ਟੋਟੂ ॥ ਪੂਜਾ ਕਹੈ ਹਮ ਲੇਤ [੨੧]ਖਸੋਟੂ ॥ [੨੨]ਬੇਖ ਫਕੀਰ ਸੁ ਸੰਚਹਿੰ ਧਨ ਕੋ ॥ [੨੩]ਅਸਨ ਸੁ [੨੪]ਬਸਨ [੨੫]ਅਲਪ ਗ੍ਰਿਸਥਨ ਕੋ ॥ ੯ ॥ ਔਰ ਗਗਨ ਕਰ ਕਹਾਂ ਸੁਨਾਊਂ ॥ ਮੋਰ ਸਮੈਂ ਕੌ ਜੌਨ ਪ੍ਰਭਾਊ ॥ ਜਤਿ ਸਤਿ ਤਪ ਬ੍ਰੱਤ ਧਰਮ ਉਪਾਸਨ ॥ ਸਭ ਇਕ ਬਾਰਹਿ ਹੋਹਿੰ [੨੬]ਬਿਨਾਸਨ ॥ ੧੦ ॥ ਮੈਂ [੨੭]ਰਾਵਰ ਕੇ ਨਿਤ ਅਨਸਾਰੀ ॥ ਜਸ ਆਗਿਆ ਤਸ ਕਰੌਂ ਸੰਭਾਰੀ ॥ ਕਹਿੰ ਪ੍ਰਭ ਗੁਰ ਭੇਟਾ ਕਜਾ ਦੇਵਹੁ ॥

---

੧ ਪ੍ਰਕਾਸ਼ ਰੂਪ ਗੁਰੂ ਜੀ। ੨ ਉਲਟ। ੩ ਖੋਟਾ ਕਰਮ। ੪ ਝੂਠ। ੫ ਵਿਸ਼ੇ ਭੋਗਾਂ ਵਿਚ ਲਪਟਾਇ ਮਾਨ ਕਰਦਾ ਹਾਂ। ੬ ਬਹੁਤ। ੭ ਰਾਹ ਮਾਰ ਧਾੜਵੀ। ੮ ਮੂਰਖ। ੯ ਚੁਗਲੀ ਕਰਨ ਵਾਲੇ। ੧੦ ਗੁਣਾਂ ਵਾਲੇ ਦਾ ਨਿਰਾਦਰ। ੧੧ ਮੂਰਖ। ੧੨ ਪਾਪ। ੧੩ ਘਰ। ੧੪ ਸੂਮ। ੧੫ ਉਲਟ। ੧੬ ਬ੍ਰਾਹਮਣ। ੧੭ ਜਿਮੀਂਦਾਰ। ੧੮ ਸਿਧਾਂਤ। ੧੯ ਦੁਖੀ ਹੋਕੇ। ੨੦ ਘਾਟਾ। ੨੧ ਧਕੇ ਨਾਲ। ੨੨ ਭੇਸ ਫਕੀਰਾਂ ਵਾਲਾ। ੨੩ ਭੋਜਨ। ੨੪ ਬਸਤ੍ਰ। ੨੫ ਤੁਛ। ੬ ਨਾਸ। ੨੭ ਆਪ।

ਕਲਜੁਗ ਕਹੈ ਪ੍ਰਭੁ ਜੋ ਲੇਵਹੁ ॥ ੧੧ ॥ ਸ੍ਰੀ ਗੁਰ ਕਹੈਂ ਜੇ ਸਿਖ
ਹਿਤਕਾਰੀ ॥ [1]ਬਾਣੀ ਪਠਹਿੰ ਪ੍ਰੀਤ ਉਰ ਧਾਰੀ ॥ ਨਾਮ ਦਾਨ
ਅਸ਼ਨਾਨ ਜਿ ਸਭਹੀ ॥ ਇਨ ਤੇ ਨਾਹਿੰ ਭੁਲਾਵਹੁ ਕਬਹੀ ॥ ੧੨ ॥
ਤੌ ਛਾਯਾ ਨਹਿੰ [2]ਬਰਤੈ ਤਿਨ ਕੌ ॥ ਮੋਰ ਬਚਨ ਮਹਿੰ ਨਿਸਚਾ
ਜਿਨ ਕੌ ॥ ਭੇਟ ਦੇਹੁ ਤੌ ਇਹੁ ਬਰ ਦੀਜੈ ॥ ਮਮ ਸੰਗਤ ਕੌ ਦੁਖੀ ਨ
ਕੀਜੈ ॥ ੧੩ ॥ ਕਲਜੁਗ [3]ਪ੍ਰਾਹਯੋ [4]ਦ੍ਵੈ ਕਰ ਜੋਰੇ ॥ ਕਹੌਂ ਪ੍ਰਭੂ ਤਵ
ਚਰਨ [5]ਨਿਹੋਰੇ ॥ [6]ਆਇਸ ਮੈਂ ਤੁਮਰੀ [7]ਸਿਰ ਧਰਨੀ ॥ ਅਸ ਨਹਿੰ
ਸਕਤੀ [8]ਮੋਰਨ ਕਰਨੀ ॥ ੧੪ ॥ ਸੁਨ ਕਰ ਬਿਕਸੇ ਸ੍ਰੀ ਗੁਨ
ਖਾਨੀ ॥ ਉਪਦੇਸ ਬੋਲੇ ਪੁਨ ਬਾਨੀ ॥ ਸਭ ਜੁਗ ਤੇ ਬਡ ਤੇਜ
ਤੁਮਾਰਾ ॥ ਹੋਵਹਿਗੋ ਇਹੁ ਵਾਕ ਹਮਾਰਾ ॥ ੧੫ ॥ [9]ਥੋਰ ਕਾਲ
ਕੀਰਤ ਕਰਤਾਰੂ ॥ ਮਹਿਮਾ ਤਿਹ ਕੀ ਵਧੈ ਅਪਾਰੂ ॥ ਲਾਖ ਬਰਖ
ਸਤਿਜੁਗ ਕੋ ਕਰਈ ॥ ਦਸ ਸਹੰਸ੍ਰ ਤ੍ਰੇਤੇ ਚਿਤ ਧਰਹੀ॥੧੬॥ਦ੍ਵਾਪੁਰ
ਕਰਤ ਨਿਜ ਬਰਖ ਹਜਾਰਾ ॥ ਸੋ ਕਲ [10]ਅਲਪ ਕਾਲ ਸੁਖ
ਸਾਰਾ ॥ ਪ੍ਰੀਤ ਯੁਕਤ ਹਰਿ ਕੀਰਤ ਕਰਈ ॥ ਸੋ ਤਤਕਾਲ ਬਿਖੈ
[11]ਭਵ ਤਰਈ ॥ ੧੭ ॥

ਦੋਹਿਰਾ ॥ ਸਤਿਜੁਗ ਪਾਪੀ ਏਕ ਤੇ ਦੇਸ ਮਾਰੀਐ ਸੋਇ ॥
ਤ੍ਰੇਤੇ ਨਗਰੀ ਪੀੜੀਐ ਦ੍ਵਾਪੁਰ ਕੁਲ ਦੁਖ ਹੋਇ ॥ ੧੮ ॥

ਚੌਪਈ ॥ ਤੁਮਰੇ ਜੁਗ ਮਹਿੰ ਕਰੈ ਸੁ ਪਾਵੈ ॥ ਭਲੀ ਰੀਤੁ
ਇਹੁ ਜਗ ਪ੍ਰਗਟਾਵੈ ॥ ਸੁਨ ਕਰ ਕਲਜੁਗ ਉਰ [12]ਹਰਖਾਨਾ ॥
[13]ਕਰ ਪਦ ਬੰਦਨ ਬਚਨ ਬਖਾਨਾ ॥੧੯॥ ਤੁਮ ਸੰਗਤ ਕੇ ਨਿਕਟ

---

੧ ਬਾਣੀ ਪੜ੍ਹਦੇ ਹਨ। ੨ ਨਹੀਂ ਵਰਤੇਗੀ। ੩ ਉਚਾਰਿਆ। ੪ ਦੋਵੇਂ ਹਥ ਜੋੜੇ।
੫ ਵੇਖਾ। ੬ ਆਗਿਆ ਵਿਚ। ੭ ਸਿਰ ਨੂੰ ਧਰਦਾ ਹੈ। ੮ ਮੋੜਨ।
੯ ਥੋੜੇ ਸਮੇਂ। ੧੦ ਕਲਜੁਗ ਵਿਚ ਥੋੜਾ ਸਮਾਂ। ੧੧ ਸੰਸਾਰ ਤੋਂ। ੧੨ ਪ੍ਰਸੰਨ।
੧੩ ਹਥ ਜੋੜ ਕੇ ਚਰਨਾਂ ਤੇ ਨਮਸ਼ਕਾਰ ਕੀਤੀ।

ਨ [1]ਜੈਹੋਂ ॥ ਆਨ ਜੀਵ [2]ਦੰਭੀ ਦੁਖ ਦੈਹੋਂ ॥ ਤੁਮਰੇ ਬਚਨ ਜਿ ਸ਼ਿੱਖ ਕਮਾਵੈ ॥ ਤਿਨ ਪਰ ਮੇਰੋ ਕਛ ਨ ਬਸਾਵੈ ॥ ੨੦ ॥ ਭੇਟ ਦੇਹ ਬਰ ਗੁਰ ਤੇ ਲੇ ਕਰ ॥ ਬਿਦਾ ਭਯੋ ਚਰਨਨ ਪਰ ਧਰ ਸਿਰ ॥ ਗੁਰ ਸਿਖ ਜੋ ਗੁਰ ਬਚਨ ਕਮਾਵੈ ॥ ਕਲਜੁਗ ਤਹਿ ਕੇ ਨਿਕਟ ਨ ਆਵੈ ॥ ੨੧ ॥ ਭਾਈ ਮੂਲਾ ਜੋ ਗੁਰ ਸੰਗਾ ॥ ਪਿਖਯੋ ਗੁਰੂ ਤਹਿੰ ਬਹੁ ਮਨ [3]ਭੰਗਾ ॥ ਅੰਤਰਯਾਮੀ ਤਿਹ ਗਤ ਜਾਨੀ ॥ ਸ੍ਰੀ ਮੁਖ ਤੇ ਤਬ ਕੀਨ ਬਖਾਨੀ ॥੨੨॥ਅਹੁ ਮੂਲਾ ਕਯਾ ਮਨ ਮਹੁ ਆਈ॥ਸੁਨ ਕਰ ਜੋਰਤ ਬਿਨੌ ਸੁਨਾਈ ॥ ਹੇ ਗੁਰ ਮੈਂ [4]ਰਾਵਰ ਸੰਗ ਆਯੋ ॥ ਮਾਂਗ ਹੁਤੀ ਥੋ [5]ਨਿਕਟ ਬਿਆਹਯੋ ॥ ੨੩ ॥ [6]ਸਾਗਰ ਲਗ [7]ਰਾਵਰ ਸੰਗ ਆਯਾ॥ [8]ਚੈਹੋਂ ਪਾਛੈ ਅਬੈ [9]ਸਿਧਾਯਾ ॥ ਨਤ ਮੁਹਿ ਸਸੁਰ ਔਰ ਕਹਿ ਬਿਆਇ ॥ ਇਸ ਹਿਤ ਸਤਿਗੁਰ ਦੇਹੁ [10]ਰਜਾਇ ॥ ੨੪ ॥ ਸੁਨ ਗੁਰ ਕਹਯੋ [11]ਬਨਜ ਨਿਜ ਭੂਲਾ ॥ ਫਸਤ ਝੂਠ ਮਹੁ ਭਾਈ ਮੂਲਾ ॥ ਕਹਯੋ ਪ੍ਰਭੂ ਹਮ ਨਰ [12]ਕੂਰਿਆਰੇ ॥ ਕਹਾਂ ਸੰਗ ਉਤਰਹਿ ਤੁਹਿ ਪਾਰੇ ॥ ੨੫ ॥ ਅਬ ਕਿਰਪਾ ਕਰ [13]ਆਇਸ ਦੀਜਹਿ ॥ [14]ਪੁੰਨ ਬੇਨਤੀ ਅਪਰ ਸੁਨੀਜਹਿ ॥ ਅਹੈ [15]ਦਰਿੱਦ੍ਰ ਧਾਮ ਮਹਿੰ ਭਾਰਾ ॥ ਦੇਹੁ ਪਦਾਰਥ ਭੀ ਸੁਖ ਸਾਰਾ ॥ ੨੧ ॥ ਸੁਨ ਸਤਿਗੁਰ ਤਬ ਨਿਜ ਕਰ ਸਾਥਾ ॥ [16]ਰੋੜਨ ਮੁਸ਼ਟ ਦੀਨ ਤਿਹ ਹਾਥਾ ॥ ਜਵਾਹਰਾਤ ਭੇ ਰੋਰ ਅਪਾਰੇ ॥ ਹਰਖਯੋ ਮੂਲਾ ਪੁਨਹਿੰ ਉਚਾਰੇ ॥ ੨੭॥ ਹੇ ਸਤਿਗੁਰ ਜਬ ਮੂਰ ਕੈ ਆਵਹੁ॥ ਦਾਸ ਜਾਨ ਨਿਜ ਦਰਸ ਦਿਖਾਵਹੁ ॥ ਕਹਯੋ ਗੁਰੂ ਮੂਲੇ ਇਕ ਬੇਰਾ॥ ਮਿਲਹਿੰ ਜਰੂਰ ਬਚਨ ਏਹ ਮੇਰਾ ॥ ੨੮ ॥

---

੧ ਨਹੀਂ ਜਾਵਾਂਗਾ। ੨ ਪਖੰਡੀ। ੩ ਉਲਟ। ੪ ਆਪ। ੫ ਨਜਦੀਕ ਨੇੜੇ। ੬ ਸਮੁੰਦਰ ਰੂਪ ਗੁਰੂ ਨਾਨਕ ਸੰਗ ਲਗ ਕੇ। ੭ ਆਪ ਦੇ। ੮ ਚਾਹੁੰਦਾ ਹਾਂ। ੯ ਜਾਣਾ। ੧੦ ਆਗਿਆ। ੧੧ ਵਾਪਾਰ ਵਿਚ। ੧੨ ਝੂਠੇ। ੧੩ ਆਗਿਆ। ੧੪ ਮੁੜਕੇ। ੧੫ ਦਲਿਦਰ ਘੁਰ ਵਿਚ। ੧੬ ਮਿਟੀ ਦੇ ਰੋੜਿਆਂ ਦੀ ਮੁਠ ਭਰ ਕੇ ਦਿਤੀ।

ਅਬ ਨੈਨਨ ਕੌ [1]ਮੀਚਨ ਕੀਜਹਿ ॥ ਜਾਹੁ ਅਬੈ ਨਿਜ ਧਾਮ [2]ਥਿਰੀਜਹਿ ॥ ਸੁਨ ਮੂਲੇ ਤਬ ਨੈਨ [3]ਮਿਚਾਏ ॥ ਜਬ ਖੋਲ੍ਹੇ [4]ਸਲ ਪੁਰ ਪਹੁਚਾਏ ॥ ੨੯ ॥ ਮਿਲੇ ਸਬੰਧੀ ਹਰਖ ਅਪਾਰਾ ॥ ਭਯੋ ਬਿਆਹ ਬਹੁ ਆਨੰਦ ਧਾਰਾ ॥ ਸ੍ਰੀ ਸਤਿਗੁਰ ਤਬ ਅਗ੍ਰ ਸਿਧਾਏ ॥ [5]ਬਡ ਸਾਗਰ ਕੇ ਤਟ ਪਰ ਆਏ ॥ ੩੦ ॥

ਇਤਿ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥੇ ਪ੍ਰਿਥਮ ਮਹਿਲੇ ਕਲਜੁਗ ਪ੍ਰਸੰਗ ਬਰਨਨੰ ਨਾਮ ਤੀਸਵੋਂ ਮੰਦਰਹਿ ॥ ੩੦ ॥

ਦੋਹਿਰਾ ॥ ਜਿਹ ਦਰਸੇ ਜਮ ਨਹਿੰ [6]ਭਿਟੈ ਐਸੇ ਦੀਨ ਦਿਆਰ ॥
ਚਲੇ ਨਾਹਰੂ ਦੇਸ ਕੋ ਜੋ ਸਾਗਰ ਬਿਚਕਾਰ ॥ ੧ ॥

ਚੌਪਈ ॥ ਮਰਦਾਨੇ ਸੋਂ ਬੋਲੇ ਤਬ ਹੀ ॥ ਵਾਹਿਗੁਰੂ ਜਪ ਆਵਹੁ ਅਬ ਹੀ ॥ ਊਪਰ ਸਾਗਰ ਕੇਰ ਕ੍ਰਿਪਾਲਾ ॥ [7]ਜੁਗ ਕੋ ਲੇ [8]ਗਮਨੇ [9]ਤਤ ਕਾਲਾ ॥ ੨ ॥ ਗੁਰੂ ਕਰੈਂ [10]ਸੋਹੰ ਕੋ ਜਾਪੂ ॥ ਚਲੇ ਜਾਤ ਕਿਤ ਛੁਵੈ ਨ ਆਪੂ ॥ ਸਾਗਰ ਬੀਚ ਪਹੂਚੇ ਜਬ ਹੀ ॥ ਜਾਪ ਵਾਹਿਗੁਰੂ ਕੋ ਤਜ ਤਬ ਹੀ ॥ ੩ ॥ ਸੋਹੰ ਕਹਿਨ ਲਗਾ ਮਰਦਾਨਾ ॥ ਸ੍ਰੀ ਗੁਰ [11]ਸਮਤਾ ਚਹਿਤ [12]ਅਯਾਨਾ ॥ ਬੂਡਨ ਲਗਾ [13]ਸਿੰਧ ਕੇ ਮਾਹੀਂ ॥ ਬਹੁ [14]ਡੁਬਕੀ ਲੀਨੀ ਜਬ ਤਾਹੀਂ ॥ ੪ ॥

ਦੋਹਿਰਾ ॥ [15]ਗ੍ਰੀਵ ਫੇਰ ਸ੍ਰੀ ਗੁਰ ਪਿਖਾ [16]ਭੀਗ ਗਏ ਜਿਹ [17]ਚੀਰ॥
ਬੂਡਤ ਤਿਹ ਕੋ ਜਾਨ ਕੈ ਬੋਲੇ [18]ਗੁਨੀ ਗਹੀਰ ॥ ੫ ॥

ਸ੍ਰੀ ਮੁਖ ਵਾਕ—ਗੁਰਿ ਕਹਿਆ ਸਾ ਕਾਰ ਕਮਾਵਹੁ ॥ ਗੁਰ

---

੧ ਬੰਦ ਕਰੀਐ । ੨ ਇਸਥਿਤ । ੩ ਅਖਾਂ ਮੀਟੀਆਂ । ੪ ਸਿਆਲਕੋਟ । ੫ ਵਡੇ ਸਮੁੰਦਰ ਦੇ ਕਿਨਾਰੇ। ੬ ਨਹੀਂ ਪ੍ਰਾਪਤ ਹੋਵੇਗਾ । ੭ ਦੋਹਾਂ ਨੂੰ ਬਾਲਾ ਤੇ ਮਰਦਾਨਾ। ੮ ਚਲੇ। ੯ ਸੀਘਰ। ੧੦ ਸੋਹੰ ਮੰਤ੍ਰ ਨੂੰ। ੧੧ ਸਦਰਸਤਾ ਬਰਾਬਰੀ। ੧੨ ਅਨਜਾਨ ਮਰਦਾਨਾ । ੧੩ ਸਮੁੰਦਰ ਵਿਚ। ੧੪ ਡੁਬਕੀਆਂ । ੧੫ ਸਤਿਗੁਰੂ ਜੀ ਨੇ ਗਰਦਨ ਨੂੰ ਪਿਛੇ ਮੋੜ ਕੇ ਵੇਖਿਆ। ੧੬ ਭਿਜ ਗਏ। ੧੭ ਕਪੜੇ। ੧੮ ਗੁਣਾਂ ਦੇ ਸਮੁੰਦਰ ਗੁਰੂ ਜੀ।

ਕੀ ਕਰਣੀ ਕਾਹੇ ਧਾਵਹੁ ॥ ੧ ॥

ਚੌਪਈ ॥ ਸੁਨ ਸਮਝਿਓ ਪੁਨ ਮਨ ਮਰਦਾਨਾ ॥ ਵਾਹਿਗੁਰੂ ਕੋ ਜਾਪ ਬਖਾਨਾ ॥ [1]ਅਗੂਜ ਹੀ ਸਮ ਚਲਤਾ ਭਯੋ ॥ [2]ਸਿੰਧ ਡੂਬਨੇ ਤੇ ਰਹਿ ਗਯੋ ॥ ੬ ॥ ਇਸ ਪ੍ਰਕਾਰ [3]ਗੇ ਸਾਗਰ ਪਾਰਾ ॥ ਪਹੁੰਚੇ ਟਾਪੂ ਕੇਰ ਮਝਾਰਾ ॥ ਹਾਰੂ ਨਗਰ ਬਿਖੈ ਜਬ ਗਏ ॥ ਇਕ [4]ਤਰ ਨੀਚੇ ਬੈਠਤ ਭਏ ॥ ੭ ॥ [5]ਭੂਪ ਪ੍ਰਜਾ ਤਿਹ ਦੇਸ [6]ਮਝਾਰੀ ॥ ਸਭ [7]ਸਰੇਵਰੇ ਕੋ ਅਨਸਾਰੀ ॥ ਜਬ ਬਰਖਾ ਕੀ ਹੋਵੈ ਚਾਹੀ ॥ ਜਾਚਤ ਨਰ ਸਭ ਤਹਿ ਕੇ [8]ਪਾਹੀ ॥ ੮ ॥

ਦੋਹਿਰਾ ॥ ਬਰਖਾ ਤਬ ਤੇ ਹਟ ਗਈ ਜਬ ਤੇ ਬੈਠੇ ਜਾਇ ॥
ਲਗੇ ਖੇਤ [9]ਸੂਕਨ ਸਰਬ ਕੋ ਨਹਿੰ ਹੋਤ ਉਪਾਇ ॥ ੯ ॥

ਚੌਪਈ ॥ ਖਿੰਚੀ [10]ਕਲਾ ਤਾਹਿ ਕੀ [11]ਸਗਰੀ ॥ ਜੋ ਗੁਰ ਬਨਿਓਂ ਹੁਤੋ ਸਭ ਨਗਰੀ ॥ ਜਬ ਬਰਖਾ ਕੀ ਭੀ ਬਹੁ [12]ਚਾਹੀ ॥ [13]ਨਰ ਮਿਲ ਗੇ ਸਰੇਵਰੇ ਪਾਹੀ ॥ ੧੦ ॥ ਅਪਨ ਮੰਤ੍ਰ ਬਿਧ ਸੰਗ ਉਚਰਿਯੋ ॥ [14]ਮੇਹੁੰ ਨ ਪਰਾ ਜਤਨ ਕਰ ਹਰਿਯੋ ॥ ਕਿਤਕ ਮਨਜ ਗੁਰ ਪੈ ਚਲ ਆਏ ॥ ਤਿਨ ਸੋਂ ਬੂਝਨ [15]ਗਿਰਾ ਅਲਾਏ ॥ ੧੧ ॥ ਕਿਉਂ [16]ਚਿੰਤਾਤੁਰ ਤੁਮ ਹੋ ਬੈਸੇ ॥ ਕਹੋ [17]ਕੁਕਾਜ ਭਯੋ ਹੈ ਕੈਸੇ ॥ ਸੁਨ ਬੋਲੇ ਜੋ ਮਨਜ [18]ਦੁਖਾਰੇ ॥ ਜਬ ਬਿਨ ਸੂਕੇ ਸਰਬ [19]ਕਿਦਾਰੇ ॥ ੧੨ ॥ [20]ਮੇਹ ਦੇਤ ਥੋ ਗੁਰੂ ਹਮਾਰਾ ॥ ਅਬ ਕਹਿ ਰਹਿਓ ਨ ਬਰਖਿਓ [21]ਬਾਰਾ ॥ ਸ੍ਰੀ ਗੁਰ ਕਹਿੰ ਸਿਮਰਹੁ ਸਤਿਨਾਮੂ ॥ ਦੂਹੂ

---

੧ ਪਹਿਲੇ ਵਰਗਾ । ੨ ਸਮੁੰਦਰ । ੩ ਗਿਆ । ੪ ਦਰਖਤ । ੫
ਉਥੋਂ ਦੇ ਰਾਜੇ ਦੀ ਰਯਤ । ੬ ਵਿਚ । ੭ ਸਰੇਵੜੇ ਦੇ ਕਹੇ ਚਲਣ ਵਾਲੇ । ੮ ਪਾਸ ।
੯ ਸੁਕਦੇ । ੧੦ ਸ਼ਕਤੀ ਖਿਚ ਲਈ ਗੁਰੂ ਜੀ ਨੇ । ੧੧ ਸਾਰੀ । ੧੨ ਉਤਸ਼ਾਹ ।
੧੩ ਮਨੁਖ ਮਿਲ ਕੇ ਸਰੇਵੜੇ ਪਾਸ ਗਏ । ੧੪ ਬਾਰਸ਼ ਨਾ ਪਈ । ੧੫ ਬਾਣੀ ।
੧੬ ਚਿੰਤਾਵਾਨ । ੧੭ ਖੋਟਾ ਕੰਮ । ੧੮ ਦੁਖੀ । ੧੯ ਖੇਤੀਆਂ ।
੨੦ ਮੀਂਹ ਸਾਡਾ ਗੁਰੂ ਦੇਂਦਾ ਸੀ । ੨੧ ਜਲ ।

ਲੋਕ ਮਹਿੰ ਆਵੈ [੧]ਕਾਮੂ ॥ ੧੩ ॥ ਤਜ ਸਰੇਵਰੇ ਕੀ ਅਬ ਸੇਵਾ ॥ ਜਾਚਹੁ ਏਕੰਕਾਰ [੨]ਅਭੇਵਾ ॥ ਸੁਨਕੈ ਕਹੈਂ ਜੁ ਗੁਰੂ ਹਮਾਰਾ॥ ਆਪਨ ਕੋ ਕਹਿ ਹੈ ਕਰਤਾਰਾ ॥ ੧੪ ॥ ਜੈਸੇ ਬ੍ਰਿੱਖ ਬੀਜ ਤੇ ਜਾਮਹਿ । ਬੀਜ ਬ੍ਰਿੱਖ ਤੇ ਹੈ [੩]ਅਭਰਾਮਹਿ ॥ ਤਿਉਂ ਮਾਨੁਖ ਤੇ ਮਾਨੁਖ ਹੋਈ ਅਪਰ ਨ ਕਰਤਾ ਲਖੀਯੋ ਕੋਈ ॥ ੧੫ ॥ ਐਸ ਹਮੈਂ ਉਪਦੇਸ਼ ਦ੍ਰਿੜਾਯੋ ॥ ਨਾਨਾ ਜੁਗਤ ਸੰਗ ਸਮਝਾਯੋ ॥ ਕਹਿੰ ਸਤਿਗੁਰ ਤੁਮ ਭੂਲੇ ਭਾਈ ॥ ਮਾਨਖ [੪]ਬਪਰਾ ਕਰਤਾ ਨਾਈ ॥ ੧੬ ॥ ਜੇ [੫]ਚਹੁ ਬਰਖਾ ਪੁਨ [੬]ਕਲਿਆਨ ॥ ਕਰੋ [੭]ਤਿਹਾਵਲ ਬਿਨੈ ਬਖਾਨ ॥ ਇਹ ਬਿਧ ਸੁਨ ਕੈ ਗੁਰੂ [੮] ਸਮੀਪਾ ॥ ਨਰ ਚਲ ਗਏ ਨਿਕਟ [੯]ਅਵਨੀ ਪਾ ॥ ੧੭ ॥ ਸਰਬ ਬ੍ਰਿੰਦੰਤ ਤਬੀ ਕਹਿ ਦੀਨਾ ॥ ਗੁਰ ਢਿਗ ਮਿਲੇ ਤਿਹਾਵਲ ਕੀਨਾ ॥ ਕੀ ਅਰਦਾਸ ਜਬੈ [੧੦]ਕਰ ਜੋਰੀ ॥ ਤਬ ਹੀ ਉਠੀ [੧੧]ਘਟਾ ਘਨਘੋਰੀ ॥ ੧੮ ॥ ਬਾਰ ਧਰਾ ਪਰ ਪਰਯੋ ਬਿਸਾਲਾ ॥ ਹਰਖ ਭਯੋ ਸਭ ਕੋ ਤਿਹ ਕਾਲਾ ॥ ਭੂਪ ਪੂਜਾ ਜੁਤ ਗੁਰੂ ਅਗਾਰੀ ॥ ਅਤਿ ਨਿੰਮ੍ਰਤ ਹੋਇ ਬਿਨੈ ਉਚਾਰੀ ॥ ੧੯ ॥ ਨਿਜ ਉਪਦੇਸ਼ ਦੀਜੀਏ ਅਬ ਹੀ ॥ ਕਰੋ ਸਿੱਖ ਸੇਵੈਂ ਹਮ ਸਬ ਹੀ ॥ [੧੨]ਕਲਾ [੧੩]ਬਿਸਾਲ [੧੪]ਬਿਲੋਕ ਤੁਮਾਰੀ ॥ ਸ਼ਰਨ [੧੫]ਗਹੀ ਅਬ ਕਰਹੁ ਸੰਭਾਰੀ ॥ ੨੦ ॥

ਦੋਹਿਰਾ ॥ [੧੬]ਪਗ ਕੀ ਪਾਹੁਲ ਦੀਨ ਗੁਰ ਕੀਨੇ ਸਰਬ ਨਿਹਾਲ ॥
ਸੱਤਿਨਾਮ ਉਪਦੇਸ਼ ਦੇ [੧੭]ਕਾਟੇ ਬੰਦ ਬਿਸਾਲ ॥ ੨੧ ॥

ਚੌਪਈ ॥ਧਰਮਸਾਲ ਗੁਰ ਤਹਿ ਬਨਵਾਈ॥ [੧੮]ਟੇਢੇ ਚਲਤ

---

੧ ਕੰਮ । ੨ ਭੇਦ ਤੋਂ ਰਹਿਤ । ੩ ਸੁੰਦਰ । ੪ ਵਿਚਾਰਾ । ੫ ਚਾਹੁੰਦੇ ਹੋ । ੬ ਮੁਕਤੀ । ੭ ਕੜਾਹ ਪ੍ਰਸ਼ਾਦ । ੮ ਪਾਸ ਬੈਠੇ ਪੁਰਸ਼ । ੯ ਰਾਜੇ ਪਾਸ । ੧੦ ਹਥ ਜੋੜ ਕੇ । ੧੧ ਬਦਲ ਇਕ ਰਸ । ੧੨ ਸ਼ਕਤੀ । ੧੩ ਬਹੁਤ । ੧੪ ਦੇਖ ਕੇ । ੧੫ ਪਕੜੀ । ੧੬ ਚਰਨਾਂ ਦਾ ਅੰਮ੍ਰਿਤ । ੧੭ ਜਨਮ ਮਰਨ ਦੇ ਬੰਦਨ ਕਟ ਦਿਤੇ । ੧੮ ਵਿੰਗੀ ।

ਰੀਤਾ ॥ ਚਲਹਿ [1]ਨਿਰੰਤਰ ਪਾਇ [2]ਸਪ੍ਰੀਤਾ ॥ ੩ ॥ ਜਿਨ ਕਉ ਸਤਿਗੁਰ ਮਿਲਹਿ ਕ੍ਰਿਪਾਲਾ ॥ ਤੇ [3]ਖਗ ਜਿਉਂ ਪਹੁੰਚਹਿ ਤਤ ਕਾਲਾ ॥ ਮਿਲਹਿ ਨ ਸਤਿਗੁਰ ਜਿਨ ਕਉ ਪੂਰੇ ॥ ਤਿਸ ਕੋ ਫਲ ਲੇਨੋ ਅਤ ਦੂਰੇ ॥ ੪ ॥ ਤਿਨਕੀ ਗਤ [4]ਚੀਟੀ ਕੀ ਨਿਆਈਂ ॥ [5]ਦੁਸਤਰ ਪਹੁੰਚਨ ਹੈ ਤਹਿ ਥਾਈਂ ॥ ਤੁਮ ਇਕਾਦਸੀ ਬਰਤ ਰਖੰਤੇ ॥ ਦਿਵਸ ਪੱਖ [6]ਸੰਜ ਮਹਿ ਕਰੰਤੇ ॥ ੫ ॥ ਅਸ ਸੰਜਮ ਮਹਿੰ ਸੰਤ ਸਦੀਵਾ ॥ ਵਰਤਤ ਹੈਂ ਨਿਜ ਕਰ ਮਨ ਨੀਵਾ ॥ ਥੋਰੋ ਖਾਨ [7]ਸੈਨ ਪੁਨ ਥੋਰਾ ॥ ਤਿਨ ਪਰ ਕਾਮ ਕ੍ਰੋਧ ਨਹਿੰ [8]ਜੋਰਾ ॥ ੬ ॥

ਦੋਹਿਰਾ ॥ ਸੋ ਇਕਾਦਸੀ ਸਦਾ ਹੀ ਸੰਤਨ ਕੇ ਮਨ ਮਾਹਿੰ॥
ਜੋ ਤੁਮ ਭਾਖਤ ਬ੍ਰੱਤ ਕੋ ਗਤ ਐਸੀ ਲਖ ਤਾਹਿੰ ॥ ੭ ॥

ਚੌਪਈ ॥ ਪੁਨ [9]ਮੱਜਨ ਕੀ [10]ਗਾਥਾ ਸੁਨੀਯੇ ॥ ਨਿਸ ਕੇ ਨਾਨ ਅਧਕ ਫਲ ਗੁਨੀਯੇ ॥ [11]ਜਾਮ ਜਾਮਨੀ [12]ਨਾਵਨ ਕਰਹੀ ॥ ਕੰਚਨ ਭਾਰ ਦਾਨ [13]ਫਰ ਫਰਹੀ ॥ ੮ ॥ [14]ਚਤਰ ਘਟੀ ਨਿਸ ਤੇ ਜੋ ਨਾਵੈ ॥ ਤਿਤਨੇ ਦਾਨ [15]ਰਜਤ ਫਲ ਪਾਵੈ ॥ ਘਟੀ ਰੈਨ ਤੇ ਕਰਹਿ ਸਨਾਨਾ ॥ ਫਲ ਹੈ [16]ਖੀਰ ਸਵਾ ਮਣ ਦਾਨਾ ॥ ੯ ॥ [17]ਪ੍ਰਾਤਕਾਲ ਉਠ ਕਰ ਜੋ ਨਹਾਵੈ ॥ ਮਣ ਜਲ ਦਾਨ ਕਰੇ ਫਲ ਪਾਵੈ ॥ ਦਿਉਸ ਚਰੇ ਤੇ ਨ੍ਹਾਵੈ ਕੋਊ ॥ ਤਾਂਕੋ ਹੈ ਨ ਪੁੰਨ ਫਲ ਕੋਊ ॥ ੧੦॥ਫਲ ਏਤੋ ਹੀ ਦੋਹ ਪੁਨੀਤਾ॥ਨਿਸ ਤੇ ਨਾਵਣ ਆਦੀ ਰੀਤਾ॥ਸ੍ਰੀ

---

੧ ਇਕ ਰਸ । ੨ ਸ੍ਰਿਸ਼ਟ ਪ੍ਰੀਤੀ । ੩ ਪੰਖੀ । ੪ ਕੀੜੀ । ੫ ਕਠਨ । ੬ ਮਿਲਨੇ ਕਰਕੇ । ੭ ਸੌਣਾਂ । ੮ ਬਲ । ੯ ਇਸ਼ਨਾਨ । ੧੦ ਕਥਾ । ੧੧ ਪਹਿਰ ਰਾਤ ਰਹਿੰਦੀ । ੧੨ ਇਸ਼ਨਾਨ । ੧੩ ਫਲ । ੧੪ ਚਾਰ । ੧੫ ਚਾਂਦੀਂ । ੧੬ ਦੁਧ । ੧੭ ਸਵੇਰੇ ।

ਸਤਿਗੁਰ ਕੀ ਅਹੈ [1]ਨਦੇਸ਼ਾ ॥ ਨਹਿਂ ਕੁਛ ਮੇਰੋ [2]ਵਾਕ [3]ਨਰੇਸਾ ॥ ੧੧ ॥ ਸੁਨ ਬਚ ਹ੍ਵੈ ਸਿਵਨਾਭ [4]ਅਚੰਭਾ ॥ ਜਾਨੀ ਮਨ ਇਹੁ ਕਹਿਤ [5]ਅਦੰਭਾ ॥ ਇਸ ਕੋ ਮਿਲਿਯੋ ਗੁਰੂ [6]ਕੋ ਪੂਰਾ ॥ ਪਾਯੋ ਗਿਆਨ ਕੀਯੋ ਭ੍ਰਮ ਦੂਰਾ ॥ ੧੨ ॥ ਅਸ ਵਿਚਾਰ ਕਰ ਬੋਲਯੋ ਬਾਨੀ ॥ ਧੰਨ ਸ਼ਾਹ [7]ਸੁਮਤੇ ਗੁਨ ਖਾਨੀ ॥ ਕੌਨ ਗੁਰੂ [8]ਤਵ ਨਾਮ ਅਲਾਵਹੁ ॥ ਤਿਨਕੀ ਬਾਨੀ ਬਹੁਰ ਸੁਨਾਵਹੁ ॥ ੧੩ ॥ ਸੁਨ ਨਰੇਸ ਕੋ ਮਨਸੁਖ [9]ਬੈਨਾ ॥ ਕਹਿਓ ਨਾਮ ਸ੍ਰੀ ਗੁਰ ਗੁਨ ਐਨਾ ॥ ਸ੍ਰੀ ਨਾਨਕ ਸਭ [10]ਪਾਤਕ ਹਾਰੀ ॥ ਅਸ ਕਹਿ ਪ੍ਰੇਮ [11]ਬਢਿਓ ਉਰ ਭਾਰੀ ॥ ੧੪ ॥ ਚਲੇ ਨੈਨ ਤੇ [12]ਨੀਰ [13]ਅਧੀਰਾ ॥ ਗੁਰਬਾਨੀ [14]ਪਢ ਗੁਨੀ ਗਹੀਰਾ ॥ ਪਰਮ ਪ੍ਰੇਮ ਭੂਪਤ [15]ਉਪਜਾਵਾ ॥ ਦਰਸ਼ਨ ਕਰਨ ਹੇਤ [16]ਉਮਗਾਵਾ ॥੧੫॥ ਸੁਨ ਸ੍ਰੀ ਗੁਰ ਕੇ ਬਚਨ [17]ਅਨੂਪਾ ॥ ਮਨਸੁਖ ਸੋਂ ਬੋਲਿਓ ਤਬ ਭੂਪਾ ॥ ਮੁਝਕੋ ਦਰਸਨ ਦੇਹੁ ਕਰਾਈ ॥ ਕਰ ਉਪਕਾਰ [18]ਦੀਨ ਕੀ ਨਿਆਈ ॥ ੧੬ ॥ ਜਿਸ ਪ੍ਰਕਾਰ ਸ੍ਰੀ ਨਾਨਕ ਪੂਰਨ ॥ ਮਿਲਹਿਂ ਉਪਾਹੁ ਕਰਹੁ ਸੋ [19]ਤੂਰਨ ॥ [20]ਗਵਨੋਂ ਮੈਂ ਅਬ ਤੁਮਰੇ ਸੰਗਾ ॥ ਤਜ ਕਰ ਦੇਸ ਰਾਜ [21]ਸਰਬੰਗਾ ॥ ੧੭ ॥ ਕਰਕੈ ਦਰਸਨ ਭਰਮ ਮਿਟਾਵੋਂ ॥ ਲੇ ਉਪਦੇਸ਼ [22]ਪਰਮਪਦ ਪਾਵੋਂ ॥ ਜਿਨ ਕੇ ਬਚਨ [23]ਚੁਭੇ ਮਨ ਮੇਰੇ ॥ ਸਾਂਤ ਨ ਆਵਤ ਬਿਨ ਅਬ [24]ਹੇਰੇ ॥ ੧੮ ॥ [25]ਜਗਯੋ ਪ੍ਰੇਮ ਭੂਪਤ ਵਡਭਾਗੀ॥ [26]ਪਿਖ ਮਨਸੁਖ

---

੧ ਆਗਿਆ । ੨ ਬਚਨ । ੩ ਰਾਜਾ । ੪ ਅਸਚਰਜ । ੫ ਪਖੰਡ ਤੋਂ ਰਹਿਤ । ੬ ਕੋਈ ਪੂਰਾ ਗੁਰੂ । ੭ ਸ੍ਰਿਸ਼ਟ ਮਤ ਵਾਲੇ । ੮ ਤਿਸਦਾ ਨਾਮ ਕਥਨ ਕਰੋ । ੯ ਬਚਨ । ੧੦ ਪਾਪਾਂ ਦੇ ਹਰਨੇ ਵਾਲੇ ਹਨ । ੧੧ ਵਧਿਆ । ੧੨ ਜਲ । ੧੩ ਧੀਰਜ ਤੋਂ ਬਿਨਾਂ । ੧੪ ਪੜ੍ਹ ਕੇ । ੧੫ ਪ੍ਰੇਮ ਪੈਦਾ ਹੋ ਗਿਆ । ੧੬ ਉਤਸ਼ਾਹ । ੧੭ ਉਪਮਾਨਾਂ ਤੇ ਰਹਿਤ ਪ੍ਰੇਮ । ੧੮ ਗਰੀਬ ਦੀ ਨਿਆਈਂ । ੧੯ ਛੇਤੀ । ੨੦ ਚਲਦਾ ਹੈ । ੨੧ ਸਾਰਾ । ੨੨ ਵਾਹਿਗੁਰੂ । ੨੩ ਖੁਭੇ । ੨੪ ਦੇਖੇ ਦੇ ਬਿਨਾਂ । ੨੫ ਪ੍ਰੇਮ ਜਾਗਿਆ । ੨੬ ਦੇਖ ਕੇ ।

ਬੋਲਯੋ [1]ਅਨਰਾਗੀ ॥ ਅਸ ਪ੍ਰਕਾਰ ਨਹਿੰ ਕਰਹੁ [2]ਰਜਾਨਾ ॥ ਤਜ ਕਰ ਦੇਸ ਨ ਬਨਹਿ ਪਯਾਨਾ ॥ ੧੯ ॥ ਜੇ ਤੁਮ ਚਲਹੁ ਸੰਗ ਤਹਿ ਦੇਸਾ ॥ ਬਹੁ ਦਿਨ ਮਹਿ ਦਰਸਹਿੰ [4]ਜਗ ਤੇਸਾ ॥ ਇਹਾਂ ਪ੍ਰੇਮ ਕਰ ਚਿਤਵਹਿ ਮਨ ਮੈਂ ॥ ਦਰਸ਼ਨ ਦੇਖਹਿ [5]ਥੋਰਨ ਦਿਨ ਮੈਂ ॥ ੨੦ ॥ ਸ੍ਰੀ ਨਾਨਕ ਜੀ ਅੰਤਰਜਾਮੀ ॥ ਸਰਬ ਥਾਨ [6]ਗਯਾਤਾ ਜਗ ਸ੍ਵਾਮੀ ॥ ਪੂਰਨ ਪ੍ਰੇਮ [7]ਪੇਖ ਕਰ ਤੇਰਾ ॥ ਦਰਸ਼ਨ ਦੇਹਿੰ ਆਇ ਬਿਨ ਦੇਰਾ ॥ ੨੧ ॥ ਕਹਿਤ ਨ੍ਰਿਪਤ ਪਰਖੋਂ ਕਿਸ [8]ਭਾਤੀ ॥ ਮੁਝੈ ਬਤਾਵਹੁ [9]ਗੋਤ ਸੁ ਜਾਤੀ ॥ ਕਿਸ ਪ੍ਰਕਾਰ ਕੋ [10]ਬੇਖ ਸਰੀਰਾ ॥ ਕੌਨ ਨਗਰ ਰਹਿ ਗੁਨੀ ਗਹੀਰਾ ॥ ੨੨ ॥ ਸੁਨ ਮਨਸੁਖ ਨੇ ਬਚਨ ਉਚਾਰਾ ॥ ਤਿਨ ਕੋ ਪਰਖਨ [11]ਦੁਸਤਰ ਭਾਰਾ ॥ ਬੇਦੀ ਬੰਸ ਖੱਤਰੀ ਜਾਤੀ ॥ ਜਨਮ ਪੁਰੀ ਤਲਵੰਡੀ [12]ਖਯਾਤੀ ॥ ੨੩ ॥ ਕਿਰਤ ਕਰੀ ਕਛ ਪੁਰ ਸੁਲਤਾਨਾ ॥ ਅਬ ਤਜ ਦੀਨੋ ਮੋਦੀ ਖਾਨਾ ॥ ਬੇਖ [13]ਅਤੀਤਨ ਕਾ ਕਰ ਬੈਸੇ ॥ [14]ਸਾਂਗ ਕਰਤ [15]ਮਾਯਕ ਨਰ ਜੈਸੇ ॥ ੨੪ ॥ ਇਹ ਸਭ ਪਤੇ ਲੀਨ ਲਿਖ ਭੂਪਾ ॥ ਜਹਿੰ ਉਰ ਜਾਗਿਓ ਪ੍ਰੇਮ ਅਨੂਪਾ ॥ ਮਨਸੁਖ ਸੋਂ ਬੂਝੀ ਗੁਨਖਾਨੀ ॥ ਲਿਖੀ ਮਨੋਹਰ ਸ੍ਰੀ ਗੁਰਬਾਨੀ ॥ ੨੫ ॥ ਮਨਸੁਖ [16]ਬਨਜ ਸਰਬ ਕਰ ਲੀਨਾ ॥ ਗਮਨਿਓਂ ਨਿਕਟ ਭੂਪ [17]ਪਰਬੀਨਾ ॥ ਬੰਦ ਹਾਥ ਕਹਿ ਦੇਹੁ [18]ਨਦੇਸਾ ॥ ਚਲਯੋ ਚਹਿਤ ਹੌਂ ਅਬ ਨਿਜ ਦੇਸਾ ॥ ੨੬ ॥ ਸੁਨ ਭੂਪਤ ਨੇ ਕੀਨ ਸਨੇਹਾ ॥ ਜੈਸੇ ਕਰੈ ਜੀਹ ਸੰਗ ਦੇਹਾ ॥ ਕਹਿਤ ਭਯੋ ਉਪਕਾਰ ਸੁ ਤੇਰੋ ॥ ਜੇ [19]ਕ੍ਰਿਤਾਰਥ ਹ੍ਵੈ ਤਨ ਮੇਰੋ ॥ ੨੭ ॥ [20]ਦ੍ਰਿੜ੍ਹ ਨਿਸ਼ਚਾ ਰਾਖਹੁ ਮਨ

---

੧ ਪ੍ਰੇਮੀ ਹੋਕੇ। ੨ ਜਾਣਾ। ੩ ਚਲਣਾ। ੪ ਜਗਤ ਦਾ ਈਸ਼੍ਵਰ ਗੁਰੂ ਨਾਨਕ। ੫ ਥੋੜੇ ਦਿਨਾਂ ਵਿਚ। ੬ ਅੰਤਰਜਾਮੀ। ੭ ਦੇਖ ਕਰ। ੮ ਤਰ੍ਹਾਂ। ੯ ਅਲ। ੧੦ ਭੇਸ। ੧੧ ਕਠਨ। ੧੨ ਪ੍ਰਗਟ। ੧੩ ਫਕੀਰਾਂ ਵਾਲਾ। ੧੪ ਭੇਸ। ੧੫ ਮਾਇਆ ਦੇ। ੧੬ ਵਣਜ। ੧੭ ਚਤਰ। ੧੮ ਆਗਿਆ। ੧੯ ਕਲਿਆਨ। ੨੦ ਦ੍ਰਿੜ੍ਹ ਵਿਸ਼ਵਾਸ।

ਮਾਹੀਂ ॥ ਮਿਲਹਿ ਕ੍ਰਿਪਾਲ ਦੇਰ ਕਛ ਨਾਹੀਂ ॥ ਅਸ ਕਹਿ ਕਰੀ [੧]ਪਰਸਪਰ ਬੰਦਨ ॥ ਗਵਨਿਓਂ ਸਿਮਰਤ [੨]ਬਿਘਨ ਨਿਕੰਦਨ ॥ ੨੮ ॥ ਤਬਹਿ ਬਹੁਤ ਭੂਪਤ [੩]ਅਨਰਾਗਾ ॥ ਰੰਗਿਯੋ ਪ੍ਰੇਮ ਰੰਗ ਵਡਭਾਗਾ ॥ ਸੁਨਿਓਂ [੪]ਸ੍ਰੋਨ ਜੇ ਹੁਤੇ ਫਕੀਰਾ ॥ ਕੇਤਕ ਪਹੁੰਚੇ [੫]ਢਿਗ ਨ੍ਰਿਪ [੬]ਧੀਰਾ ॥ ੨੯ ॥ ਨਾਮ ਆਪਨੋ ਨਾਨਕ ਧਰਕੈ ॥ ਪੁਰ ਕੇ ਨਰਨ ਸੁਨਾਇ ਉਚਰਕੈ ॥ ਜਬ ਨਿਜ ਸ੍ਰੋਨ ਸੁਨਹਿ [੭]ਅਵਨੀ ਪਾ ॥ ਚਲ ਕਰ ਆਵਹਿੰ ਤਿਨਹਿੰ ਸਮੀਪਾ ॥ ੩੦ ॥ ਬੈਸਹਿ ਸੰਸੈ ਕੋ ਜਬ ਪੂਛੇ ॥ ਕਛ ਨ ਬਤਾਵਹਿੰ ਗਿਆਨਹਿ [੮]ਛੂਛੇ ॥ ਅਸਬਿਧ ਦੇਖ ਸੋਚ ਕਰ ਰਾਜਾ ॥ ਔਰ ਕੀਯੋ ਪਰਖਨ ਕੋ ਕਾਜਾ ॥ ੩੧ ॥ ਹੁਤੀ ਤਹਾਂ ਜੋ ਸੁੰਦਰ ਨਾਰੀ ॥ ਤਿਨ ਸੋ ਐਸੀ [੯]ਗਿਰਾ ਉਚਾਰੀ ॥ ਜੋ ਪੁਰ ਬਿਖੈ [੧੦]ਬਿਦੇਸੀ ਆਵੈ ॥ ਬੇਖ ਫਕੀਰ ਸੁ ਸੰਤ ਕਹਾਵੈ ॥ ੩੨ ॥ ਕਰਹੁ ਜਾਇ ਤੁਮ ਤਿਨਕੀ ਸੇਵਾ ॥ [੧੧]ਪੂਰਾ ਊਰ ਕੋ ਲਖੀਐ [੧੨]ਭੇਵਾ ॥ ਜਬ ਤੁਮ ਪੂਰਨ ਦੇਖਹੁ ਕੋਊ ॥ ਆਨ ਬਤਾਵਹੁ ਮੁਝ ਢਿਗ ਸੋਊ ॥ ੩੩ ॥ ਸੁਨ ਕਰ ਬਚਨ ਕਹੇ ਜੋ ਰਾਜਾ ॥ ਕਰਨ ਲਗੀ [੧੩]ਤ੍ਰਿਯ ਤੈਸੋ ਕਾਜਾ ॥ ਹਿੰਦੂ [੧੪]ਤੁਰਕ ਤਪੀ ਬ੍ਰਹਮਚਾਰੀ ॥ ਧਰਹਿੰ ਨ ਧੀਰਜ ਦੇਖਤ ਨਾਰੀ ॥ ੩੪ ॥ ਕਹੈਂ ਭੂਪ ਸੋਂ ਕੋਇ ਨ ਪੂਰਾ ॥ ਕੀਯੋ ਕਾਮ ਜਤ ਸਤ ਉਰ ਊਰਾ ॥ ਕਹਿ ਨ੍ਰਿਪ ਗੁਰੂ ਨਾਨਕਹਿ [੧੫]ਬਿਹੀਨਾ ॥ [੧੬]ਪੰਚ ਦੁਸਟ ਕੇ ਸਰਬ ਅਧੀਨਾ ॥ ੩੫ ॥ ਅਸ ਕਹਿ ਚਿਤਵ ਸਰੂਪ ਕ੍ਰਿਪਾਲਾ ॥ ਲੇਤ ਸ੍ਵਾਸ ਜੋ [੧੭]ਸੀਤ ਬਿਸਾਲਾ ॥ [੧੮]ਪੀਰੀ ਪਰ

---

੧ ਆਪਸ ਵਿਚ। ੨ ਵਿਘਨਾ ਦੇ ਕਟਣ ਵਾਲੇ। ੩ ਪ੍ਰੇਮ। ੪ ਕਨਾਂ। ੫ ਮਾਸ ੬ ਧੀਰਜ। ੭ ਰਾਜਾ। ੮ ਖਾਲੀ। ੯ ਬਾਣੀ। ੧੦ ਪ੍ਰਦੇਸੀ। ੧੧ ਪੂਰਨ ਤੇ ਪਾਲੀ। ੧੨ ਭੇਟਾ। ੧੩ ਇਸਤ੍ਰੀਆਂ। ੧੪ ਮੁਸਲਮਾਨ। ੧੫ ਬਿਨਾਂ। ੧੬ ਕਾਮ ਆਦਿਕ। ੧੭ ਠੰਡੇ ਸਵਾਸ ਲੈਂਦਾ ਹੈ। ੧੮ ਪੀਲਾਪਨ ਵਾ ਜ਼ਰਦੀ।

ਰਹੀ ਮੁਖ ਪਟਜਾ ਕੇ ॥ [1]ਮੋਚਤ ਜਲ ਦ੍ਵੈ ਲੋਚਨ ਤਾਂਕੇ ॥ ੩੬॥ ਅਸ ਜਬ [2]ਖੈਂਚ ਪ੍ਰੇਮ ਨੇ ਕੀਨੀ ॥ ਕ੍ਰਿਪਾ ਨਿਧਾਨ ਸਰਬ [3]ਗਤ ਚੀਨੀ ॥ ਚਿਤਵਿਓ ਤਹਿੰ ਕੋ ਕਰਨ ਨਿਹਾਲਾ ॥ ਕੀਨ ਜਾਸ ਕੋ ਪ੍ਰੇਮ [4]ਬਿਹਾਲਾ ॥ ੩੭ ॥

ਇਤਿ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥੇ ਪ੍ਰਿਥਮ ਮਹਿਲੇ ਮਨਸੁਖ ਸ਼ਿਵਨਾਭ ਮਿਲਨ ਪ੍ਰਸੰਗ ਬਰਨਨੰ ਨਾਮ ਜੁਗ ਤ੍ਰਿੰਸਤੋ ਮੰਦਰਹਿ ॥ ੩੨ ॥

ਦੋਹਿਰਾ ॥ ਦੇਸ ਨਾਹਰੂ ਸੁਮਤਦੇ [5]ਅਨਤ ਦੇਸ ਜਗਤੇਸ ॥
[6]ਗਵਨੇ ਪੂਰਨ ਕਾਮਨਾ ਜੋ ਸ਼ਿਵਨਾਭ [7]ਨਰੇਸ ॥ ੧ ॥

ਚੌਪਈ ॥ ਸ੍ਰੀ ਗੁਰੁ ਨਾਨਕ ਕੀਨ ਪਯਾਨਾ ॥ ਬਾਲਾ ਸੰਗ ਦੁਤੀਯ ਮਰਦਾਨਾ ॥ ਦੇ ਕਰ ਕਿਤਕ ਥਾਨ ਉਪਦੇਸਾ ॥ ਸਿਮਰਹੁ ਸੱਤਿਨਾਮ ਜਗਤੇਸਾ ॥ ੨ ॥ [8]ਗ੍ਰਾਮ ਨਗਰ ਸੁਤ [9]ਮਗ ਪ੍ਰਗਟਾਵਾ ॥ ਚਲਤ ਚਲਤ ਸਾਗਰ ਪੁਨ ਆਵਾ ॥ ਆਇ ਭਏ [10]ਠਾਂਢੇ ਤਹਿੰ [11]ਤੀਰ ॥ ਬੋਲੇ ਸ੍ਰੀ ਮੁਖ [12]ਵਾਕ [13]ਗੰਭੀਰ ॥ ੩ ॥ ਸੱਤਿਨਾਮ [14]ਪਠਹੋ ਮੁਖ ਆਛੇ ॥ ਆਵਹੁ ਗਵਨੇ ਹਮਰੇ ਪਾਛੇ ॥ ਅਸ ਕਹਿ ਸਾਗਰ ਖਰ ਗੁਨ ਖਾਨੀ ॥ ਚਲੇ ਜਾਤ ਜਿਉਂ [15]ਪੰਥ ਮਦਾਨੀ ॥ ੪ ॥ ਪਾਛੇ ਗੁਰ ਬਾਲਾ ਮਰਦਾਨਾ ॥ ਤਿਉਂ ਹੀ ਕਰ ਹੈਂ ਯੇਹ ਭੀ ਪਯਾਨਾ ॥ [16]ਭੀਗਯੋ ਕਹੂੰ ਨ ਜਲ ਸੋਂ ਚਰਨਾ ॥ [17]ਕਰਨਾ ਕੀਨੀ ਤਾਰਨ [18]ਤਰਨਾ ॥ ੫ ॥ ਜਾਹਿ ਪਹੂਚੇ ਥੋ ਇਕ ਟਾਪੂ ॥ ਨਾਮ ਜਪਾਯੋ [19]ਸੰਗਟ ਖਾਪੂ ॥ ਨਾਗਾ ਬੰਦਰ ਤਾਕੋ ਨਾਮਾ ॥ ਪੁਨ ਆਗੇ

੧ ਅਖਾਂ ਬੰਦ ਕਰ ਲਈਆਂ। ੨ ਖਿਚ। ੩ ਸਾਰੀ ਹਾਲਤ। ੪ ਦੁਖੀ। ੫ ਬੇਅੰਤ। ੬ ਚਲੇ। ੭ ਰਾਜਾ ਸ਼ਿਵਨਾਭ। ੮ ਪਿੰਡ ਸ਼ਹਿਰ। ੯ ਰਸਤਾ। ੧੦ ਖੜੇ। ੧੧ ਕਿਨਾਰਾ। ੧੨ ਬਚਨ। ੧੩ ਡੂੰਘੇ। ੧੪ ਉਚਾਰੋ। ੧੫ ਮਦਾਨ ਵਰਗਾ ਰਸਤਾ। ੧੬ ਭਿੱਜਾ। ੧੭ ਕਿਰਪਾ। ੧੮ ਜਹਾਜ਼ ਰੂਪ ਹਨ। ੧੯ ਭੀੜਾ ਦੂਰ ਹੋ ਗਈ।

ਗਵਨੇ ਸੁਖ ਧਾਮਾ ॥ ੬ ॥ ਹੁਤੋ ਦੇਸ ਜਹਿਂ ਸੰਗਲਾ ਦੀਪਾ ॥ ਪਹੁੰਚੇ ਤਾਂਕੇ ਜਾਇ [੧]ਸਮੀਪਾ ॥ ਰਾਜੇ ਕੇ ਅਰਾਧਨੇ ਕਰਕੈ ॥ ਗਏ ਦੇਸ ਤਹਿ [੨]ਭਾਵ ਬਿਚਰਕੈ ॥ ੭ ॥

ਦੋਹਿਰਾ ॥ ਤਹਿਂ ਨ੍ਰਿਪ ਕੋ [੩]ਉਪਬਨ ਹੁਤੋ [੪]ਸੁਸਕ [੫]ਖਰੋ ਜਹਿ ਬਾਨ॥
ਸ੍ਰੀ ਗੁਰ ਗਵਨੇ ਤਾਸ ਮਹਿਂ ਦਾਸਨ ਕੇ ਸੁਖ ਦਾਨ ॥ ੨ ॥

ਚੌਪਈ ॥ ਚਰਨ ਕਮਲ ਜਬ ਤਹਿਂ [੬]ਠਾ ਪਾਏ ॥ ਸੂਕੇ [੭]ਬਿਟਪ ਹਰੇ ਹ੍ਵੈ ਆਏ ॥ ਸੁੰਦਰ ਸਾਖਾ [੮]ਦਲ ਫਲ ਫੂਲਾ ॥ ਹੋਵਤ ਭਾ ਸਭ ਮਨ ਅਨਕੂਲਾ ॥ ੯ ॥ ਜਬੈ ਨਗਰ ਕੇ ਲੋਕਨ ਦੇਖਾ ॥ ਰਿਦੇ ਸਭਨ ਆਚਰਜ [੯]ਵਸੇਖਾ ॥ [੧੦]ਬਾਗ ਵਾਨ ਤਬ ਹੀ ਸੁਧ ਪਾਈ ॥ ਆਨ ਗੁਰੂ [੧੧]ਪਗ ਗ੍ਰੀਵ ਨਿਵਾਈ ॥ ੧੦ ॥ ਹਰਖ ਕੀਨ ਤਿਨ ਰਿਦੈ [੧੨]ਬਿਸਾਲਾ ॥ ਪੁਨ ਗਮਨਿਓਂ ਜਹਿਂ ਹੁਤੋ ਭੂਪਾਲਾ ॥ ਜਾਇ ਸਭਾ ਮਹਿਂ [੧੩]ਗਿਰਾ ਉਬਾਚੀ ॥ ॥ ਸੁਨਹੁ ਬਾਤ ਭੂਪਤ ਮਮ ਸਾਚੀ ॥ ੧੧ ॥ ਉੱਤਮ ਸੰਤ ਏਕ ਚਲ ਆਯੋ ॥ ਸੂਕੇ ਉਪਬਨ ਪਗ ਜਬ ਪਾਯੋ ॥ ਹਰਿਆ ਹੋਤ ਭਯੋ [੧੪]ਤਤ ਕਾਲਾ ॥ ਜਹਿਂ ਕੋ ਦਰਸਨ ਕਰਤ ਨਿਹਾਲਾ ॥ ੧੨ ॥ ਦ੍ਵੈ ਚੇਲੇ ਹੈਂ ਤਾਂਕੇ ਸੰਗਾ ॥ ਚਲਹੁ ਨਿਕਟ ਤਹਿਂ ਧਾਰ ਉਮੰਗਾ ॥ ਸੁਨਤ ਸ੍ਰੋਨ ਭੂਪਤ ਹਰਖਾਯੋ ॥ [੧੫]ਮੰਤ੍ਰੀ ਅਪਨੋ [੧੬]ਨਿਕਟ ਬੁਲਾਯੋ ॥ ੧੩ ॥ ਤਹਿਂ ਕੇ ਸੰਗ ਕਹੀ ਇਵ ਬਾਨੀ ॥ ਜਾਵਹੁ ਨਿਕਟ ਸੰਤ ਸੁਖਦਾਨੀ ॥ ਕਰਹੁ ਪਰਖ ਭਲ ਬਿਧ ਲਿਹੁ ਚੀਨਾ ॥ ਜੇ ਸ੍ਰੀ ਨਾਨਕ ਆਗਮ ਕੀਨਾ ॥ ੧੪ ॥ ਪਰਸਰਾਮ ਸੁਨ ਬਚ [੧੭]ਅਵਨੀ ਪਾ ॥ ਸੁੰਦਰ ਭੋਜਨ ਲੀਨ ਸਮੀਪਾ ॥ ਗਮਨਯੋ ਉਪ

---

੧ ਨਜ਼ਦੀਕ । ੨ ਪ੍ਰੇਮ । ੩ ਬਾਗ । ੪ ਸੁਕਾ । ੫ ਖੜਾ ।
੬ ਜਗ੍ਹਾ । ੭ ਦਰਖਤ । ੮ ਪਤੇ। ੯ ਸ੍ਰਿਸ਼ਟ । ੧੦ ਮਾਲੀ
੧੧ ਚਰਨਾਂ ਤੇ ਗਰਦਨ ਨਿਵਾਈ । ੧੨ ਬਹੁਤ । ੧੩ ਬਾਣੀ ਨਹੀਂ ।
੧੪ ਸੀਘਰ । ੧੫ ਵਜੀਰ । ੧੬ ਪਾਸ । ੧੭ ਰਾਜੇ ਦਾ ।

ਬਨ ਕੇ ਤਤਕਾਲਾ ॥ ਜਹਾਂ ਬਿਰਾਜਤ ਦੀਨ ਦਯਾਲਾ ॥ ੧੫ ॥
ਕੀਨ ਬੰਦਨਾ ਦ੍ਵੈ ਕਰ ਜੋਰੀ ॥ ਆਗੈ ਭੋਜਨ ਧਰਿਓ [1]ਬਹੋਰੀ ॥ ਨ੍ਰਿਪਤ ਪਠਯੋ ਹੈ ਕਰਹੁ [2]ਅਹਾਰਾ ॥ ਸੁਨ ਸ੍ਰੀ ਨਾਨਕ ਸਬਦ ਉਚਾਰਾ ॥ ੧੬ ॥

ਸ੍ਰੀ ਰਾਗੁ ਮਹਲਾ ੧ ॥ ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ ॥ ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ ॥ ਛਤੀਹ ਅੰਮ੍ਰਿਤ ਭਾਉ ਏਕੁ ਜਾਕਉ ਨਦਰ ਕਰੇਇ ॥ ੧ ॥ ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ ੧ ॥ ਰਹਾਉ ॥

ਚੌਪਈ ॥ ਸੁਨ ਕੈ ਬਚ [3]ਮੰਤ੍ਰੀ [4]ਬਿਸਮਾਨਾ ॥ ਬਹੁਰੋ ਗਮਨਯੋ ਨਿਕਟ [5]ਰਜਾਨਾ ॥ ਜਾਇ ਸਭੈ ਉਚਰਿਓ [6]ਬਿਰਤੰਤਾ ॥ [7]ਸਾਦ [8]ਅਸਨ ਤੇ [9]ਬ੍ਰਿਕਤੀ ਸੰਤਾ ॥ ੧੭ ॥ ਭੂਪਤ ਭਾਖਤ ਸੁੰਦਰ ਨਾਰੀ ॥ ਲੇ ਜਾਵਹੁ ਤਿਹ ਸੰਤ ਅਗਾਰੀ ॥ ਸੁਨਤ [10]ਸਚਵ ਲੈ ਬੇਸਿਆ ਸੰਗਾ ॥ ਜਿਨਹਿੰ ਬਿਲੋਕੇ ਲਜਤ [11]ਅਨੰਗਾ ॥ ੧੮ ॥ ਆਇ ਸਮੀਪ ਕਰੀ [12]ਨ੍ਰਿਤਕਾਰੀ ॥ ਕਹੈ ਮੰਤਰੀ ਭੇਟ ਤੁਮਾਰੀ ॥ [13]ਪਠੀ ਭੂਪ ਹਿਰਦਾ [14]ਹੁਲਸਾਵਨ ॥ ਸੁਨ ਬੋਲੇ ਜਿਨ [15]ਕੀਰਤ ਪਾਵਨ ॥ ੧੯ ॥

ਦੋਹਿਰਾ॥ਇਹ [16]ਬਿਖ ਭਰੀਆਂ ਗੰਦਲਾਂ [17]ਧਰੀਆਂ [18]ਖੰਡਲਿਵਾੜ॥
ਸੁੰਦਰ ਰੂਪ ਅਪਾਰ ਹੈ ਦੇਤੀ ਜਨਮ ਵਿਗਾੜ ॥ ੨੦ ॥

ਚੌਪਈ ॥ ਬਾਸਨ ਦੁਰਗੰਧਾ ਕੋ ਦੇਹੀ ॥ ਇਨਹਿ

---

੧ ਮੁੜਕੇ । ੨ ਭੋਜਨ । ੩ ਵਜ਼ੀਰ । ੪ ਅਸਚਰਜ । ੫ ਰਾਜਾ । ੬ ਹਾਲ ੭ ਸਵਾਦ । ੮ ਭੋਜਨ । ੯ ਬ੍ਰਿਕਤ ਵਾਨ । ੧੦ ਵਜ਼ੀਰ । ੧੧ ਕਾਮਦੇਵ ਵੇਖਦਿਆਂ ਭੀ ਲਜਾਇਮਾਨ ਹੁੰਦਾ ਹੈ । ੧੨ ਹਾਉ ਭਾਉ । ੧੩ ਭੇਜੀ । ੧੪ ਪ੍ਰਸੰਨ ਕਰਨ ਵਾਸਤੇ । ੧੫ ਜਸ ਪਵਿਤਰ । ੧੬ ਵਿਸ਼ੇ ਭਰੀਆਂ । ੧੭ ਇਸਤ੍ਰੀਆਂ ਗੰਦਲਾਂ ਦੇ ਨਿਆਈਂ । ੧੮ ਖੰਡ ਵਰਗਾ ਉਪਰਲਾ ਰੂਪ ਸੋਹਣਾ ਹੈ ।

[1]ਸਪਰਸੈ ਹ੍ਵੈ ਸੁ [2]ਸਨੇਹੀ ॥ ਇਹ [3]ਠਾਂ ਜਨਮ ਭ੍ਰਸ਼ਟ ਤਿਨ [4]ਕੇਰਾ ॥ ਮੂਏ ਨਰਕ ਨਹਿੰ ਜਮ ਦਿਹਿ [5]ਗੇਰਾ ॥ ੨੧ ॥ ਸੁਨ ਮੰਤ੍ਰੀ ਕਰ ਬੰਦਨ ਗਯੋ ॥ ਨ੍ਰਿਪ ਸੋਂ ਸਭ ਬਿਧ ਭਾਖਤ ਭਯੋ ॥ [6]ਦੋਖ ਅਰੋਪਤ ਇਨ ਕੇ ਮਾਹੀ ॥ ਅਪਨੇ [7]ਅੰਗ ਸਪਰਸਤ ਨਾਹੀ ॥ ੨੨ ॥ ਪਰਸਰਾਮ ਸੋਂ ਕਹਿ ਅਵਨੀ ਪਾ ॥ ਅਬ ਕੇ ਬਹੁਰੋ ਜਾਇ ਸਮੀਪਾ ॥ ਸੁੰਦਰ [8]ਭੂਖਨ [9]ਬਸਨ ਸੁਹਾਏ ॥ ਦੇਵਹੁ ਤਿਨ ਜੇ ਮਨ ਲਲਚਾਏ ॥ ੨੩ ॥ ਲੇ ਮੰਤ੍ਰੀ ਭੂਖਨ [10]ਪਟ [11]ਰੂਰੇ ॥ ਆਇ ਧਰੇ ਆਗੈ ਗੁਰ ਪੂਰੇ ॥ ਲੇਹੁ ਭੇਟ ਇਹੁ ਭੂਪ [12]ਪਠਾਈ ॥ ਦੇਖਤ ਸ੍ਰੀ ਗੁਰ ਗਿਰਾ ਅਲਾਈ ॥ ੨੪ ॥

ਸਬਦ—ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ ॥ ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ ॥ ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ ॥ ੧ ॥ ਬਾਬਾ ਹੋਰ ਪੈਨਣ ਖੁਸੀ ਖੁਆਰੁ ॥ ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ ੧ ॥ ਰਹਾਉ ॥

ਚੌਪਈ ॥ ਕਾਯਾ ਆਦ ਕੱਪੜ ਹੈਂ ਕੂੜੇ ॥ ਇਨ ਬਿਲੋਕ ਭੂਲਤ ਹੈਂ ਮੂੜੇ ॥ ਹਮਰੇ ਏ ਨਹਿੰ ਕਿਸਹੂ ਕਾਜਾ ॥ ਜਾਇ ਦੀਜੀਏ ਆਪਨ ਰਾਜਾ ॥ ੨੫ ॥ ਸੁਨ ਮੰਤ੍ਰੀ [13]ਗਾ ਨਿਕਟ ਰਜਾਨਾ ॥ ਅਸ ਪ੍ਰਕਾਰ ਮੁਖ ਬਚਨ ਬਖਾਨਾ ॥ ਉੱਤਮ ਸੰਤ ਸੁਸੀਲ ਉਦਾਰਾ ॥ ਕਛੂ ਨ ਲੇਵਤ [14]ਪਠਿਓ ਤੁਮਾਰਾ ॥ ੨੬ ॥ ਚਲਹੁ ਆਪ ਤਹਿੰ ਦਰਸਨ ਕੀਜੈ ॥ ਸ੍ਰੀ ਨਾਨਕ ਕੌ ਪਰਖ ਪਤੀਜੈ ॥ ਸੁਨਤ ਸੁਮਤ ਕੇ ਭੂਪਤ ਬੈਨਾ ॥ ਨਿਸਚਾ ਭਯੋ ਰਿਦੈ ਸੁਖ ਦੈਨਾ ॥ ੨੭ ॥ ਤੱਦਪ ਇਕ

---

੧ ਮਿਲਣੇ ਕਰਕੇ। ੨ ਪ੍ਰੇਮੀ। ੩ ਥਾਂ। ੪ ਦਾ। ੫ ਦੇਹ ਨੂੰ ਸੁਟ ਦੇਂਦੇ ਹਨ। ੬ ਇਨ੍ਹਾਂ ਦੇ ਵਿਚ ਦੋਸ਼ ਹੈ। ੭ ਪਾਸ। ੮ ਗਹਿਣੇ। ੯ ਕਪੜੇ ਸੋਭਨੀਕ। ੧੦ ਕਪੜੇ। ੧੧ ਸੁੰਦਰ। ੧੨ ਭੇਜੀ। ੧੩ ਗਿਆ। ੧੪ ਤੁਹਾਡਾ ਭੇਜਿਆ ਹੋਇਆ।

[੧]ਨਿਸ ਲਿਉਂ [੨]ਪਤੀਆਰਾ ॥ [੩]ਪੰਥ ਕਰੋ ਪੁਨ ਅੰਗੀਕਾਰਾ ॥ ਬਹੁ ਸੁੰਦਰ [੪]ਪਰਯੰਕ ਪਠਾਏ ॥ ਸੇਵਨ ਹਿਤ ਸੇਵਕ ਤਬ ਆਏ ॥ ੨੮ ॥ ਰੈਨ ਭਏ [੫]ਪਦਮਨ ਬੁਲਵਾਈ ॥ ਭੂਪਤ ਤਹਿੰ ਸੋਂ ਗਿਰਾ ਅਲਾਈ ॥ ਸੁੰਦਰ [੬]ਸਖੀਆਂ ਲੇਕਰ ਸੰਗਾ ॥ ਤਾਹਿ ਸੰਤ ਉਪਜਾਹੁ [੭]ਅਨੰਗਾ ॥ ੨੯ ॥ ਤਿਨ ਪੁਨ ਨਵ ਸਤ ਕੀਨ ਸ਼ਿੰਗਾਰਾ ॥ ਸੰਤ ਰੈਨ ਅਬ ਕਹੁ ਪਰਕਾਰਾ ॥ ਕਵਨ ਸ਼ਿੰਗਾਰ ਸੋਲਹਿ ਸਭ ਕਹੀਯੇ ॥ ਕਹਿ ਕਵਿ ਨਿਰਨੇ ਯੁਤ ਸੁਨ ਲਹੀਯੈ ॥ ੩੦ ॥ [੮]ਦੰਤ ਭਾਨ ਮੱਜਨ ਪੁਨ [੯]ਬਟਨਾ ॥ [੧੦]ਕਰ ਪਦ ਰੰਗ [੧੧]ਬਸਨ ਸੂੱਹ ਪਟਨਾ ॥ [੧੨]ਕੇਸ ਸ਼ੋਭ ਪੁਨ [੧੩]ਅੰਗ ਸੁਗੰਧ ॥ [੧੪]ਭੂਖਨ ਸਜੈ ਪਾਨ [੧੫]ਮੁਖ ਗੰਧ ॥ ੩੧ ॥ [੧੬]ਅਧਰ ਰਕਤ [੧੭]ਨੈਨ ਮੈਂ ਧਾਰਾ ॥ [੧੮]ਚੱਖਯ ਕਟਾਖਯ [੧੯]ਬੋਲ ਮਿਠ ਸਾਰਾ ॥ ਮੰਦ [੨੦]ਮੁਸਕਨਾ [੨੧]ਚਤਰ ਬਹੂਰੀ ॥ [੨੨]ਹਸਤ ਗਾਮਨੀ [੨੩]ਪਤਿਬ੍ਰਤ ਪੂਰੀ ॥ ੩੨ ॥ ਖੋੜਸ ਅਸ ਸੀਗਾਰ ਬਨਾਈ॥ਉਪਬਨ ਮਹਿੰ ਤਬ ਤਤ ਛਿਨ ਆਈ ॥ ਕਰ [੨੪]ਕਟਾਖ ਗੁਰ [੨੫]ਓਰ ਨਿਹਾਰੀ ॥ [੨੬]ਮਧੁਰ [੨੭]ਮ੍ਰਿਦੁਲ ਮੁਖ [੨੮]ਗਿਰਾ ਉਚਾਰੀ ॥ ੩੩ ॥ ਕ੍ਰਿਪਾ ਸਿੰਧ

---

੧ ਰਾਤੀ। ੨ ਪਤਯਾਵਣਾ। ੩ ਮਜ਼ਬ ਵਾ ਮਤ। ੪ ਪਲੰਘ। ੫ ਇਸਤ੍ਰੀਆਂ ਸੁੰਦਰ। ੬ ਇਸਤ੍ਰੀਆਂ। ੭ ਕਾਮ ਨੂੰ ਪੈਦਾ ਕਰੋ। ੮ [illegible]ਲਾਂ ਪ੍ਰਕਾਰ ਦਾ ਸ਼ਿੰਗਾਰ ਦਾਤਨ ਅੰਗਾਂ ਦੀ ਪਵਿਤ੍ਰਤਾ ਰਖਣੀ। ੯ ਬਟਨਾ ਆਦਿਕ ਮਲਨਾ। ੧੦ ਹਥਾਂ ਪੈਰਾਂ ਵਿਚ ਮਹਿੰਦੀ। ੧੧ ਸੂਹੇ ਬਸਤ੍ਰ ਪਹਿਰਨੇ। ੧੨ ਕੇਸਾਂ ਦੀਆਂ ਪਟੀਆਂ ਸਵਾਰਨੀਆਂ। ੧੩ ਅੰਗਾਂ ਪਰ ਸੁਗੰਧੀਆਂ, ਚੰਦਨ, ਕੇਸਰ ਆਦਿਕ ਦਾ ਮਲਨਾ। ੧੪ ਅੰਗਾਂ ਮੇਂ ਅਨੇਕ ਪ੍ਰਕਾਰ ਦੇ ਸੋਹਣੇ ਸੋਹਣੇ ਗਹਿਣੇ ਪਹਿਰਨੇ। ੧੫ ਲਾਚੀ, ਪਾਨ ਆਦਿਕ ਸੇ ਮੂੰਹ ਸ਼ੁਭ ਵਾਸ਼ਨਾ ਵਾਲਾ ਬਨਾਉਣਾ। ੧੬ ਬੁਲ੍ਹਾਂ ਅਤੇ ਦੰਦਾਂ ਵਿਚ ਅਰਥ ਸੁਰਖ ਸਿਆਹ ਮਿਸੀ ਮਲਣੀ। ੧੭ ਅਖਾਂ ਵਿਚ ਚੰਚਲਤਾਈ ਸੇ ਕਟਾਖਯ ਕਰਕੇ ਟੇਡਾ ਦੇਖਣਾ। ੧੮ ਅਖਾਂ ਵਿਚ ਕਜਲ ਆਦਿਕ ਪਾਕੇ ਸੁੰਦਰ ਕਰਨੇ। ੧੯ ਮੂੰਹ ਤੋਂ ਮਿਠੇ ਬਚਨ ਬੋਲਣੇ। ੨੦ ਪ੍ਰਸੰਨ ਬਦਨ ਸੇ ਸੁੰਦਰ ਹਸਣਾ। ੨੧ ਚਾਤਰੀ ਮਨ ਵਿਚ ਬਹੁਤ ਕਰਕੇ ਚਤਰਾਈ ਸੰਯੁਕਤ ਹੋਣਾ। ੨੨ ਹਾਥੀ ਵਾਂਗੂੰ ਮਸਤ ਤੁਰਨਾ। ੨੩ ਖਿਨ ਖਿਨ ਵਿਚ ਪਤਿਬਰਤ ਦੀ ਪਾਲਨਾ ਕਰਨੀ। ੨੪ ਅਖਾਂ। ੨੫ ਤਰਫ ਦੇਖੀਆਂ। ੨੬ ਮਿਠੀ। ੨੭ ਕੋਮਲ। ੨੮ ਬਾਣੀ।

ਕਰ ਕ੍ਰਿਪਾ ਬਿਸਾਲਾ ॥ ਪੂਰਹੁ ਸਰਧਾ ਕਰਹੁ ਨਿਹਾਲਾ ॥ ਅਸ ਬਾਨੀ ਜਬ ਭਨੀ ਅਧੀਨਾ ॥ ਬੋਲੇ ਸ੍ਰੀ ਗੁਰ ਗੁਨੀ ਪ੍ਰਬੀਨਾ ॥੩੪॥ ਸਤਿਨਾਮ ਸਿਮਰਹੁ ਸੁਖ ਭਾਰੀ ॥ ਸਫਲ ਜਨਮ ਕਰ ਲਿਹੁ ਇਹੋ ਬਾਰੀ ॥ ਬਿਸੈ [1]ਸਾਦ ਮਹਿੰ [2]ਬੇਸ ਨ ਖੋਵਹੁ ॥ ਹਰ ਕੋ ਭਜਹੁ ਮੁਕਤ ਸਭ ਹੋਵਹੁ ॥ ੩੫ ॥

ਸ੍ਰੀ ਮੁਖ ਵਾਕ—ਆਸਾ ਮਹਲਾ ੧ ॥ ਮਨੁ ਮੋਤੀ ਜੇ ਗਹਿਣਾ ਹੋਵੈ ਪਉਣੁ ਹੋਵੈ ਸੂਤਿ ਧਾਰੀ ॥ ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ ॥ ੧ ॥ ਲਾਲ ਬਹੁ ਗੁਣਿ ਕਾਮਣਿ ਮੋਹੀ ॥ ਤੇਰੇ ਗੁਣ ਹੋਹਿ ਨ ਅਵਰੀ ॥ ੧ ॥ ਰਹਾਉ ॥ ਹਰਿ ਹਰਿ ਹਾਰ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ ॥ ਕਰਿ ਕਰਿ ਕਰਤਾ ਕੰਗਨਾ ਪਹਿਰੈ ਇਨ ਬਿਧਿ ਚਿਤੁ ਧਰੇਈ ॥ ੨ ॥ ਮਧੁ ਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ ॥ ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀ ਰੰਗੁ ਸੁਰਮਾ ਦੇਈ ॥ ੩ ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ ॥ ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ ॥ ੪ ॥

ਚੌਪਈ ॥ ਸੁਨ ਕਰ ਸ੍ਰੀ ਗੁਰ ਬਚਨ [3]ਰਸਾਲਾ ॥ [4]ਬਿਸੇ ਬਾਸਨਾ ਤਜ ਤਿਸ ਕਾਲਾ ॥ [5]ਪਾਨ ਜੋਰ ਨਿਜ ਭੁਲ ਬਖਸ਼ਾਈ ॥ ਨਾਮ ਦਾਨ ਦੇ ਵਿਦਾ ਕਰਾਈ ॥ ੩੬ ॥

ਇਤਿ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥੇ ਪ੍ਰਿਥਮ ਮਹਿਲੇ ਸੰਗਲਾ ਦੀਪ ਪ੍ਰਵੇਸ਼ ਪ੍ਰਸੰਗ ਬਰਨਨੰ ਨਾਮ ਤੇਤੀਸਮੋਂ ਮੰਦਰਹਿ ॥ ੩੩ ॥

ਦੋਹਿਰਾ ॥ ਨਿਸਾ ਬਿਤੀ ਜਬ ਭੋਰ ਭਾ [6]ਪਦਮਨ ਸ਼ਖੀਆਂ ਸੰਗ ॥
ਚਲ ਆਈ ਭੂਪਾਲ ਕੇ ਕਹਿਨ ਹੇਤ ਪਰਸੰਗ ॥ ੧ ॥

---

੧ ਸ੍ਵਾਦ ਵਿਚ। ੨ ਉਮਰਾ ਨਾ ਖਰਾਬ ਕਰੋ। ੩ ਸੁੰਦਰ। ੪ ਵਿਸ਼ੇ ਦੀ ਵਾਸ਼ਨਾ। ੫ ਹਥ ਜੋੜ ਕੇ। ੬ ਇਸਤ੍ਰੀਆਂ।

ਚੌਪਈ ॥ ਨ੍ਰਿਪਤ [1]ਬਿਲੋਕਤ ਬਚਨ ਬਖਾਨਾ ॥ ਕਹੋ ਸੰਤ ਨਿਸ ਕਸ ਪਹਿਚਾਨਾ ॥ ਸ੍ਰਬ [2]ਅੰਗਨਾ ਮੈਂ ਜੋ [3]ਪ੍ਰਧਾਨਾ ॥ ਸੋ ਬੋਲੀ ਹੇ ਸੁਨ ਰਾਜਾਨਾ ॥ ੨ ॥ ਪੂਰਬ ਬਹੁ ਫਕੀਰ ਜੋ ਆਏ ॥ ਦੇਖ ਰੂਪ [4]ਤੀਯ ਸਕਲ ਲੁਭਾਏ ॥ ਇਨਕੇ ਤਨ ਕੋ [5]ਤਨਕ ਨ ਪਰਸੇ ॥ ਰਹੇ ਅਡੋਲ ਸਿ [6]ਕੰਚਨ ਗਿਰ ਸੇ ॥ ੩ ॥ ਕ੍ਰਿਪਾ ਦ੍ਰਿਸਟ ਪੁਨ ਹਮ ਪਰ ਕੀਨੀ ॥ ਹਰ ਸਿਮਰਨ ਕੇ ਰਸ [7]ਮਤ ਭੀਨੀ ॥ ਪੂਰਬ ਜਨਮ ਕਰਮ ਹਮ ਜਾਗੇ ॥ ਤੌ ਅਸ ਗੁਰ [8]ਭੇਟੇ ਵਡਭਾਗੇ ॥ ੪ ॥ ਬਿਸੈ ਭੋਗ ਬਿਸਟਾ ਕੀ ਨਿਆਈਂ ॥ ਦੁਰਗੰਧਤ ਸੋ ਹਮੈਂ ਨ ਭਾਈ ॥ ਰਿਦੈ ਸ਼ਾਂਤ ਪ੍ਰਾਪਤ ਸਭ ਭਾਂਤੀ ॥ ਸੁਨਤ ਬਚਨ ਭੀ [9]ਸੀਤਲ ਛਾਤੀ ॥ ੫ ॥ ਤਬ ਭੂਪਤ ਮਨ ਮੈਂ ਹਰਖਾਨਾ ॥ ਹੈ ਇਹੁ ਸਹੀ ਨਾਨਕ [10]ਗਤ ਦਾਨਾ ॥ ਇਨ ਬਿਨ ਕਲ ਮਹਿੰ ਕੋਇ ਨ ਪੂਰਨ ॥ ਅਸ ਵਿਚਾਰ ਗਮਨਯੋ ਤਬ [11]ਤੂਰਨ ॥ ੬ ॥ [12]ਪਗ ਨੰਗੇ ਕਰ ਪ੍ਰੇਮ ਸੁ [13]ਗਾਢੇ ॥ ਗਯੋ ਸੁ ਗੁਰ [14]ਤਰਵਰ [15]ਤਰ ਠਾਢੇ ॥ [16]ਪੀਠ ਕਰੇ ਭੂਪਤ ਕੀ [17]ਓਰਾ ॥ ਤਨਕ ਨ ਚਿਤਵਨ ਹਿਤ ਮੁਖ ਮੋਰਾ ॥ ੭ ॥ ਕੀਨ ਡੰਡੌਤ ਭੂਪ ਬਿਧ ਨੀਕੀ ॥ ਵਧੀ ਚਰਨ ਪਰ ਸਰਧਾ ਹੀ ਕੀ ॥ ਬੰਧ ਹਾਥ ਹੋਇਓ ਪੁਨ [18]ਠਾਂਢਾ ॥ ਡੋਲਿਓ ਰਿਦੈ ਨ ਨਿਸਚਾ ਗਾਢਾ ॥ ੮ ॥ ਜਬ ਇਉਂ ਬੀਤੇ [19]ਜਾਮ ਅਢਾਈ ॥ ਤਬ ਬੋਲੇ ਸ੍ਰੀ ਮੁਖ ਮੁਕਸਾਈ ॥ ਹੇ ਭੂਪਤ ਕਹੁ ਮਨ ਅਭਲਾਖਾ ॥ [20]ਖਰੋ ਹੋਨ ਜਾਂਤੇ ਪ੍ਰਨ ਰਾਖਾ ॥ ੯॥ ਪ੍ਰੇਮ ਬਿਖੈ ਭੀ ਗਦ ਗਦ ਬਾਨੀ ॥ ਭਨਤ ਬਿਨੈ ਉਸਤਤ ਪਦ [21]ਸਾਨੀ ॥ ਜਨਮ ਧੰਨ ਵਡਭਾਗ ਹਮਾਰੇ ॥ ਜਾਂਤੇ

---

੧ ਦੇਖਦਿਆਂ। ੨ ਇਸਤ੍ਰੀਆਂ। ੩ ਮੁਖੀ। ੪ ਇਸਤ੍ਰੀ ਦਾ। ੫ ਰੰਚਕ ਭਰ। ੬ ਸੋਨੇ ਦੇ ਪਹਾੜ। ੭ ਪ੍ਰੇਮ ਵਿਚ ਮਤ ਭਿਜੀ ਹੋਈ। ੮ ਮਿਲੇ। ੯ ਛਾਤੀ ਠੰਡੀ। ੧੦ ਮੁਕਤੀ। ੧੧ ਛੇਤੀ। ੧੨ ਨੰਗੇ ਪੈਰੀਂ। ੧੩ ਇਸਥਿਤ। ੧੪ ਦਰਖਤ। ੧੫ ਤਲੇ ਖੜੇ। ੧੬ ਪਿਠ। ੧੭ ਤਰਫ। ੧੮ ਖੜਾ। ੧੯ ਅਢਾਈ ਪਹਿਰ। ੨੦ ਖੜੇ ਹੋਣ ਦਾ ਪ੍ਰਣ ਰਖਿਆ ਹੈ। ੨੧ ਮਿਲੀ ਹੋਈ।

ਦਰਸਨ ਭਏ ਤੁਮਾਰੇ ॥ ੧੦ ॥ ਕਹਿ ਇਉਂ ਚਾਰ ਪ੍ਰਦੱਖਨਾ ਦੀਨੀ ॥ ਚਰਨ ਕਮਲ ਪਰ ਬੰਦਨ ਕੀਨੀ ॥ ਸਰਬ ਭਾਂਤ ਮੁਝ ਦਾਸ ਜਨੀਜੈ ॥ ਚਲ ਕਰ [੧]ਭਵਨ ਪੁਨੀਤ ਕਰੀਜੈ ॥ ੧੧ ॥ ਪੂਰਬ ਧਰਮਸਾਲ ਬਨਵਾਵਹੁ ॥ ਬਹੁਰ ਆਇ ਹਮ ਕੋ ਲੇ ਜਾਵਹੁ ॥ ਸੁਨ ਕਰ ਭੂਪਤ ਸਦਨ ਸਿਧਾਯੋ ॥ ਕਹਿਯੋ ਜੁ ਗੁਰ ਸੁ ਅਰੰਭ ਕਰਾਯੋ ॥ ੧੨ ॥ [੨]ਬੇਢੀ ਬਹੁ ਨਰ ਲਾਇ ਭੂਵਾਲਾ ॥ ਰਚੀ ਧਰਮਸਾਲਾ ਤਤਕਾਲਾ ॥ [੩]ਮ੍ਰਿਗ ਮਦ ਚੰਦਨ ਅਗਰ ਕਪੂਰਾ ॥ ਲੇਪਨ ਕੀਨ [੪]ਭੀਤ ਕਹੁ [੫]ਰੂਰਾ ॥੧੩॥ ਬਹੁ ਸੁੰਦਰ ਤਹਿ [੬]ਦਰ ਬਨਵਾਏ ॥ ਭਾਂਤ ਅਨੇਕ [੭]ਬਿਛੌਨਾ ਛਾਏ ॥ ਸੁਠੰ [੮]ਪ੍ਰਯੰਕ ਇਕ ਤਹਾਂ ਡਸਾਯੋ ॥ ਊਪਰ [੯]ਰੁਚਰ ਬਿਛੌਨ ਬਿਛਾਯੋ ॥ ੧੪ ॥ ਅਸ ਪ੍ਰਕਾਰ ਕੀ ਰਚਨਾ ਕਰਕੈ ॥ ਗਮਨਜੋਂ ਭੂਪਤ ਭਾ ਉਰ ਧਰਕੈ ॥ ਜਬ ਆਵਾ ਉਪ ਬਨ ਕੇ ਮਾਹੀਂ ॥ ਸ੍ਰੀ ਨਾਨਕ ਤਹਿ ਦੇਖੇ ਨਾਹੀਂ ॥ ੧੫ ॥ ਪਰਖਨ ਭਾਉ ਭੂਪ ਗਤ ਦਾਨਾ ॥ ਭਏ ਕਾਲ ਤਹਿੰ ਅੰਤਰ ਧਿਆਨਾ ॥ ਬਿਨਾ [੧੦]ਬਿਲੋਕੇ ਬਿਹਬਲ [੧੧]ਰਾਊ ॥ ਧਰਨ ਗਿਰਿਓ ਤਨ ਸੁਧ ਨਹਿੰ ਕਾਊ ॥ ੧੬ ॥ [੧੨]ਸ੍ਵੇਦ ਅੰਗ ਪੁਨ ਲੋਚਨ ਨੀਰਾ ॥ ਲਗੀ [੧੩]ਮਿਰਤਕਾ ਸਗਲ ਸਰੀਰਾ ॥ ਗੁਰ [੧੪]ਬਿਓਗ ਮਹਿੰ ਮੂਰਛਾ ਖਾਈ ॥ ਦੇਖ ਪ੍ਰੇਮ ਪ੍ਰਗਟੇ ਜਗਰਾਈ ॥ ੧੭ ॥ [੧੫]ਮੰਦ ਮੰਦ ਕਰ ਪੌਨ [੧੬]ਝੁਲਾਵਾ ॥ [੧੭]ਪੌਛ ਬਦਨ ਜਲ ਫੂਲ ਚਵਾਵਾ ॥ ਭੀ ਤਨ ਕੀ

---

੧ ਮੰਦਰ। ੨ ਮਜ਼ਦੂਰ। ੩ ਹਰਨ ਮਦ ਨਾਮ ਕਸਤੂਰੀ। ੪ ਕੰਧਾ। ੫ ਸੁੰਦਰ। ੬ ਦਰਵਾਜੇ। ੭ ਵਿਛਾਈ ਇਸਥਿਤ ਕੀਤੀ। ੮ ਪਲੰਘ। ੯ ਸੁੰਦਰ। ੧੦ ਦੇਖੇ ਬਿਨਾ। ੧੧ ਰਾਜਾ। ੧੨ ਅੰਗ ਸਫੈਦ ਹੋ ਗਏ। ੧੩ ਮਿਟੀ। ੧੪ ਵਿਛੋੜਾ। ੧੫ ਹੌਲੀ ਹੌਲੀ। ੧੬ ਹਵਾ। ੧੭ ਮੂੰਹ ਪੂੰਝ ਕੇ।

ਸੁਧ ਪੁਨ [1]ਅਵਨੀ ਪਾ ॥ [2]ਪ੍ਰੀਤਮ ਦੇਖੇ ਖਰੇ ਸਮੀਪਾ ॥ ੧੮ ॥ [3]ਪਾਇਨ ਪਰਿਓ [4]ਉਤਾਇਲ ਕਰਕੈ ॥ [5]ਉਮਗ ਅਨੰਦ ਰਹਿਓ ਨ੍ਰਿਪ ਬਰਕੈ ॥ ਧਰਮਸਾਲ ਮੈਂ [6]ਸਿਰਜੀ ਸ੍ਵਾਮੀ ॥ ਤੁਮ ਕਿਤ [7]ਗਮਨੇ ਅੰਤਰਜਾਮੀ ॥ ੧੯॥ ਅਬ ਚਲ ਕਰੀਯੇ ਨਗਰ ਪਵਿੱਤ੍ਰਾ ॥ ਬੈਸ [8]ਰਾਜੀਯੇ [9]ਭੌਨ ਬਚਿੱਤ੍ਰਾ ॥ ਬਿਨੈ ਸਹਿਤ [10]ਸ੍ਰੌਨਨ ਸੁਨ ਬਾਨੀ ॥ ਨ੍ਰਿਪਤ ਸੰਗ ਗਮਨੇ ਗਤ ਦਾਨੀ ॥ ੨੦ ॥ ਧਰਮਸਾਲ ਮਹਿੰ [11]ਰੁਚਰ [12]ਪ੍ਰਯੰਕਾ ॥ ਤਹਿ ਬੈਸਾਏ ਸੁ ਬਦਨ [13]ਮਯੰਕਾ ॥ ਸਗਰੇ ਨਗਰ ਬਡਾਹਿ [14]ਉਛਾਹਾ ॥ ਦਰਸਨ ਹਿਤ ਨਰ ਨਾਰ ਉਮਾਹਾ ॥ ੨੧ ॥ ਪਾਇਨ ਨਿਕਟ [15]ਉਪਾਇਨ ਧਰਹੀ ॥ ਹਾਥ ਜੋਰ ਕੈ ਬੰਦਨ ਕਰਹੀ॥ [16]ਕੰਚਨ ਥਾਰ ਭੂਪ ਨਿਜ ਧਾਰਾ ॥ [17]ਪੰਚ ਮੁਖੀ ਦੀਪਕ ਘ੍ਰਿਤ ਬਾਰਾ ॥ ੨੨ ॥ ਕਰੀ ਆਰਤੀ [18]ਖੋੜਸ ਪੂਜਾ ॥ ਸੰਤਰੇਨ ਦਿਖਰਾਉ ਹਮੂ ਜਾ ॥ ॥ ੧ਅਵਾਹਨ ੨ਆਸਨ ੩ਪਾਦਨ ਪੂਜਾ ॥ ੪ਅਰਘ ਪਸ਼ਨਾਨ ੬ਆਚਮਨ ੭ਲੂਜਾਂ ॥

---

੧ ਰਾਜਾ ਸ਼ਿਵਨਾਭ। ੨ ਸ੍ਰੀ ਗੁਰੂ ਨਾਨਕ ਖੜੇ ਦੇਖ ਕੇ। ੩ ਚਰਨਾਂ ਤੇ ਪੈ ਗਿਆ। ੪ ਛੇਤੀ ਨਾਲ। ੫ ਉਤਸ਼ਾਹ। ੬ ਇਸਥਿਤ। ੭ ਚਲੇ। ੮ ਇਸਥਿਤ ਵਾ ਟਿਕ ਜਾਣਾ। ੯ ਮੰਦਰ ਨਾਨਾ ਤਰ੍ਹਾਂ ਦੇ। ੧੦ ਕੰਨਾਂ ਨਾਲ। ੧੧ ਸੁੰਦਰ। ੧੨ ਪਲੰਘ। ੧੩ ਚੰਦ੍ਰ ਮੁਖਿ ਗੁਰੂ ਜੀ। ੧੪ ਉਤਸ਼ਾਹ। ੧੫ ਭੇਟਾ। ੧੬ ਸੋਨੇ ਦੀਆਂ ਮੋਹਰਾਂ ਦਾ ਥਾਲ। ੧੭ ਪੰਜ ਮੂੰਹ ਵਾਲਾ ਦੀਵਾ ਘਿਓ ਪਾਕੇ ਬਾਲਣਾ ਕੀਤਾ।

੧੮ ੧—ਅਵਾਹਨ—ਪ੍ਰਾਤਕਾਲ ਆਪਣੇ ਸ੍ਵਾਮੀ ਨੂੰ ਉਠਾਣਾ ਤੇ ਪ੍ਰਣਾਮ ਕਰਨਾ।

੨—ਆਸਨ—ਝਾੜੂ ਲੇਪਨ ਆਦਿਕ ਪ੍ਰੇਮ ਨਾਲ ਕਰਨਾ।

੩—ਪਾਦਨ—ਚਰਨ ਧੋਕੇ ਕਪੜੇ ਨਾਲ ਸਾਫ ਕਰਨੇ।

੪—ਅਰਘ—ਹਥ ਮੂੰਹ ਪ੍ਰੇਮ ਨਾਲ ਧੁਵਾਣੇ।

੫—ਇਸ਼ਾਨ—ਪ੍ਰੇਮ ਨਾਲ ਇਸ਼ਨਾਨ ਕਰਕੇ ਬਸਤ੍ਰ ਨਾਲ ਸਰੀਰ ਪੂੰਝਣਾ।

੬—ਆਚਮਨ—ਦਾਤਣ ਕੁਰਲਾ ਆਦਿਕ ਕਰਨਾ।

੭—ਲੂਜਾ—ਸੇਵਾ ਵਿਚ ਲੁਜਣਾ ਤਦਾ ਕਾਰ ਹੋਣਾ।

੨੩ ॥ ੮ਬਸਤਰ ੯ਮਾਲਾ ੧੦ਗੰਧ ੧੧ਪੁਸ਼ੁਪਾ ॥ ੧੨ਦਛਨ ੧੩ਨਵੇਦ ੧੪ ਦੀਪ ਔ ਧੂਪਾ ॥੧੫ਆਰਤੀ ਪੁਨ ੧੬ਅਰਦਾਸ ਭਨੀਜੈ ॥ ਖੋੜ ਪੂਜ ਹਰਿ ਪ੍ਰੇਮ ਲਖੀਜੈ ॥ ੨੪ ॥ ਜੈ ਜੈ ਧੁਨ ਧ੍ਰਮਸਾਲਾ ਪੂਰੀ ॥ ਹੋਇ ਦੀਨ ਬਿਨਤੀ ਕਹਿ ਰੂਰੀ ॥ ਭੋ ਪ੍ਰਭ ਮੁਝਹਿ ਸਨਾਥ ਕਰੀਜੈ ॥ ਚਰਨ ਸਰਨ ਕੋ [1]ਪਰਨਾ ਦੀਜੈ ॥ ੨੫ ॥ ਕਰਹੁ ਆਪਨੋ ਬਰ ਉਪਦੇਸੂ ॥ ਜਹਿ ਤੇ ਮਿਟ ਹੈ ਜਗਤ ਕਲੇਸੂ ॥ ਸਰਬ ਦੇਸ ਕੋ ਕਰਹੁ [2]ਕ੍ਰਿਤਾਰਥ ॥ ਤੁਮ ਬਚਨਨ ਮਹਿੰ [3]ਚਤੁਰ ਪਦਾਰਥ ॥ ੨੬ ॥ ਅਸ ਪ੍ਰਕਾਰ ਕੀ ਬਿਨਤੀ ਸੁਨ ਕੈ ॥ ਬੋਲੇ ਦਯਾਲ [4]ਬਿਰਦ ਨਿਜ ਜਨ ਕੈ ॥ ਮਨ ਕੌ ਰੋਕਨ ਨਿਰਮਲ ਕਰਨੋ ॥ ਯਹੀ ਉਪਾਇ ਕਲੇਸਨ ਹਰਨੋ ॥ ੨੭ ॥ ਤਾਂਕੀ ਜਾਨਹੁ ਹੈਂ ਬਿਧ ਦੋਊ ॥ ਬੇਦ ਸੰਤ ਪੁਨ ਭਾਖਤ ਜੋਊ ॥ ਜੋ ਹੋਵੈ ਤੁਝ ਪਾਸ ਸੁਖਾਰੋ ॥ ਸੋ ਕਰਿਯੋ [5]ਨੀਕ [6]ਨਿਰਧਾਰੋ ॥ ੨੮ ॥ ਸੁਨ ਸ਼੍ਰਵਨਾਭ ਬੰਧ ਦ੍ਵੈ ਹਾਥਾ ॥ ਚਰਨ ਕਮਲ ਪਰ ਪਰ ਕਰ ਮਾਥਾ ॥ ਜੇ ਦ੍ਵੈ ਬਿਧ ਕੇ ਕਹੇ ਉਪਾਈ ॥ ਕਰ [7]ਬਿਥਾਰ ਸੋ ਦੇਹੁ ਸੁਨਾਈ ॥ ੨੯ ॥ ਭੋ ਰਾਜਨ ਜੇ ਦ੍ਵੈ ਪਰਕਾਰਾ ॥ ਸੋ ਉਚਰਤ ਹੋਂ ਕਰ ਬਿਸਥਾਰਾ ॥ ਕਸ਼ਟ ਜੋਗ ਇਕ ਭਗਤ ਜੋਗ ਸੁਨ ॥ ਇਨ ਦੋਨੋਂ ਤੇ ਹ੍ਵੈ ਨਿਰਮਲ ਮਨ ॥ ੩੦ ॥

---

੮--ਬਸਤ੍ਰ--ਭੂਖਣ ਤੇ ਬਸਤ੍ਰ ਅੰਗ ਮੇ ਪਹਿਰਾਣੇ।

੯--ਮਾਲਾ--ਫੁਲਾਂ ਦੀ ਮਾਲਾ ਰੁਦਰਾਖ ਦੀ ਮਾਲਾ ਪਹਿਰਾਵਣੀ।

੧੦--ਸੁਗੰਧੀ--ਕੇਸਰ ਚੰਦਨ ਆਦਿਕ ਸੁਗੰਧੀਆਂ ਮਲਣੀਆਂ।

੧੧--ਫੁਲ ਹਰ ਤਰ੍ਹਾਂ ਦੇ ਚਾੜ੍ਹਨੇ।

੧੨--ਦਛਨ--ਮਾਇਆ ਬਸਤ੍ਰ ਆਦਿਕ ਦਾਨ ਕਰਨਾ।

੧੩--ਨਵੇਦ--ਪੂਜਾ ਕਰਨੀ।

੧੪--ਦੀਪ--ਘਿਓ ਦੇ ਦੀਵੇ ਬਾਲਣੇ।

੧੫--ਧੂਪ--ਆਰਤੀ ਵੇਲੇ ਧੂਪ ਦੇਣਾ।

੧੬--ਅਰਦਾਸ--ਬੇਨਤੀ ਕਰੇ।

੧ ਆਸਰਾ। ੨ ਕਲਿਆਨ। ੩ ਧਰਮ ਅਰਥ ਕਾਮ ਮੋਖ ਚਾਰ ਪਾਦਰਥ ਹਨ। ੪ ਧਰਮ। ੫ ਚੰਗੇ। ੬ ਆਸਰੇ ਤੋਂ ਬਿਨਾਂ। ੭ ਵਿਸਥਾਰ।

[੧]ਪ੍ਰਥਮ ਕਸ਼ਟ ਜੋ ਜੋਗ ਬਖਾਨਾ॥ [੨]ਅਸ਼ਟ ਅੰਗ ਤਾਂਕੇ ਸੁਨ ਕਾਨਾ॥ ਯਨ ਨੇਮਾਸਨ ਯਾਮ ਪਰਾਨਾ॥ ਪ੍ਰਤਯਾਹਾਰ ਧਾਰਨਾ ਧਯਾਨਾ॥ ੩੧॥ ਅਸਟਮ ਜਾਨੋਂ ਨਾਮ ਸਮਾਧ॥ ਪਾਇ ਪਰਮਪਦ ਇਨਕੋ ਸਾਧ॥ ਪ੍ਰਿਥਮੇ ਯਮ ਸੋ ਦਸ ਪਰਕਾਰਾ॥ ਲੱਛਨ ਤਿਨਕੇ ਕਰੌਂ ਵਿਥਾਰਾ॥ ੩੨॥

ਦੋਹਿਰਾ॥ ਏਹ ਅਹਿੰਸਾ ਜਾਨੀਏਂ [੪]ਮਨ ਬਚ ਕਾਇਆਂ ਤੀਨ॥
ਪਰ ਕੋ ਬੁਰਾ ਜਿ ਚਿਤਵਨਾ ਮਨ ਕੀ ਹਿੰਸਾ ਚੀਨ॥ ੩੩॥

ਚੌਪਈ॥ ਫੀਕਾ ਬੋਲ ਦੁਖਾਵੈ [੫]ਹੀਯਾ॥ ਹਿੰਸਾ ਬਚਨਨ ਕੀ [੬]ਕਹਿਲੀਯਾ॥ ਤੀਜੀ ਹਿੰਸਾ ਜੀਵਨ ਕੇਰੀ॥ ਤਿਆਗੈ ਇਨ ਕੋ ਹ੍ਵੈ ਬਿਨ ਦੇਰੀ॥ ੩੪॥ ਦੁਤੀਯੇ ਸੱਚ ਉਚਰ ਨਿਰਭੈ ਹੈ॥ ਕਬਹੂ ਕੂਰ ਨਹਿੰ ਕਹਿ ਬਿਧ ਕੈ ਹੈ॥ ਤੀਜੈ ਚੋਰੀ [੭]ਭਾਂਤਨ ਦੋਈ॥ ਇਕ ਤਨ ਕੀ ਇਕ ਮਨ ਕੀ ਹੋਈ॥ ੩੫॥ [੮]ਪਰ ਕੀ ਵਸਤ ਛਪਾਵਨ ਕਰਨੀ॥ ਇਹੁ ਚੋਰੀ ਹੈ ਤਨ ਕੀ [੯]ਬਰਨੀ॥ ਕਰਹਿ ਪਾਪ ਪੁਨ ਰਾਖਹਿ [੧੦]ਦੁਰਾਇ॥ ਇਹ ਮਨ ਕੀ ਚੋਰੀ ਕਹਿਲਾਇ॥ ੩੬॥ ਚੌਥੇ ਬ੍ਰਹਮ ਚਰਜ ਸੁਖ ਸਾਰੂ॥ ਜੀਤਨ ਕਾਮ ਅਸ਼ਟ ਪਰਕਾਰੂ॥ ਪ੍ਰਿਥਮੇ ਤੀਯ ਕੀ ਬਾਤੈਂ ਕਰਨੀ॥ ਦੂਜੈ ਸੁਨ ਸੁਨ ਮਨ ਮਹਿੰ ਧਰਨੀ॥ ੩੭॥ ਤੀਜੈ ਤੀਯ ਇਕਾਂਤ ਮਿਲ ਬੈਸਨ॥ ਚੌਥੇ ਹੋਵਹਿ [੧੧]ਅੰਗ ਸਪਰਸਨ॥ ਪੰਚਮ ਹਿਤ ਕਰ ਦੇਖੈ ਤੀਯ ਸੋਂ॥ ਛਠਮ [੧੨]ਅਲੰਗਨ ਕਰੈ ਹੀਅ ਸੋਂ॥ ੩੮॥ ਸਪਤ ਚਿਤਵਨੋ ਮਨ ਮਹਿੰ ਨਾਰੀ॥ ਅਸ਼ਟਮ [੧੩]ਮੈਥਨ ਹੈ ਬਿਨ ਸਾਰੀ॥ ਬ੍ਰਹਮ ਚਰਜ ਹੈ ਇਨਕੇ ਤਿਆਗੇ॥ ਪੰਚਮ ਯਮ ਧੀਰਜ [੧੪]ਅਨਰਾਗੇ॥ ੩੯॥ [੧੫]ਆਪਦ

੧ ਪਹਿਲਾ ਹਠ ਜੋਗ। ੨ ਅਠ ਅੰਗ ਜੋਗ ਦੇ ਕਰਨੇ ਦੇ ਹਨ ਸੋ ਜੋਗੀ ਲੋਕ ਕਰਦੇ ਹਨ। ੩ ਲਛਣ। ੪ ਮਨ ਕਰਕੇ ਬਾਣੀ ਕਰਕੇ ਸਰੀਰ ਕਰਕੇ। ੫ ਹਿਰਦਾ। ੬ ਕਹਿਣ ਕੀਤਾ ਹੈ। ੭ ਦੋ ਤਰ੍ਹਾਂ ਦੀ। ੮ ਪਰਾਈ ਵਸਤੂ। ੯ ਕਥਨ ਕੀਤੀ ਹੈ। ੧੦ ਛੁਪਾਕੇ। ੧੧ ਸਰੀਰ ਨਾਲ ਸਪਰਸ। ੧੨ ਜਫੀ ਵਿਚ। ੧੩ ਕਾਮ ਚੇਸ਼ਟਾ। ੧੪ ਪ੍ਰੇਮੀ। ੧੫ ਬਿਪਤਾ ਸਮੇਂ।

[੧]ਸੰਪਦ [੨]ਆਤਪ ਸ਼ੀਤਾ ॥ ਬਿਕਲ ਨ ਹੋਇ ਡੁਲਾਏ ਚੀਤਾ ॥ ਖਸ਼ਟਮ ਯਮ ਹੈ ਖਿਮਾਂ ਸੁਹਾਈ ॥ ਮਨ ਮਹਿੰ [੩]ਛੋਭ ਨ ਕਬਹਿ ਉਠਾਈ ॥ ੪੦ ॥ ਭਲਾ ਕਿ ਬੁਰਾ ਬਖਾਨੈ ਜੋਇ ॥ ਸਹਿਨ ਸੀਲ ਮਨ ਸਭ ਤੇ ਹੋਇ ॥ ਸਪਤਮ ਦੁਖੀ ਨ ਦੇਖੈ ਕਾਹੀ ॥ ਦਯਾ ਕਰੈ ਸਭ ਕੋ ਨਿਰਬਾਹੀ ॥ ੪੧ ॥ ਅਸਟਮ ਕੋਮਲ ਹਿਰਦਾ ਰਾਖੈ ॥ ਸ਼ੁਭ ਉਪਦੇਸ ਸਵਨ ਸੋਂ ਭਾਖੈ ॥ ਨੌਮੇ ਯਮ ਮਿਰਜਾਦ [੪]ਅਹਾਰਾ ॥ ਭਲਾ ਬੁਰਾ ਲਖ ਕਰੈ ਵਿਚਾਰਾ ॥ ੪੨ ॥ ਖਾਵਨ ਭੂਖ ਅਹਾਰ ਹੈ ਜੇਤੋ ॥ ਚੌਥੇ [੫]ਭਾਗ ਖਾਇ ਕਮ ਤੇਤੋ ॥ ਦਸਵੇਂ ਯਮ ਸੋਂ ਸੌਚ ਲਖੀਜੈ ॥ ਜਲ [੬]ਮ੍ਰਿਤਕਾ ਇਸਨਾਨ ਕਰੀਜੈ ॥ ੪੩ ॥ ਦ੍ਵੈਖ ਕੀ ਮਲ ਉਰ ਮਾਹੀ ॥ ਤਜ ਕਰ ਸੌਚ ਕਰਤ ਹੈ ਤਾਹੀਂ ॥ ਯਮ ਦਸ ਇਸ ਪ੍ਰਕਾਰ ਅਲਾਏ ॥ ਨੇਮ ਭੀ ਆਗੈ ਦੇਹਿੰ ਸੁਨਾਏ ॥ ੪੪ ।

ਇਤਿ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥੇ ਪ੍ਰਿਥਮ ਮਹਿਲੇ ਰਾਜਾ ਸ਼ਿਵਨਾਭ ਪ੍ਰਤੀ ਉਪਦੇਸ ਪ੍ਰਸੰਗ ਬਰਨਨੰ ਨਾਮ ਚੌਤੀਸਮੋ ਮੰਦਰਹਿ ॥ ੩੪ ॥

ਦੋਹਿਰਾ ॥ ਬਿਨੈ ਕਰੈ ਸ਼ਿਵਨਾਭ ਨ੍ਰਿਪ ਹੇ ਸਤਿਗੁਰ ਗੁਨ ਖਾਨ ॥
ਅਬ ਦਸ ਨੇਮ ਸੁਨਾਈਯੇ ਮੈਂ ਹੂੰ ਬੁੱਧ ਅਜਾਨ ॥ ੧ ॥
ਬਿਨਤੀ ਭੂਪਤ ਕੀ ਸੁਨੀ ਹੋਇ ਪ੍ਰਸੰਨ ਕ੍ਰਿਪਾਲ ॥
[੭]ਨਿਹਕਲੰਕ [੮]ਮੁਖ ਕੰਦ ਸਾ [੯]ਅਮੀ ਵਾਕ ਤਿਸ ਕਾਲ॥੨॥

ਚੌਪਈ॥ ਪ੍ਰਥਮੇ ਤਪ ਸੋ ਤੀਨ ਪ੍ਰਕਾਰਾ ॥ [੧੦]ਰਜ ਤਮ ਬਹੁਰ ਸਾਂਤਕੀ ਸਾਰਾ ॥ [੧੧]ਛੁਧਾ ਅਗਨ ਜਲ ਸੋਂ ਤਨ [੧੨]ਤਾਵਾ ॥ ਇਹੈ ਤਾਮਸੀ ਫਲ ਦਾ ਗਾਵਾ ॥ ੩ ॥ ਰਿਦੈ ਗਯਾਨ ਇਸ ਤੇ

---

੧ ਧੰਨ । ੨ ਧੁਪ । ੩ ਖੋਬ । ੪ ਭੋਜਨ । ੫ ਹਿਸੇ । ੬ ਮਿਟੀ । ੭ ਕਲੰਕ ਤੋਂ ਬਿਨਾਂ । ੮ ਮੁਖ ਚੰਦਰ ਵਰਗਾ । ੫ ਅੰਮ੍ਰਿਤ ਬਚਨ । ੧੦ ਰਜੋ ਸਤੋ ਤਮੋ । ੧੧ ਭੁਖ । ੧੨ ਤਪਦਾ ਹੈ ।

ਨਹਿੰ ਹੋਇ ॥ ਦੇਤ ਨ ਫਲ ਕਿਛ ਕਰ ਹੈ ਜੋਇ ॥ ਰੇਕ [੧]ਕੁਕਰਮ [੨]ਰਿਖੀਕ ਜਿ ਕਰਨੀ ॥ ਰਾਜਸ ਬਿਹੈ [੩]ਸੁਕਰਮਨ ਕਰਨੀ ॥ ੪ ॥

ਦੋਹਿਰਾ ॥ ਬਹੁਰ ਸਾਂਤਕੀ ਤਪ ਇਹੈ [੪]ਬ੍ਰਿੱਤਿ ਟਿਕਾਵਨ ਕੀਨ ॥
[੫]ਨੇਮ ਸੰਤੋਖ ਦੂਜੋ ਲਖੋ ਦ੍ਵੈ ਪ੍ਰਕਾਰ ਸੋ [੬]ਚੀਨ ॥ ੫ ॥

ਚੌਪਈ ॥ ਹਾਥ ਪਦਾਰਥ ਆਵਤ ਨਾਹੀਂ ॥ ਹੌਂ ਸੰਤੋਖੀ [੭]ਅਸ ਮੁਖ ਪ੍ਰਾਹੀ ॥ ਤਿਸ ਤੈ ਰਿਦੈ ਹਰਖ ਨਹਿੰ ਹੋਇ ॥ ਨਿਜ [੮]ਕੀਰਤ ਕੋ ਚਾਹਤ ਸੋਇ ॥ ੬ ॥ ਦੂਜੇ ਯਥਾ ਲਾਭ ਸੰਤੋਖ ॥ ਧਾਰਤ ਹੈਂ ਯੋਗੀ ਬਿਨ ਦੋਖ ॥ ਵਸਤ ਨ ਪ੍ਰਾਪਤ ਤੌ ਹਰਖਾਈ ॥ ਜੇ ਪ੍ਰਾਪਤ ਹੈ ਤਉ ਸੁਖ ਪਾਈ ॥ ੭ ॥

ਦੋਹਿਰਾ ॥ ਵਾਹਿਗੁਰੂ ਕੋ ਜਾਪ ਕਰ ਹਰਖੈ ਮਨ ਸੁਖ ਪਾਇ ॥
ਤੀਸਰ [੯]ਆਸਤਕ ਬੁੱਧਿ ਹੈ ਗੁਰ ਬਚ ਦ੍ਰਿੜ੍ਹ ਨਿਸਚਾਇ ॥ ੮ ॥

ਚੌਪਈ ॥ ਚੌਥੇ ਦਾਨ ਦੇਨ ਕੋ ਦਾਤਾ ॥ ਸੋ ਰਜ ਤਮ ਸਤ ਗੁਨ ਤ੍ਰੈ ਭਾਂਤਾ ॥ ਕਲਹਿ ਕ੍ਰੋਧ ਮੋ ਬਿਨ ਸੁਭ ਕਾਲਾ ॥ ਦੇਤ ਤਾਮਸੀ ਰੀਤ ਬਿਸਾਲਾ ॥ ੯ ॥ ਨਿਜ ਜਸ ਹੇਤ ਦੇਤ ਸੋ ਦਾਨਾ ॥ ਅਹੈ ਰਾਜਸੀ ਫਲ [੧੦]ਲਘੁ ਜਾਨਾ ॥ ਕਰਕੈ ਬਿਨੈ [੧੧]ਸੁਪਾਤਰ ਦੇਖੀ ॥ ਇਹੁ ਸਾਂਤਕੀ ਫਲ ਸੁ ਵਿਸੇਖੀ ॥ ੧੦ ॥

ਦੋਹਿਰਾ ॥ ਵਾਹਿਗੁਰੂ ਕੇ ਜਾਨ ਕੈ ਸਭੈ ਪਦਾਰਥ ਦੇਯ ॥
[੧੨]ਤਨਕ ਨ ਅਪਨਾ ਮਾਨਈ ਤਾਹਿੰ [੧੩]ਅਖੈ ਫਲ ਲੇਯ ॥ ੧੧ ॥

ਚੌਪਈ ॥ ਦਰਬ ਕਿਧੌ ਬਿੱਦਯਾ ਕੋ ਦਾਨਾ ॥ ਦੇਤ ਸਾਂਤਕੀ ਹ੍ਵੈ ਨਿਰਮਾਨਾ ॥ ਤਿਹ ਕੋ ਫਲ ਹ੍ਵੈ ਅਮਿਤ ਬਿਸਾਲਾ ॥ ਬੇਦ ਸੰਤ ਭਾਖਤ ਇਸ [੧੪]ਢਾਲਾ ॥ ੧੨ ॥ ਪੰਚਮ ਪੂਜਾ ਮਨ ਕਰ ਕਰਨੀ ॥

---

੧ ਖੋਟੇ ਕਰਮ । ੨ ਇੰਦ੍ਰੀਆਂ । ੩ ਸ੍ਰਿਸ਼ਟ ਕਰਮ । ੪ ਬ੍ਰਿਤੀ ।
੫ ਨਿਜਮ । ੬ ਜਾਣਨਾ ਕਰੋ । ੭ ਇਸ ਪ੍ਰਕਾਰ ਬਚਨ ਕਹੇ । ੮ ਜਸ ।
੯ ਈਸ਼ਰ ਭਗਤ । ੧੦ ਥੋੜਾ । ੧੧ ਅਧਿਕਾਰੀ । ੧੨ ਰੰਚਕ
੧੩ ਗਿਆਨ ਫਲ ਨੂੰ ਲੈਣਾਕਰਦੇ ਹਨ । ੧੪ ਤਰ੍ਹਾਂ ।

ਰਿਦੈ ਭਾਵਨੀ ਗੁਰ ਮਹਿੰ ਧਰਨੀ ॥ ਸਫਲੀ ਪੂਜਾ ਹੋਵਤ ਤਾਂਕੀ ॥
ਸਦਾ ਭਾਵਨੀ ਸੋ ਮਤ ਜਾਂਕੀ ॥ ੧੩ ॥
ਦੋਹਿਰਾ ॥ ਛਠਵ ਨੇਮ ਨਿਜ ਗੁਰ ਸ਼ਬਦ ਤਾਂਕੇ ਜੇ ਅਨਸਾਰ ॥
ਤਿਸ ਹੀ ਕੋ ਪਢਹੈ ਸੁਨੈ ਤਿਸ ਕੋ ਕਰੈ ਵਿਚਾਰ ॥ ੧੪ ॥
ਚੌਪਈ ॥ ਗੁਰੂ ਸਿਧਾਂਤ ਬਿਨਾ ਜੋ ਆਨ ॥ ਤਿਸ ਕੇ ਬਚਨ ਸੁਨੈ ਨਹਿੰ ਕਾਨ ॥ ਸਪਤਮ ਪਠੈ ਸੁਨੈ ਜਹਿੰ ਰੀਤੀ ॥ ਵਰਤੈ ਤਹਿੰ ਅਨਸਾਰ ਸਪ੍ਰੀਤੀ ॥ ੧੫ ॥ ਬਿਨਾ [1]ਦੰਭ ਗੁਰ ਸ਼ਬਦ ਕਮਾਵਨ ॥ ਕਰੈ ਸਦਾ ਹ੍ਵੈ ਤਨ ਮਨ ਪਾਵਨ ॥ ਅਸਟਮ ਬ੍ਰਿਤਿ ਸਾਂਤਕੀ ਰਾਖੈ ॥ ਨਿਵ ਚਲਣਾ [2]ਮਧਰੀ ਮੁਖ ਭਾਖੈ ॥ ੧੬ ॥ ਨਵਮੋ ਨੇਮ ਪਾਠ ਜੋ ਕਰਨਾ ॥ ਤਿਹ ਮੈਂ ਅਪਰ ਨ ਬਚਨ ਉਚਰਨ ॥ ਦਸਵੇਂ ਬ੍ਰਹਮ ਹੋਮ ਜੋ ਕਰਾਵੈ ॥ ਭੂਖੇ ਸਿੱਖ ਸੰਤ ਮੁਖ ਪਾਵੈ ॥ ੧੭ ॥
ਦੋਹਿਰਾ ॥ ਦੂਤੀ ਹੋਮ ਹੈ ਗਯਾਨ ਕਾ ਰਸ [3]ਰਿਖੀਕ ਕੋ ਦਰਬ ॥
ਗਯਾਨ ਅਗਨ ਮਹਿ ਹੋਮ ਹੀ ਤਨ ਹੰਤਾਦਕ ਸਰਬ ॥ ੧੮ ॥
ਚੌਪਈ ॥ ਤ੍ਰਿਤੀਯੋ ਅੰਗ ਯੋਗ ਕਾ ਆਸਨ ॥ ਬੇਦ ਜੁਗੀਸ਼ੂਰ ਕਰ ਹੀ ਭਾਸਨ ॥ [4]ਸਿੱਧਾਸਨ [5]ਪਦਮਾਸਨ ਦੋਊ ॥ ਤਿਨਹਿ ਜਿ ਲੱਛਨ ਸੁਨੀਐ ਸੋਊ ॥ ੧੯ ॥ [6]ਛਿਤ ਕਛ ਖੋਦ [7]ਮ੍ਰਿਦਲ ਤ੍ਰਿਣ ਪਾਇ ॥ ਬੈਸਹਿ ਆਸਨ ਬਿਮਲ ਬਿਛਾਇ ॥ ਹ੍ਵੈ ਪਾਵਨ ਨਹਿੰ [8]ਅੰਗ ਡੁਲਾਇ ॥ [9]ਬਾਮ ਪੈਰ ਸੌਂ ਗੁਦਾ ਦਬਾਇ ॥ ੨੦ ॥
ਦੋਹਿਰਾ ॥ ਇੰਦ੍ਰੀ ਪਰ [10]ਦਹਿਨੋ ਧਰੈ [11]ਅਗਰ ਨਾਸਕਾ ਧਯਾਨ ॥
ਸਿੱਧਾਸਨ ਇਹ ਕੋ ਭਨੈ ਯੋਗੀ ਕਰਤ ਸੁਜਾਨ ॥ ੨੧ ॥
ਚੌਪਈ ॥ ਦਾਏਂ ਪਗ ਪਰ ਧਰ ਕਰ ਬਾਵਾਂ ॥ ਬਾਵੇਂ ਪਰ

---

੧ ਪਖੰਡ । ੨ ਮਿਠੀ ਬਾਣੀ । ੩ ਇੰਦਰੀਆਂ । ੪ ਆਸਣਾ ਦੇ ਨਾਮ । ੫ ਆਸਣਾ ਦੇ ਨਾਮ ਹਨ । ੬ ਧਰਤੀ ਥੋੜੀ ਖੋਦ ਕੇ । ੭ ਕੋਮਲ ਘਾਸ । ੮ ਸਰੀਰ ਦੇ ਅੰਗਾਂ ਨੂੰ ਡੁਲਾਣਾ ਨਹੀਂ ਹੈ । ੯ ਖਬਾ ਪੈਰ । ੧੦ ਸਜਾ ਪੈਰ । ੧੧ ਨਾਸਾਂ ਦੇ ਅਗੇ ।

ਕਰ ਦਹਿਨ ਟਿਕਾਵਾ ॥ਦੋਨੋਂ [1]ਭੁਜਾਂ ਕੰਡ ਕਰ ਪਾਛੇ ॥ ਗਹੇ ਅੰਗੂਠੇ ਪਗ ਦਿਢ ਆਛੇ ॥ ੨੨ ॥ [2]ਭ੍ਰੂ ਕੋ ਕਿਧੋ ਨਾਸ਼ਿਕਾ ਧਯਾਨ ॥ ਕਰ ਬੈਸੇ ਪਦਮਾਸਨ ਜਾਨ॥ ਅੰਗ ਚਤੁਰਥੋ ਪ੍ਰਾਣਾ ਯਾਮ ॥ [3]ਪੂਰਕ ਕੁੰਭਕ ਰੇਚਕ ਨਾਮ ॥ ੨੩ ॥ ਬਾਹਰ ਤੇ ਮਨ ਸੁਰਤ ਟਿਕਾਵੈ ॥ ਦਹਿਨੇ ਸੁਰ ਤੇ ਪ੍ਰਾਨ ਚਢਾਵੈ ॥ ਖੈਂਚਤ ਦ੍ਵਾਦਸ ਮਾਤ੍ਰਾ ਜੋਇ ॥ ਓਅੰਕਾਰ ਜਪੈ ਤਬ ਸੋਇ ॥ ੨੪ ॥ ਜਿਤੇ ਪ੍ਰਾਣ ਅੰਤਰ ਠਹਿਰਾਵੈ ॥ ਕੁੰਭਕ ਤਤੇ ਨਾਮ ਕਹਾਵੈ ॥ ਚੌਬਿਸ ਮਾਤ੍ਰਾ ਓਅੰਕਾਰਾ ॥ ਜਾਪ ਕਰੈ ਤਹਿੰ ਸਮਹਿ ਉਚਾਰਾ ॥ ੨੫ ॥ ਬਾਵੇਂ ਸੁਰ ਸਿਉਂ ਕਰੇ ਉਤਾਰਾ॥ਦ੍ਵਾਦਸ ਮਾਤ੍ਰਾ ਜਪ ਓਅੰਕਾਰਾ ॥ ਰੇਚਕ ਯਾਂਕੋ ਨਾਮ ਕਹੀਜੈ॥ ਸਨੇ ਸਨੇ ਜੋ ਛੋਡਨ ਕੀਜੈ ॥ ੨੬ ॥ ਤੈਸੇ ਹੀ ਬਾਂਏਂ ਤੇ ਦਾਂਏਂ ॥ ਦਾਂਏਂ ਤੇ ਬਾਂਏਂ ਸੁ ਚਢਾਏ ॥ ਖੁਲੈ ਰਾਹਿ ਤ੍ਰਿਕੁਟੀ ਇਸ ਢਾਰਾ ॥ ਠਹਿਰਹਿੰ ਪ੍ਰਾਣ ਜਿ ਦਸਵੇਂ ਦ੍ਵਾਰਾ ॥ ੨੭ ॥ ਤਬੈ ਅਨਾਹਦ ਕੀ ਧੁਨ ਖੁਲ ਹੈ ॥ ਦਰਸਨ ਪਰਮ ਜੋਤ ਕੋ ਮਿਲ ਹੈ ॥ ਝਿਲਮਿਲ ਕਾਰ ਮਹਾਨ ਪ੍ਰਕਾਸਾ ॥ ਜਹਿੰ ਪਿਖ ਹ੍ਵੈ ਵਿਸ਼ੇਸ਼ ਸੁਖ ਰਾਸਾ ॥ ੨੮ ॥

ਦੋਹਿਰਾ ॥ ਜਿਉਂ ਜਿਉਂ ਧਰਹੀ ਧਯਾਨ ਕੋ ਤਿਉਂ ਤਿਉਂ ਧੁਨ ਵਧ ਜਾਇ ॥ ਪੰਚਮ ਅੰਗ ਸੁ ਜੋਗ ਕੋ ਪ੍ਰਤਯਾਹਾਰਹਿ ਪਾਇ ॥੨੯॥

ਚੌਪਈ ॥ ਅੰਗ ਇਸੀ ਕੇ ਜੁਗਲ ਬਿਚਾਰੇ ॥ ਪ੍ਰਥਮਹੁ ਗਿਆਨ [4]ਰਿਖੀਕ ਸੁਧਾਰੇ ॥ ਵਾਹਿਰ ਮੁਖ ਤੇ ਅੰਤਰ ਲਿਆਵਨ॥ ਨਿਜਾ ਨੰਦ ਮਹੂ ਕਰਹਿ ਟਿਕਾਵਨ ॥ ੩੦ ॥ ਦੁਤੀਓ ਅੰਗ ਸੁਨਹੁ ਚਿਤ ਲਾਇ ॥ [5]ਅਸਨ ਜੁ [6]ਰਜ ਤਮ ਜੁਗਲ ਤਜਾਇ ॥ ਸਤੋ ਗੁਣੀ ਲਹਿ [7]ਅਲਪ ਅਹਾਰੰ ॥ [8]ਪ੍ਰਤਿਆਹਾਰ ਸੁ ਨੀਕ ਬਿਚਾਰੰ ॥ ੩੧ ॥ [9]ਖਸ਼ਟਮ ਅੰਗ ਧਾਰਨਾ ਮਾਨਹੁ ॥ ਤਿਹ

---

੧ ਬਾਵਾਂ। ੨ ਭਰਵਟੇ। ੩ ਸਵਾਸਾਂ ਨੂੰ ਦਸਵੇਂ ਦੁਆਰ ਚਾੜ੍ਹਨਾ ਤੇ ਨਾਭੀ ਵਿਚ ਠਹਿਰਾਨਾ ਤੇ ਉਤਾਰਨਾ। ੪ ਇੰਦਰੇ। ੫ ਭੋਜਨ। ੬ ਰਜੋ ਤਮੋ ਦੋਹਾਂ ਦਾ ਤਿਆਗ ਕਰੇ। ੭ ਥੋੜਾ ਭੋਜਨ ਛਕਦਾ ਹੈ। ੮ ਰੋਕ ਕੇ ਪਿਛੇ ਮੋੜਨਾ। ੯ ਛੇ ਅੰਗ।

ਪ੍ਰਤਿਬੰਧ ਸੰਕਲਪਹਿ ਜਾਨਹੁ ॥ ਤਿਹ ਤੇ ਪੁਨ ਪੁਨ ਕਰੈ ਹਟਾਵਨ ॥ ਜੋਰੈ ਧਿਆਨ ਬਿਖੈ ਮਨ ਪਾਵਨ ॥ ੩੨ ॥ [1]ਸਪਤਮ ਅੰਗ ਜੋਗ ਕਾ ਧਯਾਨ ॥ ਦ੍ਵੈ ਪ੍ਰਕਾਰ ਕਾ ਲਖਹੁ ਸੁਜਾਨ ॥ ਗੁਰ ਮੂਰਤ ਕਾ ਧਰੈ ਜੁ ਧਯਾਨਾ ॥ ਸੋ ਬਾਹਰਿ ਮੁਖ ਧਿਆਨ ਬਖਾਨਾ ॥ ੩੩ ॥ ਗੁਰ ਕੈ ਸ਼ਬਦ ਬਿਖੈ ਜੋ ਜੋਰਾ ॥ ਨਾਭੀ ਰਿਦੈ ਕਿ ਨਾਸਾ ਓਰਾ ॥ ਕੈ [3]ਭ੍ਰੂਕੋ ਕੈ ਦਸਵੈ ਦ੍ਵਾਰਾ ॥ ਧਰੈ ਅਨਾਹਦ ਧੁਨ ਕੋ ਧਾਰਾ ॥੩੪॥ ਜਬੈ ਅਨਾਹਦ ਧੁਨ ਖੁਲ ਜਾਵੈ ॥ ਕਿਧੌ ਜੋਤ ਕੋ ਧਿਆਨ ਲਗਾਵੈ॥ ਇਹੁ [4]ਅੰਤ੍ਰਕ ਮਨ ਮਹੁ ਪਹਿਚਾਨਹੁ ॥ [5]ਅਸਟਮ ਅੰਗ ਸਮਾਧ ਬਖਾਨਹੁ ॥ ੩੫ ॥ ਜਬ ਮਨ ਠਹਿਰਹਿ ਹੋਇ ਅਡੋਲਾ ॥ ਤਿਹ ਕੋ ਨਾਮ ਸਮਾਧ ਅਮੋਲਾ ॥ ਸੋ ਸਮਾਧ ਹੈ [6]ਉਭੈ ਪ੍ਰਕਾਰੀ ॥ ਨਿਰ ਵਿਕਲਪ ਸਾਕਲਪ ਉਚਾਰੀ ॥ ੩੬ ॥

ਦੋਹਿਰਾ ॥ਧਿਯਾਤਾ ਧਯਾਨ ਸੁ ਧੇਯ ਜੋ [7]ਪ੍ਰਿਥਕ ਪ੍ਰਿਥਕ ਇਕ ਜਾਨ॥
ਸੋ ਸਾ ਵਿਕਲਪ ਕਹਿਤ ਹੈਂ ਜੋਗੀ ਪੁਰਖ ਸੁਜਾਨ ॥ ੩੭ ॥

ਚੌਪਈ ॥ ਆਪ ਭਿੰਨ ਨਹਿ ਭਿੰਨ ਧਿਆਨਾ ॥ ਧੇਹ ਸਭ ਬ੍ਰਹਮ ਰੂਪ ਕਰ ਜਾਨਾ ॥ ਨਿਰ ਵਿਕਲਪ ਸੋ ਲਖੋ ਸਮਾਧਿ ॥ ਐਸੇ ਅਸ਼ਟ ਅੰਗ ਮਨ ਸਾਧਿ ॥ ਬ੍ਰਿਤ [8]ਅਰੂਢ ਯੋਗ ਮਹਿ [9]ਜੌ ਲੌ ॥ ਲੇਯ ਤਾਹਿ ਕੋ ਰਸ ਸੁਭ [10]ਤੌ ਲੌ॥ਉਤਰਹਿ ਬ੍ਰਿਤਿ ਯੋਗ ਤੇ ਜਬਹੀ॥ ਗੁਰਬਾਣੀ ਸੋਂ ਪਰਚਹਿ ਤਬ ਹੀ ॥ ੩੯ ॥ ਐਸੇ ਭੀ ਬਹੁ ਕੋ ਕਲਯਾਨਾ ॥ ਭਏ ਜਗਤ ਕੇ ਬੰਧਨ ਹਾਨਾ ॥ ਦੂਜਾ ਭਗਤ ਜੋਗ ਕੋ ਪੰਥਾ ॥ ਅਸ਼ਟ ਅੰਗ ਸੁਨ ਨ੍ਰਿਪ ਮਤਵੰਥਾ ॥ ੪੦ ॥

ਇਤਿ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥੇ ਪ੍ਰਿਥਮ ਮਹਿਲੇ ਰਾਜਾ ਸ਼ਿਵਨਾਭ ਪ੍ਰਤੀ ਉਪਦੇਸ਼ ਪ੍ਰਸੰਗ ਬਰਨਨੰ ਨਾਮ ਪੰਚ ਤ੍ਰਿੰਸਤੀ

---

੧ ਸਤਵਾਂ ਅੰਗ। ੨ ਤਰਫ। ੩ ਭਰਵਟੇ। ੪ ਅੰਦਰਲੇ। ੫ ਅਠਵਾਂ ਅੰਗ। ੬ ਦੋ ਪ੍ਰਕਾਰ ਦੀ। ੭ ਵਖਰੇ ਵਖਰੇ। ੮ ਚੜ੍ਹਕੇ ਸਵਾਰ ਹੋਕੇ। ੯ ਜਬ ਤਕ। ੧੦ ਤਬ ਤਕ।

ਮੰਦਰਹਿ ॥ ੩੫ ॥

ਦੋਹਿਰਾ ॥ ਹਾਥ ਜੋੜ ਸ਼ਿਵਨਾਭ ਤਬ [1]ਅੰਚਰ [2]ਗਰ ਮਹਿ [3]ਡਾਰ ॥
ਹੇ ਗੁਰ ਭਗਤ ਜੁ ਜੋਗ ਹੈ ਤਿਸਕਾ ਕਹੋ ਬਿਥਾਰ ॥ ੧ ॥

ਚੌਪਈ ॥ ਅਸ ਬਿਨਤੀ ਸੁਨ ਹੁਇ ਪਰਸੰਨਾ ॥ ਹੇ ਰਾਜਨ ਤੁਮਰੀ ਬੁਧ ਧੰਨਾ ॥ ਸਾਵਧਾਨ ਹੋ ਸੁਨ ਭੂਪਾਰਾ ॥ ਭਗਤਿ ਜੋਗ ਕਾ ਜਸ ਪਰਕਾਰਾ ॥ ੨ ॥ ਪ੍ਰਿਥਮੈ ਯਮ ਮਨ ਰਾਖਨ ਨੀਵਾ ॥ ਨਿਜ ਗੁਨ ਤੇ ਨਿਰਮਾਨ ਸਦੀਵਾ ॥ ਦੂਜੋ ਨੇਮ ਜਾਇ ਸਤ ਸੰਗਤਿ ॥ ਕਥਾ ਕੀਰਤਨ ਸੁਨ ਮਿਲ ਪੰਗਤ ॥ ੩ ॥ ਤੀਜੋ ਦੇਸ ਇਕੰਤ ਬਖਾਨੇ ॥ ਸਰਬ ਬਿਖੈ ਇਕ ਗੋਬਿੰਦ ਜਾਨੇ ॥ ਔਰ ਦੂਸਰਾ ਲਖਈ ਨਾਹਿੰ॥ ਏਕੋ ਬਿਆਪਕ ਸਭ ਘਟ ਮਾਹਿੰ ॥ ੪ ॥ ਚੌਥੋ ਆਸਨ ਸਮਝਹੁ ਚਿੱਤ ॥ ਕਰਹਿ ਗੁਬਿੰਦ ਵਿਖੈ ਥਿਤ ਬ੍ਰਿੱਤ ॥ ਪੰਚਮ ਪ੍ਰਾਨਾਯਾਮੰ ਚੀਨ ॥ ਪੂਰਕ ਕੁੰਭਕ ਰੇਚਕ ਤੀਨ ॥ ੫ ॥

ਦੋਹਿਰਾ ॥ ਪੂਰਕ ਗੁਰ ਕੇ ਬਚਨ ਸੁਨ ਸਭੈ [4]ਕਰਖ ਕਰ ਲੇਯ ॥
ਬਚਨ ਸੁਨ ਸਮਝੀ ਵਸਤ ਜੋ ਰਿਦੈ ਸਦਾ ਥਿਰ ਕੇਯ ॥ ੬ ॥

ਚੌਪਈ ॥ ਕਰ ਅਭ੍ਯਾਸ ਨ ਤਹਿ [5]ਪਰਹਰੈ ॥ ਸਦ ਠਹਰਾਵਨ ਮਨ ਮਹਿੰ ਕਰੈ ॥ ਕੁੰਭਕ ਦੂਜੋ ਇਸੀ ਪ੍ਰਕਾਰਾ ॥ ਤੀਜੋ ਰੇਚਕ ਕਰੌਂ ਉਚਾਰਾ ॥ ੭ ॥ ਸਤਿਗੁਰ ਬਚਨ ਜੁ ਤਜਨਾ ਕਹਾ ॥ ਤਹਿੰ ਤਜ ਦੇਯ ਹੋਤ ਸੁਖ ਮਹਾ ॥ ਖਸਟਮ ਧ੍ਯਾਨ ਅੰਗ ਸੁਨ ਜੈਸੇ ॥ ਪਢਨ ਸੁਨਨ ਗੁਰ ਬਚ ਜਬ ਬੈਸੇ ॥ ੮ ॥ ਸਬਦ ਅਰਥ ਮਹਿੰ ਰਾਖਹਿ ਧ੍ਯਾਨਾ ॥ ਫੁਰਨ ਨ ਦੇਹਿ ਸੰਕਲਪ ਅਪਾਨਾ ॥ ਸਪਤਮ ਅਹੈ ਧਾਰਨਾ ਅੰਗਾ ॥ ਤਹਿੰ ਸਰੂਪ ਸੁਨੀਯੇ [6]ਰੁਚ ਸੰਗਾ ॥ ੯ ॥ ਮਨ ਸੰਕਲਪ ਵਿਖੈ ਜੇ ਜਾਵੈ ॥ ਪੁਨ ਤਹਿ ਰੋਕ ਸਬਦ ਮਹਿੰ ਲਾਵੈ ॥

---

੧ ਕਪੜਾ । ੨ ਗਲੇ ਵਿਚ । ੩ ਡਾਲਕੇ ਪਾਕੇ । ੪ ਖਿਚਕੇ ।
੫ ਦੂਰ ਤਿਆਗਣਾ ਹੈ । ੬ ਸੁੰਦਰ ।

ਜਬ ਮਨ ਟਿਕਿਓ [1]ਘਟੀ ਦੋ ਚਾਰਾ ॥ ਤਹਿ ਕੋ ਨਾਮ ਸਮਾਧ ਉਚਾਰਾ ॥ ੧੦ ॥ ਸਬਦ ਵਿਖੈ ਜਬ ਲਗੀ ਸਮਾਧ ॥ ਤਿਸਹਿ ਵਧਾਵਹਿ ਤਨ ਮਨ [2]ਸਾਧ ॥ ਅਸਟ ਜਾਮ ਮਨ ਸਬਦ ਵਿਖੈ ਜਬ ॥ ਪੂਰਨ ਹੋਤ ਸਮਾਧ ਭਲੇ ਤਬ ॥ ੧੧ ॥

ਦੋਹਿਰਾ ॥ ਭਗਤ ਜੋਗ ਇਹ ਜਾਨੀਏ ਕਲ ਮਹਿ ਪੰਥ ਸੁਖੇਨ ॥
ਕਸ਼ਟ ਜੋਗ [3]ਦੁਸਤਰ ਅਹੈ ਹੋਇ ਨ [4]ਜੇਨੰ ਕੇਨ ॥ ੧੨ ॥

ਚੌਪਈ ॥ ਸੁਨ ਕਰ ਸ੍ਰੀ ਗੁਰ ਕਾ ਉਪਦੇਸ਼ਾ ॥ ਹਾਥ ਜੋੜ ਦ੍ਵੈ ਕਹਿਤ ਨਰੇਸ਼ਾ ॥ ਮਨ ਨਿਰਮਲ ਕੇ [5]ਮਾਰਗ ਦੋਊ ॥ ਕਰਨਾ ਕਰ ਬਖਸ਼ਹੁ ਦੁਖ ਖੋਊ ॥ ੧੩ ॥ ਕਰਹੁ ਸਰਬ ਯਹਿ ਦੇਸ ਨਿਹਾਲਾ ॥ ਤੁਮ ਸਮਾਨ ਨਹਿੰ ਆਨ ਕ੍ਰਿਪਾਲਾ ॥ ਹਮ ਕੌ ਅਬ [6]ਕ੍ਰਿਤਾਰਥ ਕੀਜੈ ॥ ਸਰਬ ਦੇਸ਼ ਉਪਦੇਸ਼ਹਿ ਦੀਜੈ ॥ ੧੪ ॥ ਪ੍ਰੇਮ ਬਿਨੈ ਸਨਬਾਨੀ ਸੁਨਕੈ ॥ [7]ਪਗ ਪਾਹੁਲ ਦੀਨੀ ਸਿਖ ਗੁਨ ਕੈ॥ਧਰਮਸਾਲ ਮਹਿੰ ਕੀਨ [8]ਬਸੇਰਾ ॥ ਸਰਬ ਦੇਸ਼ ਹੋਵਤ ਭਾ [9]ਚੇਰਾ ॥੧੫ ॥ ਭੂਪਤ ਯੋਗ ਦੇਨ ਕੇ ਕਾਜਾ ॥ ਪ੍ਰਾਣ ਸੰਗਲੀ ਗ੍ਰੰਥ ਸੁ ਸਾਜਾ ॥ ਇਕ ਸੌ ਤੇਰਸ ਧਜਾਇ ਬਖਾਨੇ ॥ ਜਾਹਿ ਪਢ ਯੋਗ [10]ਕਲਾ ਸਭ ਜਾਨੇ ॥ ੧੬ ॥ ਦੇਕਰ ਸੋਂ ਸੰਪਯੋ [11]ਅਵਨੀ ਪਾ ॥ ਬੋਲੇ ਪੁਨ ਬੇਦੀ ਕੁਲ ਦੀਪਾ ॥ ਜਬ ਸਿਖ ਕੋ ਆਵੈ ਹਮ ਦੇਸੂ ॥ ਜਾਚੈ ਤੁਮ ਪਹਿ ਦੇਹ ਨਰੇਸੂ ॥ ੧੭ ॥ ਚਿਰੰਕਾਲ ਪੁਨ ਕੀਨ ਬਸੇਰਾ ॥ ਭਯੋ ਸੁ ਦੇਸ ਨਿਹਾਲ ਘਨੇਰਾ ॥ ਭਗਤ ਜੋਗ ਹਠ ਯੋਗ ਸੁ ਦੋਊ ॥ ਕੀਏ ਪ੍ਰਪੱਕ ਭੂਪ ਮਨ ਸੋਊ ॥ ੧੮ ॥ ਸਿੱਖੀ ਪ੍ਰਗਟੀ ਦੇਸ [12]ਮਝਾਰੇ ॥ ਸ੍ਰੀ ਸਤਿਗੁਰ ਕੋ ਜਾਪ ਉਚਾਰੇ ॥ ਭਾ ਸ਼ਿਵਨਾਭ [13]ਅਧਕ ਪਰਤਾਪਾ ॥ ਅਪਨ ਆਪ ਸਭ [14]ਰਿਪ ਭੈ ਖਾਪਾ ॥ ੧੯ ॥ ਧਰਮਸ਼ਾਲ ਮਹਿ

੧ ਦੋ ਚਾਰ ਘੜੀਆਂ । ੨ ਰੋਕ ਲਇਆ । ੩ ਕਠਨ । ੪ ਜਣੇ ਖਣੇ ਪਾਸੋਂ । ੫ ਰਾਸਤਾ । ੬ ਕਲਿਆਨ । ੭ ਚਰਨਾ ਅੰਮ੍ਰਿਤ । ੮ ਡੇਰਾ । ੯ ਦਾਸ । ੧੦ ਸ਼ਕਤੀ । ੧੧ ਰਾਜਾ । ੧੨ ਵਿਚ । ੧੩ ਬਹੁਤ । ੧੪ ਦੁਸ਼ਮਣ ।

ਦੇਗ ਬਿਸਾਲ ॥ ਕਰਵਾਵਹਿੰ ਸਤਿਗੁਰੂ ਕ੍ਰਿਪਾਲ ॥ ਮਨ ਇਕੀਸ ਜਹਿੰ [੧]ਲੋਨ ਮਿਲਾਏ ॥ ਇਤੋ ਅਹਾਰ ਹੋਹਿ ਸਭ ਖਾਹਿ ॥ ੨੦ ॥ ਸੰਤ ਰੇਨ ਇਹ ਮਨ ਹੈ ਕੈਸਾ ॥ ਮੁਰ ਉਰ ਕਾ ਸਭ ਕਟੋ ਸੰਦੇਸਾ ॥ [੨]ਸਉ ਮਾਸੇ ਕਾ ਸੇਰ ਲਖੀਜੈ ॥ ਇਕ ਮਨ ਚਾਲੀ ਸੇਰ ਜਨੀਜੈ ॥ ੧੧ ॥ ਲੰਗਰ ਬਰਤੈ ਕੀਰਤਨ ਹੋਵੈ ॥ ਜੋ ਬਹੁ ਜੰਤਨ ਕਲ਼ ਮਲ ਖੋਵੈ ॥ ਦਿਨ [੪]ਪ੍ਰਤ ਚਲਨ ਚਹਿਤ ਜਗਤੇਸਾ ॥ ਕਰਹਿ ਭਾਉ ਬਹੁ ਰਖੇ ਨਰੇਸਾ ॥ ੨੨ ॥ ਪਰੀ ਪ੍ਰਪੱਕ ਸਿਖੀ ਕੀ ਰੀਤਾ ॥ ਨਿਤ ਪ੍ਰਤਿ ਵਧਹਿ ਭਜਨ ਮਹਿ ਪ੍ਰੀਤਾ ॥ ਕਰਿਓ ਗਿਆਨ ਮਹਿ ਪੂਰਨ ਰਾਉ ॥ ਸ੍ਰੀ ਨਾਨਕ ਜੀ ਦਯਾਲ ਸੁਭਾਉ ॥ ੨੩ ॥ ਬਹੁਰੋ ਸਤਿਗੁਰ ਕੀਨ ਤਿਆਰੀ ॥ ਚਹਿਤ ਨ ਬਿਛਰਿਓ ਨ੍ਰਿਪ [੫]ਬ੍ਰਿਹੁ ਭਾਰੀ ॥ ਕਹਿ ਗੁਰ ਤੁਮਹੋ ਪੂਰ ਬਬੇਕਾ ॥ ਹਮ ਕਰਨੇ ਹੈਂ ਕਾਜ ਅਨੇਕਾ ॥ ੨੪ ॥ ਧਰਹੁ ਧਿਆਨ ਹਮ ਸਦਾ ਸਮੀਪਾ ॥ ਅਸ ਸੁਨ ਗਦ ਗਦ ਭਾ [੬]ਅਵਨੀ ਪਾ ॥ ਸਰਬ ਪ੍ਰਕਾਰ ਦੀਨ ਤਹਿ ਧੀਰਾ ॥ ਸੰਮਤ ਚਲੀਸੇ ਗਮਨ ਗੰਭੀਰਾ ॥ ੨੫ ॥

ਦੋਹਿਰਾ ॥ ਚਲੇ ਸੁ ਤਿਰੀਆ ਟਾਜ ਮਹਿ ਗੁਰ ਨਾਨਕ ਗਤ ਦੈਨ ॥
ਬੈਠੇ ਇਕ [੭]ਉਪਬਨ ਬਿਖੈ ਮਰਦਾਨਾ ਸੋਂ ਬੈਨ ॥ ੨੬ ॥

ਚੌਪਈ ॥ ਹੇ ਮਰਦਾਨਾ ਤੰਤ ਬਜਾਵਹੁ ॥ ਨਿਰੰਕਾਰ ਕਾ ਜਸ ਤੁਮ ਗਾਵਹੁ ॥ ਜਬੈ ਰਬਾਬ ਬਜਾ ਗੁਰ [੮]ਪਾਹੀ ॥ ਸੁਨਤ [੯]ਤੀਆ ਸਭ ਹੀ ਚਲ ਆਹੀ ॥ ੨੭ ॥ ਦੇਖ ਦਰਸ ਮਨ ਸ਼ਾਂਤੀ ਪਾਈ ॥ ਰਾਣੀ ਕੋ ਤਬ ਜਾਇ ਸੁਨਾਈ ॥ ਭੇਟਾ ਲੇ ਰਾਣੀ ਤਬ ਆਈ ॥ ਸ੍ਰੀ ਸਤਿਗੁਰ ਚਰਨਨ ਸਿਰ ਨਾਈ ॥ ੨੯ ॥ ਬਿਨਤੀ ਭਨ ਕਰ ਪਾਹੁਲ ਲੀਨੀ ॥ ਸਭੀ ਦੇਸ ਮਹਿੰ ਸਿੱਖੀ ਕੀਨੀ ॥ ਤਹਿ ਤੇ ਚਲੇ ਸੁ ਜੰਗਲ

੧ ਇਕੀ ਮਣ ਲੂਣ ਲੰਗਰ ਵਿਚ ਲਗਦਾ ਸੀ। ੨ ਸੌ ਮਾਸ਼ੇ ਦਾ ਸੇਰ ਜਾਣਨਾ ਕਰੋ।
੩ ਪਾਪ। ੪ ਹਰ ਰੋਜ਼। ੫ ਪ੍ਰੇਮ। ੬ ਰਾਜਾ। ੭ ਬਾਗ਼।
੮ ਪਾਸ। ੯ ਇਸਤ੍ਰੀਆਂ।

ਮਾਹੀਂ ॥ ਕੌਡਾ ਰਾਕਸ਼ ਮਿਲਿਓ ਤਾਹੀਂ ॥ ੨੯ ॥ ਤਿਸ ਕੌ ਭੀ ਗੁਰ ਮੁਕਤ ਕਰਾਯੋ ॥ ਆਗੇ ਚਲ ਸਾਗਰ ਪੁਨ ਆਯੋ ॥ ਪੈਂਤੀ ਕੋਸ ਮੱਛ ਬਿਸਥਾਰਾ ॥ ਪੀਠ ਤਾਹਿ ਕੀ ਚਢੇ [1]ਉਦਾਰਾ ॥ ੩੦ ॥ ਜਾਇ ਸੀਸ ਪਰ ਕੀਨੋ ਡੇਰਾ ॥ ਤਬ ਮਰਦਾਨੇ ਮੁਖ ਤਹਿ [2]ਹੇਰਾ ॥ ਪਸਰਿਓ ਦੀਸਤ ਬਡੋ ਅਕਾਰਾ ॥ [3]ਦੀਰਘ ਲੋਚਨ ਕੋ ਬਿਸਤਾਰਾ ॥ ੩੧ ॥

ਦੋਹਿਰਾ ॥ ਭੈ ਕਰ ਉਠ [4]ਬਿਸਮਾਦਿਓ ਅਸ ਬਿਧ ਬਚਨ ਅਲਾਇ ॥
ਸ੍ਰੀ ਗੁਰ ਤੁਮਰੀ ਕੁਦਰਤਾਂ ਤੁਮ ਹੀ ਕੋ ਬਨ ਆਇ ॥ ੩੨ ॥

ਚੌਪਈ ॥ ਤਹਿ [5]ਨਿਸ ਬਸੇ ਭਈ ਪੁਨ [6]ਭੋਰਾ ॥ ਮੱਛ ਦੇਹ ਛੁਟ ਪਲਟੀ ਔਰਾ ॥ ਉਸਤਤ ਕਹਿਤ ਕਰੀ ਪਦ ਬੰਦਨ ॥ ਚਿਦਾ ਨੰਦ ਤਨ ਦੂੰਦ ਨਿਕੰਦਨ ॥ ੩੩ ॥ ਅਸ ਕਹਿ ਦੇਵ ਲੋਕ ਕੋ ਗਯੋ॥ ॥ ਚੌਰਾਸੀ ਤੇ ਛੂਟਤ ਭਯੋ ॥ ਬਹੁਰੋ ਆਗੇ ਕੀਨ ਪਯਾਨਾ ॥ ਚਲਤੇ [7]ਮਗ ਬੋਲਯੋ ਮਰਦਾਨਾ ॥ ੩੪॥ ਹੇ ਸਤਿਗੁਰ ਵਹੁ ਬਡੀ ਬਲਾਇ॥ [8]ਦੌਰਤ ਆਇ ਯਮਹਿੰ ਅਬ ਖਾਇ ॥ ਸਤਿਗੁਰ ਕਹਿੰ ਮਤ ਡਰ ਮਰਦਾਨਾ ॥ ਯਹ [9]ਕਲ ਡਾਇਨ ਤੁਮ ਲਿਹੁ ਜਾਨਾ ॥ ੩੫ ॥ ਅਸ ਕਹਿ ਬਾਲਾ ਕੋ ਪੁਨ ਕਹਿਯੋ ॥ ਡੰਡਾ ਲੇ ਇਸ [10]ਤੁੰਡ ਹਨਯੋ ॥ ਮੁਖ ਪਸਾਰ ਆਈ ਹਿਤ ਖਾਨੇ ॥ ਬਾਲਾ ਤਬ ਤਿਸ ਕੇ [11]ਦੰਦ ਭਾਨੇ ॥ ੩੬ ॥ ਬਿਹਬਲ ਹੋ ਧਰਨੀ ਪਰ ਪਰੀ ॥ ਪ੍ਰਾਨ ਤਿਆਗ ਦੇਹੀ [12]ਦਿਬ ਧਰੀ ॥ ਉਸਤਤ ਬਹੁ ਬਿਧ ਕੀਨ ਉਚਾਰ ॥ ਹੇ ਜਗ ਗੁਰ ਤੁਮ ਕਰਾ [13]ਨਿਹਾਰਾ ॥੩੭॥ ਡਾਇਨ ਤੇ ਅਬ ਦਿਬ ਦੇਹ ਪਾਈ॥ ਕਰ ਪ੍ਰਨਾਮ ਵੈਕੁੰਠ ਸਿਧਾਈ ॥ ਅਨਕ ਜੀਵ ਗੁਰ ਕੀਨ ਨਿਹਾਲਾ ॥

---

੧ ਸਖੀ ਸ੍ਰੀ ਗੁਰੂ ਨਾਨਕ ਜੀ । ੨ ਦੇਖਿਆ । ੩ ਵਡੀਆਂ ਅਖਾਂ ਹਨ । ੪ ਅਸਚਰਜ । ੫ ਰਾਤ । ੬ ਦਿਨ । ੭ ਰਸਤੇ ਵਿਚ । ੮ ਦੌੜਦਿਆਂ । ੯ ਕਲ ਡਾਇਣ ਬੜੀ ਭਿਆਨਕ ਰੂਪ ਵਾਲੀ । ੧੦ ਮੂੰਹ ਵਿਚ । ੧੧ ਦੰਦ ਭੰਨ ਦਿਤੇ । ੧੨ ਮਾਨੁਖਾ ਦੇਹ । ੧੩ ਨਿਸਤਾਰਾ ।

ਆਗੇ ਗਮਨੇ ਦੀਨ ਦਯਾਲਾ ॥ ੩੮ ॥ ਸਿੰਧ ਵਿਖੈ ਟਾਪੂ ਇਕ ਆਵਾ ॥ ਦੇਸ ਬਿਸੀਹਰ ਤਾਂਕੋ ਨਾਵਾ ॥ ਇਕ ਸੁੰਦਰ ਤਹਿ ਨਗਰ ਬਿਰਾਜਾ ॥ ਚਹੁ ਦਿਸ ਜਿਸਕੇ [1]ਉਪਬਨ [2]ਛਾਜਾ ॥ ੩੯ ॥ ਬਨਿਓ ਸੁ ਗਿਰਦੇ [3]ਦੁਰਗ ਉਤੰਗਾ ॥ [4]ਘਨ ਰੋਕਨ ਹਿਤ ਮਨਹੁ ਉਮੰਗਾ ॥ ਸੁਧਰ ਸੈਨ ਤਹਿ ਹੁਤੇ ਨ੍ਰਿਪਾਲਾ ॥ਕਰਤ ਰਾਜ ਤਹਿ ਦੇਸ ਬਿਸਾਲਾ ॥ ੪੦ ॥ ਪੁਰ ਕੇ ਵਹਿਰ ਥਾਨ ਰਮਣੀਕਾ ॥ ਬੈਸੇ ਤਹਿੰ ਬੇਦੀ ਕੁਲ ਟੀਕਾ ॥ [5]ਨਿਸਾ ਬਿਤੀ ਇਕ ਭੀ ਭੁਨਸਾਰਾ ॥ ਤਬ ਮਰਦਾਨੇ ਬਚਨ ਉਚਾਰਾ ॥ ਆਇਸ ਦੇਹੁ ਨਗਰ ਮੈਂ ਜਾਵਹੁੰ॥ [6]ਜਾਚ ਕਿਸੂ ਤੇ ਭੋਜਨ ਖਾਵਹੁੰ ॥ ਕਹਿੰ ਗੁਰ ਬਾਢੀ ਝੰਡੇ ਪਾਸ ॥ [7]ਅਸਨ [8]ਅਚੋ ਜਾ ਤਿਸੀ [9]ਅਵਾਸ ॥ ੪੨ ॥ ਲੇ ਆਗਿਆ ਪੁਰ ਮਹਿੰ ਤਬ ਗਯੋ ॥ ਇੰਦ੍ਰ ਸੈਨ ਇਕ ਨਰ ਮਿਲ ਗਯੋ ॥ ਝੰਡੇ ਕੋ ਗ੍ਰਿਹ ਤਿਨੈ ਦਿਖਾਵਾ ॥ ਮਰਦਾਨਾ ਹਿਤ ਸੋਂ ਬੈਠਾਵਾ ॥ ੪੩ ॥ ਇੰਦ੍ਰ ਸੈਨ ਕਹਿ ਝੰਡੇ ਤਾਹੀਂ ॥ ਤੁਮ ਕੋ ਢੂੰਡਤ ਲਿਆਯੋ [10]ਪਾਹੀ ॥ ਬੂਝਤ ਝੰਡਾ ਕਹਿ ਤੇ ਆਯੋ ॥ ਕੌਨ ਨਾਮ ਕੋ [11]ਬਰਨ ਸੁਹਾਯੋ ॥ ੪੪ ॥

ਇਤਿ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥੇ ਪ੍ਰਿਥਮ ਮਹਿਲੇ ਰਾਜਾ ਸ਼ਿਵਨਾਭ ਸੇ ਬਿਦਾ ਹੋਨ ਪ੍ਰਸੰਗ ਬਰਨਨੰ ਨਾਮ ਖਟ ਤ੍ਰਿੰਸਤੀ ਮੰਦਰਹਿ ॥ ੩੬ ॥

ਦੋਹਿਰਾ ॥ ਹਰੀ ਪ੍ਰੇਮ ਗੁਰ ਕਥਾ ਕੋ ਸੁਨਹੁ ਜਥਾ ਮਨ ਲਾਇ ॥
ਝੰਡੇ ਬੂਝਿਓ ਪਤਾ ਜਬ ਮਰਦਾਨਾ ਬਤਲਾਇ ॥ ੧ ॥
ਮਰਦਾਨਾ ਮਮ ਨਾਮ ਹੈ ਬਰਨ ਮਿਰਾਸੀ ਜਾਨ ॥
ਤੁਮਰੇ ਨਿਕਟ ਪਠਾਇਓ ਸ੍ਰੀ ਨਾਨਕ ਗੁਨ ਖਾਨ ॥ ੨ ॥
ਚੌਪਈ ॥ ਸੁਨ ਝੰਡਾ ਸ੍ਰੀ ਨਾਨਕ ਨਾਮਾ ॥ ਮਰਦਾਨਾ ਕੋ

---

੧ ਬਾਗ। ੨ ਇਸਥਿਤ। ੩ ਗੜ੍ਹ ਕਿਲ੍ਹੇ। ੪ ਬਦਲ। ੫ ਰਾਤ। ੬ ਮੰਗ ਕੇ। ੭ ਭੋਜਨ। ੮ ਛਕਣਾ ਕਰ। ੯ ਘਰ। ੧੦ ਪਾਸ। ੧੧ ਬ੍ਰਹਮਣ ਖਤ੍ਰੀ ਸ਼ੂਦ੍ਰ ਵੈਸ਼ ਇਨ੍ਹਾਂ ਬਰਨਾਂ ਵਿਚੋਂ ਦਸਣਾ ਕਰੋ।

ਕੀਨ ਪ੍ਰਣਾਮਾ ॥ ਕਲ ਤਾਰਣ ਗੁਰ ਨਾਨਕ ਆਯੋ ॥ ਅਬਹਿ ਜਨਮ ਹਮ ਸਫਲਾ ਥਾਯੋ ॥ ੩ ॥ ਇੰਦ੍ਰ ਸੈਨ ਉਪਬਨਹਿ ਪਠਾਯੋ ॥ ਆਪ ਅਹਾਰ ਤਿਆਰ ਕਰਾਯੋ ॥ ਮਰਦਾਨਾ ਕਹਿ ਇਹੁ ਨਰ ਕੌਨ ॥ ਹਮ ਕੋ ਲਿਆਯੋ ਤੁਮਰੇ [1]ਭੌਨ ॥ ੪ ॥ ਝੰਡਾ ਕਹੈ ਨਗਰ ਨ੍ਰਿਪ ਜੋਊ ॥ ਯਾਕੋ [2]ਮਾਤਲ ਲਾਗੇ ਸੋਊ ॥ ਮੁਝ ਸੋਂ ਪ੍ਰੀਤ ਕਰੈ ਅਧਕਾਈ ॥ ਕਰਤ ਭਗਤ ਹੋਵੈਂ ਇਕ ਥਾਈ ॥ ੫ ॥ ਇੰਦ੍ਰ ਸੈਨ ਇਤਨੇ ਮਹਿੰ ਆਯੋ ॥ [3]ਨ੍ਰਿਪਤ ਬਾਗ ਤੇ ਸੁਭ ਫਲ ਲਿਆਯੋ ॥ ਅਸਨਰੁ ਮੇਵੇ ਸਿਰ ਪਰ ਧਰਕੇ ॥ ਗਮਨੇ ਗੁਰ ਦਿਸ ਹਿਤ ਬਹੁ ਕਰਕੈ ॥ ੬ ॥

ਦੋਹਿਰਾ ॥ ਸ੍ਰੀ ਕਰਤਾਰ ਕਰਤਾਰ ਜੀ ਉਚਰਿਓ ਝੰਡੇ ਜਾਇ ॥
ਧਰ ਅਹਾਰ ਆਗੈ [4]ਰੁਚਿਰ ਸਿਰ ਚਰਨਨ ਪਰ ਲਾਇ ॥ ੭ ॥

ਚੌਪਈ ॥ ਸਤਿਗੁਰ ਕਹਿੰ ਹੇ ਪਿਆਰੇ ਝੰਡਾ॥ ਅਹੋ ਅਨੰਦ ਭਗਤਿ ਚਿਤ [5]ਮੰਡਾ ॥ ਕ੍ਰਿਪਾ [6]ਰਾਵਰੀ ਸਭੀ ਅਨੰਦਾ ॥ ਜਨਮ ਮਰਨ ਕੇ ਕਾਟਹੁ ਫੰਧਾ ॥ ੮ ॥ ਬਹੁਤ ਦਿਨਨ ਕੀ ਹਮ ਉਰ ਚਾਹੂ ॥ ਹਰਹੁ ਦ੍ਵੈਤ ਸਭ ਉਰ ਤੇ ਦਾਹੂ ॥ ਗਿਆਨਾ ਨੰਦ ਦਾਨ ਕੋ ਦੀਜੈ ॥ ਹਮ ਪਰ ਗੁਰੋ ਕ੍ਰਿਪਾਲ [7]ਪ੍ਰਸੀਜੈ ॥ ੯ ॥ ਸੁਨ ਕਰ ਬਿਨੈ ਦੀਨ [8]ਦੁਖ ਗੰਜਨ ॥ ਬੋਲੇ ਹੇਤ ਭਗਤ ਭ੍ਰਮ ਭੰਜਨ ॥ ਗਿਆਨ ਨੰਦ ਮਹਿੰ [9]ਚਹੋ ਜੇ [10]ਮਗਨਾ ॥ ਨਿਜ ਸਰੂਪ ਕੀ ਲਿਵ ਕੇ ਲਗਨਾ ॥ ੧੦ ॥ ਤੌ ਪ੍ਰਿਥਮੈ ਗੁਰ [11]ਦਛਨਾ ਦੀਜੈ ॥ ਪਾਛੈ ਸ੍ਰਵਨ ਗਿਆਨ ਕੋ ਕੀਜੈ ॥ ਹੰਗਤਾ ਮਮਤਾ ਬਡੋ ਪਸਾਰੋ ॥ ਯਹ ਦੋਨੋਂ ਹਮ ਕੌ ਦੇ ਡਾਰਹੁ ॥ ੧੧ ॥ ਕਹਿਨ ਲਗੇ ਤਨ ਮਨ ਧਨ [12]ਧਾਮਾ ॥ ਚਰਨ ਆਪ ਕੀ ਭੇਟ [13]ਤਮਾਮਾ ॥ ਹਮ ਨਹਿੰ ਗ੍ਰਹਿਨ ਕਰੈਂ ਅਬ ਕੋਊ ॥ ਹੰਗਤਾ ਮਮਤਾ ਭੇਟਾ ਦੋਊ ॥ ੧੨ ॥ ਜਬ ਧਨ ਤਨ ਮਨ ਦੀਨ

੧ ਘਰ । ੨ ਮਾਮਾ । ੩ ਰਾਜਾ । ੪ ਸੁੰਦਰ । ੫ ਇਸਥਿਤ । ੬ ਆਪ ਦੀ । ੭ ਪ੍ਰਸੰਨਤਾ । ੮ ਦੁਖਾਂ ਦੇ ਕਟਣ ਵਾਲੇ ਗੁਰੂ ਜੀ । ੯ ਚਾਹੁੰਦੇ ਹੋ । ੧੦ ਇਸਥਿਤ । ੧੧ ਭੇਟਾ । ੧੨ ਘਰ । ੧੩ ਸਾਰੇ ।

[1]ਚਢਾਈ ॥ ਕਮਲ ਨੈਨ ਤਬ [2]ਗਿਰਾ ਅਲਾਈ ॥ ਇਨ ਤੇ ਪਰਾ ਆਤਮਾ ਜੋਊ ॥ ਨਿਜ ਸਰੂਪ ਲਖੀਐ ਤੁਮ ਸੋਊ ॥ ੧੩ ॥ ਇਸ ਪ੍ਰਕਾਰ ਕੀ ਸੁਣ ਕਰ ਬਾਨੀ ॥ ਕਰੀ ਵਿਚਾਰ ਜੋ ਅਤ ਸੁਖ ਦਾਨੀ॥ ਬੈਠੇ ਤਬ ਹੀ ਲਗੀ ਸਮਾਧਾ ॥ ਪਿਖਯੋ ਆਤਮਾ ਰੂਪ [3]ਅਬਾਧਾ ॥ ੧੪ ॥ ਇਸ ਬਿਧ ਦੇ ਤਿਨ ਕੋ ਉਪਦੇਸ਼ਾ ॥ ਬੋਲੇ ਬਹੁਰ ਬਚਨ ਜਗਤੇਸਾ ॥ ਅਬ ਇਹ ਕੀਜੈ ਖਾਨ ਅਹਾਰਾ ॥ ਆਇਸ ਪਾ ਬਾਲੇ ਵਰਤਾਰਾ ॥ ੧੫ ॥ ਸ੍ਰੀ ਸਤਿਗੁਰ ਨਿਜ ਕਰ ਮਹਿੰ ਲੀਨੋ ॥ ਭਗਤ ਜਾਨ ਨਿਜ [4]ਅਚਵਨ ਕੀਨੋ ॥ ਨੀਕੋ ਸੰਤ ਹੋਇ ਜਹਿ ਥਾਈ ॥ ਤਿਹ ਠਾ ਪ੍ਰਭ ਜੀ ਭੋਜਨ ਖਾਹੀ ॥ ੧੬ ॥ [5]ਨਾਤੁਰ ਪੌਨ ਅਹਾਰੀ ਰਹਿ ਹੀ ॥ ਜੋ [6]ਕਿੰਕਰ ਕੇ [7]ਕਲ ਮਲ ਦਹਿ ਹੀ ॥ ਅਚਵਿਓ [8]ਅਰਧ ਅਸਨ ਗੁਰ ਜਬ ਹੀ ॥ ਪੁਨ ਝੰਡੇ ਕੋ ਦੀਨੋ ਤਬ ਹੀ ॥ ੧੭ ॥

ਦੋਹਿਰਾ ॥ ਹਿਤ ਕਰ ਕੀਨੋ ਖਾਨ ਤਿਨ ਖੁਲ ਗੇ ਬਿਕੁਟ ਕਪਾਟ ॥
ਭਰਮ ਮੋਹਿ ਕੋ ਨਸ਼ਟ ਕਿਯ ਦ੍ਵੈਤਹਿ ਸਾਂਕੁਰ ਕਾਟ ॥ ੧੮ ॥

ਚੌਪਈ ॥ [9]ਟਿਕ ਗੀ ਬ੍ਰਿੱਤਿ ਸਮਾਧ ਲਗਾਈ ॥ ਭਯੋ ਬਿਦੇਹ ਨ ਸੁਧ ਤਨ ਕਾਈ ॥ ਦੋਨੋਂ ਬੈਠੇ ਹੋਇ ਅਡੋਲਾ ॥ ਸੁਖ ਆਤਮ ਕੋ ਪਾਇ ਅਮੋਲਾ ॥ ੧੯ ॥ ਤੀਨ ਪਹਿਰ ਬੀਤੇ ਇਸ [10]ਭਾਤੀ ॥ ਰਹਿ ਗੀ ਏਕ [11]ਜਾਮ ਜਬ ਰਾਤੀ ॥ ਉਠ ਕਰ ਕਰ ਕੀਨੋ ਗੁਰ ਇਸਨਾਨਾ ॥ ਬਹੁਰੋ ਸ੍ਰੀ ਸੂਰਜ ਪ੍ਰਗਟਾਨਾ ॥ ੨੦ ॥ ਤਿਨਹਿ ਬੁਲਾਇ ਸਮਾਧ ਛੁਡਾਈ ॥ ਦੇ ਪਾਹੁਲ ਪੁਨ ਗਿਰਾ ਅਲਾਈ ॥ ਹੇ ਝੰਡਾ ਅਬ ਤੁਮ ਚਲ ਜਾਵਹੁ ॥ ਸਭੀ ਦੇਸ਼ ਸਿੱਖੀ ਪ੍ਰਗਟਾਵਹੁ ॥ ੨੧ ॥ ਲੇਹ ਆਗਿਆ ਚਰਨਨ ਸਿਰ ਧਰਕੈ ॥ ਗਮਨਿਯੋਂ ਸਤਿਗੁਰ ਉਸਤਤ ਕਰਕੈ ॥ ਇੰਦ੍ਰਸੈਨ ਗੁਰ ਕੇ ਪਰ ਪਾਊਂ ॥ ਬਿਨੈ ਭਨੈ ਹਉਂ

---

੧ ਚੜ੍ਹਾ ਦਿਤਾ ਭੇਟਾ ਕਰ ਦਿਤਾ । ੨ ਬਾਣੀ । ੩ ਨਾਸ ਤੋਂ ਰਹਿਤ ।
੪ ਛਕਣਾ ਕੀਤਾ । ੫ ਨਹੀਂ ਤਾਂ । ੬ ਦਾਸ । ੭ ਪਾਪ । ੮ ਨਿਸਫ ।
੯ ਲਗ ਗਈ । ੧੦ ਤਰ੍ਹਾਂ । ੧੧ ਪਹਿਰ ।

[1]ਮਾਤੁਲ ਲਿਆਊਂ ॥ ੨੨ ॥

ਦੋਹਿਰਾ॥ਲੈ ਰਜ਼ਾਇ ਨ੍ਰਿਪ ਫਿਰ ਗਯੋ ਮਿਲ ਅਸਨ ਬਚਨ ਉਚਾਰ॥
ਸਰਨ ਗਹੋ ਚਲ ਸੰਤ ਕੀ ਲਖ ਸਰੂਪ ਕਰਤਾਰ ॥ ੨੩ ॥

ਚੌਪਈ ॥ [2]ਊਨੇ ਭਰੇ ਭਰੇ ਕਰ ਊਨੇ ॥ [3]ਉਜਰ ਬਸਾਇ ਬਸੇ ਕਰ [4]ਸੂਨੇ ॥ [5]ਲਘ ਤੇ ਬਡ ਬਡ ਤੇ ਲਘ ਛਿਨ ਮੈਂ ॥ ਅਸ ਸਮਰੱਥ ਸਮਝ ਨਿਜ ਮਨ ਮੈਂ ॥ ੨੪ ॥ ਕਹਿ ਭੂਪਤ ਮੁਝ ਮਨ ਕੀ ਕਹਿ ਹੋ ॥ ਬਹੁ ਖੋਜਿਯੋ ਅਬ ਹੀ ਤੁਮ ਲਹਿ ਹੋ ॥ ਜਿਨ ਕੀ ਮਹਿਮਾ ਤੁਮਹਿ ਉਚਾਰੀ ॥ ਦਰਸ ਕਰਨ [6]ਅਭਲਾਖ ਹਮਾਰੀ ॥ ੨੫॥ਇੰਦ੍ਰ ਸੈਨ ਕਹਿ ਭੇਟਾ ਲੀਜੈ॥ਅਪਨਾ ਆਪ ਨਿਵਾਰਨ ਕੀਜੈ॥ ਸੁਭ ਫਲ [7]ਮਧੁਰ ਭੇਟ ਧਰ ਆਗੇ ॥ ਕਰਹੁ ਡੰਡੌਤ ਚਰਨ ਜੁਗ ਲਾਗੇ ॥ ੨੬ ॥ ਮਾਨੀ [8]ਸੀਖ ਸੁਸਾ ਕੇ ਸੁਤ ਕੀ ॥ ਲਖੀ ਰਿਦੈ ਭਾਖਤ ਮਮ ਹਿਤ ਕੀ ॥ [9]ਸੁਠ ਭੇਟਾ ਲੈਕਰ ਸੋ ਆਵਾ ॥ ਇੰਦ੍ਰਸੈਨ ਜਹਿ ਸੰਗ ਸੁਹਾਵਾ ॥ ੨੭ ॥

ਦੋਹਿਰਾ ॥ [10]ਪਗ ਨੰਗੇ ਮਨ ਦੀਨ ਹੈ ਪ੍ਰੇਮ ਸੰਗ ਤਹਿ ਆਨ ॥
ਕਰ ਬੰਦੇ ਬੰਦਨ ਕਰੀ ਧਰ ਪਰ [11]ਦੰਡ ਸਮਾਨ ॥੨੮॥

ਚੌਪਈ ॥ ਕਰ [12]ਅਸਟਾਂਗ ਚਰਨ [13]ਅਨੁਰਾਗਾ ॥ ਪਰਿਓ ਰਹਿਓ ਨਹਿੰ ਉਠ ਵਡਭਾਗਾ ॥ ਪਿਖਾ ਗੁਰ ਦਈ ਕੰਡ ਪਰ ਥਾਪੀ॥ ਉਠਹੁ ਭੂਪ ਅਤ ਭਾ ਪਰਤਾਪੀ ॥ ੨੯ ॥ [14]ਨ੍ਰਿਪਤ ਸਤਾਰਹਿ ਤੋਹਿ ਸਮੀਪਾ ॥ ਸਭ ਕੋ ਭਯੋ ਤੁਹੀ ਅਵਨੀਪਾ ॥ ਆਨ ਕਰਹਿੰ ਤਵ ਪਦ ਪਰ ਬੰਦਨ ॥ ਮਮਤਾ ਕਰੈਂ ਸੁਹੋਇ ਨਿਕੰਦਨ ॥ ੩੦ ॥

---

੧ ਮਾਮਾ । ੨ ਖਾਲੀ । ੩ ਉਜੜੇ । ੪ ਖਾਲੀ । ੫ ਛੋਟੇ ਤੋਂ ਵਡਾ । ੬ ਇਛਾ । ੭ ਮਿਠੇ । ੮ ਸਿਖਿਆ ਭੈਣ ਦੀ ਦੇ ਪੁਤਰ ਦੀ ਮਨਣ ਕੀਤੀ । ੯ ਸੁੰਦਰ । ੧੦ ਨੰਗੇ ਚਰਨ । ੧੧ ਡੰਡੇ ਵਰਗਾ ਲੰਮਾ ਪੈਕੇ । ੧੨ ਅਠ ਅੰਗ ਧਰਤੀ ਤੇ ਲਗਨ ਉਸ ਨੂੰ ਅਸਟਾਂਗ ਆਖਦੇ ਹਨ । ੧੩ ਪ੍ਰੇਮੀ । ੧੪ ਸਤਾਰਾਂ ਰਾਜੇ ਤੁਹਾਡੇ ਅਧੀਨ ਹੋਵਣਗੇ

ਦੋਹਿਰਾ ॥ ਬਿਨੈ ਕਰੀ ਕਰ ਬੰਦਕੇ ਲੇਯ ਚਲਾ ਨਿਜ ਧਾਮ ॥
ਏਕ [1]ਮਾਸ ਤਹਿ ਠਾਂ ਰਹੇ ਪੂਰਨ [2]ਕਿੰਕਰ ਕਾਮ ॥ ੨੧ ॥
ਚੌਪਈ ॥ ਇੰਦ੍ਰਸੈਨ ਸੋਂ [3]ਭਨ ਮਰਦਾਨੋ ॥ ਨ੍ਰਿਪ੍ਰ ਸਤਾਰਹਿ ਨਾਮ ਬਖਾਨੋ ॥ ਇੰਦ੍ਰਸੇਨ ਕਹਿ ਸੁਨਿਯੋ ਨਾਮ ॥ ਕਮਲ ਨੈਨ ਇਕ ਨ੍ਰਿਪ [4]ਅਭਰਾਮ ॥ ੩੨ ॥ ਮਧਰ ਬੈਨ ਸੁਖ ਚੈਨਹਿ ਜਾਨੋ ॥ ਅਸਨਾਹਾ ਸਗ੍ਰ ਸੈਨ ਪਛਾਨੋ ॥ ਬੀਰ ਬੈਨ ਪੁਨ ਕਾਲ ਸੁ ਨੈਨ ॥ ਸੁਖ ਸਾਗਰ ਪੁਨ ਰਾਇ ਸੁ ਮੈਨ ॥ ੩੩ ॥ ਪਰਸਰਾਮ ਐ ਅਟਕਾ ਘਟਕਾ ॥ ਸੁੱਧ ਸਮਾਲ ਬਬੇਕ ਬਲ ਰਟਕਾ ॥ ਨੈਨ ਜੋਤ ਪੁਨ ਬਲ ਸਿੰਗਾਰਾ ॥ ਰਕਤ ਰੰਗ ਨਗਰ ਰਾਇ ਚਾਰਾ ॥ ੩੪ ॥ ਕੌਲ ਨੈਨ ਸਭ ਕਾ ਸਿਰ ਮੌਰ ॥ ਮਾਤੁਲ ਕੀਨੋ ਗੁਰ ਤਿਸ ਠੌਰ ॥ ਸੁਨ ਮਰਦਾਨਾ ਭਯੋ ਪ੍ਰਸੰਨ ॥ ਕਹਿਨ ਲਗਯੋ ਸਤਗੁਰ ਹੈਂ ਧੰਨ ॥ ੩੫॥ ਸ੍ਰੀ ਗੁਰ ਭਨੈ ਨਰੇਸ ਸੁਨੀਜੈ ॥ ਝੰਡੇ ਕੀ ਸਮਤਾ ਨਹਿੰ ਕੀਜੈ ॥ ਜੇਕਰ ਅਪਨ ਭਲਾ ਤੁਮ ਚਹਹੀ ॥ ਸਦਾ ਨਮੋ ਤਹਿ ਆਗੈ ਰਹਹੀ॥ ੩੬ ॥ ਸਰਬ ਦੇਸ ਸਿਖੀ ਪ੍ਰਗਟਾਏ ॥ ਝੰਡੇ [5]ਅਗ੍ਰਜ ਦੇਇ ਨਿਵਾਇ ॥ ਸਿਮਰਨ ਨਾਮ ਦਾਨ ਇਸਨਾਨਾ। ਕਰਹਿ ਮਨਜ ਨਿਜ ਭਲਾ ਪਛਾਨਾ ॥ ੩੭ ॥ ਬਹੁਰ ਚਲਨ ਕੀ ਬਾਤ ਚਲਾਈ ॥ ਸੁਨਤ ਨ੍ਰਿਪਤ ਨੇ ਗਿਰਾ ਅਲਾਈ ॥ ਗਜ ਬਾਜੀ ਸਭ ਰਾਜ ਸਮਾਜਾ ॥ ਨਿਜ ਕਰ ਝੰਡੇ ਕੋ ਦਿਹੁ ਆਜਾ ॥ ੩੮ ॥ ਮੋ ਕੋ ਲੇਹੁ ਆਪਨੇ ਸਾਬਾ ॥ ਰਹਿ ਨ ਸਕੋਂ ਤੁਮ ਬਿਨ ਜਗ ਨਾਬਾ ॥ [6]ਮੀਨ ਨੀਰ ਸੀ [7]ਗਤ ਪਰਸੰਗਾ ॥ ਅਸ ਕਹਤਿਯੋ ਉਰ ਪ੍ਰੇਮ ਉਮੰਗਾ ॥ ੩੯ ॥ [8]ਪੁਲਕਾਵਲ ਤਨ [9]ਗਦ ਗਦ ਬਾਨੀ ॥ ਤਹਿ ਛਿਨ ਨ੍ਰਿਪ ਕੀ [10]ਗਤ ਬਿਕਲਾਨੀ ॥ ਦੇਖ ਪ੍ਰੀਤ ਅਸ ਉਰ ਕੀ ਸਾਚੀ ॥ ਸ੍ਰੀ

੧ ਇਕ ਮਹੀਨਾ ਇਸ ਥਾਂ ਰਹੇ। ੨ ਦਾਸ। ੩ ਉਚਾਰਨ। ੪ ਸੁੰਦਰ। ੫ ਅਗੇ। ੬ ਮਛੀ। ੭ ਨਾਸ। ੮ ਸਰੀਰ ਦੇ ਰੋਮ ਖੜੇ ਹੋ ਗਏ। ੯ ਬਾਗ ਬਾਗ। ੧੦ ਹਾਲਤ ਬਿਆਕੁਲ।

ਨਾਨਕ ਜੀ [1]ਗਿਰਾ ਉਬਾਚੀ ॥ ੪੦ ॥ ਧਰਹੁ ਧਯਾਨ ਨਿਤ ਉਰ [2]ਅਵਨੀਪਾ ॥ ਮੈਂ ਹੌਂ ਤੁਮਰੇ ਸਦਾ ਸਮੀਪਾ ॥ ਸੋਚ ਸੋਂ [3]ਪੰਚਾਮ੍ਰਿਤ ਕਰਵਾਵਹੁ ॥ ਪੰਚ ਪੈਸੇ ਅਰਦਾਸ ਅਲਾਵਹੁ ॥ ੪੧ ॥

ਦੋਹਿਰਾ ॥ ਹਾਜਰ ਹੋਵਹੁੰ ਆਨ ਤਬ ਕਰੌਂ ਕਾਮਨਾ ਪੂਰ ॥ ਅਸ ਕਹਿ ਬਹੁ ਧੀਰਜ ਦਯੋ ਭੂਪਤ ਕੋ ਜਗ ਮੂਰ[4]॥ ੪੨ ॥ ਸਰਬ ਨਗਰ ਕੇ ਨਰ ਮਿਲੇ ਝੰਡੇ ਆਦ ਜਿ ਆਨ ॥ ਤਿਨ ਕੌ ਧੀਰਜ ਦੇ ਗੁਰੂ ਪੁਨ ਕੀਨੋ [5]ਪ੍ਰਸਥਾਨ ॥ ੪੩ ॥

ਇਤਿ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥੇ ਪ੍ਰਿਥਮ ਮਹਿਲੇ ਝੰਡਾ ਬਾਢੀ ਰਾਜਾ ਸੁਧਰ ਸੈਨ ਪ੍ਰਸੰਗ ਬਰਨਨੰ ਨਾਮ ਸਪਤ ਤ੍ਰਿੰਸਤ ਮੰਦਰਹਿ ॥ ੩੭ ॥

ਦੋਹਿਰਾ ॥ ਅਸੀਮ ਫੱਲਜ ਤੇ ਚਲੇ ਗੁਰੁ ਅਨਕ ਟਾਪੂ ਅਨ ਸੈਰ ॥
ਸੱਤਿਨਾਮ ਚੱਕਰ ਫਿਰਯੋ ਚਲੇ ਸੂਰਨ ਪੁਰ ਸ਼ਹਿਰ ॥ ੧ ॥
ਨਿਕਟ ਨਗਰ ਆਏ ਤਬੈ ਜੋ ਸੁੰਦਰ [6]ਦੁਤਵੰਤ ॥
ਦੇਖ ਜਿਸੇ [7]ਅਮਰਾਵਤੀ ਨੀਚੇ ਨੈਨ ਕਰੰਤ ॥ ੨ ॥

ਚੌਪਈ ॥ ਚਹੁ ਦਿਸ ਜਿਸ ਕੇ [8]ਉਪਬਨ ਸੋਹੈ ॥ [9]ਕੁਸਮ [10]ਬਾਟਕਾ ਬਹੁ ਮਨ ਮੋਹੈ ॥ [11]ਕੰਚਨ ਕੋ [12]ਗਢ ਬਡੋ ਬਿਰਾਜੈ ॥ ਨਾਨਾ ਰੰਗ [13]ਜੁਰੇ ਨਗ [14]ਛਾਜੈ ॥ ੩ ॥ ਊਚੀ [15]ਅਟਾ ਕਲਸ ਮਨ ਭਾਵਨ ॥ ਦਰ ਪਰ [16]ਤੋਰਣ ਬਧੀ ਸੁਹਾਵਨ ॥ ਚੰਦਨ ਕੇ [17]ਕਪਾਟ ਬਡ ਸੋਭਾ ॥ ਜਿਨ ਕੋ [18]ਪਿਖ ਦੇਵਨ ਮਨ ਲੋਭਾ ॥ ੪ ॥ ਜਗ ਮਗ ਚਮਤਕਾਰ [19]ਛਬ ਛਾਈ ॥ ਮਨਹੁ ਚਢੇ ਬਹੁਤੇ ਦਿਨ ਰਾਈ ।

---

੧ ਬਾਣੀ ਉਚਾਰੀ । ੨ ਰਾਜਾ । ੩ ਕੜਾਹ ਪ੍ਰਸ਼ਾਦਿ । ੪ ਸਾਹਮਣੇ । ੫ ਚੱਲਣਾਂ ਕੀਤਾ । ੬ ਸੋਭਾ ਵਾਲਾ । ੭ ਦੇਵਤਿਆਂ ਦੀ ਪੁਰੀ । ੮ ਬਾਗ ਸ਼ੋਭਨੀਕ ਹੋ ਰਹੇ ਹਨ । ੯ ਫੁਲ । ੧੦ ਦਰਖਤ । ੧੧ ਸਵਰਨ । ੧੨ ਕਿਲ੍ਹੇ । ੧੩ ਜੁੜੇ । ੧੪ ਫਬ ਰਹੇ ਹਨ । ੧੫ ਅਟਾਰੀ । ੧੬ ਦਰਵਜੇ ਗਲਤੀਆਂ ਬਣ ਕੇ ਸ਼ੋਭਨੀਕ ਹੋ ਰਹੀਆਂ ਹਨ । ੧੭ ਤਖਤੇ । ੧੮ ਦੇਖਣੇ । ੧੯ ਸੋਭਾ ਇਸਥਿਤ ਹੋ ਰਹੀ ਹੈ ।

ਪਹੁਚੇ ਜਬ ਤਹਿ ਨਗਰ ਸਮੀਪਾ ॥ ਬੈਠੇ ਸ੍ਰੀ ਬੇਦੀ ਕੁਲ ਦੀਪਾ ॥ ੫ ॥ ਮਰਦਾਨੇ ਸੋਂ ਬਚਨ ਉਚਾਰਾ ॥ ਜਾਉ ਨਗਰ [੧]ਅਚ ਲੇਹੁ ਅਹਾਰਾ ॥ ਗਮਨਿਓਂ [੨]ਤੂਰਨ ਨਗਰ ਮਝਾਰੂ ॥ ਜਹਾਂ ਚੌਂਕ ਹੈਂ ਚਾਰੁ ਬਜਾਰੂ ॥ ੬ ॥ ਪੁਰ ਰਚਨਾ ਪਿਖ ਕੈ ਮਰਦਾਨਾ ॥ ਹਰਖਤ ਹੈ ਉਰ ਮੈਂ ਬਿਸਮਾਨਾ ॥ ਇਕ ਮਾਨਵ ਕੇ ਜਾਇ ਸਮੀਪਾ ॥ ਬੂਝਿਓ [੩]ਕੌਨ ਨਾਮ ਅਵਨੀ ਪਾ ॥ ੭॥ ਪੁਨ ਇਸ ਪੁਰ ਕੋ ਨਾਮ ਬਤਾਵਹੁ॥ ਮੁਝ [੪]ਢਿਗ ਸਰਬ ਬ੍ਰਿਤਾਂਤ ਸੁਨਾਵਹੁ ॥ ਕਹਿੰ ਬਿਧ ਹੋਤ ਇਹਾਂ ਬਿਵਹਾਰਾ ॥ ਜਹਿੰ ਕੰਚਨ ਕੇ ਬਨੇ ਬਜਾਰਾ ॥ ੮ ॥ ਤਹਿ ਨਰ ਨੇ ਸੁਨ ਬਚਨ ਉਚਾਰਾ ॥ ਨਾਮ ਸੂਰਨ ਪੁਰ ਪ੍ਰਗਟ [੫]ਉਦਾਰਾ ॥ ਕਵਲ ਨੈਨ ਨ੍ਰਿਪ ਰਾਜਨ ਰਾਜਾ ॥ ਜਹਿ ਸਮ ਦੂਸਰ ਕੋਇ ਨ [੬]ਆਜਾ॥੯॥ ਦੋਹਿਰਾ॥ ਨਹੀਂ ਮੋਲ ਕਿਸ ਵਸਤ ਕੋ ਜੋ ਚਾਹਤ ਸੋ ਲੇਤ ॥ [੭]ਮਧਰ ਅਸਨ ਜੋ [੮]ਹਾਟ ਪਰ ਧਰਮ ਅਰਥ ਸਭ ਦੇਤ ॥ ੧੦ ॥

ਚੌਪਈ ॥ ਦੇਸ ਬਿਦੇਸੀ ਜੋ ਜਹਿੰ ਚਾਹੀ ॥ ਦੇਵ ਬਿਹੀਨ [੯]ਮੋਲ ਸਬ ਤਾਹੀ ॥ ਹਰਖਿਯੋ ਮਰਦਾਨਾ [੧੦]ਬਚ ਭਾਖੇ ॥ [੧੧]ਛੁਧਾ ਮੁਝੈ ਭੋਜਨ ਕੀ [੧੨]ਕਾਂਖੇ ॥ ੧੧॥ ਪਰਦੇਸੀ ਮੋ ਕੋ [੧੩]ਲਖ ਲੀਜੈ ॥ ਅਪਨੋ ਨਾਮ ਬਤਾਵਨ ਕੀਜੈ ॥ ਸੁਨ ਕਰ ਤਿਸਨੇ ਬਚਨ ਉਚਾਰਾ ॥ ਧਰਮ ਸਿੰਗ ਹੈ ਨਾਮ ਹਮਾਰਾ ॥ ੧੨ ॥ ਹੋਹਿੰ ਔਰ ਜੇਤੇ ਤੁਝ ਸੰਗਾ॥ ਲੇ ਅਹਾਰ ਤਿਨ ਹੇਤ ਨਿਸੰਗਾ ॥ ਸੰਗੀ ਦੋਇ ਕਰੈਂ ਨਹਿੰ ਖਾਨਾ ॥ ਅਸ ਸੁਨ ਗਮਨੇ ਏਕ ਦੁਕਾਨਾ ॥ ੧੩॥ ਧਰਮ ਸਿੰਗ ਕਹਿ ਤਿਸਕੈ ਤਾਈ ॥ ਅਸਨ ਦਵਾਯੋ ਸੇਰ ਅਢਾਈ ॥ ਹੁਇ ਪ੍ਰਸੰਨ ਖਾਯੋ ਮਰਦਾਨੇ ॥ [੧੪] ਉਦਰ ਅਘਾਇ ਚੁਲੀ ਕਰ ਪਾਨੇ ॥ ੧੪ ॥ ਬਹੁਰ

---

੧ ਛਕਣਾ ਕਰੋ । ੨ ਛੇਤੀ ਨਾਲ । ੩ ਰਾਜੇ ਦਾ ਕੀ ਨਾਮ ਹੈ । ੪ ਪਾਸ । ੫ ਸਖੀ । ੬ ਅਜ ਤਕ । ੭ ਮਿਠਾ ਭੋਜਨ । ੮ ਹਟੀ । ੯ ਮੁਲ ਤੋਂ ਬਿਨਾਂ ਦੇਂਦੇ ਹਨ । ੧੦ ਬਚਨਾਂ ਨੂੰ ਕਹਿੰਦਾ ਹੈ । ੧੧ ਭੁਖ । ੧੨ ਇਛਾ । ੧੩ ਜਾਣਨਾ ਕਰ । ੧੪ ਪੇਟ ਭਰ ਕਰ ਪਾਣੀ ਦੀ ਚੁਲੀ ਕੀਤੀ ।

ਬਜਾਰਨ ਸੈਰ [1]ਨਿਹੁਰ ਕੈ ॥ ਸ੍ਰੀ ਗੁਰ [2]ਢਿਗ ਗਮਨਿਓਂ ਫਿਰ ਮੁਰ
ਕੈ ॥ ਦੇਖ ਦੂਰ ਤੇ ਸ੍ਰੀ ਗੁਨ ਖਾਨੀ ॥ ਮਰਦਾਨੇ ਸੰਗ ਬੋਲੇ ਬਾਨੀ ॥
੧੫ ॥ ਕਹੋ ਨਗਰ ਕਿਹ ਬਿਧ ਕੋ ਦੇਖਾ ॥ ਮੁਖ ਪੰਕਜ ਜਸ
ਖਿਰਿਓ ਬਸੇਖਾ ॥ ਸੁਨਹੁ ਪ੍ਰਭੂ ਕਿਆ ਕਰੌਂ ਬਖਾਨਾ ॥ ਕਬਹੂ ਨ
ਦੇਖਾ ਇਹੁ ਅਸਥਾਨਾ ॥੧੬ ॥ ਸੁਨਤਿਯੋ ਬਿਗਸੇ ਦੀਨ ਨਿਵਾਜੂ ॥
ਭਲਾ ਭਯਾ ਤੁਮ ਖ਼ੁਸ਼ ਹੋ ਆਜੂ॥ ਭਯੋ [3]ਤੋਰ ਮਨ [4]ਭਾਵਤ ਸਭ ਹੀ॥
ਬੈਸਹੁ ਗਾਹੁ ਸ਼ਬਦ ਕੋ ਅਬ ਹੀ ॥ ੧੭ ॥ ਬੈਠ ਗਯੋ ਬੂਝਤ ਪੁਨ
ਐਸੇ ॥ ਇਹ ਪੁਰ ਕਰਮ ਕਰਤ ਨਰ ਕੈਸੇ ॥ ਸਰਬ ਅਮੋਲੇ ਸੁਖ
ਜਿਨ ਪਾਸੂ ॥ ਜੋ ਨਿਸ ਬਾਸਰ ਕਰਤ ਬਿਲਾਸੂ ॥ ੧੮ ॥ ਸ੍ਰੀ
ਨਾਨਕ ਕਹਿ ਸੁਨ ਮਰਦਾਨੇ ॥ ਇਹਾਂ ਨ ਕੋਊ ਝੂਠ ਬਖਾਨੇ ॥
[5]ਧਰਮ ਕਲਾ ਇਹ ਥਾਨ ਬਿਸਾਲਾ ॥ ਸਰਬ ਦੇਸ ਤੇ ਪਾਪ
ਨਿਕਾਲਾ ॥ ੧੯ ॥ ਮਰਦਾਨੇ ਤਬ ਵਾਕ ਅਲਾਯੋ ॥ ਅਚਰਜ ਹੀ
ਇਹੁ ਪੁਰੀ ਦਿਖਾਯੋ ॥ ਗੁਰੂ ਕਹੈ ਅਚਰਜ ਕਰਤਾਰ ॥ ਏਕੰਕਾਰ
ਬਿਅੰਤ ਅਪਾਰ ॥ ੨੦ ॥ ਕਲੀ ਕਾਲ ਮਹਿੰ ਇਹ ਸਮ ਰਾਜਾ ॥
ਦੂਸਰ ਔਰ ਨ ਕੋਊ ਸਾਜਾ ॥ ਭੂਪ ਸਪਤ ਦਸ ਮਾਨਹਿੰ ਆਨ ॥
[6]ਧਰਮ ਵੰਤ ਗੁਣਵਾਨ ਮਹਾਨ ॥ ੨੧ ॥ ਸੁਨ ਕਰ ਕਹਿਨ ਲਗਾ
ਮਰਦਾਨਾ ॥ ਇਹ ਠਾਂ ਰਹੋ ਕਰੋ ਗੁਜ਼ਰਾਨਾ ॥ ਥਾਨ ਬਿਲੋਕਹੁ ਵਡ
ਰਮਨੀਕਾ ॥ ਬਨਯੋ ਬਨਾਯੋ ਭੋਜਨ ਨੀਕਾ ॥ ੨੨ ॥ ਸ੍ਰੀ ਗੁਰ ਕਹੈਂ
ਨ ਹਮ ਕਰ ਮਾਹੀਂ ॥ ਜਹਿੰ ਕਰਤਾਰ ਲਿਜਾਵੈ ਜਾਹੀਂ ॥ ਅਸ ਕਹਿ
[7]ਤੂਸਨ ਭੇ ਜਗ ਸਾਈਂ ॥ ਜਿਨਕੇ ਦਰਸ਼ਨ [8]ਕਲਖ ਨਸਾਈ ॥੨੩॥
ਸਪਤ ਦਿਵਸ ਬੈਸੇ ਤਹਿ ਬੀਤੇ ॥ ਨਾਮ ਲਏ ਜਿਨ ਜਮ ਭੈ ਭੀਤੇ ॥
ਦੋਨਹੁ ਕਾਲ ਜਾਇ ਮਰਦਾਨਾ ॥ ਪੁਰ ਮਹਿੰ ਭੋਜਨ ਖਾਇ ਸੁਜਾਨਾ

੧ ਦੇਖ ਕੇ । ੨ ਪਾਸ । ੩ ਤੇਰੇ । ੪ ਇੱਛਾ ਅਨੁਸਾਰ । ੫ ਧਰਮ ਦੀ ਸ਼ਕਤੀ ਕਰਕੇ । ੬ ਧਰਮ ਵਾਲਾ । ੭ ਚੁਪ । ੮ ਪਾਪ ਦੂਰ ਹੋ ਜਾਂਦੇ ਹਨ ।

॥ ੨੪ ॥ ਧਰਮ ਸਿੰਗ ਮਿਲ੍ਯੋ ਇਕ ਦਿਨ ਤਬ ॥ ਬੂਝਤ ਭਾ ਸੰਗੀ ਜੋ [1]ਤੌਂਬਿਬ ॥ ਨਗਰ ਬਿਖੈ ਦੇਖੇ ਕਬ ਨਾਹੀਂ ॥ ਕਹਿ ਤੇ ਲੇ ਭੋਜਨ ਸੋ ਖਾਹੀਂ ॥ ੨੫ ॥ ਹੈਂ ਸੰਤੋਖੀ ਸੋ ਨਹਿੰ ਆਵੈਂ ॥ ਭਾਊ ਸੰਗ ਲੇ ਜਾਹਿ ਤ ਖਾਵੈਂ ॥ ਯੌਂ ਨ ਖਾਇੰ ਰਹੇਂ [2]ਪੌਨ ਅਹਾਰੀ ॥ ਬੈਠੇ ਹੈਂ ਅਬ ਬਾਗ ਮਝਾਰੀ ॥ ੨੬ ॥ ਸੁਧਰ ਸੈਨ ਜਿਨ ਬਡ ਪਦ ਦੀਨੋ ॥ ਸਭ [3]ਭੂਪਤ ਤੇ ਬਡੋ ਸੁ ਕੀਨੋ ॥ ਮਰਦਾਨਾ ਤੇ ਸੁਨ ਕਰ ਬੈਨ ॥ ਭਾ ਅਚਰਜ ਮਨ ਤੇ ਗਯੋ ਚੈਨ ॥ ੨੭ ॥

ਦੋਹਿਰਾ ॥ ਧਰਮ ਸਿੰਗ ਤਬ ਹੀ ਗਯੋ ਕੌਲ ਨੈਨ ਕੇ ਪਾਸ ॥
ਦ੍ਵੈ [4]ਅਤੀਤ ਆਏ ਈਹਾਂ ਸੁਨਹੁ [5]ਸ੍ਰੋਨ ਅਰਦਾਸ ॥ ੨੮ ॥

ਚੌਪਈ ॥ ਏਕ ਨਗਰ ਮੈਂ ਖਾਇ ਅਹਾਰਾ ॥ ਦ੍ਵੈ ਬੈਠੇ ਉਦਿਆਨ ਮਝਾਰਾ ॥ ਸਪਤ ਦਿਵਸ ਭੇ ਅਸਨ ਨ ਕੀਨੋ ॥ ਪੁਨ ਅਚਰਜ ਉਨ ਤੇ ਸੁਨ ਲੀਨੋ ॥ ੨੯ ॥ ਉਨਕਾ [6]ਨਫਰ ਕਹੈ ਇਹੁ ਬਾਤ ॥ ਸੁਧਰ ਸੈਨ ਭੂਪਤ [7]ਬਖਿਆਤ ॥ ਤਿਨਕੋ ਤਿਨ ਸਿਰਤਾਜ ਬਨਾਯੋ ॥ ਕਵਲ ਨੈਨ ਸੁਨ ਅਚਰਜ ਥਾਯੋ ॥ ੩੦ ॥ ਚਲੋ ਸੰਤ ਦੇਖੋਂ ਮੈਂ ਕੈਸੇ ॥ ਸਪਤ ਦਿਵਸ ਕੇ ਬਾਹਿਰ ਬੈਸੇ ॥ ਅਸ ਕਹਿ ਧਰਮ ਸਿੰਗ ਕੇ ਸੰਗਾ ॥ ਗਮਨ੍ਯੋ ਉਰ ਮਹਿੰ ਦਰਸ ਉਮੰਗਾ ॥੩੧॥ ਉੱਤਮ ਵਸਤ ਭੇਟ ਲੇ ਹਾਥਾ ॥ ਯੋਧਾ [8]ਸਚਵ ਬਹੁਤ ਜਹਿ ਸਾਥਾ ॥ ਬੰਦਨ ਕਰਕੈ ਬੈਠਿਓ ਪਾਸ ॥ ਹੋਇ ਅਧੀਨ ਭਾਖੈ ਅਰਦਾਸ ॥ ੩੨ ॥ ਚਲਹੁ ਨਗਰ ਮਹਿ ਕਰਹੁ ਪਵਿੱਤ੍ਰਾ ॥ ਬੈਠਹੁ ਮੰਦਰ ਬਿਖੈ [9]ਬਚਿੱਤ੍ਰਾ ॥ ਗੁਰੂ ਕਹੈਂ ਜੇ ਹਮ ਲੇ ਜਾਵਹੁ ॥ ਸੁਧਰ ਸੈਨ ਕੀ ਆਨ ਮਨਾਵਹੁ ॥ ੩੩ ॥

ਦੋਹਿਰਾ ॥ ਹਰਖਤ ਭਾ ਦਰਸਨ ਪਰਸ ਸੁਨਤ [10]ਨਰੇਸ ਅਲਾਇ ॥

੧ ਤੇਰੇ ਨਾਲ । ੨ ਹਵਾ ਦੇ ਭਖਣ ਵਾਲੇ । ੩ ਰਾਜਿਆਂ ਨਾਲੋਂ । ੪ ਤਿੰਨ ਫਕੀਰ । ੫ ਕੰਨਾਂ ਨਾਲ ਬੇਨਤੀ ਸੁਣ । ੬ ਦਾਸ । ੭ ਪ੍ਰਗਟ । ੮ ਵਜ਼ੀਰ । ੯ ਨਾਨਾ ਤਰ੍ਹਾਂ । ੧੦ ਰਾਜਾ ।

ਸੁਧਰਸੈਨ ਕੇ [1]ਸ੍ਵਾਨ ਜੇ ਕਹੋ ਪਰੋਂ ਤਿਨ ਪਾਇ॥ ੩੪ ॥
ਚੌਪਈ ॥ ਪਰਿਓ ਪਾਇ ਪਰ ਹ੍ਵੈ ਕਰ ਦੀਨਾ ॥ ਬਿਨੈ ਕਰੀ ਬਹੁ [2]ਭਾਂਤ [3]ਪ੍ਰਬੀਨਾ ॥ ਅਨਿਕ ਭਾਂਤ ਕੀ ਉਸਤਤ ਕਰਕੈ ॥ ਆਨੇ ਨਗਰ ਭਾਉ ਉਰ ਧਰਕੈ ॥ ੩੫ ॥ ਜਿਹ ਕੰਚਨ ਕੇ ਮੰਦਰ ਸੋਹਤ ॥ [4]ਮੁਕਤਾ ਕੀ ਝਾਲਰ ਮਨ ਮੋਹਤ ॥ ਬੀਚ [5]ਰੁਚਰ ਪਰਯੰਕ ਡਸਾਵਾ॥ ਤਾ ਪਰ ਸ੍ਰੀ ਗੁਰ ਕੋ ਬੈਸਾਵਾ ॥ ੩੬ ॥ ਨਾਨਾ ਭਾਂਤਨ ਸੇਵਾ [6]ਠਾਨੀ ॥ ਨਿਜ ਕਰ ਸੋਂ ਨ੍ਰਿਪ ਮਾਨ ਸੁ ਹਾਨੀ ॥ ਤਹਿ ਚਿਰ ਕਾਲ ਬਸੇ ਜਗਤੇਸਾ ॥ ਆਤਮ ਗਿਆਨ ਨ੍ਰਿਪਹਿ ਉਪਦੇਸਾ ॥ ੩੭ ॥ ਸਰਬ ਰੂਪ ਮਹਿ ਏਕ ਲਖਾਯਾ ॥ ਮਨ ਤੇ ਦੁਤੀਆ ਭਾਉ ਉਠਾਯਾ ॥ ਗ੍ਰੰਥ ਬਢਨ ਤੇ ਅਤ ਡਰ ਪਾਯੋ ॥ ਇਸ ਤੇ ਥੋਰੇ ਮਾਹਿੰ ਦਿਖਾਯੋ ॥ ੩੮ ॥ ਧਰਮਸਾਲ ਸੁੰਦਰ ਬਨਵਾਈ ॥ ਕੀਰਤ ਹੋਵਨ ਲਗੀ ਸੁਹਾਈ ॥ ਭਗਤ ਪ੍ਰਕਾਸ਼ ਕਰੀ ਪੁਰ ਮਾਹੀਂ ॥ ਸਿਮਰਨ ਲਗੇ ਨਾਮ ਦੁਖ ਦਾਹੀ ॥ ੩੯ ॥ ਸ੍ਰੀ ਨਾਨਕ ਕੀ ਸੇਵਾ ਕਰਹੀ ॥ ਮੋਹਿ ਮਾਨ ਮਨ ਤੇ ਪਰ ਹਰਹੀ ॥ [7]ਗਮਨ ਤਿਆਰ ਭਏ ਗੁਨ ਐਨਾ ॥ ਤਬ ਬੋਲਯੋ ਬਚ [8]ਪੰਕਜ ਨੈਨਾ ॥ ੪੦ ॥ ਮੈਂ ਤੌ ਗਮਨੌਂ ਸੰਗ ਤੁਮਾਰੇ ॥ ਦੇਹੁ ਰਾਜ ਪਰ [9]ਅਪਰ ਬਠਾਰੇ ॥ ਸ੍ਰੀ ਗੁਰ ਬੋਲੇ ਸੁਨਹੁ [10]ਭੁਵਾਲਾ ॥ [11]ਰਾਜ ਜੋਗ ਤੁਮ ਕਰੋ ਬਿਸਾਲਾ ॥ ੪੧ ॥ [12]ਠਾਨਹੁ ਸਦਾ ਧਿਆਨ ਮਨ ਮਾਹੀਂ ॥ ਮੈਂ ਹੌਂ ਨਿਕਟ ਦੂਰ ਕਿਤ ਨਾਹੀਂ ॥ ਬਹੁ ਪ੍ਰਕਾਰ ਕਰ ਧੀਰਜ ਦੀਨੀ ॥ ਚਲਨੇ ਹੇਤੰ ਤਿਆਰੀ ਕੀਨੀ ॥ ੪੨ ॥ ਤਬ ਨ੍ਰਿਪ ਪਰਮ ਪ੍ਰੇਮ ਮਹਿੰ ਭੀਨਾ ॥ ਜਿਉਂ ਜਲ ਹੀਨ ਖੀਨ ਭੈ ਮੀਨਾ ॥ ਕਰ ਨਰੇਸ ਪਰ ਖੁਸੀ ਅਪਾਰਾ ॥ ਆਗੈ ਗਮਨੇ ਮੋਖ ਉਦਾਰਾ ॥ ੪੩ ॥

---

੧ ਕੁਤੇ ਦੀ ਪੈਰੀ ਪੈਣਾ ਕਹੋ ਤਾਂ। ੨ ਬਹੁਤ ਤਰ੍ਹਾਂ। ੩ ਚਤਰ। ੪ ਮੋਤੀਆਂ ਦੀ ਝਾਲਰ। ੫ ਸੁੰਦਰ ਪਲੰਘ। ੬ ਠਾਣ ਲਈ। ੭ ਚਲਨੇ ਦੀ ਤਿਆਰੀ। ੮ ਕਮਲ ਅਖਾਂ ਗੁਰੂ ਨਾਨਕ। ੯ ਹੋਰ ਬੈਠਾਣਾ ਕਰੋ। ੧੦ ਰਾਜਾ ਜੀ ਸੁਨਹੁ। ੧੧ ਰਾਜ ਵਿਚ ਜੁੜਨਾ ਕਰੋ। ੧੨ ਜਾਣੋਂ।

ਇਤਿ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥੇ ਪ੍ਰਿਥਮ ਮਹਿਲੇ ਰਾਜਾ ਕਵਲ ਨੈਨ ਪ੍ਰਸੰਗ ਬਰਨਨੰ ਨਾਮ ਅਸਟ ਤ੍ਰਿੰਸਤੀ ਮੰਦਰਹਿ॥੩੮॥

ਦੋਹਿਰਾ ॥ ਸ੍ਰੀ ਗੁਰ ਚਰਨ ਸਰੋਜ ਕੋ ਪ੍ਰੇਮ ਹਰੀ ਪਹਿਚਾਨ ॥
ਅਮਰ ਅਜਰ ਸੁਖ ਪਾਇ ਹੈ ਜੇ ਕਰਹੀ ਤਿਹ ਧ੍ਯਾਨ ॥ ੧ ॥

ਚੌਪਈ ॥ ਚਲਤ ਚਲਤ ਗੁਰ ਪਹੁੰਚੇ ਤਹਾਂ ॥ ਕੰਚਨ ਕੀ [1]ਧਰਨੀ ਥੀ ਜਹਾਂ ॥ ਝਰਨੇ ਅੰਮ੍ਰਿਤ ਕੇਰ ਅਪਾਰਾ ॥ ਮਰਦਾਨਾ ਪਿਖ ਹਰਖਯੋ ਭਾਰਾ ॥ ੨ ॥ ਪੂਛੇ ਹੇ ਗੁਰ ਦੀਨਾ ਨਾਥ ॥ ਸੁਧਾਰੁ ਕੰਚਨ ਜਹੈਂ [2]ਇਕਾਥ ॥ ਮਾਨੁਖ ਗ਼੍ਯਾਤ ਨ ਦੀਸੈ ਕੋਏ ॥ ਸ੍ਰੀ ਸਤਿਗੁਰ ਕੇ ਤਬ ਬਚ ਹੋਏ ॥ ੩ ॥ ਹੇ ਮਰਦਾਨਾ ਜੋ ਪ੍ਰਭੁ ਪਿਆਰੇ ॥ ਤਿਨ ਹਿਤ ਬਹੈ [3]ਸੁਧਾ ਰਸੁ ਧਾਰੇ ॥ ਜੋ ਪੀਵੇ ਤਿਸ ਭੁਖ ਤਿਖ ਨਾਸੈ ॥ ਸ਼ਾਂਤੀ ਗ੍ਯਾਨ ਰਿਦੈ ਪਰਕਾਸੈ ॥ ੪ ॥ ਕਹਿ ਮਰਦਾਨਾ ਹੇ ਗੁਰ ਪੂਰੇ ॥ ਪੀਵੋਂ ਆਗਿਆ ਦੇਊ ਜਰੂਰੇ ॥ ਭੂਖ ਤਿਖਾ ਮੁਹਿ ਬਹੁ ਸੰਤਾਇ ॥ ਹੇ ਪ੍ਰਭ ਇਸ ਤੇ ਲੇਹੁ ਛੁਡਾਇ ॥ ੫ ॥ ਕਹਿੰ ਗੁਰ ਇਸੀ ਹੇਤ ਤੁਹਿ ਲਿਆਏ॥ ਪੀਵਹੁ ਅਬ ਨਹਿੰ ਦੇਰ ਲਗਾਏ ॥ ਲੇ [4]ਆਇਸ ਤਬ ਪੀਓ ਘਨੇਰਾ ॥ ਭਾ [5]ਬਿਦੇਹ ਤਿਸ ਛਿਨ ਬਿਨ ਦੇਰਾ ॥ ੬ ॥ ਕਿਤਕ ਕਾਲ ਮਹਿੰ [6]ਸੁਧ ਤਨ ਆਈ ॥ ਸ੍ਰੀ ਸਤਿਗੁਰ ਚਰਨਨ ਲਪਟਾਈ ॥ ਤਿਹ ਦਿਨ ਤੇ ਪੁਨ ਭੂਖਰੁ ਪਿਆਸ ॥ ਨਹਿੰ ਆਈ ਮਰਦਾਨੇ ਪਾਸ ॥ ੭ ॥

ਅੜਿੱਲ ॥ ਚਲੇ ਤਹਾਂ ਤੇ ਮੇਰ ਊਪਰੇ ਜਾਨਕੋ॥ ਸ਼ਕਤ ਸਹਿਤ ਸਭ ਸਿੱਧ ਧਰਤ ਜਹਿੰ ਮਾਨ ਕੋ ॥ ਗੋਰਖ ਕੌ ਸੁਧ ਭਈ ਆਇ ਗੁਰ ਪੂਰਨੰ ॥ ਹੋ ਭਰਥਰ ਕੋ ਤਬ ਕਹਿਓ ਜਾਉ ਤੁਮ [7]ਤੂਰਨੰ ॥ ੮ ॥

---

੧ ਸੋਨੇ ਦੀ ਧਰਤੀ। ੨ ਇਕਾਂਤ ਵਖਰਾ। ੩ ਅੰਮ੍ਰਿਤ ਰਸ। ੪ ਆਗਿਆ। ੫ ਦੇਹ ਤੋਂ ਬਿਨਾਂ ਰਹਿਣ ਵਾਲੀ ਅਵਸਥਾ। ੬ ਹੋਸ਼। ੭ ਛੇਤੀ।

ਦੋਹਿਰਾ ॥ ਸ੍ਰੀ ਨਾਨਕ ਜੀ ਆਇ ਹੈਂ ਮਾਨਿਨ [੧]ਹਰਬੇ ਮਾਨ ॥
ਆਗਤ ਭਾਗਤ ਕਰੋ ਤਿਨ ਲੈ ਆਵੋ ਇਸ ਥਾਨ ॥ ੯ ॥
ਹਰਖ ਧਾਰਿਯੋ ਤਬ ਭਰਥਰੀ ਤੂਰਨ ਭਯੋ ਤਿਆਰ ॥
ਜਾਊਂ ਨਾਥ ਜੀ ਗੁਰੂ ਪੈ ਲਿਆਵੇਂ ਸਹਿਤ ਪਿਆਰ॥੧੦॥

ਅੜਿੱਲ ॥ ਅਸ ਕਹਿ ਆਏ ਹਦੂਰ [੨]ਅਦੇਸ [੩]ਬਖਾਨਿਆ ॥ ਹਰਖ ਧਾਰ ਉਰ ਮਿਲਯੋ [੪]ਜੋਰ ਕਰ ਪਾਨਿਆ ॥ ਚਲੀਯੇ ਦੀਨ ਦਯਾਲ ਮੇਰ ਕੇ ਊਪਰੇ ॥ ਹੋ ਦਰਸ ਚਹਿਤ ਸਭ ਸਿੱਧ ਉਡੀਕਤ ਹਿਤ ਧਰੇ ॥ ੧੧ ॥ ਬੋਲੇ ਪੰਕਜ ਨੈਨ ਕੀਨ ਸਨਮਾਨਿਆ ॥ ਧੰਨ ਭਰਥਰੀ ਤੁਮੈਂ ਜੋਗ [੫]ਰਸ ਜਾਨਿਆ ॥ ਚੰਦ ਬਦਨ [੬]ਤ੍ਰਿਆ ਤਜੀ ਦੇਸ ਪੁਨ ਰਾਜ ਜੋ ॥ ਹੋ ਜਨਮ ਸਵਾਰਿਓ ਰਤਨ ਤਯਾਗ [੭]ਜਗ ਲਾਜ ਜੋ ॥ ੧੨ ॥ [੮]ਪ੍ਰਥਮ [੯]ਮੇਰ ਪਰ ਆਪ ਜਾਇ [੧੦]ਸੁਧ ਦੀਜੀਯੇ ॥ ਹਮਰੀ ਸਿੱਧਨ ਸਰਬ ਨਮੋ ਆਖੀਜੀਏ ॥ ਆਵਤ ਹੈਂ [੧੧]ਪਸਚਾਤ ਨ [੧੨]ਬਿਲਮ ਲਗਾਵਹੀ ॥ ਹੋ ਦਰਸਨ ਪਰਸਨ ਕਰੈਂ ਭਲੇ ਮਨ ਭਾਵਹੀ ॥੧੩॥ ਸੁਨ ਤਬ ਭਰਥਰ ਗਯੋ ਰਿਦੈ ਹਰਖਾਇ ਕੈ ॥ ਸਭ ਸੋਂ ਕਹੀ ਅਦੇਸ [੧੩]ਰੁਚਰ ਗੁਨ ਗਾਇਕੈ ॥ ਆਵਤ ਮਮ ਪਸਚਾਤ ਕਹਿਤ ਨਹਿੰ ਦੇਰ ਕੋ ॥ ਹੋ ਜਿਨਹਿੰ ਬਿਲੋਕਤ ਚਾਹਿ ਜੋ ਸਿਖਰ ਸੁਮੇਰ ਕੋ ॥ ੧੪ ॥

ਕਬਿੱਤ ॥ ਨਾਨਾ ਭਾਂਤ ਆਪਸ ਮਹਿੰ ਕਰਤ ਬਿਚਾਰ ਸਿੱਧ,
ਇਤੈ ਮਰਦਾਨਾ ਏਨ ਮੁਖ ਸੋਂ ਕਹਿੱਤ ਹੈਂ ॥
ਸ੍ਰੀ ਪ੍ਰਭੂ ਮੁਕੰਦ ਦੁਖ [੧੪]ਦੁੰਦ ਕੇ [੧੫]ਨਿਕੰਦ,
ਅਬ ਦੇਖੀਏ ਸੁਮੇਰ ਜਹਾਂ ਗੋਰਖ ਰਹਿੱਤ ਹੈ ॥

---

੧ ਹੰਕਾਰੀਆਂ ਦੇ ਹੰਕਾਰ ਨੂੰ ਨਾਸ ਕਰਨ ਲਈ ਗੁਰੂ ਜੀ ਆਏ । ੨ ਨਮਸ਼ਕਾਰ । ੩ ਕਥਨ ਕੀਤਾ । ੪ ਦੋ ਹਥ ਜੋੜ ਕਰਕੇ । ੫ ਪ੍ਰੇਮ ਅਨੰਦ । ੬ ਇਸਤ੍ਰੀ ਵਡੀ । ੭ ਸੰਸਾਰ ਦੀ ਲਜਾ ਨੂੰ । ੮ ਪਹਿਲਾਂ । ੯ ਸੁਮੇਰ ਪਰਬਤ । ੧੦ ਖਬਰ । ੧੧ ਮੁੜਕੇ । ੧੨ ਦੇਰ । ੧੩ ਸੁੰਦਰ । ੧੪ ਦੁਖ ਵਾ ਝਗੜਾ । ੧੫ ਕਟਣ ਵਾਲਾ ।

ਬੇਦੀ ਬੰਸ [1]ਤਾਲ ਕੇ ਕਮਲ ਸੁਨੇ ਬੋਲੇ ਤਬੈ,
ਚਲੋ ਮਰਦਾਨਾ ਦੇਖ ਦੇਖਯੋ ਜੁ ਚਹਿੱਤ ਹੈ ॥
ਐਸੇ ਕੈਹ ਗਏ ਹੈ ਸੁਮੇਰ ਪਰ ਤਾਤ ਕਾਲ,
ਜਹਾਂ ਸਿੱਧੋਂ ਸੰਗ ਨਾਥ ਗੋਰਖ ਬਸਿੱਤ ਹੈਂ ॥ ੧੫ ॥
ਕਰੈਂ ਨਿਜ ਗਯਾਨ ਕੋ ਬਖਾਨ ਜਹਿਂ ਥਾਨ ਬੈਸੇ,
ਨਾਨਕ ਜੀ ਸੱਤਿ ਕਰਤਾਰ ਜਾ ਉਚਾਰਿਆ ॥
ਗੋਰਖ ਕਹੱਤ ਆਦੇਸ ਹੋ ਅਦੇਸ ਤਪਾ,
ਆਉ ਬੈਠ ਮੇਰੇ [2]ਢਿਗ ਅੱਤ ਸਤਕਾਰਿਆ ॥
ਮਨ ਮੈਂ ਬਿਚਾਰੈ ਮਤ ਹਮਰੋ ਜਿ ਧਾਰੈ ਇਹ,
ਜਗਤ ਬਿਥਾਰੈ ਜਸ ਭੂਰ ਹੀ ਪੁਜਾਰਿਆ ॥
ਭਰਥਰੀ ਸਿਉਂ ਬੋਲਿਯੋ ਤਬ ਲਿਆਉ ਪਿਆਲਾ ਜਾਇ ਅਬ,
ਨਾਨਕ ਕੌ ਦੇਹੁ ਲਿਵ ਲਾਗੈ [3]ਮਤ ਵਾਰਿਆ ॥੧੬॥
ਆਨਿਯੋ ਤਬ ਧਾਇ ਗੂਰੂ [4]ਅਗੂਜ ਬਨਾਇ,
ਰਾਖਯੋ ਹੂਜੈ ਮਤਵਾਲਾ ਤਪਾ ਯਾਂਕੋ ਅਬ ਪੀਜਿਯੇ ॥
ਸ਼੍ਰੀ ਗੁਰੁ ਬਖਾਨੀ ਦੁਰਗੰਧ ਕਯੋਂ ਹੈ ਪਾਨੀ,
ਯਹ ਗੋਰਖ ਕਹਿੱਤ ਪੀਵੋ [5]ਮਦ ਕੋ ਲਖੀਜਿਯੇ ॥
ਸੀਸ ਹੂੰ ਤੇ ਕਾਲ ਟਰੈ ਤੀਨੋ ਤਾਪ ਨਾਸ ਕਰੈ,
ਭੂਖ ਪਿਆਸ ਦੋਊ ਹਰੈ ਚੌਥੇ ਪਦ ਭੀਜਿਯੇ ॥
ਬਿਸਰੈ ਜੋ ਮੇਰੀ ਤੇਰੀ ਰਿੱਧ ਸਿੱਧ ਹੋਏ [6]ਚੇਰੀ,
ਸੁਨੀਏਂ ਘਨੇਰੀ ਧੁਨਿ [7]ਅਮਰ ਹੁਵੀਜਿਯੇ ॥ ੧੭ ॥
ਸਵੱਯਾ ॥ ਸ਼੍ਰੀ ਗੁਰੂ ਬੂਝਤ ਕੌਨ ਬਿਧੀ ਤੁਮ ਕਾਢਤ ਹੋ ਮਧ ਦੇਹੁ ਬਤਾਈ ॥ ਝੰਗਰ ਭਾਖੈ ਕਰੀ ਭਠਿਯਾ ਛਿਤ [8]ਲਾਹਣ ਕੋ

---

੧ ਸਰੋਵਰ। ੨ ਪਾਸ। ੩ ਮਤਵਾਲਿਆ। ੪ ਅਗੀ। ੫ ਸ਼ਰਾਬ।
੬ ਦਾਸ। ੭ ਮੁਕਤ। ੮ ਸ਼ਰਾਬ।

ਕਰਕੈ [1]ਕਸ ਪਾਈ ॥ [2]ਪਾਵਕ ਜਾਰ ਕੈ ਲਾਇ ਨਲੀ ਘਟ ਮੋਂ ਮਦ ਕੀ ਸੁਭ ਧਾਰ ਚੁਵਾਈ ॥ ਪੀਵਤ ਹੀ ਦੁਖ ਸੂਖ ਸਮਾਨ ਲਗੀ ਲਿਵ ਜੋ ਕਬ ਡੋਲ੍ਹ ਨ ਜਾਈ ॥ ੧੮ ॥

ਦੋਹਿਰਾ ॥ ਕਮਲ ਬਦਨ ਸਭ ਦੁਖ ਸਦਨ ਸੁਨ ਕਰ ਤਿਨ ਅਸ ਬੈਨ ॥ ਬੋਲੇ [3]ਮਦ ਕੀ ਜੁਗਤ ਸੋ ਜੋ ਦਾਸਨ ਗਤ ਦੈਨ ॥ ੧੯ ॥

ਸ੍ਰੀ ਮੁਖ ਵਾਕ

ਆਸਾ ਮਹਲਾ ੧ ॥

ਗੁੜ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰ ਕਰਣੀ ਕਸੁ ਪਾਈਐ ॥ ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ ॥ ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ ॥ ਅਹਿਨਿਸ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ ॥ ੧ ॥ ਰਹਾਉ ॥ ਪੂਰਾ ਸਾਚ ਪਿਆਲਾ ਸਹਜੇ ਤਿਸਹਿ ਪੀਆਏ ਜਾਕਉ ਨਦਰਿ ਕਰੇ ॥ ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ ॥ ੨ ॥ ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ ॥ ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ॥ ੩ ॥ ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੈ ॥ ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ ॥ ੪ ॥

ਦੋਹਿਰਾ ॥ ਅਸ ਪ੍ਰਕਾਰ ਕੇ ਬਚਨ ਸੁਨ ਸਿੱਧ ਸਰਬ ਤਹਿ ਕਾਲ ॥
ਨਿਜ ਮਤ ਕੇ ਅਨੁਸਾਰ ਹ੍ਵੈ ਬੋਲੇ ਪਰਮ [4]ਰਸਾਲ ॥ ੨੦ ॥

ਸਿੱਧੋ ਵਾਚ ॥ ਸੋ ਗਿਰਹੀ ਜੋ ਨਿਗ੍ਰਹੁ ਕਰੈ ॥ ਜਪ ਤਪ ਸੰਜਮੁ ਭੀਖਿਆ ਕਰੈ ॥ ਪੁੰਨ ਦਾਨ ਕਾ ਕਰੇ ਸਰੀਰੁ ॥ ਸੋ ਗਿਰਹੀ

੧ ਦਾਤਣ । ੨ ਅਗਨੀ । ੩ ਸ਼ਰਾਬ । ੪ ਸੁੰਦਰ ।

ਗੰਗਾ ਕਾ ਨੀਰੁ ॥ ਬੋਲੈ ਈਸਰੁ ਸਤਿ ਸਰੂਪੁ ॥ ਪਰਮੁ ਤੰਤ ਮਹਿ ਰੇਖ ਨ ਰੂਪ ॥ ੧ ॥ ਸੋ ਅਉਧੂਤੀ ਜੋ ਧੂਪੈ ਆਪੁ ॥ ਭਿਖਿਆ ਭੋਜਨੁ ਕਰੈ ਸੰਤਾਪੁ ॥ ਅਉਹਠ ਪਟਣ ਮਹਿ ਭੀਖਿਆ ਕਰੈ ॥ ਸੋ ਅਉਧੂਤੀ ਸਿਵ ਪੁਰਿ ਚੜੈ ॥ ਬੋਲੈ ਗੋਰਖੁ ਸਤਿ ਸਰੂਪ ॥ ਪਰਮ ਤੰਤ ਮਹਿ ਰੇਖ ਨ ਰੂਪੁ ॥ ੨ ॥ ਸੋ ਉਦਾਸੀ ਜਿ ਪਾਲੇ ਉਦਾਸ ॥ ਅਰਧ ਉਰਧ ਕਰੇ ਨਿਰੰਜਨ ਵਾਸੁ ॥ ਚੰਦ ਸੂਰਜ ਕੀ ਪਾਏ ਗੰਢਿ ॥ਤਿਸ ਉਦਾਸੀ ਕਾ ਪੜੈ ਨ ਕੰਧੁ ॥ ਬੋਲੈ ਗੋਪੀ ਚੰਦੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥ ੩ ॥ ਸੋ ਪਖੰਡੀ ਜਿ ਕਾਇਆ ਪਖਾਲੇ ॥ ਕਾਇਆ ਕੀ ਅਗਨਿ ਬ੍ਰਹਮੁ ਪਰ ਜਾਲੇ ॥ ਸੁਪਨੈ ਬਿੰਦੁ ਨ ਦੇਈ ਝਰਨਾ ॥ ਤਿਸ ਪਾਖੰਡੀ ਜਰਾ ਨ ਮਰਣਾ ॥ ਬੋਲੈ ਚਰਪਟੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥ ੪ ॥ ਸੋ ਬੈਰਾਗੀ ਜਿ ਉਲਟੇ ਬ੍ਰਹਮੁ ॥ ਗਗਨ ਮੰਡਲ ਮਹਿ ਰੋਪੈ ਥੰਮੁ ॥ ਅਹਿਨਿਸ ਅੰਤਰ ਰਹੈ ਧਿਆਨਿ ॥ ਤੇ ਬੈਰਾਗੀ ਸਤਿ ਸਮਾਨਿ ॥ ਬੋਲੈ ਭਰਥਰ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥ ੫ ॥

ਦੋਹਿਰਾ ॥ ਸੁਨ ਸਿੱਧਨ ਕੇ ਮਤਨ ਕੋ ਸ੍ਰੀ ਗੁਰ ਸੂਰਜ ਗਿਆਨ ॥
ਭਨੇ ਬਚਨ ਤਿਨ ਪ੍ਰਤਿ ਤਬੈ [1]ਨਿਜਮਤ [2]ਕਰਣਾ ਖਾਨ ॥ ੨੧ ॥

ਸ੍ਰੀ ਗੁਰੋਵਾਚ ॥ ਕਿਉ ਮਰੈ ਮੰਦਾ ਕਿਉ ਜੀਵੈ ਜੁਗਤਿ ॥ ਕੰਨ ਪੜਾਇ ਕਿਆ ਖਾਜੈ ਭੁਗਤਿ ॥ [3]ਅਸਤਿ ਨਾਸਤਿ ਏਕੋ ਨਾਉ ॥ ਕਉਣ ਸੁ ਅਖਰੁ ਜਿਤੁ ਰਹੈ [4]ਹਿਆਉ ॥ ਧੂਪ ਛਾਵ ਜੇ ਸਮ ਕਰਿ ਸਹੈ ॥ ਤਾ ਨਾਨਕ ਆਖੈ ਗੁਰ ਕੋ ਕਹੈ ॥ ਛਿਅ ਵਰਤਾਰੇ ਵਰਤਹਿ ਪੂਤ ॥ ਨਾ ਸੰਸਾਰੀ ਨਾ ਅਉਧੂਤ ॥ ਨਿਰੰਕਾਰ ਜੋ ਰਹੈ ਸਮਾਇ ॥ ਕਾਹੇ ਭੀਖਿਆ ਮੰਗਣਿ ਜਾਇ ॥ ੬ ॥

੧ ਆਪਣੀ ਮਤ । ੨ ਕਿਰਪਾ ਦੀ ਖਾਣ ਗੁਰੂ ਨਾਨਕ ਜੀ । ੩ ਅਸਤ ਨਾਸਤਕ ।
੪ ਹਿਰਦਾ ।

ਦੋਹਿਰਾ ॥ ਸਭ ਪ੍ਰਸ਼ਨਨ ਕੇ ਸਤਿਗੁਰੂ ਏਕ ਸ਼ਬਦ ਕੇ ਮਾਹਿੰ ॥
ਉੱਤਰ ਦੇ ਕੈ ਭਲੀ ਬਿਧ ਗੁਰਮਤ ਊਚ ਦਿਖਾਹਿੰ ॥ ੨੨ ॥
ਸੁਨ ਕੈ ਸਿਧ [1]ਤੂਸਨ ਭਏ ਬੋਲੇ ਬਹੁਰ ਨ ਕੋਇ ॥
ਚਰਚਾ ਮੈਂ ਹਾਰਤ ਨਹੀਂ ਸਮਝਤ ਭੇ ਮਨ ਸੋਇ ॥ ੨੩ ॥

ਇਤਿ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥੇ ਪ੍ਰਿਥਮ ਮਹਿਲੇ ਸਿੱਧ ਮੰਡਲੀ ਪ੍ਰਸੰਗ ਬਰਨਨੰ ਨਾਮ ਨਵ ਤ੍ਰਿੰਸਤੀ ਮੰਦਰਹਿ ॥ ੩੯ ॥

ਦੋਹਿਰਾ॥ ਚਰਚਾ ਮੈਂ ਜਬ ਦੇਖਿਓ ਸ੍ਰੀ ਗੁਰ [2]ਪਰਮ [3]ਪ੍ਰਬੀਨ॥
ਤਬ ਜੋਗਿਨ ਸਭ [4]ਤਮਕ ਖਾ ਕਰਾਮਾਤ ਬਿਧ ਕੀਨ ॥ ੧ ॥

ਚੌਪਈ ॥ ਕਿਨਹੂ ਪਹੌੜੀ ਕਿਨ ਮ੍ਰਿਗ ਛਾਲਾ ॥ ਕਿਨਹੂ ਕਮੰਡਲ ਕਿਨਹੂ ਮਾਲਾ ॥ ਦੀਨ ਉਡਾਈ ਬੀਕ ਅਕਾਸ ॥ ਉਡਤ ਫਿਰਤ ਜਿਉਂ ਪੰਛੀ ਰਾਸ ॥ ੨ ॥ ਸਤਿਗੁਰ ਦੀਨ ਖੜਾਵ ਚੜ੍ਹਾਈ ॥ ਨਾਰ ਸਭ ਕੋ ਅਰਧ ਲਿਆਈ ॥ ਲੱਜਤ ਭੇ ਤਬ ਸਿੱਧ ਅਪਾਰੇ ॥ ਬੋਲ ਨ ਸਕੈਂ ਸ਼ਕਤ ਸਭ ਹਾਰੇ ॥ ੩ ॥ ਕਿਤਕ ਦੇਰ ਤੂਸਨ ਹੀ ਰਹੇ ॥ ਪੁਨ ਬਿਚਾਰ ਗੋਰਖ ਬਚ ਕਹੇ ॥ ਮਾਨਹੁ ਮਨ ਮਹਿੰ ਬਾਨੀ ਮੋਰੀ ॥ ਸੁਨਹੁ ਕਾਨ ਦੈ ਕਹੌਂ ਬਹੋਰੀ ॥ ੪ ॥ ਸਭ ਸਿੱਧਨ ਕੋ [5]ਅਧਿਪਤ ਬਨਿਯੋਂ ॥ ਸਭ ਪਰ ਨਿਜ ਆਇਸ ਕੋ ਵਨਿਯੇ ॥ [6]ਮੁੰਦਾ ਪਹਿਰੋ ਝੋਲੀ ਲੀਜੈ ॥ [7]ਅੰਗ ਬਿਭੂਤ ਮਲਨ ਕੋ ਕੀਜੈ ॥ ੫ ॥ [8]ਖਿੰਥਾ ਅਪਨੀ ਦੇਹ ਹੰਡਾਵਹੁ ॥ ਸਿੱਧ ਜਮਾਤੀ ਮੈਂ ਅਬ ਆਵਹੁ ॥ ਲੇਹੁ ਭੰਡਾਰਾ ਹਮ ਤੇ ਖਾਵਹੁ ॥ ਸਿੰਗੀ ਮੁਖ ਤੇ ਨਾਦ ਬਜਾਵਹੁ ॥੬॥

ਦੋਹਿਰਾ ॥ ਹਾਥ ਬਿਖੈ ਡੰਡਾ [9]ਗਹੋ ਕਰ ਸਿੱਧਨ ਪਰਤੀਤ ॥
ਮਹਾਂ ਸ਼ਕਤ ਕੌ ਪਾਇਹੋ ਯੌਂ ਸਗਲਾ ਜਗਜੀਤ ॥ ੭ ॥

ਚੌਪਈ ॥ ਮਿਲ ਆਦੇਸ ਕਹੋ ਆਦੇਸੋ ॥ ਨਾਥ ਨਾਮ ਹੋਇ ਜੁਗ ਜੁਗ ਬੇਸੋ ॥ ਜੋਗ ਸੰਜੋਗੀ ਮੈਂ ਸੁਖ ਪਾਵਹੁ ॥ ਏਕ [10]ਮਾਈ ਕੇ

---

੧ ਚੁਪ। ੨ ਵਡੇ। ੩ ਚਤਰ। ੪ ਡਰ ਖਾ ਕੇ। ੫ ਸ਼ੋਮਣੀ। ੬ ਮੁੰਦ੍ਰਕਾ। ੭ ਸਰੀਰ। ੮ ਕਫਨੀ। ੯ ਪਕੜੋ। ੧੦ ਪੰਥ।

ਪੂਤ ਕਹਾਵਹੁ ॥ ੮ ॥ ਜੋਗ ਜੁਗਤ ਕੇ ਚੇਲੇ ਮਾਨੀ ॥ ਸਭ ਦਿਵਾਨ ਤੁਮ ਸੇਵਕ ਥਾਨੀ ॥ ਤੁਮ ਤੇ ਊਪਰ ਹੋਇ ਨ ਆਨ ॥ ਸਭ ਮਹਿਂ ਬੈਸੋ ਹ੍ਵੈ ਪਰਧਾਨ ॥ ੯ ॥

ਦੋਹਿਰਾ ॥ ਲੋਇ ਲੋਇ ਆਸਨ ਕਰੋ ਸਰਬ ਕਰਾਇ ਭੰਡਾਰ ॥
ਹੁਕਮ ਮਨਾਵਹੁ ਜਹਿਂ ਤਹਾਂ ਅਸ ਬਿਧ ਕੀਜੈ ਕਾਰ ॥ ੧੦ ॥

ਸੋਰਠਾ ॥ ਸੁਨ ਗੁਰ [1]ਗਿਰਾ ਅਲਾਇ ਕਰਨੋ ਰਹਿਓ ਨ ਹਨੈ ਕਛੁ॥ਪੂਰਬ ਬਨਿਓਂ ਬਨਾਇ ਅਬ ਨਵੀਨ ਕ੍ਰਿਤਕਿਆ ਕਰੈਂ॥੧੧॥

ਸ੍ਰੀ ਮੁਖ ਵਾਕ

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤ ॥ ਖਿੰਥਾ ਕਾਲੁ ਕੁਆਰੀ ਕਾਇਆ ਜੁਗਤ ਡੰਡਾ ਪਰਤੀਤਿ ॥ ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁਜੀਤ ॥ ਆਦੇਸੁ ਤਿਸੈ ਆਦੇਸੁ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥ ੨੯ ॥ ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥ ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥ ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥ ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥ ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ।।੩੦।। ਆਸਣੁ ਲੋਇ ਲੋਇ ਭੰਡਾਰ ॥ ਜੋ ਕਿਛੁ ਪਾਇਆ ਸੁ ਏਕਾ ਵਾਰ ॥ ਕਰਿ ਵੇਖੈ ਸਿਰਜਣ ਹਾਰੁ ॥ ਨਾਨਕ ਸਚੇ ਕੀ ਸਾਚੀ ਕਾਰ ॥ ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥ ੩੧ ॥

[1] ਬਾਣੀ ਉਚਾਰੀ ।

ਚੌਪਈ ॥ ਗੁਰ ਕੇ ਬਚਨ ਸੁਨੇ ਗੋਰਖ ਜਬ ॥ ਪੁਨ ਬੂਝਨ ਹਿਤ ਬੋਲਤ ਭਾ ਤਬ ॥ ਕਿਉਂ ਕਰ ਤੁਮ ਇਹ ਠਾਂ ਚਲ ਆਏ ॥ ਕੌਨ [1]ਮਨੋਰਥ ਦੇਹੁ ਬਤਾਏ॥ ੧੨ ॥ ਸੋ ਮੈਂ ਕਰੋਂ ਸਪੂਰਨ ਤੁਮਰੋ ॥ ਸਾਚ ਬਚਨ ਇਹੁ ਮਾਨਹੁ ਹਮਰੋ ॥ ਸ੍ਰੀ ਗੁਰ ਕਹੈਂ ਮਨੋਰਥ ਮੇਰੇ ॥ ਸਤਿਗੁਰ ਪੂਰੇ ਹੈਂ ਇਕ ਬੇਰੇ ॥ ੧੩ ॥ ਦੀਖਿਆ ਲੀਜੈ ਜੇ ਤੁਮ ਚਾਹੀ ॥ ਪੂਰਹੁੰ ਮੈਂ ਚਿਤਵੋ ਮਨ ਮਾਹੀ ॥ ਜੋ ਮਾਂਗਹੁ ਹਮ [2]ਢਿਗ ਕਰਤਾਰਾ ॥ ਤੁਝੈ ਦਿਵਾਵਹਿਂ ਕਰਹੁ ਉਚਾਰਾ ॥ ੧੪ ॥

ਦੋਹਿਰਾ ॥ ਸੁਨ ਤੂਸਨ ਗੋਰਖ ਭਯੋ ਬੋਲਿਯੋ ਬਚਨ ਨ ਕੋਇ ॥
ਰਿਦੈ ਮਨੋਰਥ ਮਿਟ ਗਯੋ ਜਲ ਤੁਰੰਗ ਜਿਉਂ ਸੋਇ ॥ ੧੫ ॥

ਚੌਪਈ ॥ ਅਸ ਗੋਰਖ ਸੋਂ ਚਰਚਾ ਭਾਰੀ ॥ [3]ਗਮਨ [4]ਹੇਤ ਪੁਨ ਕੀਨ ਤਿਆਰੀ ॥ ਪਿਖ ਕਰ ਗੋਪੀਚੰਦ ਬਖਾਨਾ ॥ ਮੰਗਲ ਨਾਥ ਸੁਨਹੁ ਦੇ ਕਾਨਾ ॥ ੧੬ ॥ ਨਾਨਕ ਤਪਾ ਚਲਨ ਭੈ ਤਿਆਰੂ ॥ ਚਲਹੁ ਆਪ ਕੀਜੈ ਸਤਕਾਰੂ ॥ ਜੇ ਤੁਮ ਕਹੇ ਰਹੇ ਇਹ ਠਾਂਈ ॥ ਯਾਂ ਤੇ ਨੀਕੀ ਅਪਰ ਨ ਕਾਈ ॥ ੧੭ ॥ ਜਿਨਕੇ ਬਚਨ ਗਿਆਨ ਮਹਿਂ ਭੀਨੇ ॥ ਹੁਇ [5]ਸਨਾਥ ਤਿਹ ਸੰਗਤ ਕੀਨੇ॥ਕਹਿਤ [6]ਪਰਸਪਰ ਬਚਨ [7]ਬਿਲਾਸੂ ॥ ਚਲ ਆਏ ਸਤਿਗੁਰ ਕੇ ਪਾਸੂ ॥ ੧੮ ॥ ਘੁੱਗੂ ਨਾਥ ਸੋਂ ਮੰਗਲ ਨਾਥਾ ॥ ਪ੍ਰਾਨ ਨਾਥ ਆਵਾ ਹਿਤ ਸਾਥਾ ॥ ਭਰਥਰ ਗੋਪੀਚੰਦ ਸੁਜਾਨਾ ॥ ਬੈਠ ਸਮੀਪਹਿ ਪ੍ਰੇਮ ਬਖਾਨਾ ॥ ੧੯ ॥ ਹਾਥ ਬੰਦ ਕਹਿ ਬਚਨ ਅਲਾਏ ॥ ਰਹੋ ਇਹਾਂ ਕਿਉਂ ਤਪਾ ਸਿਧਾਏ ॥ ਸਿੱਧ ਮੰਡਲੀ ਕਰੋ ਸਨਾਥਾ ॥ ਬੈਸੇ ਕਹੋ ਨਿਰੰਜਨ ਗਾਥਾ ॥ ੨੦ ॥

ਦੋਹਿਰਾ ॥ ਨਹਿਂ ਤੁਮ ਕੋ ਜੰਜਾਲ ਕਛ ਰਹਿਓ ਨ ਕੋਊ ਕਾਜ ॥
ਦਰਸ਼ਨ ਦੀਜੈ ਲੀਜੀਏ ਰਹੋ ਸੁਮੇਰ ਬਿਰਾਜ ॥ ੨੧ ॥

---

੧ ਸੰਕਲ ਵਾ ਕੰਮ । ੨ ਪਾਸ । ੩ ਚਲਨੇ । ੪ ਵਾਸਤੇ । ੫ ਕਲਿਆਨ । ੬ ਆਪਸ ਵਿਚ । ੭ ਕੌਤਕ ।

ਚੌਪਈ ॥ ਸ੍ਰੀ ਨਾਨਕ ਸੁਨ ਕੀਨ ਉਚਾਰਾ ॥ ਸੱਚ ਖੰਡ ਮਹੁ ਗੁਰੂ ਹਮਾਰਾ ॥ ਜਾਹਿੰ ਦਰਸਬੇ ਤਿਨਕੇ ਕਾਰਨ ॥ ਕਰੋ ਖੁਸ਼ੀ ਹੇ ਨਾਥ ਉਚਾਰਨ ॥ ੨੨ ॥ ਸੁਨ ਤਬ ਮੰਗਲ ਨਾਥ ਅਲਾਯੋ ॥ ਹੇ ਗੁਰ ਸਚਖੰਡ ਕਿਹ ਬਿਨ ਆਯੋ ॥ ਜਹਿੰ ਨਿਰੰਕਾਰ ਗੁਰੂ ਤੁਹਿ ਬਾਸਾ ॥ ਅਹੈ ਸਕਲ ਜਗ ਜਾਹਿ ਤਮਾਸਾ ॥ ੨੩ ॥ ਸੁਨ ਸ੍ਰੀ ਗੁਰ ਨਾਨਕ ਤਿਹ ਬਾਰਾ ॥ ਸੋ ਦਰ ਕੇਹਾ ਸਬਦ ਉਚਾਰਾ ॥ ਸੁਨ ਸਿੱਧਨ ਅਤ ਹਰਖ ਬਢਾਯਾ ॥ ਧੰਨ ਗੁਰੂ ਨਾਨਕ ਮੁਖ ਗਾਯਾ ॥ ੨੪ ॥

ਦੋਹਿਰਾ ॥ ਸਬ ਸਿੱਧਨ ਕਰ ਜੋਰ ਕੈ ਅਸਬਿਧ ਬਿਨੈ ਸੁਨਾਇ ॥
[1]ਖੇਲਹੁ ਜਹਿੰ ਇੱਛਾ ਪ੍ਰਭੋ ਹਮ ਸਭ [2]ਆਇਸ ਮਾਹਿ ॥ ੨੫ ॥

ਚੌਪਈ ॥ [3]ਸਾਦਰ ਕੇ ਬਚ ਸੁਨੇ ਸੁਨਾਏ ॥ [4]ਅਗ੍ਰਜ ਸੰਗ ਚਲੇ ਪਹੁਚਾਏ ॥ ਕਰਤ ਪ੍ਰੇਮ ਸਭ ਸਿੱਧ ਹਟਾਏ ॥ ਆਗੈ ਪੁਨ ਸ੍ਰੀ ਗੁਰੂ ਸਿਧਾਏ ॥ ੨੬ ॥ ਗੁਰ ਸੋਂ ਪੂਛਤ ਭਾ ਮਰਦਾਨਾ ॥ ਨਾਥ ਨਾਮ ਸਭ ਕਰੋ ਬਖਾਨਾ ॥ ਜਿਤਨੇ ਜਤੀ ਕਹੋ ਤਿਨ ਨਾਮੂ ॥ ਕਿਤਨੇ ਸਿੱਧ ਭਏ ਸੁਖ ਧਾਮੂ ॥ ੨੭ ॥ ਸ੍ਰੀ ਗੁਰ ਭਨਹਿੰ ਸਿੱਧ ਹੈਂ ਜੇਤੇ ॥ ਨਾਥ ਨਾਮ ਕਹਿਲਾਵਹਿੰ ਤੇਤੇ ॥ ਇਨ ਮਹਿੰ ਨੌਂ ਜਿ ਨਾਥ ਸੁਭ ਜਾਨੂ ॥ ਸੋ ਮੈਂ ਤੁਝ ਸੰਗ ਕਰਤ ਬਖਾਨੂ ॥ ੨੮ ॥ ਪ੍ਰਾਨਨਾਥ ਇਕ ਗੋਪੀ ਚੰਦ ॥ ਸੁਰਤ ਨਾਥ ਜਿਨ ਨਹਿੰ ਜਮ ਫੰਧ ॥ ਗੋਰਖ ਮਛੰਦਰ ਮੰਗਲ ਨਾਥ ॥ ਚਰਪਟ ਚੰਬਾ ਘੁੱਗੂ ਸਾਥ ॥ ੨੯ ॥ ਅਬ ਜੋ ਜਤੀ ਸੁਨਹੁ ਦੇ ਕਾਨਾ ॥ ਲਛਮਨ ਗੋਰਖ ਅਰ ਹਨੁਮਾਨਾ ॥ ਭੀਸ਼ਮ ਭੈਰਵ ਦੱਤ ਪਛਾਨੋ ॥ ਚੌਰਾਸੀ ਸਭ ਸਿੱਧ ਬਖਾਨੋ ॥ ੩੦ ॥ ਸੂਰ ਸਿੱਧ ਲਹੁਰੀਪਾ ਭੰਗਰ ॥ ਹਾਜੀ ਰਤਨ ਖਿੰਥੜਾ ਝੰਗਰ ॥ ਕੇਵਲ ਕਰਨ ਜਾਲਕਾ ਸੰਗਰ ॥ ਸੰਮ੍ਰਥ ਨਿਰਤ ਬਿਮਲ ਕਾਲੰਗਰ ॥੩੧॥

---

੧ ਵਿਚਰਹੁ । ੨ ਆਪ ਦੀ ਆਗਿਆ ਵਿਚ । ੩ ਸਹਿਤ ਆਦਰ ਦੇ ਬਚਨ ।
੪ ਅਗੇ ।

ਪੂਰਨ ਨਾਸਿਕ ਔ ਘਟ ਊਰਮ ॥ ਭਰਥਰਿ ਈਸਰ ਪਰਬਤ ਧੂਰਮ॥ ਜੋਤ ਮਗਨ ਸਿੱਧ ਸੈਨ ਹਨੀਫਾ ॥ ਰਾਇ ਐਨ ਪਤ ਪ੍ਰਾਨ ਕਨੀਫਾ ॥ ੩੨ ॥ ਬਿਮਲ ਜੋਤ ਸੀਤਲ ਜਲ ਗਿਰਵਰ ॥ ਚਤਰ ਬੈਨ ਮੁਕਤੀਸਰ ਗਿਰ ਧਰ ॥ ਸੂਰ ਸੈਨ ਗਿਰ ਬੋਧ ਪਲਕ ਨਿਧਿ ॥ ਸੰਭੂ ਮਗਨ ਧਾਰ ਕਨਕਾ ਸਿਧਿ ॥ ੩੩ ॥ ਗੌਨ ਗੁਵਾਲ ਕਾਲਿੰਦ੍ਰ ਦਰਸਨ ॥ ਚਲਤ ਜੋਤ ਤੁਲਸਾ ਗੋਵਰਧਨ ॥ ਕੇਵਲ ਕਰਮੀ ਕਲਾ ਬਿਲਾਸੀ ॥ ਭੂਤਵੇ ਕੇਸ ਕਰਨ ਕ੍ਰਮ ਨਾਸੀ ॥ ੩੪ ॥ ਸੰਘਰ ਕਿਸਨ ਕੁਆਰ ਅਸਰ ਨਿਧ ॥ ਪਲਕਾ ਟਾਮ ਕੁਮਾਰ ਰਾਮ ਸਿਧ ॥ ਮੀਰ ਹੁਸੈਨੀ ਆਪੰ ਰੂਪੀ ॥ ਮੀਰ ਜੰਬੀਲ ਕਲੇਸੰ ਧੂਪੀ ॥ ੩੫ ॥ ਜੋਗਾ ਹਰੇ ਖੁਲਾਸ ਬਚਿੱਤ੍ਰਾ ॥ ਕੇਵਲ ਕਰਮੀ ਯੋਗ ਪਵਿੱਤ੍ਰਾ ॥ ਸੰਭਾਲਕਾ ਬਿਹੰਗਮ ਜੋਗੀ ॥ ਬ੍ਰਹਮੰ ਜੋਗੀ ਬ੍ਰਹਮੰ ਭੋਗੀ ॥ ੩੬ ॥ ਸ੍ਰ੍ਰੁਤੀ ਬਿਸਨਪਤੀ ਗੰਧਾਰੀ ॥ ਵਾਸੀ ਗੁਫਾ ਬ੍ਰਹਮ ਬ੍ਰਤ ਧਾਰੀ ॥ ਮੁਗਲ ਜੋਗ ਚੌਰਾਸੀ ਗਨਿਯੇਂ ॥ ਸਰਬ ਨਾਮ ਸਿੱਧਨ ਕੇ ਜਨਿਯੇਂ ॥ ੩੭॥ ਮਰਦਾਨਾ ਸੁਨ ਬੂਝਤ ਭਾ ਤਬ ॥ ਤੁਮ ਜੋ ਕਹੇ ਸੁ ਜਾਨੇ ਮੈਂ ਸਬ ॥ ਏਕ ਸੰਦੇਹ ਨਿਵਾਰਨ ਕੀਜੈ॥ ਬਹੁਰੋ ਚਲਨ ਗੈਲ ਪਗ ਦੀਜੈ॥੩੮॥

ਦੋਹਿਰਾ॥ ਭੋਗ ਨ ਕੀਨੇ ਨਾਰ ਸੋਂ ਐਸੇ ਲੋਕ ਅਨੇਕ ॥
ਖਸਟ ਜਤੀ ਤੁਮ ਕਿਉਂ ਕਹੋ ਮੁਝ ਸੰਸੈ ਭਾ ਏਕ ॥ ੩੯ ॥

ਚੌਪਈ ॥ਸੁਨ ਸ੍ਰੀ ਸਤਿਗੁਰ ਬੈਨ ਉਚਾਰੇ॥ ਨਹੀਂ ਜਤੀ ਜੋ ਤੋਹਿ ਬਿਚਾਰ ॥ ਸਰਬ ਰਿਖੀਕ ਬਿੰਦ ਦ੍ਰਵ ਜਾਵੈ ॥ ਜਤੀ ਸੋਇ ਕਿਤ ਤੇ ਨ ਗਨਾਵੈ ॥ ੪੦ ॥ ਨੈਨ ਰੂਪ ਪਿਖ ਰਹਿਯੋ ਲੁਭਾਈ॥ ਤਾਹੀ ਸਮੈਂ ਨੈਨ ਦਰ ਜਾਈ ॥ ਤੀਅ ਰਸ ਸੁਨਹਿੰ ਜਬਹਿ ਦੇ ਕਾਨਾ॥ ਜਾਇ ਸ੍ਰਵਨ ਦਰ ਬਿੰਦ ਲੁਭਾਨਾ ॥੪੧॥ ਮੁਖ ਤੇ ਤਰਨੀ ਰਸ ਕੀ ਬਾਤ ॥ ਹਿਤ ਸਿਉਂ ਲਾਇ ਕਹਿਤ ਇਵ ਜਾਤ ॥ ਕਰਹਿ ਸਪਰਸ ਅੰਗਨਾ ਅੰਗਾ ॥ ਤਹਿ ਬਿਧ ਜਾਵਹਿ ਬਿੰਦ ਨਿਸੰਗਾ ॥੪੨॥

ਦੋਹਿਰਾ ॥ ਅਸਟ ਬਿਧਨ ਕੋ ਭੋਗ ਹੈ ਤਿਨ ਤੇ ਜੋ ਵਿਪ੍ਰੀਤ ॥
ਪੂਰਨ ਜਤੀ ਸੁ ਜਾਨੀਏਂ ਲੀਨ ਕਾਮ ਤਿਨ ਜੀਤ ॥ ੪੩ ॥
ਚੌਪਈ ॥ ਖਸਟ ਜਤੀ ਹੈਂ ਔਰ ਨ ਕੋਈ ॥ ਇਕ ਅਬ ਪਰਗਟ ਹੈ ਸਭ ਲੋਈ ॥ ਸੁਨ ਮਰਦਾਨੇ ਪਗ ਸਿਰਨਾਯੋ॥ ਚਲਹੁ ਸਤਿਗੁਰੂ ਜਿਤ ਚਿਤ ਚਾਯੋ ॥ ੩੪ ॥

ਇਤਿ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥੇ ਪ੍ਰਿਥਮ ਮਹਿਲੇ ਸਿੱਧ ਮੰਡਲੀ ਪ੍ਰਸੰਗ ਬਰਨਨੰ ਨਾਮ ਚਾਲੀਸਮੋ ਮੰਦਰਗਹਿ ॥ ੪੦ ॥

ਦੋਹਿਰਾ ॥ ਰਿਦੇ ਪਦਾਰਥ ਚਾਹਿ ਜੇ ਸਤਗੁਰ ਚਰਨ ਸਰੇਉ ॥
ਜੀਵਤ ਪਾਵਹੁ ਸਰਬ ਸੁਖ ਅੰਤ ਮੁਕਤ ਕੋ ਲੇਹੁ ॥ ੧ ॥
ਅਗ੍ਰਜ ਗਮਨੇ ਸ੍ਰੀ ਗੁਰੂ ਗਏ ਏਕ ਅਸਥਾਨ ॥
ਕਾਕ ਭਸੁੰਡ ਬੈਠੋ ਜਹਾਂ ਬਿਹੰਗਨ ਬਿਖੈ ਮਹਾਨ ॥ ੨ ॥
ਚੌਪਈ ॥ ਬਿਹੰਗ ਹੈਂ ਅਨ ਗਨ ਜਹਿਵਾ ॥ ਕਥਾ ਬਖਾਨਤ ਸਭ ਮਹਿੰ ਤਹਿਵਾ ॥ ਭੋਗ ਕਥਾ ਕਾ ਪਾਯਾ ਸਬਹੀ ॥ ਸਬਦ ਰਬਾਬੀ ਗਾਯਾ ਤਬਹੀ ॥ ੩ ॥ ਸੁਨਤ ਪ੍ਰੇਮ ਮਹਿੰ ਨੈਨ [1]ਮੁੰਦਾਏ ॥ ਕਛੁ ਚਿਰ ਗਾਇ ਭੋਗ ਤਬ ਪਾਏ ॥ ਲੋਚਨ ਕਾਕ ਭਸੁੰਡ ਉਘਾਰੇ ॥ ਮਦਰ ਮ੍ਰਿਦਲ ਮੁਖ ਬਚਨ ਉਚਾਰੇ ॥ ੪ ॥ ਕਹਿ ਕੋ ਏਹੁ ਸਬਦ ਤਹਿ ਗਾਵਾ ॥ ਮਹਾਂ ਮੋਹ ਬਨਕੋ ਜੋ [2]ਦਾਵਾ ॥ ਸੁਨ ਮਰਦਾਨੇ ਬਚਨ ਬਖਾਨਾ ॥ ਸ੍ਰੀ ਨਾਨਕ ਪ੍ਰਭ ਸਭ ਗੁਨ ਖਾਨਾ ॥ ੫ ॥ ਇਨ ਕੋ ਸ਼ਬਦ ਅਹੈ ਜੋ ਗਾਵਾ ॥ ਨਿਰੰਕਾਰ ਅਵਤਾਰ ਸੁਹਾਵਾ ॥ ਕਾਕ ਭਸੁੰਡ ਸੁਨਿਓਂ ਇਵ ਕਾਨਾ ॥ ਤੂਰਨ ਆਇ ਚਰਨ ਲਪਟਾਨਾ ॥ ੬ ॥ ਇਹੁ ਸੁਧ ਮੋ ਕੋ ਹੁਤੀ ਅਗਾਰੀ ॥ ਪ੍ਰਗਟੈ ਗੁਰ ਕਉ ਕਾਲ ਮਝਾਰੀ ॥ ਜਾਉ [3]ਬਿਲੋਕੋਂ ਰੂਪ ਕ੍ਰਿਪਾਲਾ ॥ਯਹੀ ਚਾਹਿ ਥੀ ਰਿਦੈ ਬਿਸਾਲਾ ॥ ੭ ॥ ਦੈਵ ਜੋਗ ਤੇ ਆਏ ਸਮੀਪਾ ॥ ਦੀਨ

੧ ਅੱਖਾਂ ਮੀਟੀਆਂ । ੨ ਡੌ ਅਗਨੀ । ੩ ਦੇਖੋ ।

ਦਰਸ ਬੇਦੀ ਕੁਲ ਦੀਪਾ ॥ ਕੀਨ ਮਨੋਰਥ ਪੂਰਨ ਮੇਰਾ॥ਲੋਚਨ ਸੰਗ ਰੂਪ ਤਬ [1]ਹੇਰਾ ॥ ੮ ॥ ਕਲੀਕਾਲ ਮਤ ਮੰਦ ਬਿਮੂਢਾ ॥ ਧਰਮ ਭ੍ਰਸ਼ਟ ਭੇ ਮੋਹਿ ਅਰੂਢਾ ॥ ਤਿਨ ਕੋ ਦੇਨੇ ਹੇਤ ਸੁ ਪੰਥਾ ॥ ਜੀਵਨ ਰਿਦੇ ਮੁਕਤ ਕੀ ਗ੍ਰੰਥਾ ॥ ੯ ॥ ਧਰ ਪਰ ਨਰ ਸਰੀਰ ਕੋ ਧਾਰਾ ॥ ਤੀਨ ਲੋਕ ਕੇ ਤੁਮ ਆਧਾਰਾ ॥ ਆਇ ਜਿ ਰਾਵਰ ਚਰਨਨ ਸਰਨਾ ॥ ਕਿਉਂ ਨ ਤਰੈ ਜਗ ਜਨਮਹੁ ਮਰਨਾ ॥ ੧੦ ॥ ਕਰਹਿ ਬਚਨ ਤੁਮਰੇ ਜੁ ਆਵਨ ॥ ਸੇ ਨਰ ਦੇਹਿ ਕਰੈ ਹੈ ਪਾਵਨ ॥ ਜਿਸ ਮਹਿੰ ਸ਼ਕਤ ਗਿਆਨ ਕੀ ਰਾਖੀ॥ ਤਹਿ ਪਢ ਕਿਉਂ ਨ ਹੋਇੰ ਗਤ ਕਾਂਖੀ ॥੧੧॥

ਦੋਹਿਰਾ ॥ ਸ੍ਰੀ ਨਾਨਕ ਬੋਲੇ ਤਬਹਿ ਸਬ ਗੁਨ ਮਹਿੰ ਪਰਧਾਨ ॥
ਭਗਤ ਨਿਰੰਤਰ ਕਰਤ ਹੋ ਸ੍ਰੋਤਰ ਬਿਖੈ ਮਹਾਨ ॥ ੧੨ ॥

ਚੌਪਈ ॥ ਸ੍ਰੋਤਾ ਜਗ ਮਹਿ ਪੰਚ ਪ੍ਰਕਾਰਾ ॥ ਸੋ ਹੌਂ ਤੁਮ ਸੋਂ ਕਰੋਂ ਉਚਾਰਾ ॥ ਰਾਗ ਰਾਗਨੀ ਸਮਝਹਿ ਏਕਾ ॥ ਦੂਜੇ ਸੁਰ ਕੋ ਲਖਹਿ ਬਿਬੇਕਾ ॥ ੧੩ ॥ ਤੀਜੇ ਤਾਲ ਸੁਨਹਿ ਹਿਤ ਦੇਯ ॥ਚਤਰਥ ਬਾਦਤ ਤੇ ਰਸ ਲੇਯ ॥ ਪੰਚਮ ਸ਼ਬਦ ਅਰਥ ਕੋ ਚੀਨਾ ॥ ਤਾਤਪਰਜ ਸਮਝਤ ਪ੍ਰਬੀਨਾ ॥ ੧੪ ॥ ਸੋ ਸਭਹਨ ਤੇ ਲਖਹੁ ਮਹਾਨਾ ॥ ਅਰਥ ਸਮਝ ਕੈ ਗੁਨਤ ਸੁਜਾਨਾ ॥ ਅਰਥ ਵਿਚਾਰਹਿ ਜੋ ਹਿਤ ਲਾਇ ॥ ਸੇ ਸ੍ਰੋਤਾ ਰਸ ਸੋਂ ਤ੍ਰਿਪਤਾਇ ॥ ੧੫ ॥ ਔਰ ਜਿ ਸ੍ਰੋਤਾ ਚਾਰ ਪ੍ਰਕਾਰੀ ॥ [3]ਛੀਲ ਸੁ ਖਾਨ ਬਿਖੈ ਹਿਤ ਧਾਰੀ ॥ ਯਾਂਤੇ ਹੋ ਸਭ ਵਿਖੇ ਵਡੇਰੇ ॥ ਸਮਝ ਅਰਥ ਸੁਖ ਪਾਇ ਘਨੇਰੇ ॥੧੬ ॥ ਸਤਿ ਸੰਗਤ ਕੋ ਰਸ ਤੁਮ ਚੀਨੋ ॥ ਚਿਰੰਜੀਵ ਵਡ ਪਦ ਕੋ ਲੀਨੋ ॥ ਕਰੀ ਪਰਸਪਰ ਦੁਹ ਦਿਸ ਬੰਦਨ ॥ ਅਗ੍ਰਜ ਗਮਨੇ ਦੋਖ ਨਿਕੰਦਨ ॥ ੧੭ ॥ ਜਿਹ ਠਾਂ ਦੱਤਾ ਤ੍ਰੇਯ ਸੁਜਾਨਾ ॥ ਹਾਥ ਆਮਲਕ ਆਤਮ ਗਿਆਨਾ ॥ ਜਿਨ ਕੀਨੋ ਹੈ ਮਗ ਸਨਿਆਸਾ ॥ ॥ ਭਾ [4]ਬਿਰੱਕਤ ਬਹੁ ਫਿਰਿਓ ਉਦਾਸਾ ॥

੧ ਦੇਖਾ। ੨ ਇਛਾ। ੩ ਛਿਲੜ ਸਮਾਨ। ੪ ਬਿਰੱਕਤ ਸਾਧੂ।

੧੮ ॥ ਤਹਿ ਕੋ ਨਿਕਟ ਜਾਇ ਤੇ [1]ਠਾਂਢੇ ॥ ਸੋ [2]ਪਉਢਿਯੋ ਉਰ ਆਨੰਦ [3]ਬਾਢੇ ॥ ਕਹਿ ਮਰਦਾਨਾ ਇਸੈ ਬੁਲੀਜੈ ॥ ਬਹੁਰੋ ਅਪਨੋ ਗਿਆਨ ਭਨੀਜੈ ॥ ੧੯ ॥

ਦੋਹਿਰਾ ॥ ਕਹਿੰ ਗੁਰ ਨਾਨਕ [4]ਦੱਤ ਜੀ ਉਠਹੋ ਦੇਹੁ ਦਿਦਾਰ ॥
ਸ੍ਰੋਨ ਬਚਨ ਸੁਨ ਕੈ ਉਠਯੋ ਸਿਰ ਗੁਰ ਚਰਨਨ ਧਾਰ ॥ ੨੦ ॥

ਚੌਪਈ ॥ ਗਿਆਨ ਬਚਨ ਮਿਲ ਆਪਸ ਮਾਹੀ ॥ ਹਰਖਤ ਭੇ [5]ਦੁਹ ਦਿਸ ਸੁਖ ਪਾਹੀ ॥ ਕੇਤਕ ਕਾਲ ਬੈਠ ਤਹਿ ਪਾਸਾ ॥ ਚਲਨ ਤਿਆਰ ਭਏ ਸੁਖ ਰਾਸਾ ॥ ੨੧ ॥ ਦੱਤ ਕਰੀ ਬੰਦਨ ਪਦ ਮਾਹੀਂ ॥ ਤਬ ਹੀ ਅਗ੍ਰਜ ਚਲੇ ਗੁਸਾਹੀਂ ॥ ਚਲਤ ਚਲਤ ਬਹੁ [6]ਊਰਧ ਜਾਹੀ ॥ ਚੰਦ ਸੂਰ ਨੀਚੇ ਦਰਸਾਹੀ ॥ ੨੨ ॥ ਭਗਤ ਪ੍ਰਹਿਲਾਦ ਬੈਠ ਥੇ ਜਹਿਵਾ ॥ ਚਲ ਸ੍ਰੀ ਨਾਨਕ ਪਹੁੰਚੇ ਤਹਿਵਾ ॥ ਸ੍ਰੀ ਕਰਤਾਰੰ ਸ੍ਰੀ ਕਰਤਾਰਾ ॥ ਊਚੀ ਧੁਨ ਸੋਂ ਕੀਨ ਉਚਾਰਾ ॥ ੨੩ ॥ ਛੁਟਿਓ ਧਿਆਨ ਜਬ ਪ੍ਰਭ ਕੋ ਦੇਖਾ ॥ ਮਨ ਮਹਿੰ ਬਿਸਮਤ ਭਯੋ ਬਿਸੇਖਾ ॥ ਬੂਝਿਯੋ ਕੌਨ ਕਹਾਂ ਤੇ ਆਏ ॥ ਇਹ ਠਾਂ ਤੁਮ ਕੋ ਕੌਨ ਲਿਆਏ ॥ ੨੪ ॥ ਨਰ ਕੀ ਨਹੀਂ ਗੰਮਤਾ ਈਹਾਂ ॥ ਆਗੈ ਜਾਵਨ ਕਹਿ [7]ਠਾਂ [8]ਪ੍ਰੀਹਾ ॥ ਅਸ ਪ੍ਰਕਾਰ ਕੇ ਸੁਨ ਕਰ ਬੈਨਾ ॥ ਤਿਹ ਸੋਂ ਬੋਲੇ ਪੰਕਜ ਨੈਨਾ ॥ ੨੫ ॥ ਸਿਮਰਿਯੋ ਨਾਮ ਜੋ ਤੁਮ ਬਿਧ ਨੀਕੀ ॥ ਸਰਧਾ ਧਰੀ ਅਧਕ ਨਿਜ ਜੀ ਕੀ ॥ ਨਿਸ ਬਾਸਰ ਭੈ ਸਰਬ ਨਿਵਾਰਾ ॥ ਸ੍ਰੀ ਪ੍ਰਭ ਨਾਮਹ ਕੀਨ ਉਚਾਰਾ ॥ ੨੬ ॥ ਰਖਯਾ ਕਰੀ ਤੋਹਿ ਜਿਨ [9]ਭੂਰੀ ॥ ਦੋਖੀ ਮਾਰ ਬਿਦਾਰੇ ਦੂਰੀ ॥ ਹਮ ਭੀ ਉਸ ਹੀ ਸੱਤਿਨਾਮ ਕੇ ॥ ਗੁਨ ਸਿਮਰਹਿੰ ਸਦ ਸੂਖ ਧਾਮ ਕੇ ॥ ੨੭ ॥

---

੧ ਖੜੇ । ੨ ਲੰਮੇ ਪਏ ਹੋਏ । ੩ ਇਸਥਿਤ । ੪ ਦਤਾ ਤ੍ਰੈ ।
੫ ਲੋਕ ਪ੍ਰਲੋਕ । ੬ ਊਚੇ । ੭ ਥਾਂ । ੮ ਇਛਾ । ੯ ਬਹੁਤੀ ।

ਤਹਿ ਕੀ ਸ਼ਕਤ ਧਰਹਿੰ ਨਿਜ [1]ਪਾਹੂ ॥ ਆਏ ਸੰਤਨ ਦਰਸਨ ਚਾਹੂ ॥ ਸੁਨਤ ਪ੍ਰਹਿਲਾਦਹਿ ਬਚਨ ਉਚਾਰਾ ॥ ਕੋ [2]ਬਾਸਨ ਧੋਯੋ ਜਲ ਧਾਰਾ ॥ ੨੮ ॥ ਕਾਂਕੋ ਦੂਧ ਚੋਇ ਕਰ ਲੀਨੋ ॥ ਕੌਨ [3]ਤਾਵ ਸੋਂ ਤਾਵਨ ਕੀਨੋ ॥ ਕੌਨ ਸਮਾਂ ਇਨ ਤਾ ਮਹਿ ਪਾਯਾ ॥ ਕੌਨ ਥਾਨ [4]ਦਧ ਰਾਖ ਜਮਾਯਾ ॥ ੨੯ ॥ ਕਿਸ ਬਿਧ [5]ਮਥ ਕੈ ਕਾਢਿਯੋ ਮਾਖਨ ॥ ਪੁਨ ਕੈਸੇ ਕੀਨੋ ਤੁਮ ਚਾਖਨ ॥ ਕਹੀਯੇ ਸਭ ਮੋ ਕੋ ਬੀਚਾਰਾ ॥ ਜਿਹ ਬਿਧ ਕੀਨੀ ਨੀਕੀ ਕਾਰਾ ॥ ੩੦ ॥

ਦੋਹਿਰਾ ॥ ਬੋਲੇ ਸ੍ਰੀ ਨਾਨਕ ਤਬੈ ਤਨ ਬਾਸਨ ਕੋ ਧੋਇ ॥
ਧੇਨ ਖਿਮਾਂ ਕੇ ਪਾਸ ਤੇ ਦੂਧ ਸੰਤੋਖਹਿ ਚੋਇ ॥ ੩੧ ॥

ਚੌਪਈ ॥ ਤਪ ਤਾਪਨ ਕੋ ਤਾਵਨ ਤਾਯਾ ॥ ਗੁਰ ਉਪਦੇਸ ਸਮਾਂ ਇਨ ਪਾਯਾ ॥ ਸਤਿ ਸੰਗਤ ਮਹਿੰ ਭਲੋ ਸਥਾਨਾ ॥ ਰਾਖ ਜਮਾਯੋ ਤਹਾਂ ਸੁਜਾਨਾ ॥ ੩੨ ॥ ਮਨ ਬਿਚਾਰ ਕੀ ਮਥਨੀ ਕਰਕੈ ॥ ਆਪ ਤਜਨ ਮਥਯੋ ਹਿਤ ਧਰਕੈ ॥ ਭਾਣਾ ਮੰਨਣ ਚਾਖ ਕਰ ਸਾਦਾ॥ ਤ੍ਰਿਪਤ ਭਏ ਸ੍ਰੀ ਗੁਰੂ ਪਰਸਾਦਾ ॥ ੩੩ ॥ ਸੁਨ ਪ੍ਰਹਿਲਾਦ ਭਗਤ ਅਸ ਬਾਨੀ ॥ ਬੰਦਨ ਕੀਨ ਜੋਰ [6]ਜੁਗ ਪਾਨੀ ॥ ਤੁਮ ਅਵਤਾਰ ਭਏ ਜਗ ਮਾਹੀਂ ॥ ਜਿਵ ਨਰ ਸਿੰਘ ਭਏ ਮਨ ਚਾਹੀ । ੩੪ ॥ ਜਬ ਜਗ ਸੰਤ ਦੁਖਹਿੰ ਕਹਿ ਰੀਤੀ ॥ ਬਹੁਰੋ ਧਰਮ ਹੋਤ [7]ਵਿਪ੍ਰੀਤੀ॥ ਤਬ ਤਨ ਧਰ ਸੰਕਟ ਜਨ ਖਾਪੂ ॥ ਜਗ ਮਹਿੰ ਦੇਹੁ ਧਰਮ ਕੋ ਬਾਪੂ॥ ੩੫ ॥ ਅਬ ਤੌ ਕਲੀ ਕਾਲ ਦੁਖਿਆਰਾ ॥ ਨਿਰੰਕਾਰ ਕੇ ਤੁਮ [8]ਆਕਾਰਾ ॥ ਹਮ ਕੌ ਕੀਨ [9]ਸਨਾਥ ਕ੍ਰਿਪਾਲਾ ॥ ਕਲ ਮਹਿੰ ਨਾਮ ਕਰੋ ਉਜਿਆਲਾ ॥ ੩੬ ॥ ਪੰਥ ਚਲੈ ਤੁਮਰੋ ਸੰਸਾਰ ॥ ਜਪੈ ਨਾਮ ਤਵ ਉਤਰੈ ਪਾਰ ॥ ਅਸ ਪ੍ਰਕਾਰ ਬਹੁ ਸਤੁਤ [10]ਉਚਾਰੀ ॥ ਕਵਿ ਸ੍ਰੀ

---

੧ ਪਾਸ। ੨ ਭਾਂਡਾ। ੩ ਤਪੱਸਿਆ ਦੀ ਤਪ ਕੀਤਾ ਹੈ। ੪ ਦਹੀ। ੫ ਰਿੜਕ ਕੇ। ੬ ਦੋ ਹਥ ਕਰ। ੭ ਉਲਟਾ। ੮ ਮੂਰਤੀ। ੯ ਕਲਿਆਨ। ੧੦ ਉਸਤਤਿ ਉਚਾਰੀ।

ਸਤਿਗੁਰ ਪਗ ਬਲਿਹਾਰੀ॥੩੭॥ਕਿਤਕ ਕਾਲ ਸ੍ਰੀ ਗੁਰ ਤਹਿ ਪਾਸਾ ॥ ਰਹਿ ਕਰ ਕੀਨੇ ਬਚਨ ਬਿਲਾਸਾ ॥ ਕਰੀ [1]ਪਰਸਪਰ ਦੁਹਿ ਦਿਸ ਬੰਦਨ ॥ [2]ਅਗ੍ਰਜ ਗਮਨੇ ਦੋਖ ਨਿਕੰਦਨ ॥ ੩੯ ॥

ਇਤਿ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥੇ ਪ੍ਰਿਥਮ ਮਹਿਲੇ ਰਿਖੀ ਦੱਤ ਪ੍ਰਹਿਲਾਦਪ੍ਰਸੰਗ ਬਰਨੰਨਨਾਮ ਇਕਤਾਲੀਸਮੋਂ ਮੰਦਰਗਹਿ॥੪੧॥

ਦੋਹਿਰਾ॥ਅਲਖ ਅਭੇਵ ਅਨੰਤ ਪ੍ਰਭੁ ਜਿਹ [3]ਗਤ ਲਖੀ ਨ ਜਾਇ ॥
ਬੰਦਨ ਪਦ ਅਰਬਿੰਦ ਤਿਹ ਜੋ ਮਮ ਕਰੇ ਸਹਾਇ ॥ ੧ ॥

ਚੌਪਈ ॥ ਸੁਨ ਹਰਿ ਪ੍ਰੇਮ ਗੁਰੂ ਇਤ ਹਾਸੂ ॥ ਅਗ੍ਰਜ ਗਮਨੇ ਪੁਨ ਸੁਖ ਰਾਸੂ ॥ [4]ਤਾਰੇ ਤਰੇ ਛੋਰ ਕਰ ਸਭ ਹੀ ॥ [5]ਊਰਧ ਪਹੂਚੇ ਸ੍ਰੀ ਗੁਰ ਜਬ ਹੀ ॥ ੨ ॥ ਮਰਦਾਨੇ ਤਬ ਬੂਝਨ ਕੀਨੇ ॥ ਮੁਝਹਿ ਬਤਾਵਹੁ ਪ੍ਰਭੂ [6]ਪ੍ਰਬੀਨੇ ॥ [7]ਉਗਨ ਈਹਾਂ ਨ ਦੀਸਤ ਕੋਊ ॥ ਹਮ ਕਹਿ ਦਿਸ ਤਜ ਆਏ ਸੋਊ ॥ ੩ ॥ ਕਾਂਕੋ ਈਹਾਂ ਪ੍ਰਕਾਸ ਪ੍ਰਕਾਸ਼ਾ ॥ ਅਤ ਉੱਜਲ ਸੁੰਦਰ ਸੁਖ ਰਾਸਾ ॥ ਸੁਨ ਸ੍ਰੀ ਸਤਿਗੁਰ ਬਚਨ ਉਚਾਰੇ ॥ ਹਮ ਤੇ [8]ਤਰੇ ਰਹੇ ਅਬ ਤਾਰੇ ॥ ੪ ॥ ਨੀਚੇ ਕਰ ਮੁਖ ਲੇਹੁ [9]ਨਿਹਾਰੀ ॥ ਰਹੇ ਪ੍ਰਕਾਸ਼ਵਾਨ ਨਿਜ ਝਾਰੀ ॥ ਹਮ ਤੇ ਊਰਧ ਏਕ ਲਖੀਜੈ ॥ ਨਾਮ ਧ੍ਰੂਵ ਜਿਹ ਪ੍ਰਗਟ ਭਨੀਜੈ ॥ ੫ ॥ ਤਾਂਕੋ ਈਹਾਂ ਪ੍ਰਕਾਸ਼ ਘਨੇਰੋ ॥ [10]ਲਘੁ ਬੈ ਜਿਨ ਤਪ ਕੀਨ ਵਡੇਰੋ ॥ ਸਭ ਤੇ ਊਚੋ ਅਬਚਲ [11]ਰਾਜੂ ॥ ਸੰਜੁਤ ਸੋਭਾ ਰਹਿਓ ਬਿਰਾਜੂ ॥ ੬ ॥ ਸ੍ਰੀ ਗੁਰ ਭਨੈ ਸੁਨਹੁ ਮਰਦਾਨਾ ॥ ਚਲਹੁ ਦਿਖਾਵਹਿੰ ਤਹਿ ਅਸਥਾਨਾ ॥ ਅਸ ਕਹਿ ਗਮਨ ਕਿਯੋ ਤਤਕਾਲਾ ॥ ਧ੍ਰੂਵ ਮੰਡਲ ਮਹਿੰ ਗਏ ਕ੍ਰਿਪਾਲਾ ॥ ੭ ॥

---

੧ ਆਪਸ ਵਿਚ। ੨ ਅਗੇ ਚਲੇ। ੩ ਮਰਯਾਦਾ। ੪ ਤਾਰੇ ਹੇਠਾਂ ਛੋੜ ਕਰ। ੫ ਉਚੇ। ੬ ਚਤਰ। ੭ ਤਾਰੇ। ੮ ਹੇਠਾਂ। ੯ ਦੇਖੋ। ੧੦ ਉਮਰ ਛੋਟੀ। ੧੧ ਇਸਥਿਤ।

ਦੋਹਿਰਾ ॥ ਫਿਰਤ ਹੁਤੇ ਧ੍ਰੂਵ ਥਾਨ ਨਿਜ ਦੇਖ ਗੁਰਨ ਕੀ [1]ਓਰ ॥
ਉਰ ਬਿਚਾਰ ਤੈਂ ਨਰ ਇਹਾਂ ਆਏ [2]ਕਿਹ ਕੇ ਜੋਰ ॥੮॥
ਚੌਪਈ ॥ ਪਹੁਚੇ ਤਹ [3]ਸਮੀਪ ਜਬ ਜਾਈ ॥ ਸਿਰੀ ਸੱਤਿ ਕਰਤਾਰ ਬੁਲਾਈ ॥ ਬੂਝਤ ਧ੍ਰੂਵ ਕੌਨ ਤੁਮ ਆਏ ॥ [4]ਭੂਚਰ [5]ਖੇਚਰ ਕਿਨ ਪਹੁਚਾਏ ॥ ੯ ॥ ਕੈਸੇ [6]ਮਾਰਗ ਲੀਨ ਪਛਾਨਾ ॥ ਆਗੈ ਕਿਤ ਕੋ ਕੀਨ ਪਯਾਨਾ ॥ ਬਿਖਮ ਪੰਥ ਬਡ ਕਿਉਂ ਕਰ ਆਏ ॥ ਦੇਵਨ ਦਾਨਵ ਕਿਹੂੰ ਨ ਪਾਏ ॥ ੧੦ ॥ ਪੂਰਬ ਭਈ ਨ ਕਬਹੂੰ ਐਸੇ ॥ ਦੇਹ ਸਹਿਤ ਆਏ ਅਬ ਜੈਸੇ ॥ [7]ਬਿਖਮ [8]ਪਹਾਰ ਉਲੰਘੇ ਸਾਰੇ ॥ ਯੌਂ ਸੁਨ ਸ੍ਰੀ ਗੁਰ ਬਚਨ ਉਚਾਰੇ ॥ ੧੧ ॥
ਦੋਹਿਰਾ ॥ ਸੱਤਿਨਾਮ ਕਰਤਾ ਪੁਰਖ ਕੀਨ ਭਗਤ ਤਿਹ [9]ਜੋਰ ॥
ਮਾਰਗ ਭਲੇ ਪਛਾਨ ਕੈ ਆਏ ਤੁਮਰੀ [10]ਓਰ ॥ ੧੨ ॥
ਚੌਪਈ ॥ ਧਰਯੋ ਧਿਆਨ ਜਬ ਸ੍ਰੀ ਕਰਤਾਰਾ ॥ ਸਭ ਹੀ ਮਾਰਗ ਭਯੋ ਸੁਖਾਰਾ ॥ ਨਿਰੰਕਾਰ ਕੇ ਦਰਸਨ ਆਏ ॥ ਦਾਨਵ ਦੇਵ ਬਹੁਤ ਦਰਸਾਏ ॥ ੧੩ ॥ ਜਾਨਹੁ ਨਾਨਕ ਨਾਮ ਹਮਾਰਾ ॥ ਦਰਸਨ ਸੰਤਨ ਕੋ ਅਤਿ ਪਿਆਰਾ ॥ ਧ੍ਰੂਵ ਨੇ ਸੁਨਿਯੋ ਨਾਮ ਅਸ ਜਬ ਹੀ ॥ ਨਮੋ ਚਰਨ ਪਰ ਕੀਨੀ ਤਬ ਹੀ ॥ ੧੪ ॥ ਕਹਿਨ ਲਗਿਯੋ ਪੂਰਬ ਸੁਧ ਪਾਈ ॥ ਧਰਾਵਤਾਰ ਨਿਰੰਜਨ ਰਾਈ ॥ ਆਨ ਨਿਕਟ ਮੁਝ ਦਰਸਨ ਦੀਨੰ ॥ ਲੋਚਨ [11]ਗੋਚਰ ਸਫਲੀ ਕੀਨੰ ॥ ੧੫ ॥ ਗੁਰ ਅਵਤਾਰ ਭਗਤ ਸੁਖ ਰਾਸੂ ॥ ਯੌਂ ਹਰਖਤ ਕਿਯੋ ਬਚਨ ਬਿਲਾਸੂ ॥ ਕਿਤਕ ਕਾਲ ਬੈਠੇ ਜਗ ਸ੍ਵਾਮੀ ॥ ਏਕਲ ਆਗੇ ਅੰਤਰਜਾਮੀ ॥ ੧੬ ॥ ਬਾਲਾ ਮਰਦਾਨਾ ਧ੍ਰੂਵ ਪਾਸ ॥ ਚਲੇ ਸੱਚ

---

੧ ਤਰਫ। ੨ ਕਿਸ ਦੇ ਬਲ ਨਾਲ। ੩ ਨਜ਼ਦੀਕ। ੪ ਪ੍ਰਿਥਵੀ ਤੇ ਵਿਚਰਨੇ ਵਾਲੇ। ੫ ਅਕਾਸ਼ ਤੇ ਵਿਚਰਨੇ ਵਾਲੇ। ੬ ਰਸਤੇ ਨੂੰ। ੭ ਕਠਨ। ੮ ਪਹਾੜ। ੯ ਬਲ ਕਰਕੇ। ੧੦ ਤਰਫ। ੧੧ ਵਾਸਤੇ।

ਖੰਡ ਗੁਰ ਸੁਖ ਰਾਸ ॥ ਛਿਨਕ ਬਿਖੈ ਪਹੁਚੇ ਗਤਦਾਨੀ ॥ ਜਹਿੰ ਸੁਨ ਰਚਨਾ ਬਨੀ ਮਹਾਨੀ ॥ ੧੭ ॥ ਅਨਕ [1]ਬਿਧਨ ਕੇ [2]ਉਪਬਨ ਰੂਰੇ ॥ ਸਾਖਾ ਨਿਵੀ ਫਲਨ ਰਸ ਪੂਰੇ ॥ [3]ਕੁਸਮ [4]ਬਾਟਿਕਾ [5]ਬਨੀ ਸੁਹਾਈ ॥ [6]ਭੌਰ ਗੁੰਜਾਰ ਜਿਨਹਿੰ ਪਰ ਲਾਈ ॥ ੧੮ ॥ ਕਰਹਿੰ [7]ਨਿਰੰਤਰਿ ਹਰ ਜਸ ਗਾਨਾ ॥ ਹੰਸ ਕੀਰ [8]ਪਿਕ ਜੇ [9]ਖਗ ਨਾਨਾ ॥ ਪੌਰ ਬਡੋ ਸੁੰਦਰ ਉਜਿਆਰਾ ॥ ਹੀਰੇ ਮਾਣਕ ਲਗੇ ਅਪਾਰਾ ॥੧੯॥ ਅਹੈਂ ਭਗਤ ਜਿਨ ਮੋਖ ਸਲੋਕਾ ॥ ਬਿਚਰਤ ਹੈਂ ਹਰਖਤ ਬਿਨ ਸੋਕਾ ॥ ਸੁਪਨੇ ਮਾਤਰ ਜਹਿੰ ਨ ਬਿਕਾਰਾ ॥ ਰਿਦੈ ਪ੍ਰਕਾਸ਼ਹਿ ਗਿਆਨ ਅਪਾਰਾ ॥ ੨੦ ॥ ਸੁੰਦਰ ਮੰਦਰ ਕੰਚਨ ਕੇਰੇ ॥ ਖਚੀ ਮਣਨ ਜਗ ਮਗਤ ਘਨੇਰੇ ॥ ਸਿਲਾ [10]ਫਟਕ ਕੀ [11]ਮੱਲਜ [12]ਕਪਾਟਾ ॥ [13]ਮੁਕਤਾ ਕੀ ਤੋਰਣ [14]ਦਰ ਠਾਟਾ ॥ ੨੧ ॥ ਤਹਿ ਜਬ ਪਹੁੰਚੇ ਸ੍ਰੀ ਗੁਣ ਖਾਨੀ ॥ ਭਗਤਨ ਸਭਨ ਬੰਦਨਾ ਠਾਨੀ ॥ ਅਨਕ ਭਾਂਤ ਕੀ ਉਸਤਤ ਕਰਕੈ ॥ ਪਰਮ ਸੁਖੀ ਭੇ ਰੂਪ [15]ਨਿਹਰਕੈ ॥ ੨੨ ॥ ਤਹਿ ਤੇ ਗਮਨੇ ਬਹੁਰ ਅਗਾਰੀ ॥ ਬਨੀ ਮੰਦਰ ਉਪਮਾ ਭਾਰੀ ॥ ਅਜਰਨ ਬਿਖੈ ਮਣਨ ਗਚਕਾਰੀ ॥ ਜਿਨ ਕੇ ਬਰਨ ਅਨੇਕ ਪ੍ਰਕਾਰੀ ॥ ੨੩ ॥ ਬਸਹਿੰ ਭਗਤ ਤਿਨ ਬੀਚ ਅਨੂਪਾ ॥ ਜਿਨਹੀ ਪਾਈ ਮੋਖ ਸਰੂਪਾ ॥ ਬਿਸ਼ਨ ਸਰੂਪ ਸਭੀ ਤਨ ਬਰਨਾ ॥ ਅਤਿ ਸੁੰਦਰ [16]ਛਬ ਮਨ ਕੀ ਹਰਨਾ ॥ ੨੪ ॥ ਤਹਾਂ ਪਹੂਚੇ ਜਾਇ ਕਿਰਪਾਲਾ ॥ ਮਿਲੇ ਭਗਤ ਉਠ ਪ੍ਰੇਮ ਬਿਸਾਲਾ ॥ ਬੰਦਨ ਕਰਹਿੰ ਬੰਦ ਕਰ ਦੋਊ ॥ ਪਰਮ ਅਨੰਦ ਪਾਇ

---

੧ ਤਰ੍ਹਾਂ ਦੇ । ੨ ਬਾਗ । ੩ ਫੁਲ । ੪ ਦਰਖਤ । ੫ ਬਗੀਚੀ । ੬ ਭੌਰੇ । ੭ ਇਕ ਰਸ । ੮ ਕੋਇਲ । ੯ ਪੰਛੀ । ੧੦ ਸ਼ੀਸ਼ੇ ਦੀਆਂ । ੧੧ ਚੰਦਨ । ੧੨ ਤਖਤੇ । ੧੩ ਮੋਤੀਆਂ ਦੀਆਂ ਲੜੀਆਂ । ੧੪ ਦਰਵਾਜ਼ੇ ਪਰ ਇਸਥਿਤ ਹੋ ਰਹੀਆਂ ਹਨ । ੧੫ ਦੇਖ ਕੇ । ੧੬ ਸੋਭਾ ।

ਊਰ ਸੋਊ ॥ ੨੫ ॥ ਪ੍ਰਸੰਸਹਿ ਤੁਮ ਆਦ [੧]ਅਨਾਦੂ ॥ ਸਰਬ ਜਨਨ ਦਾਨੀ [੨]ਅਹਿਲਾਦੂ ॥ ਮਹਿਮਾ ਨਾਮ ਜਗਤ ਬਿਸਤਾਰਕ ॥ ਜੁਗ ਜੁਗ ਭਗਤਨ ਕੇ ਰਖਵਾਰਕ ॥ ੨੬ ॥ ਮ੍ਰਿਦਲ ਮਧੁਰ ਬਚ ਤਿਨ ਸੋਂ ਕਹਿ ਕੈ ॥ ਗਮਨੇ ਪ੍ਰਭ ਦਰਸ਼ਨ ਹਿਤ ਚਹਿ ਕੈ ॥ ਗੇ ਆਗੇ ਬੇਦੀ ਕੁਲ ਦੀਪਾ ॥ ਜਹਿੰ ਜਨ ਪਾਈ ਮੋਖ ਸਮੀਪਾ ॥ ੨੭ ॥ ਤਿਨ ਕੀ ਮਹਿਮਾ ਕੌਨ ਉਚਰਹੀ ॥ ਜੇ ਸਦੀਵ ਦਰਸ਼ਨ ਅਨੁਸਰਹੀ ॥ ਤਹਿੰ ਜਬ ਪਹੁੰਚੇ ਦੀਨਾ ਨਾਥੂ ॥ ਉਠ ਕਰ ਸਰਬ ਮਿਲੇ ਹਿਤ ਸਾਥੂ ॥ ੨੮ ॥ ਪੁਨ ਆਵਾ ਸ੍ਰੀ ਪ੍ਰਭ ਦਰਬਾਰਾ ॥ [੩]ਕੋਟ ਸੂਰ ਸਨ ਜਗ ਮਗ ਕਾਰਾ ॥ ਸਚ ਖੰਡ ਕੀ ਉਪਮਾਂ ਜੋਈ ॥ ਉਚਰ ਸਕੈ ਅਸ ਕਵਿ ਨਹਿੰ ਕੋਈ ॥ ੨੯ ॥ ਜਹ ਕੁੰਠਤ ਹ੍ਵੈ ਹੈ ਮਨ ਬਾਨੀ ॥ ਕੈਸੇ ਪਰੈ ਤਾਸ ਗਤ ਜਾਨੀ ॥ ਕਹੌਂ [੪]ਰੁਚਰਤਾ ਕਛੁਕ ਸੁਧਾਰੈ ॥ ਮਨ ਠਹਿਰਾਵਨ ਹੇਤ ਸੁਖਾਰੇ ॥ ੩੦ ॥ ਮੰਦਰ ਪਦਮ ਮਣੀ ਕੇ ਭਾਰੀ ॥ ਮੀਨਾਕਾਰ ਜਹਾਂ ਗਚਕਾਰੀ ॥ ਹਾਟਕ ਫਟਕ ਕੇਰ ਸੁਭ ਥੰਭਾ ॥ ਜਿਨ ਬਿਲੋਕ ਮਨ ਹੋਤ ਅਚੰਭਾ ॥ ੩੧ ॥ [੫]ਭਿਤ ਮਣ ਮਾਣਕ ਨਗ ਸ਼ੁਭ ਹੀਰੇ ॥ [੬]ਬਿਰਚੇ ਅਤ ਸੁੰਦਰ ਸੁਭ [੭]ਚੀਰੇ ॥ [੮]ਮੁਕਤਾ ਮਾਲਨ ਝਾਲਰ ਝਾਈ ॥ ਦਰ ਪਟ ਸੁੰਦਰ ਜਿਨ [੯]ਛਬ ਛਾਈ ॥ ੩੨ ॥ ਫਰਸ਼ ਰੁਚਰ ਕਿਯ [੧੦]ਅਜਰ ਮਝਾਰੀ ॥ [੧੧]ਅਦਭੁਤ ਦੇਖਤ ਹੀ ਮਨ ਹਾਰੀ ॥ ਮਧ ਸਿੰਘਾਸਨ ਸੁੰਦਰ ਸੋਹੈ ॥ ਜਿਸਕੀ ਛਬ ਸਮ ਔਰ ਨ ਕੋ ਹੈ ॥ ੩੩ ॥ ਸਦਾ ਸੱਚਦਾ ਨੰਦ ਕ੍ਰਿਪਾਲਾ ॥ ਬੈਠੇ ਤਹਿ ਮੂਰਤ ਜੋ ਅਕਾਲਾ ॥ ਬਸਹਿ ਸਦੀਵ ਮੁਨੀ ਮਨ ਜੋਗੀ ॥ ਧਰਹਿੰ ਸਮਾਧ ਧਿਆਨ ਰਸ ਭੋਗੀ ॥ ੩੪ ॥ ਮਹਿਮਾਂ ਤਹਿ ਕਹ ਕੌਨ [੧੨]ਸਕ੍ਰਾਈ ॥

---

੧ ਹਦ ਤੋਂ ਪਰੇ ਜਿਸ ਦੀ ਹਦ ਨਾ ਹੋਵੇ । ੨ ਪ੍ਰਸੰਨ । ੩ ਕਰੋੜਾਂ ਸੂਰਜ । ੪ ਸੁੰਦਰਤਾ । ੫ ਦੀਵਾਰ । ੬ ਬੇ ਵਸ਼ੇਸ਼ ਕਰਕੇ ਰਚੇ । ੭ ਕਪੜੇ । ੮ ਮੋਤੀਆਂ । ੯ ਸੋਭਾ । ੧੦ ਵੇਹੜੇ ਵਿਚ । ੧੧ ਅਸਚਰਜ । ੧੨ ਕਹਿ ਸਕਦਾ ਹੈ ।

ਕੋਟ ਸ਼ੇਖ ਸਾਰਦ ਸਕੁਚਾਈ ॥ ਨੇਤ ਨੇਤ ਜਹਿ ਬੇਦ ਪੁਕਾਰਾ ॥
ਸਭ ਕਵਿ ਕੋ ਬਿਦ ਲਹਿਤ ਨ ਪਾਰਾ ॥ ੩੫ ॥ ਮੈਂ ਮਤਿ ਮੰਦ ਕਹਾਂ
ਲਘ ਬਰਨੌਂ ॥ ਸਿੰਧ ਪਾਰ ਜਿਵ [੧]ਕੀਟੀ ਤਰਨੌਂ ॥ [੨]ਮਸਕ [੩]ਮੇਰ
ਕਿਵ ਸਕੈ ਉਠਾਈ ॥ ਕਿਵ ਨਭ ਅੰਤ ਜੰਤ ਲਘ ਪਾਈ ॥ ੩੬ ॥
ਜਹਿ ਸੱਤਾ ਕੇ ਮਾਯਾ [੪]ਅਲੰਬਾ ॥ ਸਿਰਜਤ ਹੈ ਬ੍ਰਹਿਮੰਡ [੫]ਕਦੰਬਾ ॥
ਏਕ ਰੋਮ ਮਹਿਂ ਬਿਸ਼ਨ ਅਨੇਕਾ ॥ ਬਿਧ ਸ਼ਿਵ ਬਹੁ ਕੋ ਕਰੇ ਬਬੇਕਾ॥
੩੭ ॥ ਉਤਪਤ ਪਾਲਨ ਅਰ ਸੰਹਰਤਾ ॥ ਤੀਨ ਦੇਵ ਆਇਸ
ਮਹਿਂ ਚਰਤਾ ॥ ਅਸ ਸਥਾਨ ਪਹੁੰਚੇ ਗੁਰ ਰਾਈ ॥ ਸਿੱਖਨ ਕੇ ਜੋ
ਅਤਿ ਸੁਖਦਾਈ ॥ ੩੮ ॥ ਕੀਨ ਡੰਡੌਤ ਜੋਰ ਜੁਗ ਹਾਥਾ ॥
ਠਾਂਢੇ ਪੁਨ ਬੇਦੀ ਕੁਲ ਨਾਥਾ ॥ ਘਨ ਸੁਰ ਸਮਗੰਭੀਰ ਸੁ ਬਾਨੀ
॥ ਕਰਤਾ ਪੁਰਖ ਕਹਿਤ ਸੁਖ ਸਾਨੀ ॥ ੩੯ ॥ ਸਗੁਣ ਰੂਪ ਮਮ
ਨਾਨਕ ਪਿਆਰੇ ॥ [੬]ਕਲ ਨਰ ਤਾਰਨ ਨਰ ਤਨ ਧਾਰੇ ॥ ਉਚਰਹੁ
ਮਹਿਮਾ ਨਾਮ [੭]ਮਨੋਗਾ ॥ ਜੋ [੮]ਮਤ ਮੰਦਨ ਤਾਰਨ ਜੋਗਾ ॥ ੪੦॥
ਨਿਰੰਕਾਰ ਤੇ ਸੁਨ ਗੁਰ ਬਾਨੀ ॥ ਸੋ ਦਰੁ ਤੇਰਾ ਕੇਹਾ ਬਖਾਨੀ ॥
ਪੁਨਾ ਆਰਤੀ ਕੀਨ ਉਚਾਰੀ॥ਸੁਨ ਸ਼੍ਰੋਤਾ ਜੋ ਅਤਿ ਸੁਖ ਕਾਰੀ॥੪੧॥

ਸ੍ਰੀ ਮੁਖ ਵਾਕ

## ਰਾਗ ਧਨਾਸਰੀ ਮਹਲਾ ੧ ॥

ਆਰਤੀ ॥ ਗਗਨ ਮੈ ਥਾਲ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥ ਧੂਪੁ ਮਲਆਨ ਲੋ ਪਵਣੁ ਚਵਰੋ ਕਰੇ ਸਗਲ ਬਨ ਰਾਇ ਫੂਲੰਤ ਜੋਤੀ ॥ ੧ ॥ ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ ॥ ਅਨਹਤਾ ਸਬਦ ਵਾਜੰਤ ਭੇਰੀ ॥ ੧ ॥ ਰਹਾਉ ॥ ਸਹਿਸ ਤਵ ਨੈਨ

---

੧ ਕੀੜੀ। ੨ ਮਛਰ। ੩ ਸੁਮੇਰ। ੪ ਆਸਰਾ। ੫ ਸਮੂਹ।
੬ ਕਲਜੁਗ ਦੇ ਮਨੁਖਾਂ ਦੇ ਤਾਰਨ ਲਈ ਸਰੀਰ ਨੂੰ ਸਰਗੁਣ ਰੂਪ ਧਾਰਨ ਕਰਕੇ ਆਏ ਹਨ।
੭ ਸੁੰਦਰ। ੮ ਭੈੜੀ ਮਤ ਵਾਲਿਆਂ ਨੂੰ ਤਾਰਨ ਲਈ ਲਾਇਕ ਹਨ।

ਨਨ ਨੈਨ ਹਿਹਿ ਤੋਹਿ ਕਉ ਸਹਸ ਮੂਰਤਿ ਨਨਾ ਏਕਤੋਹੀ॥ ਸਹਸ ਪਦ ਬਿਮਲ ਨਨਾ ਏਕ ਪਦਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥ ੨ ॥ ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥ ਗੁਰ ਸਾਖੀ ਜੋਤਿ ਪਰਗਟੁ ਹੋਇ ਜੋ ਤਿਸ ਭਾਵੈ ਸੁ ਆਰਤੀ ਹੋਇ ॥੩॥ ਹਰਿ ਚਰਨ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ॥ ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾਤੇ ਤੇਰੈ ਨਾਇ ਵਾਸਾ ॥ ੪ ॥

ਚੌਪਈ ॥ ਮਹਿਮਾ ਸ੍ਰੀ ਅਕਾਲ ਸੁਨ [1]ਕਾਨੇ ॥ ਭੇ [2]ਪ੍ਰਸਾਦਿ ਮੰਦਹਿ ਮੁਸਕਾਨੇ ॥ ਸ੍ਰੀ ਮੁਖ ਤੇ ਪੁਨ ਗਿਰਾ ਉਚਾਰੀ ॥ ਤੁਮ ਜਾਵਹੁ ਜਗਤ ਮਝਾਰੀ ॥ ੪੨ ॥ ਜਿਹ ਕਾਰਨ ਨਿਜ ਧਰਿਜੋ ਸਰੀਰਾ ॥ ਕਰਹੁ ਕਾਜ ਭੰਜਹੁ [3]ਭਵ ਪੀਰਾ ॥ ਸਿਖੀ [4]ਰੀਤ ਪ੍ਰਕਾਸ਼ੈ ਜਬ ਹੀ ॥ ਆਵਹੁ ਨਿਕਟ ਹਮਾਰੈ ਤਬ ਹੀ ॥ ੪੩ ॥ ਸੁਨ ਕਰ ਸ੍ਰੀ ਅਕਾਲ ਕੇ ਬਚਨਾ ॥ ਬੰਦੇ ਚਰਨ ਬਿਨੈ ਕਰ ਰਚਨਾ ॥ ਹਟੇ ਜਗਤ ਕੀ ਦਿਸ ਜਗਰਾਈ ॥ ਦੀਨਨ ਬੰਧ ਦਯਾਲ ਗੁਸਾਈ॥੪੪॥

ਇਤਿ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥੇ ਪ੍ਰਿਥਮ ਮਹਿਲੇ ਧ੍ਰੂਵ ਭਗਤ ਸੱਚ ਖੰਡ ਸ੍ਰੀ ਅਕਾਲ ਦਰਸ਼ਨ ਪ੍ਰਸੰਗ ਬਰਨੰਨ ਨਾਮ ਬੈਤਾਲੀਸਮੋਂ ਮੰਦਰਹਿ ॥ ੪੨ ॥

ਦੋਹਿਰਾ ॥ ਕਉਤਕ ਸ੍ਰੀ ਸਤਿਗੁਰੂ ਕੇ ਅਚਰਜ ਲਖੇ ਨ ਜਾਇ ॥
ਬਰਸ [5]ਚਲੀਸੇ ਜੁਗ ਪ੍ਰਭੁ ਸੱਚ ਖੰਡ ਤੇ ਆਇ ॥ ੧ ॥

ਚੌਪਈ ॥ ਸ੍ਰੀ ਕਰਤਾਰ ਪੁਰਖ ਸੁਖਦਾਇ ॥ ਤਿਨ ਤੇ ਬਿਦਾ ਹੋਇ ਹਟ ਆਏ ॥ ਧ੍ਰੂਵ ਮੰਡਲ ਬਾਲਾ ਮਰਦਾਨਾ ॥ ਸੰਗ ਰਲਾਇ ਦੀਨ ਦੁਖ ਹਾਨਾ ॥ ੨ ॥ ਧ੍ਰੂਹ ਵਿਲੋਕੇ ਆਵਤ ਜਬ ਹੀ ॥ ਨਮੋ

੧ ਕੰਨਾਂ ਨਾਲ। ੨ ਪ੍ਰਸੰਨ। ੩ ਸੰਸਾਰ ਦੇ ਜੀਵਾਂ ਦੀ ਪੀੜਾ ਦੂਰ ਕਰੋ। ੪ ਮਰਯਾਦਾ। ੫ ਚਾਲੀ ਵਰ੍ਹੇ।

ਕੀਨ ਸਤਿਗੁਰ ਕੋ ਤਬ ਹੀ ॥ ਬੂਝਨ ਲਗਯੋ ਪਤੇ ਪੁਨ ਸੋਊ ॥ ਜਹਾਂ ਨ ਪਹੁੰਚ ਸਕਯੋ ਕਬ ਕੋਊ ॥ ੩ ॥ ਹੇ ਗੁਰ ਤਜੋ ਨਿਰੰਜਨ ਕੈਸੇ ॥ ਕਸ ਪ੍ਰਕਾਸ਼ ਜਹਿੰ ਕਰਤਾ ਬੈਸੇ ॥ ਦੇਖੈਂ ਜੋਤ ਪੁਨਹ ਕਸ ਐਸੀ ॥ ਆਰਤਿ ਤਹਿੰ ਕੀਨੀ ਗੁਰ ਕੈਸੀ ॥ ੪ ॥ ਸੁਨ ਕਰ ਧ੍ਰੂਵ ਕੇ ਬਚਨ ਪਿਆਰੇ ॥ ਸ੍ਰੀ ਸਤਿਗੁਰ ਸ਼ੁਭ ਗਿਰਾ ਉਚਾਰੇ ॥ ਉੱਤਮ ਭਗਤ ਧ੍ਰੂਵ ਤੁਮ ਸੁਨਿਯੇ ॥ ਰੂਪ ਰੰਗ ਤਿਨ ਕੋ ਨਹਿੰ ਗੁਨਿਯੇ ॥ ੫ ॥

ਸ੍ਰੀ ਮੁਖ ਵਾਕ

ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥ ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥ ੩ ॥

ਚੌਪਈ ॥ ਹੇ ਧ੍ਰੂ ਅਸ ਕੋ ਜਗ ਮਹਿੰ ਨਾਹੀ ॥ ਜਿਸਕੀ ਉਪਮਾ ਦੇਵੈਂ ਤਾਹੀ ॥ ਅਨਕ ਬ੍ਰਹਮੰਡ ਦੇਹ ਮਹਿੰ ਬਨੇ ॥ ਜਿਉਂ [੧]ਤਰਵਰ ਬਹੁ ਫਲ ਕੇ [੨]ਸਨੇ ॥ ੬ ॥ ਕਹਿਨ ਸੁਣਨ ਤੇ ਜਾਨ ਅਨੰਤਾ ॥ [੩]ਨਿਖਲ ਭਵਨ ਕੋ ਰਾਜ ਕਰੰਤਾ ॥ ਸੁਨ ਕੀਨੋ ਧ੍ਰੂਵ ਹਰਖ ਅਪਾਰਾ ॥ ਨਿਰੰਕਾਰ ਕੇ ਤੁਮ [੪]ਆਕਾਰਾ ॥ ੭ ॥ ਨਿਸਚੌਂ ਮੋਹਿ ਅਧਕ [੫]ਅਸ [੬]ਗਾਢੋ ॥ ਧੰਨ ਭਾਗ ਦੇਖਿਯੋ [੭]ਢਿਗ ਠਾਂਢੋ ॥ ਕਲਿ ਮਹਿ ਨਾਮ ਕਰਹੁ ਉਪਦੇਸ਼ਾ ॥ ਪਾਵਤ ਨਰ ਜੇ ਅਧਕ ਕਲੇਸ਼ਾ ॥ ੮ ॥ ਸਹਿ ਨ ਸਕੇ ਤਿਨ ਕੋ ਦੁਖ ਭਾਰੀ ॥ ਧਰਿਓ ਰੂਪ ਤੁਮ ਪਰ ਉਪਕਾਰੀ ॥ ਦੀਨ ਬੰਧ ਹੇ ਦੀਨ ਦਯਾਲਾ ॥ ਦੀਨਾ ਨਾਥਹਿ ਨਾਮ ਬਿਸਾਲਾ ॥ ੯ ॥ ਉਸਤਤ ਕੇ ਬਚ ਇਉਂ ਕਹਿ ਸੁਨਕੈ ॥ ਬੈਸੇ [੮]ਕਿਤਕ ਕਾਲ ਜਨ ਗੁਨ ਕੈ ॥ ਕਰਨੇ ਕਾਜ ਜਾਇ

---

੧ ਦਰਖਤ। ੨ ਸਣੇ। ੩ ਸਮੂੰਹ। ੪ ਸਰੂਪ।
੫ ਇਸ ਪ੍ਰਕਾਰ। ੬ ਇਸਥਿਤ। ੭ ਪਾਸ ਖੜੇ। ੮ ਕਿਤਨਾ ਸਮਾਂ।

[੧]ਤਲ [੨]ਛੋਨੀ ॥ ਆਇਸ ਦਿਹੁ ਤਵ ਕੀਰਤ [੩]ਲੋਨੀ ॥ ੧੦ ॥
ਧ੍ਰੂਵ ਸੁਨ ਕੈ ਇਵ ਬਚਨ ਉਚਾਰਾ ॥ [੪]ਆਇਸ ਸਦਾ ਤੁਮਹਿ
ਕਰਤਾਰਾ ॥ ਬਿਚਰਹੁ ਜਹਿਂ ਇਛਾ ਉਰ ਤੇਰੇ ॥ [੫]ਕਲਮਲ ਨਾਸਹਿ
ਦਰਸਨ ਹੇਰੇ ॥ ੧੧ ॥ ਕਰੀ [੬]ਪਰਸਪਰ ਤਬ ਹੀ ਬੰਦਨ ॥ ਗਮਨੇ
ਤਹਿ ਤੇ ਦੋਖ ਨਿਕੰਦਨ ॥ ਕਿਤਕ ਦੂਰ ਜਬ ਹੀ ਚਲ ਆਏ ॥
ਮਰਦਾਨੇ ਤਬ ਬੈਨ ਅਲਾਏ ॥ ੧੨ ॥ ਜੇਤੇ [੭]ਨਭ ਚਰ ਹੈਂ ਨਭ
ਮਾਹੀ ॥ ਧ੍ਰੂਵ ਮੰਡਲ ਸਭ ਤੇ [੮]ਉਰਧਾਈ ॥ [੯]ਭੂਤਲ ਤੇ [੧੦]ਊਰਧ
ਹੈ ਜੇਤੋ ॥ ਮੁਝੈ ਬਤਾਵਹੁ ਸ੍ਰੀ ਪ੍ਰਭ ਤੇਤੋ ॥ ੧੩ ॥ ਸ੍ਰੀ ਗੁਰ
ਕੈਹੈਂ ਸੁਨਹੁ ਮਰਦਾਨੇ ॥ ਧ੍ਰੂਵ ਮੰਡਲ ਜੇਤੋਕ [੧੧]ਪ੍ਰਮਾਨੇ ॥
[੧੨]ਚਾਲ਼ੀਸਹ ਲਖ ਜੋਜਨ ਊਚੋ ॥ ਇਸ ਕੀ [੧੩]ਸਰਬਰ ਕੋ ਨ
ਪਹੂਚੋ ॥ ੧੪ ॥ ਪ੍ਰਭ ਜੀ ਮੁਝ ਇਕ ਔਰ ਬਤਾਵਹੁ ॥ ਲਖ
ਅਜਾਨ ਨਹਿਂ ਮਨ [੧੪]ਖੁਨਸਾਵਹੁ ॥ ਧ੍ਰੂਵ ਮੰਡਲ ਤੇ ਗਏ ਅਗਾਰੀ ॥
ਕੇਤੀ ਦੂਰ ਕਹੇ ਸੁਖਕਾਰੀ ॥ ੧੫ ॥ [੧੫]ਅਪ੍ਰਮਾਨ ਸੋ ਸੁਨ
ਮਰਦਾਨੇ ॥ ਤਿਹ ਕੀ ਗਿਨਤੀ ਹੈ ਨ ਬਖਾਨੇ ॥ ਨਾਮ ਅਨੰਤ
ਅਲੇਪ ਅਪਾਰਾ ॥ ਬ੍ਰਹਮਾਦਕ ਇਉਂ ਕਰਤ ਉਚਾਰਾ ॥ ੧੬ ॥
ਦਯਾ ਧਾਰ ਦਿਖਰਾਵਹਿਂ ਜੇਤੋ ॥ ਕਰਿਯੋ ਜੰਤ ਦੇਖਤ ਹੈ ਤੇਤੋ ॥
[੧੬]ਓਰਕ ਕਹੂੰ ਨ ਪਾਯੋ ਕਾਹੂੰ ॥ ਸਰਬ ਅਨੰਤ ਕਹੈਂ ਮਿਲ ਤਾਹੂੰ ॥
੧੭ ॥ ਧੰਨ ਧੰਨ ਭਾਖੈ ਮਰਦਾਨਾ ॥ ਕਹਿ ਉਸਤਤਿ ਤੁਮ [੧੭]ਮਯਾ
ਨਿਧਾਨਾ ॥ ਨਿਰੰਕਾਰ ਤੁਮ ਮਹਿਂ ਨਹਿਂ ਭੇਦਾ ॥ ਕਾਰਨ ਕਰਨ

---

੧ ਤਲੇ ਹੇਠਾਂ। ੨ ਧਰਤੀ। ੩ ਕਰਾਂ। ੪ ਆਗਿਆ। ੫ ਪਾਪ।
੬ ਆਪਸ ਵਿਚ। ੭ ਅਕਾਸ਼ ਵਿਚ ਵਿਚਰਨੇ ਵਾਲੇ। ੮ ਉਚਾ ਹੈ। ੯ ਪ੍ਰਿਥਵੀ।
੧੦ ਉਚਾ। ੧੧ ਪ੍ਰਵਾਣਨੀਕ। ੧੨ ਚਾਲੀ ਲਖ ਜੋਜਨ ਉਚਾ ਹੈ ਇਕ ਜੋਜਨ ਚਾਰ
ਕੋਹ ਦਾ ਹੁੰਦਾ ਹੈ। ੧੩ ਸਦਰਸ। ੧੪ ਕ੍ਰੋਧ। ੧੫ ਹੋਰ ਜੋ ਪ੍ਰਮਾਣੀਕ ਹਨ
ਸੁਨਣਾ ਕਰੋ। ੧੬ ਓੜਕ। ੧੭ ਕਿਰਪਾ ਦਾ ਖਜਾਨਾ।

[1]ਅਕਾਲ ਅਛੇਦਾ ॥ ੧੮ ॥ ਅਬ [3]ਭੂਤਲ ਕੋ ਆਪ [4]ਪਧਾਰੇ ॥ ਕੌਨ ਦੇਸ ਆਇ [5]ਪੰਥ ਅਗਾਰੇ ॥ਕਿਤਕ ਦੇਰ ਮਹਿੰ ਚਲਹੁ ਗੁਸਾਈਂ ॥ ਸੁਨ ਕਰ ਸ੍ਰੀ ਗੁਰ ਗਿਰਾ ਅਲਾਈ ॥ ੧੯ ॥

ਦੋਹਿਰਾ ॥ ਸੂਰਤ ਬੰਦਰ ਆਵਈ ਨਟਕਾ ਚਪਟਾ ਫੇਰ ॥
ਮਛਲੀ ਬੰਦਰ ਜਹਿੰ ਪੁਨ [6]ਸੀਘ੍ਰ ਕਰੈਂ ਨ ਦੇਰ ॥ ੨੦ ॥

ਚੌਪਈ ॥ ਇਸ ਪ੍ਰਕਾਰ ਕੇ ਬਚਨ ਬਿਲਾਸਾ ॥ ਕਰਤ ਚਲਤ ਸਿੱਖਨ ਸੁਖ ਰਾਸਾ ॥ [7]ਸੀਲਾ ਗਿਰ ਪਰ ਜਬ ਚਲ ਆਏ ॥ ਮਰਦਾਨੇ ਤਦ ਬੈਨ ਅਲਾਏ ॥ ੨੧ ॥ ਇਸ ਪਰਬਤ ਸੁੰਦਰ ਕੇ ਮਾਹੀਂ ॥ ਰਹਿਤ ਸੰਤ [8]ਕੈਧੋ ਕੋ ਨਹੀਂ ॥ [9]ਪਸ ਪੰਖੀ ਕੋ ਨਜਰ ਨ ਆਵੈ ॥ ਸੂਨੋ ਸਭ ਅਸਥਾਨ ਦਿਖਾਵੈ ॥ ੨੨ ॥ ਸ੍ਰੀ ਗੁਰ ਕਹੈਂ [10]ਛੁਧਾ ਤੁਹਿ ਲਾਗੀ ॥ ਕਿਉਂ ਕਰ ਬੂਜਤ ਹੈਂ ਬਡਭਾਗੀ ॥ ਇਸ ਗਿਰ ਪਰ ਨਰ ਰਹਿਤ ਨ ਕੋਊ ॥ ਅਗਰੋ [11]ਥਰ [12]ਅਵਲੋਕਤ ਜੋਊ ੨੩ ॥ ਤਹਿੰ ਪਰ ਰਹਿਤ ਰਿਖੀਸਰ ਭੂਰੰ ॥ [13]ਤਰਵਰ ਬਹੁ ਲਾਗੇ ਫਲ [14]ਰੂਰੰ ॥ ਜੇਕਰ ਤੌ ਮਨ ਮਹਿੰ ਹੈ ਚਾਹੀ ॥ ਚਲਕਰ ਤਹਿ ਫਲ ਲੀਜੈ ਖਾਹੀ ॥ ੨੪ ॥ ਸ੍ਰੀ ਪ੍ਰਭ ਸੁਨੀਯੇ ਛੁਧਾ ਨ ਕੋਈ ॥ ਜਬ ਕੋ ਬਰ ਦੇ ਕਰ ਤੁਮ ਖੋਈ ॥ ਰਹੌਂ ਅਨੰਦ ਸਦਾ ਉਰ ਮਾਹੀਂ ॥ ਖਾਵਨ ਚਾਹਿ ਹੋਤ ਕਬ ਨਾਹੀਂ ॥ ੨੫ ॥ ਕਹਿਤ ਸੁਨਤ ਤਹਿ ਗਿਰ ਪਰ ਆਏ ॥ ਜਹਾਂ [15]ਬਿਟਪ ਫਲ ਸਹਿਤ ਸੁਹਾਏ ॥ ਮਨਹੁ [16]ਅਥਿਤ ਜੋ ਆਵਤ ਪਾਸਾ ॥ ਦੇਨੇ ਹੇਤ ਸੁਕੇ ਫਲ ਰਾਸਾ ॥ ੨੬ ॥

ਦੋਹਿਰਾ ॥ ਉਪਕਾਰੀ ਜੋ ਪੁਰਖ ਹੈਂ ਸਿੱਖਯਾ ਤਹਿ ਜਨ ਦੇਤ ॥
ਕਰ ਉਪਕਾਰ ਸੁ ਨਿਵ ਚਲਹੁ ਦੀਨ ਦੁਨੀ ਸੁਖ ਹੇਤ ॥ ੨੭ ॥

---

੧ ਮੌਤ ਤੋਂ ਰਹਿਤ। ੨ ਕਟਣ ਤੋਂ ਰਹਿਤ ਹੈ। ੩ ਪ੍ਰਿਥਵੀ ਤੇ। ੪ ਇਸਥਿਤ। ੫ ਰਸਤਾ। ੬ ਛੇਤੀ। ੭ ਸੀਲਾ ਪਹਾੜ। ੮ ਅਥਵਾ ਵਾਜਾ। ੯ ਪਸੂ ਪੰਛੀ। ੧੦ ਭੁਖ। ੧੧ ਥਲ ਅਸਥਾਨ। ੧੨ ਦਸਦਾ ਹੈ। ੧੩ ਦਰਖਤ। ੧੪ ਸੁੰਦਰ। ੧੫ ਦਰਖਤ। ੧੬ ਰਾਹਵੰਦ ਸਾਧੂ।

ਚੌਪਈ ॥ ਸਘਨ ਸੁਹਾਵਤ ਛਾਯਾ ਜਹਿਵਾ ॥ ਬੈਠੇ ਸ੍ਰੀ
ਨਾਨਕ ਪਿਖ ਤਹਿਵਾ ॥ [1]ਬਰ [2]ਫਰ ਮਧਰ ਤੋਰ ਮਰਦਾਨੇ ॥ ਗੁਰ
[3]ਅਗ੍ਰਜ ਰਾਖੇ ਤਬ ਆਨੇ ॥੨੮॥ ਕਹਿੰ ਸਤਿਗੁਰ ਬਾਲੇ ਬਰਤਾਏ ॥
[4]ਸੁਧਾ ਸੁਆਦ ਅੰਮ੍ਰਿਤ ਫਲ ਖਾਏ ॥ ਤਿਹ ਛਿਨ ਏਕ ਰਿਖੀ ਚਲ
ਆਯੋ ॥ ਗੁਰਹਿ ਬਿਲੋਕਤ ਐਸ ਅਲਾਯੋ ॥ ੨੯ ॥ ਸੰਤੋ ਕਹਿ ਤੇ
ਆਏ ਤੀਨੋ ॥ ਨਾਮ ਕੌਨ ਯਹਾਂ ਕਿਸ ਕੋ [5]ਚੀਨੋ ॥ ਸ੍ਰੀ ਗੁਰ ਕਹੈਂ
ਨਾਨਕ ਨਿਰੰਕਾਰੀ ॥ ਸੀਲ ਸੈਣ ਸੋਂ ਹਮੈ ਚਿਨਾਰੀ ॥ ੩੦ ॥ ਅਸ
ਸੁਨ ਕਰ ਚਰਨਨ ਲਪਟਾਯੋ ॥ ਪ੍ਰਜ ਨਿਜ ਗੁਰ [6]ਢਿਗ ਦੌਰਤ
ਆਯੋ ॥ ਹਿਰਦੈ ਭਯੋ ਅਧਕ ਹਰਖਾਈ ॥ ਸਭਹਨ ਕੌ ਸੁਧ ਜਾਇ
ਸੁਨਾਈ ॥ ੩੧ ॥ ਸ੍ਰੀ ਨਾਨਕ ਜਿਨ ਕੀ ਸੁਭ ਬਾਤਾ ॥ ਕਰਤ ਹੁਤੇ
ਹਮ ਸੋ ਬਹੁਤਾਤਾ ॥ ਸੋ ਅਬ ਆਏ ਬੈਠੇ ਬਾਰੇ ॥ ਚਲੀਯੇ ਦਰਸਨ
ਲੇਹੁ [7]ਨਿਹਾਰੇ। ੩੨ ॥ ਸੀਲ ਸੈਣ ਆਦਕ ਰਿਖ ਜੇਤੇ ॥ ਸੁਨ
[8]ਸ਼ੀਘਰ [9]ਗੱਛਤ ਭੇ ਤੇਤੇ ॥ ਸਿਰ ਪਰ ਜਟਾ ਜੂਟ ਕੋ ਕੀਨੇ ॥ [10]ਕੁਸ਼
ਕੀ ਕਟ ਮਹਿ ਪਾਇ [11]ਕੁਪੀਨੇ ॥ ੩੩ ॥

ਦੋਹਿਰਾ ॥ ਚਲ ਸਮੀਪ ਆਏ ਜਬੈ ਦਰਸਤ ਭੇ ਗਤ ਦਾਇ ॥
ਸਭਹਨ ਬੰਦਨ ਕਰੀ ਤਬ ਮਨ ਮਹਿ [12]ਮੋਦ ਬਢਾਇ ॥ ੩੪ ॥

ਚੌਪਈ ॥ ਅਨਕ [13]ਬਿਧ ਕੀ ਉਸਤਤ ਕੀਨੀ॥ਚਰਨ ਕਮਲ
[14]ਰਤਿ ਮਹਿੰ ਮਤ ਭੀਨੀ ॥ ਨਿਰੰਕਾਰ ਤੁਮ ਬਨੇ ਅਕਾਰਾ ॥ ਬਹੁ
ਨਰ ਤਾਰਹਿੰਗੇ ਸੰਗਾਰਾ ॥ ਇਹੁ ਸਥਾਨ ਨਿਜ ਸੇਵਕ ਜਾਨੇ ॥
ਆਇ ਦਰਸ ਦੇ ਦਯਾ ਨਿਧਾਨੇ ॥ ਦੀਨਾ ਨਾਥ ਦਯਾਲ ਗੁਸਾਂਈਂ ॥
ਭਗਤ [15]ਵਛਲ ਤੁਮ [16]ਬਿਰਦ ਸਦਾਈ ॥ ੩੬ ॥

---

੧ ਬਹੁਤੇ। ੨ ਫਲ ਮਿਠੇ ਮਰਦਾਨੇ ਨੇ ਤੋੜੇ। ੩ ਅਗੇ। ੪ ਅੰਮ੍ਰਿਤ।
੫ ਲਭਦੇ ਹੋ ਵਾ ਜਾਣਦੇ ਹੋ। ੬ ਪਾਸ। ੭ ਦੇਖੋ। ੮ ਛੇਤੀ ਨਾਲ।
੯ ਤੁਰ ਪਏ। ੧੦ ਘਾਹ। ੧੧ ਧੋਤੀ। ੧੨ ਖੁਸ਼ੀ। ੧੩ ਤਰ੍ਹਾਂ।
੧੪ ਪ੍ਰੀਤੀ। ੧੫ ਪਿਆਰਾ। ੧੬ ਧਰਮ।

ਦੋਹਰਾ ॥ ਜਪ ਤਪ ਸੰਜਮ ਅਧਕ ਜੋ ਕੀਨੇ ਹਮ ਹਿਤ ਲਾਇ ॥
ਸਫਲ ਭਏ ਹੈਂ ਆਜ ਸੋ ਤੁਮਰਾ ਦਰਸਨ ਪਾਇ ॥ ੩੭ ॥
ਚੌਪਈ ॥ ਸ੍ਰੀ ਪ੍ਰਭ ਭਨਹਿੰ ਧੰਨ ਸਤਸੰਗਾ ॥ ਜਿਸ ਮਹਿ [1]ਚਢੈ ਨਾਮ ਕੋ ਰੰਗਾ ॥ ਜਨਮ ਮਰਨ ਕੋ ਦੁਖ ਅਧਕਾਏ ॥ ਨਾਸੈ ਸਤਿਗੁਰ ਨਾਮ ਧਿਆਏ ॥ ੩੮ ॥ ਪਰਮੇਸਰ ਗੁਣ [2]ਰਮਨ ਸਪ੍ਰੀਤਾ ॥ ਧੰਨ ਸਿ ਨਰ ਉਰ ਧਾਰਹਿੰ ਨੀਤਾ ॥ ਇਸ ਬਿਧ ਕਹਿ ਸੁਨ ਤਿਨ ਸੌਂ ਬਾਨੀ ॥ ਬਿਦਾ ਰਿਖਨ ਤੇ ਭੇ ਸੁਖ ਦਾਨੀ ॥ ੩੯ ॥

ਇਤਿ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥੇ ਪ੍ਰਿਥਮ ਮਹਿਲੇ ਸੱਚ ਖੰਡ ਸੇ ਉਤਰਣ ਸੀਲ ਸੈਣ ਮਿਲਨ ਪ੍ਰਸੰਗ ਬਰਨਨੰ ਨਾਮ ਤ੍ਰੈਤਾਲੀਸਮੋਂ ਮੰਦਰਹਿ ॥ ੪੩ ॥

ਦੋਹਰਾ ॥ ਸ੍ਰੀ ਗੁਰ ਬਚਨ ਸੁ ਚੂਰਨੰ ਖਾਏ ਕਮਾਏ ਜਾਂਹਿ ॥
[3]ਉਦਰ ਰੋਗ ਹੌਮੈ ਹਰਯੋ ਨਮਸਕਾਰ ਮਮ ਤਾਂਹਿ ॥ ੧ ॥
ਚੌਪਈ ॥ ਹਰੀ ਪ੍ਰੇਮ ਜੀ ਸੁਨ ਗੁਨ ਭਵਨੰ ॥ ਤਹਿ ਤੇ ਕੀਨ ਗੁਰੂ ਪੁਨ ਗਵਨੰ ॥ ਤਤ ਛਿਨ ਉਲਕਾ [4]ਗਿਰ ਪਰ ਆਏ ॥ ਮਰਦਾਨੇ ਤਬ ਵਾਕ ਅਲਾਏ ॥ ਧਰਨੀ ਕੇ ਨਵ ਖੰਡ ਹੈਂ ਜੋਊ ॥ ਸੋਊ ਦਿਖਾਵਹੁ ਸਤਿਗੁਰ ਮੋਹੂ ॥ ਤਿਨਹਿ [5]ਬਿਲੋਕਨ ਕੀ ਅਭਿਲਾਖਾ ॥ ਤੁਮ ਸਮਰਥ ਪੂਰਹੁ ਸਭ [6]ਕਾਂਖਾ ॥ ੩ ॥ ਸੁਨ ਇਵ ਸ੍ਰੀ ਗੁਰ ਬੈਨ ਅਲਾਯੋ ॥ ਕਹਿਯੋ ਨ ਤੇਰੋ ਜਾਇ ਹਟਾਯੋ ॥ ਚਲ ਨਵ ਖੰਡ ਜਿ ਤੁਝੈ ਦਿਖਾਵੈਂ ॥ ਕਰਹੁ ਸੈਲ ਜੇਤੀ ਮਨ ਭਾਵੈ ॥ ੪ ॥ ਅਸ ਕਹਿ ਗਮਨ ਕੀਓ ਜਗ ਨਾਥਾ ॥ ਬਾਲਾ ਮਰਦਾਨਾ ਲੇ ਸਾਥਾ ॥ [7]ਪਵਨਾ ਰੂਢ ਗਏ ਗੁਰ ਤਹਿਵਾ ॥ ਇਲਾ ਬ੍ਰਿਤ ਖੰਡ ਥੋ ਜਹਿਵਾ ॥ ੫ ॥ [8]ਕੋਟਕ ਸ਼ੇਰ ਹੁਤੇ ਇਕ ਥਾਈ ॥ ਜਾਇ ਤਹਾਂ ਬੈਠੇ ਗੋਸਾਈ

---

੧ ਨਾਮ ਦਾ ਰੰਗ ਚੜ੍ਹ ਜਾਂਦਾ ਹੈ। ੨ ਉਚਾਰਣ ਸਹਿਤ ਪ੍ਰੀਤ ਦੇ ਕਰਦੇ ਹਾਂ। ੩ ਪੇਟ ਦੇ ਵਿਚ ਹਉਮੈਂ ਦਾ ਰੋਗ ਦੂਰ ਕੀਤਾ। ੪ ਪਹਾੜ। ੫ ਦੇਖਣ ਦੀ। ੬ ਇਛਾਂ। ੭ ਹਵਾ ਦੇ ਸਵਾਰ ਹੋਕੇ ਪਵਨ ਦੇਵਤਾ। ੮ ਕਰੋੜਾਂ ਸ਼ੇਰ।

॥ ਮਰਦਾਨੇ ਤੇ ਸਬਦ ਪਠਾਯੋ ॥ ਊਚੇ ਸੁਰ ਸੋਂ ਰਾਗ ਵਸਾਯੋ ॥ ੬॥
ਸੁਨਿਯੋ ਸਬਦ ਸੋ ਸਿੰਘਨ ਜਬ ਹੀ ॥ ਉਰ ਨਿਰਮਲ ਤਿਨ ਕੇ ਭੇ
ਤਬ ਹੀ ॥ ਮਿਲ ਸਭ ਆਏ ਸੀਸ਼ ਝੁਕਾਯੋ ॥ ਬੈਸੇ ਜਬ ਗੁਰ ਬਚਨ
ਅਲਾਯੋ ॥ ੭ ॥ ਕੋ ਤੁਮ ਹੋ ਕਿਉਂ ਕਰ ਚਲ ਆਏ ॥ ਦੇਹੁ ਆਪਨੋ
ਭੇਦ ਬਤਾਏ ॥ ਬੋਲਨ ਸ਼ਕਤਿ [1]ਦਰਸ ਤੇ ਹੋਈ ॥ ਤਬ ਬੋਲਤ ਭੇ
[2]ਨਿਮ੍ਰਤ ਸੋਈ ॥ ੮ ॥ ਅਹੈ ਤਾਮਸੀ ਜੂਨ ਹਮਾਰੀ ॥ ਪਾਈ ਕਰੇ
ਜੋ ਪਾਪ [3]ਪਿਛਾਰੀ ॥ ਤੁਮਰੀ ਸਰਨ ਪਰੇ ਤੇ ਅਬ ਹੀ ॥ ਸੋ [4]ਕਲ
ਮਲ ਨਾਸਹਿੰਗੇ ਸਬ ਹੀ ॥ ੯ ॥ ਹਿਤ ਬੂਝਨ ਗੁਰ ਗਿਰਾ
ਉਚਾਰੀ ॥ ਕਿਉਂ ਕਰ ਹੋਵਤ ਗੁਜ਼ਰ ਤੁਮਾਰੀ ॥ ਸੁਨਹੁ ਸੰਤ
[5]ਬਿਰਤੰਤ ਹਮਾਰਾ ॥ ਬਹੁ ਦਿਨ ਬੀਤਹਿ ਬਿਨਾ [6]ਅਹਾਰਾ ॥੧੦॥
ਸੌ ਜੋਜਨ ਇਸ ਬਨਕੇ ਮਾਹੀਂ ॥ ਖਾਏ ਪਸੂ ਰਹਿਯੋ ਅਬ ਨਾਹੀਂ ॥
ਅਬ ਹਮ ਬੀਚ [7]ਜੌਨ ਉਘਲਾਵੈਂ ॥ ਤਿਹ ਕੋ [8]ਤਤ ਛਿਨ ਸਭ
ਮਿਲ ਖਾਵੈਂ ॥ ੧੧ ॥ ਜਾਗਤ ਰਹੈਂ ਸਦਾ ਹਮ [9]ਠਾਂਢੇ ॥ ਕਰੈਂ
[10]ਪਰਸਪਰ ਭੈ ਹ੍ਵੈ [11]ਗਾਢੇ ॥ ਮਨ ਨਿਰਮਲ ਭਾ ਦਰਸ ਤੁਮਾਰੇ ॥
ਸੁਭ [12]ਗਤ ਕਰ ਹ੍ਵੈ ਗੁਰੂ ਹਮਾਰੇ ॥ ੧੨ ॥ ਸੁਨਤ ਬਿਨੈ ਕਹਿੰ
ਬਾਨੀ [13]ਲੋਨੀ ॥ ਤੁਮ ਕੋ ਦੇਵਹਿੰ ਮਾਨੁਖ ਜੋਨੀ ॥ ਦਸਮ ਰੂਪ
ਧਾਰਹਿੰ ਹਮ ਜਬ ਹੀ ॥ ਸਿੰਘ ਨਾਮ ਰਾਖਹਿੰ ਤੁਮ ਤਬ ਹੀ ॥ ੧੩ ॥
ਆਪਸ ਮਹਿੰ ਮਿਲ ਕਰ ਜਬ ਬਹੇ ॥ ਰਾਜ ਮੁਲਕ ਕਾ ਕਰਤੇ ਰਹੇ
॥ ਨਿਜ [14]ਨਿਕੇਤ ਜਬ ਉਠੈ [15]ਬਖੇਰਾ ॥ ਤਬ ਹੀ ਰਾਜ ਜਾਇ
ਬਿਨ ਦੇਰਾ ॥ ੧੪ ॥ ਅਸ ਕਹਿ ਬਿਦਾ ਹੋਏ ਜਗ ਸਾਈਂ ॥ ਗਮਨੇ
ਨਗਰ ਹੋਤ ਜਹਿ ਥਾਈ ॥ ਬਹਿਸੇ ਵਹਿਰ ਸਮੀਪ ਸੁ ਪੁਰ

---

੧ ਗੁਰੂ ਜੀ ਦੇ ਦਰਸ਼ਨ ਕਰਦਿਆਂ । ੨ ਨਿੰਮ੍ਰਤਾ । ੩ ਪਿਛੇ । ੪ ਪਾਪ
੫ ਹਾਲ । ੬ ਭੋਜਨ ਤੋਂ ਬਿਨਾ । ੭ ਜੋ ਕੋਈ ਖਾਵੈ । ੮ ਸੀਘਰ । ੯ ਖੜੇ
੧੦ ਆਪਸ ਵਿਚ । ੧੧ ਇਸਥਿਤ । ੧੩ ਕਲਿਆਣ । ੧੩ ਸੁੰਦਰ
੧੪ ਘਰ । ੧੫ ਬਖੇੜਾ ।

ਕੇ ॥ ਨਰ ਆਏ ਦਰਸਨ ਹਿਤ ਗੁਰ ਕੇ ॥ ੧੫ ॥ ਕਹਿਨ ਲਗੇ
ਤੁਮ ਕਹਿੰ ਬਿਧ ਆਏ ॥ ਕਿਨਹੂ [1]ਸਿੰਘ ਨ [2]ਮਗ ਮਹਿੰ ਖਾਏ ॥
ਸੌ ਜੋਜਨ ਲੌ ਪਸੁ ਨਰ ਕੋਊ ॥ ਛੋਡਿਓ ਕਛੂ ਨ ਖਾਇ ਗੇ ਸੋਊ ॥
੧੬ ॥ ਹਮ ਨੇ ਨਗਰ ਪਾਇ ਗਿਰ ਊਪਰ ॥ ਰਹਿਤ ਸਜਗ
ਹੈ [3]ਤਪਨ ਕੋ ਧਰ ॥ ਜਬ ਆਵੈਂ ਛੋਡੈਂ ਇਕ ਬਾਰ ॥ ਤਿਨਕੇ
ਮੋਰਹਿੰ ਗੋਲਨ ਮਾਰ ॥ ੧੭ ॥ ਗੁਰੂ ਕਹੈਂ ਹਮ ਗੇ ਤਿਨ ਪਾਸਾ ॥
ਸੋ ਹਿੰਸਾ ਤੇ ਭਏ ਨਿਰਾਸਾ ॥ ਹਮ ਸਭਹੀ ਕੋ ਸਿਖ ਕਰ ਆਏ ॥
ਕਿਤਕ ਕਾਲ ਮਹਿ ਸਭ ਮਰ ਜਾਏ ॥ ੧੮ ॥ ਪੁਰ ਕੇ ਨਰ ਸੁਨਕੇ
ਇਵ ਗਾਥਾ ॥ ਗੁਰ ਕੇ ਚਰਨ ਧਰੈਂ ਨਿਜ ਮਾਥਾ ॥ ਕਹੈਂ ਸੁ ਤਿਨ
ਕੋ ਦੁਖ ਥੋ ਭਾਰੀ ॥ ਸੋ [4]ਰਾਵਰ ਕੀਨੋ [5]ਨਿਰਵਾਰੀ ॥ ੧੯ ॥ ਪੂਰਨ
ਸੰਤ [6]ਕਲਾ ਧਰ ਭੂਰੀ ॥ ਕਰਿਓ ਹਮਾਰੋ ਭੈ ਬਡ ਦੂਰੀ ॥ ਲੇ ਉਪਦੇਸ਼
ਸਿੱਖ ਸਭ ਹੋਏ ॥ ਪਾਹੁਲ ਲਈ ਗੁਰੂ ਪਗ ਧੋਏ ॥ ੨੦ ॥ ਕਿਤਕ
ਕਾਲ ਤਿਸ ਖੰਡ ਬਸੇਰਾ ॥ [7]ਅਪ੍ਰਥਾਨ ਗਮਨੇ ਬਿਨ ਦੇਰਾ ॥ ਪਹੁੰਚੇ
ਹਿਰਨ ਖੰਡ ਮਹਿੰ ਜਾਈ ॥ ਜਹਿੰ [8]ਕੰਚਨ ਧਰਨੀ ਸਭ ਥਾਈ ॥
੨੧ ॥ ਤਹਿ ਕੀ [9]ਰੀਤ ਸੁਨਹੁ ਸਭ [10]ਭਾਤੀ ॥ ਕਰਹਿੰ ਜੋਗ ਸਾਧਨ
ਦਿਨ ਰਾਤੀ ॥ ਰਹਤਿ [11]ਤਰਨ ਸੋ ਮਨਜ ਸਦਾਈ ॥ ਘਰ ਮਹਿੰ
ਪ੍ਰਾਣ ਨ ਤਜੈਂ ਕਦਾਈ ॥ ੨੨ ॥ ਅੰਤ ਸਮਾਂ ਤਿਨ ਕੋ ਜਿ ਪਹੂਚੇ ॥
ਤਬ ਬੈਠਹਿੰ ਗਿਰ ਪਰ ਚੜ੍ਹ ਊਚੇ ॥ ਬ੍ਰਹਮ [12]ਰੰਧਰ ਕੋ ਫੋੜ
ਸੋ ਡਾਰਹਿੰ ॥ ਤਹਿੰ ਤੇ ਅਪਨੇ ਪ੍ਰਾਨ ਨਿਕਾਰਹਿੰ ॥ ੨੩ ॥ ਤਿਨ ਪੁਰ
ਬਿਖੈ ਜਾਇ ਗੁਰ ਬੈਸੇ ॥ ਮਾਨਹੁ ਭਾਨ ਗਿਆਨ ਕੋ ਜੈਸੇ ॥ ਬਹੁ
ਨਰ ਬੈਠੇ ਆਨ ਸਮੀਪਾ ॥ ਤਬ ਬੋਲੇ ਬੇਦੀ ਕੁਲ ਦੀਪਾ ॥ ੨੪ ॥

---

੧ ਸ਼ੇਰ। ੨ ਰਸਤੇ ਵਿਚ। ੩ ਤਪਾਂ ਨੂੰ ਰਖ ਕੇ। ੪ ਆਪ।
੫ ਦੂਰ। ੬ ਸ਼ਕਤੀ ਧਰ। ੭ ਹੋਰ ਥਾਨ। ੮ ਸਵਰਨ ਦੀ ਧਰਤੀ। ੯ ਮਰਯਾਦਾ।
੧੦ ਤਰਾਂ। ੧੧ ਜਵਾਨ। ੧੨ ਦਸਵਾਂ ਦਵਾਰ।

ਕੈਸੇ ਤੁਮ ਉਪਦੇਸ ਕਮਾਵਹੁ ॥ ਅਪਨੇ ਗੁਰ ਕੋ ਨਾਮ ਬਤਾਵਹੁ ॥
ਕਹਿੰ ਸੋ ਗੁਰ ਗੋਰਖ ਹਮ ਜਾਨਹੁ ॥ ਪ੍ਰਾਣਯਾਮ ਉਪਦੇਸ ਪਛਾਨਹੁ
॥ ੨੫ ॥ ਸਾਧਹਿਂ ਜੋਗ ਸਦੀਵ [1]ਤਦਾਪੀ ॥ ਮਨ ਕੋ ਸਾਂਤ ਨ ਆਵ
[2]ਕਦਾਪੀ ॥ ਅਬ ਉਪਦੇਸ ਆਪ ਦੇਹੁ ਐਸਾ ॥ ਸਾਂਤ ਹੋਇ ਮਨ
ਸਭ ਕੋ ਜੈਸਾ ॥ ੨੬ ॥ ਸੁਨ ਕਰ ਤਿਨ ਕੇ ਬਚ ਜਗਤੇਸਾ ॥ ਦੇਨ
ਲਗੇ ਆਪਨ ਉਪਦੇਸਾ ॥ ਸੱਤਿਨਾਮ ਸਿਮਰਹੁ ਲਿਵ ਲਾਈ ॥
ਹੌਮੈ [3]ਸਗਰੀ ਦੇਹੁ ਮਿਟਾਈ ॥ ੨੭ ॥ ਜਗਤ [4]ਅਸੱਤ ਭਲੇ ਦ੍ਰਿੜ੍ਹ
ਕੀਜੈ ॥ ਸੱਤਿ [5]ਆਤਮਾ ਏਕ ਜਨੀਜੈ ॥ ਅਸ ਅਭ੍ਯਾਸ ਜੇ ਕਰਹੁ
ਸਦੀਵਾ ॥ ਹੋਇ ਸਾਂਤ ਮਨ ਕੋ ਸੁਖ ਥੀਵਾ ॥ ੨੮ ॥ ਸੁਨ ਕਰ
ਨਰਨ ਸਭਨ ਮਨ ਮਾਨਾ ॥ ਕਰਨ ਲਗੇ ਤਿਹ ਬਿਧ ਸੁਖ ਜਾਨਾ ॥
ਤਹਿ ਠਾਂ ਕਿਤਕ ਕਾਲ ਗੁਰ ਰਾਖੇ ॥ ਬਹੁਰੋ ਕੀਨ ਗਮਨ ਅਭਲਾਖੇ
॥ ੨੯ ॥ ਤਿਨ ਤੇ ਬਿਦਾ ਹੋਇ ਜਗ ਸਾਂਈ ॥ ਕਿੰਗ ਪੁਰਖ ਖੰਡ
ਪਹੁਚੇ ਜਾਈ ॥ ਨਗਰ ਸਮੀਪ ਜਾਇ ਕੈ ਬੈਸੇ ॥ ਤਨ ਉਪਕਾਰ
ਧਰਿਉ ਧਰ ਜੈਸੇ ॥ ੩੦ ॥ ਧਰਮ ਚੰਦ ਤਹਿ ਹੁਤੋ [6]ਨ੍ਰਿਪਾਲਾ ॥
ਸੰਤਨ ਸੇਵਾ ਕਰਤ ਬਿਸਾਲਾ ॥ ਆਨ ਪ੍ਰਣਾਮ ਕੀਨ ਪਦ ਤਾਹੀਂ ॥
ਭਾਉ ਬਿਸਾਲ ਜਾਸ ਮਨ ਮਾਹੀਂ ॥ ੩੧ ॥ ਕਹਿਨ ਲਗਯੋ ਮੁਝ
ਸੇਵ ਬਤਾਵਹੁ ॥ ਕਹੋ ਸੁ ਕਰਹੁੰ ਨ [7]ਬਿਲਮ ਲਗਾਵਹੁੰ ॥ ਸੁਨੀਏ
ਹਰੀ ਪ੍ਰੇਮ ਤਿਹ ਕਾਲਾ ॥ ਬਾਲਾ ਸਿੰਘ ਬਨਾਯੋ [8]ਤਾਲਾ ॥ ੩੨ ॥
ਕਰਹੁ ਸੇਵ ਜੇ ਭੂਪ ਉਦਾਰਾ ॥ [9]ਪ੍ਰਿਥਮਹਿੰ ਦੀਜੈ ਸ਼ੇਰ ਅਹਾਰਾ ॥
[10]ਆਮਿਖ ਅਵਰ ਨ ਖਾਵਤ ਕੋਊ ॥ [11]ਭੱਛਤ ਰਾਜ ਪੁਤ੍ਰ ਹੈ ਜੋਊ ॥
੩੩ ॥ ਤਿਹ ਪਰਖਨ ਅਸ ਗੁਰੂ ਅਲਾਯਾ ॥ ਸੁਨ ਭੂਪਤ ਨਹਿੰ
ਰਿਦਾ ਡੁਲਾਯਾ ॥ ਕਹਿਯੋ ਨਿਕੇਤ ਪੁਤ੍ਰ ਹੈ ਮੇਰੇ ॥ ਆਇਸ ਦੇਹੁ

---

੧ ਤਦ ਭੀ । ੨ ਕਦ ਭੀ । ੩ ਸਾਰੀ । ੪ ਨਾਸ ਬੁਤ । ੫ ਸਤਿ ਚਿਤ ਅਨੰਦ । ੬ ਰਾਜਾ । ੭ ਦੇਰ । ੮ ਸਰੋਵਰ । ੯ ਪਹਿਲੇ ਦਾ ਸ਼ੇਰ ਭੋਜਨ ਦੇਣਾ ਕਰੋ । ੧੦ ਮਾਸ । ੧੧ ਖਾਣ ਦਾ ।

ਆਨਹੁ ਬਿਨ ਦੇਰੇ ॥ ੩੪ ॥ ਇਉਂ ਕਹਿ ਪੁਤ੍ਰ ਮੰਗਾਇ ਪਠਾਯਾ ॥ ਤਿਹ ਸਥਾਨ ਤਤ ਛਿਨ ਉਹ ਆਯਾ ॥ ਸੰਤ ਸੇਵ ਮਹਿ ਲਗਹਿ ਸਰੀਰਾ ॥ ਅਸ ਬਿਚਾਰ ਕਰ ਬਾਂਧੀ ਧੀਰਾ ॥ ੩੫ ॥ [1]ਠਾਂਢੋ ਕੀਨੋ ਸ਼ੇਰ ਅਗਾਰੀ ॥ ਧੰਨ ਭੂਪ ਗੁਰ ਗਿਰਾ ਉਚਾਰੀ ॥ ਸੰਤ ਸੇਵ ਮਹਿੰ ਤਵ ਮਨ ਰਾਤਾ ॥ ਸੱਤਿਨਾਮ ਜਪ ਅਬ ਸੁਖ ਦਾਤਾ ॥ ੩੬ ॥ ਸਤਿ ਸੰਗਤ ਮਹਿੰ ਪ੍ਰੀਤ ਤੁਮਾਰੀ ॥ ਅੰਤ ਸਮੈਂ ਗਤ ਪਾਹਿੰ ਸੁਖਾਰੀ॥ ਕਿਤਕ ਦਿਵਸ ਤਹਿ ਰਹਿ ਜਗਤੇਸਾ ॥ ਹਰ ਕੀਰਤ ਕੇ ਦੀਯ ਉਪਦੇਸਾ ॥ ੩੭ ॥ ਅਪਰ ਥਾਨ ਕੀਯ ਗਮਨ ਗੁਸਾਈਂ ॥ ਹਰਵਰਖ ਖੰਡ ਹੁਤੇ ਤਿਹ ਥਾਈਂ ॥ ਨਿਕਟ ਨਗਰ ਕੇ [2]ਐਠੇ ਜਬ ਹੀ ॥ ਤਿਹ ਕੋ ਭੂਪਤ ਆਯੋ ਤਬ ਹੀ ॥ ੩੮ ॥ ਹਾਥ ਬੰਧ ਬਹੁ ਬਿਨਤੀ ਕਰਕੈ ॥ ਰਹਿਯੋ ਚਰਨ ਪਰ ਨਿਜ ਸਿਰ ਧਰਕੈ ॥ ਹ੍ਵੈ ਅਧੀਨ ਜਬ ਰਹਿਯੋ ਅਗਾਰੀ ॥ ਤਬ ਸ੍ਰੀ ਸਤਿਗੁਰ ਗਿਰਾ ਉਚਾਰੀ ॥ ੩੯ ॥ ਜੋਊ ਪਦਾਰਥ ਮਨ ਅਭਲਾਖਹੁ ॥ ਸੋ ਲੀਜੈ ਨਿਜ ਮੁਖ ਤੇ ਭਾਖਹੁ ॥ ਸਤਿਗੁਰ ਕੀ ਸਿੱਖੀ [3]ਉਰਧਾਰਹੁ ॥ ਜਨਮ ਮਰਨ ਕੇ ਬੰਧ ਨਿਵਾਰਹੁ ॥ ੪੦ ॥ ਸੁਨ ਬਾਨੀ ਅਪਨੇ [4]ਅਨਕੂਲਾ ॥ ਕਹੈ ਭੂਪ ਤੁਮ ਮੰਗਲ [5]ਮੂਲਾ ॥ ਸੁਨਹੁ ਸੰਤ ਜੀ ਸਭ ਸੁਖਦਾਈ ॥ ਹਿਤ ਸੰਤਤ ਬਹੁ ਕੀਯੇ ਉਪਾਈ ॥ ੪੧ ॥ ਕਿਸ ਪ੍ਰਕਾਰ ਅਭਲਾਖ ਨ ਪੂਰੀ ॥ ਕਰ [6]ਉਪਚਾਰ ਰਹੀ ਪੁਨ [7]ਊਰੀ ॥ ਹੇ ਸਤਿਗੁਰ ਅਬ ਦਿਹੁ ਉਪਦੇਸਾ ॥ ਜਨਮ ਮਰਨ ਕਾ ਕਟਹੁ ਸੰਦੇਸਾ ॥ ੪੨ ॥ ਅਸ ਬਚ ਨ੍ਰਿਪ ਸੁਨ ਕਰ ਜਗ ਨਾਥਾ ॥ ਦਏ ਲੌਂਗ ਦ੍ਵੈ ਤਾਂਕੇ ਹਾਥਾ ॥ ਏਕ ਲਾਇਚੀ ਦੇਤ ਹੈਂ [8]ਪਾਨੇ ॥ ਕਹਿਯੋ ਦੇਉ ਰਾਨੀ ਕੌ ਖਾਨੇ ॥ ੪੩ ॥ ਹ੍ਵੈ ਹੈ ਸੰਤਤ ਸਦਨ ਤੁਮਾਰੇ ॥ ਸੱਤਿਨਾਮ ਜਪ [9]ਸੰਝ

੧ ਖੜਾ। ੨ ਹੋਰ ਜਗ੍ਹਾ। ੩ ਪੈਦਾ ਕਰੋ। ੪ ਅਨੁਸਾਰ। ੫ ਮੁਢ ਹੋ। ੬ ਸੇਵਾ। ੭ ਖਾਲੀ। ੮ ਪਾਣੀ। ੯ ਸੰਧਿਆ।

ਸਕਾਰੇ ॥ ਸਤਿ ਸੰਗਤ ਕਰ ਕੀਰਤਨ ਸੁਨਿਯੋਂ ॥ [2]ਬਿਸੇ ਬਾਸਨਾ ਮਨ ਤੇ ਹਨਿਯੋਂ ॥ ੪੪ ॥ ਕਿਤਕ ਦਿਵਸ ਤਹਿ ਰਾਖਿਯੋ ਡੇਰਾ ॥ ਧਰਮਸਾਲ ਬਨਵਾਇ ਬਡੇਰਾ ॥ ਸਿੱਖੀ ਮਗ ਪ੍ਰਗਟਾਇ ਘਨੇਰਾ ॥ ਚਲਤ ਭਏ ਸਤਿਗੁਰ ਤਿਸ ਬੇਰਾ ॥ ੪੫ ॥

ਇਤਿ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥੇ ਪ੍ਰਿਥਮ ਮਹਿਲੇ ਖੰਡਨ ਪ੍ਰਸੰਗ ਬਰਨੰਨ ਨਾਮ ਚੌਤਾਲੀਸਮੋਂ ਮੰਦਰਹਿ ॥ ੪੪ ॥

ਦੋਹਿਰਾ ॥ ਸ੍ਰੀ ਗੁਰ ਨਾਨਕ ਰੂਪ ਸਤ ਦੇਤ ਸੱਤ ਉਪਦੇਸ ॥
ਜੋ ਸਿਮਰੇ ਮਨ ਸੁੱਧ ਹ੍ਵੈ ਮਿਟ ਹੈਂ ਸਕਲ ਕਲੇਸ ॥ ੧ ॥

ਚੌਪਈ ॥ ਤਿਨ ਤੇ ਹ੍ਵੈ ਕਰ ਬਿਦਾ ਬਹੋਰੰ ॥ ਗੇ ਕੁਰੁਖੰਡ ਹੁਤੇ ਜਿਹ [3]ਠੌਰੰ ॥ ਤਹਾਂ ਨਗਰ ਕੇ ਜਾਇ ਸਮੀਪਾ ॥ ਬੈਠ ਗਏ ਬੇਦੀ ਕੁਲ ਦੀਪਾ ॥ ੨ ॥ ਬਹੁਤ ਲੋਕ ਮਿਲ਼ ਕਰ ਤਬ ਆਏ ॥ ਬੈਸੇ ਪਾਸ ਆਨ ਤਿਹ ਥਾਏ ॥ ਤਿਨ ਤੇ ਸਤ ਗੁਰ ਬੂਝਨ ਠਾਨਾ ॥ ਤੁਮ ਨੇ ਮਤ ਕਿਸ ਬਿਧ ਕਾ ਮਾਨਾ ॥ ੩ ॥ ਬੋਲੇ ਤਿਨ ਮਹਿਂ ਹੁਤੇ ਜਿ ਸਿਯਾਨੇ ॥ ਇਸ ਬਿਧ ਗਿਆਨ ਰਿਦੈ ਹਮ ਜਾਨੇ ॥ ਈਸ਼ਰ ਤੇ ਬਿਛਰਹਿਂ ਜਬ ਜਨਮਹਿਂ ॥ ਮਰੇ ਮਿਲੈਂ ਈਸਰ ਕੇ ਤਨ ਮਹਿਂ ॥ ੪॥ ਜਨਮੇਂ ਤੇ ਜਗ ਪਾਵੈ ਦੁਖ ਕੋ ॥ ਮਰੇ ਮਿਲੈ ਈਸਰ ਲਹਿ ਸੁਖ ਕੋ ॥ [4]ਜਨਮੇਂ ਰੋਵੈਂ [5]ਮਰੈ ਹਸਾਨੇ ॥ ਸ੍ਰੀ ਸਤਿਗੁਰ ਸੁਨ ਬੈਨ ਬਖਾਨੇ ॥ ੫ ॥

ਦੋਹਿਰਾ ॥ ਪਰਮੇਸਰ ਕੋ ਮਿਲਨ ਜੋ ਮਹਾਂ [6]ਬਿਖਮ ਪਹਿਚਾਨ ॥
ਬਿਨ ਸਤਿਸੰਗਤ ਭਜਤ ਤੇ ਜਾਨ ਉਪਾਵ ਨ ਆਨ ॥੬॥

ਚੌਪਈ ॥ ਪ੍ਰੇਮ ਭਗਤ ਕਰ ਕੀਰਤ ਗਾਵਨ ॥ ਅਜਪਾ ਜਪ ਨਾਮ ਲਿਵ ਲਾਵਨ ॥ ਬਿਛਰਨ ਮਿਲਨ ਅਪਰ ਕੋਊ ਨਾਹੀਂ ॥

---

੧ ਸਵੇਰੇ । ੨ ਵਿਸ਼ੇ ਵਾਸ਼ਨਾ ਨਾਸ ਕਰੀਐ । ੩ ਜਗ੍ਹਾ । ੪ ਆਪਣੇ ਜਨਮ ਸਮੇਂ ਰੋਂਦੇ ਹਾਂ । ੫ ਮਰਣ ਸਮੇਂ ਹਸਦੇ ਹਾਂ । ੬ ਕਠਨ ।

ਸਰਬ ਬਾਤ ਇਸ ਤਨ ਕੇ ਮਾਹੀਂ ॥ ੭ ॥ ਜਬ ਸਤਿਸੰਗਤ ਭਯੋ ਨਿਵਾਸਾ ॥ ਮਨ ਰੋਕਨ ਕੀਨੋ ਅਭਿਆਸਾ ॥ ਨਾਸ ਬਾਸਨਾ ਤਬ ਹੀ ਭਈ ॥ [1]ਦ੍ਵੈਤ ਸਰਬ ਉਰ ਤੇ ਮਿਟ ਗਈ ॥ ੮ ॥ ਪੂਰਨ ਲਖਯੋ ਪ੍ਰਪੰਚ ਸਾਰੇ ॥ ਮਿਥਯਾ ਸਰਬ ਪ੍ਰਪੰਚ ਪਸਾਰੇ ॥ ਜਬਹਿ ਆਤਮਾ ਅਸ ਭ੍ਰਮ [2]ਭੰਨਾ ॥ ਭਾ ਪ੍ਰਮਾਤਮਾ [3]ਸੁੱਧ ਚਿਤੰਨਾ ॥ ੯ ॥ ਜਬ [4]ਅਨਾਤਮਾ ਦੇਹਿ ਪਛਾਨੀ ॥ ਗੇ [5]ਸੰਕਲਪ [6]ਬਿਕਲਪਹਿ ਹਾਨੀ ॥ ਤੌ ਮਿਲਬੋ ਈਸਰ ਕੋ ਹੋਏ ॥ [7]ਨਾਤਰ ਬਿਛਰ ਰਹਿਓ ਸਭ ਕੋਏ ॥ ੧੦ ॥ ਗਿਆਨ ਪਰਾਪਤ ਜਿਸ ਮਨ ਮਾਹੀਂ ॥ ਬਿਛਰਨ ਮਿਲਨ ਸੁ ਜਾਨਤ ਨਾਹੀਂ ॥ ਪਰਮਾਤਮ ਪੂਰਨ ਹੈ ਸਾਰੇ ॥ ਬਿਛਰੇ ਤੌ ਕਤ ਨਾਹਿੰ ਨਿਹਾਰੇ ॥ ੧੧ ॥ ਜੇ ਬਿਛਰੇ ਤਵ ਮਿਲਨਾ ਹੋਇ ॥ ਨਾਤਰ ਮਿਥਿਆ ਕਹਿਨੇ ਦੋਇ ॥ ਬਿਆਪਕ ਦੀਸੈ ਜਿਵ ਆਕਾਸਾ ॥ [8]ਘਟ ਉਪਾਧ ਵਤ ਮਾਯਾ ਭਾਸਾ ॥ ੧੨ ॥

ਦੋਹਿਰਾ ॥ ਘਟ ਫੂਟੇ ਅਕਾਸ਼ ਸਭ ਤਿਉਂ [9]ਮਾਯਾ ਹ੍ਵੈ ਹਾਨ ॥
ਰੋਵਨ ਹਸਨ ਤੁਮਾਰ ਜੋ ਸਰਬ [10]ਅਕਾਰਥ ਜਾਨ॥ ੧੩॥

ਚੌਪਈ ॥ ਹੈਂ ਅਧੀਨ ਵਾਸਨਾ ਨਰ ਸਬ ॥ ਈਹਾਂ ਜਨਮ ਧਰਤ ਪੁਨ ਪੁਨ ਤਬ ॥ ਜਨਮ ਮਰਨ ਬਹੁਤੋ ਦੁਖ ਪਾਵੈਂ ॥ ਬਾਰ ਬਾਰ ਆਵੈਂ ਜਗ ਜਾਵੈਂ ॥ ੧੪ ॥ ਗੁਰ ਕੇ ਬਾਕ ਸੁਨੇ ਅਸ ਜਬ ਹੀ ॥ ਰਿਦੈ ਬੀਚਾਰ ਕੀਯੋ ਨਰ ਸਬ ਹੀ ॥ ਸੰਤਿ ਬਚਨ ਇਨ ਸੰਤ ਬਖਾਨੇ ॥ ਮਤਿ ਹਮਰਾ ਮਿਥਿਆ ਪਹਿਚਾਨੇ ॥ ੧੫ ॥ ਬਿਨਾ ਸੰਦੇਹ ਭਏ ਜਬ ਸੁਨ ਕੈ ॥ ਬੰਦਨ ਕਰਤ ਭਏ ਗੁਰ ਗੁਨ ਕੈ ॥ ਬਿਨੈ ਕਰਤ ਭੇ ਬਾਰੰਬਾਰੀ ॥ ਹਮਰੀ [11]ਗਤ ਕੀਜੈ ਗਤ ਕਾਰੀ ॥ ੧੬॥

---

੧ ਦਵੈਤ ਭਾਵ ਸਾਰੀ ਹਿਰਦੇ ਵਿਚੋਂ। ੨ ਭੰਨ ਦਿਤਾ ਦੂਰ ਕੀਤਾ। ੩ ਪਵਿਤ੍ਰ ਹਿਰਦੇ ਨਾਲ। ੪ ਨਾਸਵੰਤ। ੫ ਗ੍ਰਹਿਣ ਕਰਨਾ। ੬ ਤਿਆਗ ਕਰਨਾ। ੭ ਨਹੀਂ। ੮ ਘੜੇ ਦੀ ਉਪਾਧੀ ਕਰਕੇ ਭਿੰਨ ਪ੍ਰਤੀਤ ਹੋ ਰਿਹਾ ਹੈ। ੯ ਮਾਇਆ ਦਵਾਰੇ ਵਖਰਾ ਭਾਸ ਰਿਹਾ ਹੈ। ੧੦ ਨਿਸਫਲ। ੧੧ ਕਲਿਆਨ।

ਨਿਜ ਉਪਦੇਸ਼ ਦੀਜੀਏ ਹਮ ਕੋ ॥ ਸਰਨ ਪਰੇ ਕੀ ਲੱਜਾ ਤੁਮ ਕੋ॥ ਸੁਨ ਅਧੀਨਤਾ ਤਿਨ ਜਗਤੇਸਾ॥ ਦੇਤ ਭਏ ਆਪਨ ਉਪਦੇਸਾ ॥ ੧੭ ॥ ਸਤਿਨਾਮ ਸਿਮਰਹੁ ਲਿਵ ਲਾਵਹੁ ॥ ਤਹਿ ਤੇ ਸਗਰੀ ਇੱਛ ਪੁਜਾਵਹੁ॥ ਹੁਕਮ ਸੱਤਿ ਮਾਨਹੁ ਕਰਤਾਰਾ ॥ ਮਰਨ ਜੀਅਨ ਜਾਨਹੁ ਇਕ ਸਾਰਾ ॥ ੧੮॥ ਹਰਖ ਸੋਗ ਤੇ ਮਨ [1]ਥਿਰ ਕੀਜੈ ॥ ਬਿਨ ਸੰਸੈ ਤਬ ਮੁਕਤ ਹੁਵੀਜੈ॥ ਅਸ ਉਪਦੇਸ਼ ਸੁਨਿਓਂ ਸਿਖ ਭਏ ॥ ਸ੍ਰੀ ਨਾਨਕ ਮਹਿੰ ਨਿਸਚੇ ਕਏ॥ ੧੯ ॥ ਸਤਿ ਸੰਗਤ ਹੋਵਨ ਤਹਿ ਲਾਗੀ ॥ ਹਰ ਕੀਰਤ ਗਾਵਹਿ ਵਭਡਾਗੀ ॥ ਸੇਵਾ ਸੰਤਨ ਕੀ ਸਭ ਕਰਹੀ ॥ ਧਰ ਸਰਧਾ ਹਰ ਨਾਮ ਸਿਮਰਹੀ ॥ ੨੦ ॥

ਦੋਹਿਰਾ ॥ ਕਿਤਕ ਦਿਵਸ ਸ੍ਰੀ ਗੁਰ ਰਹੇ ਦੀਨੋ ਧਰਮ ਦ੍ਰਿੜਾਇ ॥
ਬਿਦਾ ਹੋਇ ਪੁਨ ਤਿਨਹੁ ਤੇ ਕੇਤ ਮਾਲ ਖੰਡ ਜਾਇ ॥ ੨੧ ॥

ਚੌਪਈ ॥ ਭੂਪ ਪ੍ਰਜਾ ਤਹਿ ਕੇ ਨਰ ਸਾਰੇ ॥ ਪੂਜਹਿੰ ਸ੍ਰੀ ਚੰਡੀ ਹਿਤ ਧਾਰੇ ॥ ਮੇਲਾ ਹੁਤੋ ਬਿਸਾਲ ਸੁ ਤਹਿਵਾ ॥ ਭਵਨ [2]ਕਾਲਕਾ ਰਾਜਤ ਜਹਿਵਾ ॥ ੨੨ ॥ ਬੈਸੇ ਸ੍ਰੀ ਗੁਰ ਮਾਰਗ ਮਾਹੀ ॥ ਨਰ ਅਨੇਕ ਆਵਹਿੰ ਇਕ ਜਾਹੀ ॥ ਲੇ ਲੇ ਬਲਿ ਪਸੁ ਭੇਟ ਚੜ੍ਹਾਵੈਂ ॥ ਬਹੁਤ ਪ੍ਰੇਮ ਤੇ ਸੀਸ ਝੁਕਾਵੈਂ ॥ ੨੩ ॥ ਜਬੈ ਨ੍ਰਿਖਤ ਲੇ ਆਯੋ ਟੋਲਾ ॥ ਗੁਰਹਿ [3]ਬਿਲੋਕਤ ਮੁਖ ਤੇ ਬੋਲਾ ॥ ਅਪਰ ਦੇਸ ਕੇ ਮਨਜ ਦਿਸਾਵਹਿੰ ॥ ਇਕ ਗਹਿ ਲੇਵਹਿੰ ਭੇਟ ਚੜ੍ਹਾਵਹਿੰ ॥ ੨੪॥ ਸੁਨੀਏਂ ਸ੍ਰੋਤਾ ਕਥਾ [4]ਰਸਾਲਾ ॥ ਬਾਲਾ [5]ਗਹਿ ਲੀਨੋ ਤਹਿ ਕਾਲਾ ॥ ਬਹੁ ਹਰਖਾਇ ਵਜਾਵਹਿੰ [6]ਢੋਲੂ॥ ਬਾਲਾ ਲਾਯੋ [7]ਅਗੂਜ ਟੋਲੂ ॥ ੨੫ ॥ ਕਹੈਂ ਭੇਟ ਭਲੀ ਹਮ ਪਾਈ ॥ ਹੈ ਪ੍ਰਸੰਨ ਬਰ ਦੇ ਜਗ ਮਾਈ ॥ ਤਹਿ ਛਿਨ ਆਯੋ ਢਿਗ ਮਰਦਾਨਾ ॥ ਬਾਲਾ ਸੋਂ ਅਸ ਬਚਨ

੧ ਇਸਥਿਤ। ੨ ਸ੍ਰੀ ਚੰਡੀ ਸੋਭ ਰਹੀ ਹੈ ਮੰਦਰ ਵਿਚ। ੩ ਦੇਖਿਆ।
੪ ਸੁੰਦਰ। ੫ ਪਕੜ ਲੀਤਾ। ੬ ਢੋਲ। ੭ ਅਗੇ।

ਬਖਾਨਾ ॥ ੨੬ ॥ ਬਾਲੇ ਰਹਿਓ ਜੀਵਨਾ ਤੇਰਾ ॥ [1]ਮ੍ਰਿਤੁ ਕਾਲ ਨੇ ਤੇ ਕੋ ਘੇਰਾ ॥ ਸਿਰ ਉਤਾਰ ਕੈ ਭੇਟ ਚੜ੍ਹਾਵਹਿੰ ॥ ਪੂਜ ਚੰਡਕਾ ਕੋ ਬਰ ਪਾਵਹਿੰ ॥ ੨੭ ॥ ਬੋਲਯੋ ਬਾਲਾ ਝੂਠ ਉਚਾਰਾ ॥ਮਰਨ ਜੀਵਨ ਹਥ ਗੁਰ ਕਰਤਾਰਾ ॥ ਇਉਂ ਸੁਨ [2]ਤੂਸਨ ਭਾ ਮਰਦਾਨਾ ॥ ਆਗੇ ਦੇਵੀ ਭਵਨ ਪਯਾਨਾ ॥ ੨੮ ॥ ਸ੍ਰੀ ਗੁਰ ਆਪ ਤਹਾਂ ਚਲ ਆਏ ॥ ਪਿਖੈਂ ਤਮਾਸੇ ਕਛੁ ਨ ਅਲਾਇ ॥ ਜਬ ਗੇ ਦੁਰਗਾ ਕੇਰ ਅਗਾਰੀ ॥ ਤਬ [3]ਅਵਨੇਸਰ ਗਿਰਾ ਉਚਾਰੀ ॥ ੨੯ ॥ ਇਸ ਮਾਨਵ ਕੀ ਭੇਟ ਚੜ੍ਹੀਜੈ ॥ ਬਰ ਦਾਨੀ ਸੁ ਪ੍ਰਸੰਨ ਕਰੀਜੈ ॥ ਭੀਰ [4]ਭੂਰ ਭੀ [5]ਭਵਨ ਅਗਾਰੀ ॥ [6]ਕੌਤਕ [7]ਅਵਲੋਕਤ ਨਰ ਨਾਰੀ ॥ ੩੦ ॥ ਖੈਂਚ ਲਈ ਇਕ ਮਨਜ ਕ੍ਰਿਪਾਨਾ ॥ ਚਮਕੀ ਦੇਖ ਡਰਿਓ ਮਰਦਾਨਾ ॥ ਸੰਗ ਰਹਿਨ ਵਾਰੋ ਪ੍ਰਭ ਤੇਰੇ ॥ ਰੱਛਿਆ ਆਪ ਕਰੋ ਇਸ ਬੇਰੇ ॥ ੩੧ ॥ ਤਹਿੰ ਛਿਨ ਕ੍ਰੋਧ ਕਾਲਕਾ ਕੜਕੀ ॥ ਭੀਰ ਭੂਰ ਮੇਲੇ ਕੀ ਭੜਕੀ ॥ ਪ੍ਰਗਟੀ ਚੰਡ ਪਰਚੰਡ ਭਯਾਨਾ ॥ ਤਹਿੰ ਨਰ ਕਰਤੇ ਛੀਨ ਕ੍ਰਿਪਾਨਾ ॥ ੩੨ ॥ ਹੁਤੋ ਨਰੇਸ਼ [8]ਠਾਂਢ ਜਹਿੰ [9]ਠਾਈ ॥ ਜਾਇ ਤਾਂਹਿ ਕੇ [10]ਕੰਠ ਲਗਾਈ ॥ ਤਤ ਛਿਨ ਧਰ ਤੇ ਸਿਰ ਗਿਰ ਪਰਿਆ ॥ ਜਨ ਸਾਖਾ ਤੇ ਫਲ ਕਿਨ ਹਰਿਆ ॥ ੩੩ ॥ [11]ਸ੍ਰੋਣਤ ਚਲ੍ਹਿਓ ਗਿਰਿਓ ਨ੍ਰਿਪ ਧਰਨੀ ॥ ਭਾਗੇ ਲੋਕ ਪਿਖਤ ਅਸ ਕਰਨੀ ॥ ਰਹਿਓ ਨ ਕੋਊ ਨਰ ਤਹਿੰ ਥਾਨਾ ॥ ਤੀਨੋ ਬਾਲਾ ਗੁਰ ਮਰਦਾਨਾ ॥ ੩੪ ॥ ਅਸ ਕਰ ਲੋਪ ਭਈ ਤਬ ਦੇਵੀ ॥ ਸਤਿਗੁਰ ਮਹਿਮਾ ਅਲਖ ਅਭੇਵੀ ॥ ਬਢਿਓ ਨਗਰ ਮਹਿੰ ਸੋਕ ਅਪਾਰੀ ॥ [12]ਠੌਰ ਠੌਰ ਰੋਵਹਿੰ ਨਰ ਨਾਰੀ ॥ ੩੫ ॥ ਕੀਯ ਬਿਚਾਰ ਜੇ ਹੁਤੇ ਸਿਆਨੇ ॥ ਕਲਾਵਾਨ ਗੁਰ ਕੋ ਬਡ ਜਾਨੇ ॥ ਆਏ ਸਭ ਹੀ ਤਬ ਭਰ ਭਾਊ ॥ ਸ੍ਰੀ ਗੁਰ

੧ ਮੌਤ ਸਮਾਨ । ੨ ਚੁਪ । ੩ ਰਾਜਾ । ੪ ਬਹੁਤ । ੫ ਮੰਦਰ । ੬ ਤਮਾਸ਼ਾ । ੭ ਦੇਖਦੇ ਹਨ । ੮ ਖੜਾ । ੯ ਜਗ੍ਹਾ । ੧੦ ਗਲੇ ਵਿਚ । ੧੧ ਲਹੂ । ੧੨ ਜਗ੍ਹਾ ਜਗ੍ਹਾ ।

ਕੋ ਲਖ ਲੀਨ ਪ੍ਰਭਾਊ ॥ ੩੬ ॥ ਨ੍ਰਿਪ ਸੁਤ ਠਾਂਢੇ ਆਇ ਅਗਾਰੀ ॥ ਕਰ ਕੈ ਬੰਦਨ ਬਿਨੈ ਉਚਾਰੀ ॥ ਕਰੋ [1]ਛਿਮਾਂ ਅਪਰਾਧ ਹਮਾਰਾ ॥ ਹਮ ਨਹਿੰ ਜਾਨਿਓਂ ਭੇਦ ਤੁਮਾਰਾ ॥ ੩੭ ॥ ਸਿੱਖ ਆਪਨੇ ਹਮੈ ਕਰੀਜੈ ॥ ਅਭੈ ਦਾਨ ਸਬਹਨ ਕੋ ਦੀਜੈ ॥ ਸੁਨਤ ਬਿਨੈ ਹ੍ਵੈ ਗੇ ਕ੍ਰਿਪਾਲਾ ॥ ਆਪਨ ਦੇ ਉਪਦੇਸ਼ ਬਿਸਾਲਾ ॥ ੩੮ ॥ ਸੱਤਿਨਾਮ ਕੋ ਸਿਮਰਨ ਕਰਨੋ ॥ ਸੰਤ ਸੇਵ ਮੈਂ [2]ਹਿਤ ਉਰ ਧਰਨੋ ॥ ਭੂਪਤ [3]ਦਾਹੁ ਬਹੁਰ ਕਰਵਾਯੋ ॥ ਸਿੰਘਾਸਨ ਨ੍ਰਿਪ ਸੁਤ ਬੈਠਾਯੋ ॥ ੩੯ ॥

ਦੋਹਿਰਾ ॥ ਨਾਮ ਧਰਮ ਜਸ ਰਾਖਿਓ ਰਾਜ ਤਿਲਕ ਕੋ ਦੇਯ ॥
ਸੁੰਦਰ ਧ੍ਰਮਸਾਲਾ ਰਚੀ ਕੀਰਤ ਤਹਾਂ ਕਰੇਯ ॥ ੪੦ ॥

ਇਤਿ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥੇ ਪ੍ਰਿਥਮ ਮਹਿਲੇ ਨੌ ਖੰਡਨ ਪ੍ਰਸੰਗ ਬਰਨਨੰ ਨਾਮ ਪੈਂਤਾਲੀਸਮੋਂ ਮੰਦਰਹਿ ॥ ੪੫ ॥

ਦੋਹਿਰਾ ॥ ਕਿਤਕ ਦਿਵਸ ਰਹਿ ਕਰ ਤਹਾਂ ਭਲ ਉਪਦੇਸ਼ ਦ੍ਰਿੜਾਇ ॥
ਬਿਦਾ ਹੋਇ ਗਮਨੇ ਪ੍ਰਭੂ ਆਨ ਥਾਨ ਸੁਖਦਾਇ ॥ ੧ ॥

ਚੌਪਈ ॥ ਪਹੁੰਚੇ ਰਮਕ ਖੰਡ ਗੋਸਾਈਂ ॥ ਪੁਰ ਸਮੀਪ ਬੈਸਤ ਭੇ ਸਾਈ ॥ ਕੇਤਕ ਮਨਜ ਤਹਾਂ ਚਲ ਆਏ ॥ ਜਾਨ ਸੰਤ ਨਿਜ ਸੀਸ ਝੁਕਾਏ ॥ ੨ ॥ ਨਿਕਟ ਬਿਲੋਕ ਤਿਨੈ ਜਗਤੇਸਾ ॥ ਦੇਤ ਭਏ ਸ੍ਰਿਸਟੰ ਉਪਦੇਸਾ ॥ ਸੱਤਿਨਾਮ ਸਿਮਰਹੁ ਦਿਨ ਰਾਤੀ ॥ ਸੰਤ ਸੇਵ ਕਰ ਪ੍ਰੀਤ ਸੁਹਾਤੀ ॥ ੩ ॥ [4]ਕੂਕਰ ਦ੍ਰਿਸ਼ਟ ਨ ਕਬ ਮਨ ਧਰਨੀ ॥ ਸ਼ੇਰ ਦ੍ਰਿਸ਼ਟ ਗੁਰਮੁਖ ਹ੍ਵੈ ਕਰਨੀ ॥ ਹਰਖ ਸ਼ੋਕ ਰਾਖ ਸੁਖ ਮਹਿੰ ਤਿਆਗੋ ॥ ਕਰਹੁ ਭਗਤਿ [5]ਨਿਸ ਪਾਛਲ ਜਾਗੋ ॥ ੪ ॥ ਸੁਨ ਕਰ ਬੂਝਨ ਲਗੇ ਸਿ ਮਾਨਵ ॥ ਦ੍ਰਿਸ਼ਟ ਜੁ ਰਹੀ ਸੁ ਹਮ ਨਹਿ ਜਾਨਵ ॥ ਖੋਲ੍ਹ ਅਰਥ ਇਹੁ ਭਨੋ ਗੁਸਾਈਂ ॥ ਤੁਮ ਹੋ ਸੰਤ ਸਰਬ ਸੁਖਦਾਈ ॥

੧ ਖਿਮਾਂ । ੨ ਪ੍ਰੇਮ । ੩ ਸਸਕਾਰ । ੪ ਕੁਤਿਆਂ ਵਾਲੀ ।
੫ ਪਿਛਲੀ ਰਾਤ ਅੰਮ੍ਰਿਤ ਵੇਲੇ ।

੫ ॥ ਕ੍ਰਿਪਾ ਨਿਧਾਨ ਭਨੀ ਤਬ ਬਾਨੀ ॥ ਦ੍ਰਿਸ਼ਟ ਸਿ ਕੂਕਰ ਲੇਹੁ ਪਛਾਨੀ ॥ ਦੁਖ ਸੁਖ ਮੁਝ ਕੋ ਮਾਨਵ ਦੇਹੀ ॥ ਨਿਜ ਕਰਮਨ ਕੀ ਲਖੈ ਨ ਕੇਹੀ ॥ ੬ ॥ ਮਾਰਨ ਹਾਰ ਨ ਜਾਨਹਿੰ [1]ਸ੍ਵਾਨਾ ॥ [2]ਲਸ਼ਟਕ ਕੋ ਕਾਟਹਿ ਅਨਜਾਨਾ ॥ ਇਸ ਪ੍ਰਕਾਰ ਕੇ ਜੇ ਨਰ ਹੋਈ ॥ ਮਨਮੁਖ ਸ੍ਵਾਨ ਦ੍ਰਿਸ਼ਟ ਹੈ ਸੋਈ ॥ ੭ ॥ ਕਿਸ ਪ੍ਰਕਾਰ ਦੁਖ ਸੁਖ ਬਨ ਆਵੈ ॥ ਨਿਜ ਕਰਮਨ ਤੇ ਸਭੀ ਲਖਾਵੈ ॥ ਜਸ ਬਿਧ ਕਰਮ ਕਰੈ ਨਰ ਪਾਵੈ ॥ ਫਲ ਦਾਤਾ ਕਰਤਾਰ ਸੁਹਾਵੈ ॥ ੮ ॥ ਜਿਉਂ ਕੇਹਰ ਤਜ ਸ਼ਸਤ੍ਰ ਸਾਰੇ ॥ ਤੂਰਨ ਤਕਹਿ ਜਿ ਮਾਰਨ ਹਾਰੇ ॥ ਤਿਉਂ ਗੁਰਮੁਖ ਨਿਜ ਕਰਮਨ ਦਿਸ ਤੇ ॥ ਲਖਹਿ ਸੁ ਸੁਖ ਦੁਖ ਅਪਰ ਨ ਕਿਸ ਤੇ ॥ ੯॥ ਦੇਨਹਾਰ ਏਕੋ ਕਰਤਾਰਾ ॥ ਇਉਂ ਤੁਮ ਲਹੋ ਹੋਇ ਨਿਸਤਾਰਾ ॥ ਮਨ ਰੋਕਨ ਕੀਜੈ ਅਭਿਆਸਾ ॥ ਬਿਸੈ ਬਾਸਨਾ ਹ੍ਵੈ ਸਭ ਨਾਸਾ ॥ ੧੦ ॥ ਕਿਤਕ ਦਿਵਸ ਰਹਿ ਕਰ ਤਹਿ ਥਾਨਾ ॥ ਸਿੱਖ ਕੀਨ ਉਪਦੇਸ਼ ਬਖਾਨਾ ॥ ਬਿਦਾ ਹੋਇ ਕੀਨੋ ਪੁਨ [4]ਗਵਨੰ ॥ ਭੱਦ੍ਰ ਖੰਡ ਪਹੁੰਚੇ ਗੁਨ ਭਵਨੰ ॥ ੧੧ ॥ ਤਹਿ ਨ੍ਰਿਪ ਸੁਨਿਯੋ ਸੰਤ ਪੁਰ ਆਏ ॥ ਮਿਲਿਯੋ ਆਨ ਕਰ ਸੀਸ ਝੁਕਾਏ ॥ ਬੰਧ ਹਾਥ ਦ੍ਵੈ ਬੈਠ ਸਮੀਪਾ ॥ ਬੋਲਿਯੋ [5]ਕੌਲ ਨਾਭ ਅਵਨੀ ਪਾ ॥ ੧੨ ॥ ਆਸ਼੍ਰਮ ਚਾਰ ਲਿਖੇ ਜੋ ਆਹੀ ॥ ਸ੍ਰਿਸ਼ਟ ਕੌਨ ਜਨੀਏਂ ਇਨ ਮਾਹੀ ॥ ਪੂਰਨ ਸੰਤ ਜਾਨ ਕਰ ਪੂਛਾ ॥ ਕਰਹੁ ਮੁਝੈ ਸੰਸੇ ਤੇ [6]ਛੂਛਾ ॥ ੧੩ ॥ ਸੁਨ ਕਰ ਬੋਲੇ ਬਚਨ ਕ੍ਰਿਪਾਲਾ ॥ ਸਭ ਤੇ ਜਾਨਹੁ ਗ੍ਰਿਹਸਥ ਬਿਸਾਲਾ ॥ ਉਤਪਤ ਪਰਨ ਸਭ ਹੀ ਕੋ ॥ ਬਹੁਰੋ ਪਾਲਨ ਕਰ ਹੈ ਨੀਕੋ ॥ ੧੪ ॥ [7]ਮੂਲ ਬਿਟਪ ਕੋ ਗ੍ਰਿਹਸਥ ਪਛਾਨਹੁ ॥ ਆਸ਼੍ਰਮ ਅਪਰ ਜਿ ਸਾਖਾ ਜਾਨਹੁ॥ ਬ੍ਰਹਮ ਚਰਜ ਪੁਨ [8]ਬਾਨੰ ਪ੍ਰਸਤਾ ॥ ਅਰ ਸੰਨਯਾਸੀ ਇਸ ਤੇ ਬਸਤਾ ॥ ੧੫ ॥ ਵੰਡ ਖਾਏ ਅਰ ਦਾਨ ਕਰੇਈ॥ਛੂਛ ਨ ਫਿਰੈ ਅਭਿਆਗਤ

---

੧ ਕੁਤਾ । ੨ ਸੋਟੀ ਛੜੀ । ੩ ਸ਼ੇਰ । ੪ ਚਲੇ । ੫ ਰਾਜੇ ਦਾ ਨਾਮ ਹੈ । ੬ ਖਾਲੀ । ੭ ਮੁਢ ਰੂਪ ਦਰਖਤ । ੮ ਬਾਨ ਪ੍ਰਸਤੀ ।

ਜੇਹੀ ॥ ਗ੍ਰਿਹਸਥ ਬਿਖੈ ਆਤਮ ਅਭਿਆਸਾ ॥ ਕਰਤ ਜਿ ਨਰ ਸਿਮਰਹਿ ਸੁਖ ਰਾਸਾ ॥ ੧੬॥ ਭਾਉ ਭਗਤ ਕਰ ਕ੍ਰਿਤ ਕੋ ਕਰਹੀ॥ ਤਿਨ ਕੀ ਉਪਮਾ ਕੌਨ ਉਚਰਹੀ ॥ ਸੁਨੇ ਬਚਨ ਹਰਖਾਇ [1]ਭੂਵਾਲਾ ॥ ਬੰਧਨ ਕਿਯ ਹੈ ਨਿਮ੍ਰ ਬਿਸਾਲਾ ॥ ੧੭ ॥ ਕਿਤਕ ਦਿਵਸ ਨਿਜ ਪੁਰ ਮਹਿਂ ਡੇਰਾ ॥ ਰਾਖਿਯੋ ਕਰਕੈ ਭਾਵ ਘਨੇਰਾ ॥ ਤਹਿ ਉਪਦੇਸ ਦੀਨ ਜਗਭੇਸਾ ॥ ਸਿਮਰਹਿ ਨਾਮ ਪ੍ਰਜਾ ਸੁ ਨਰੇਸਾ ॥ ੧੮ ॥ ਰਚ ਧ੍ਰਮਸਾਲ ਗਮਨੇ ਗੁਨ ਖਾਨੀ ॥ ਮਰਦਾਨੇ ਸੋਂ ਬੋਲੇ ਬਾਨੀ ॥ ਅਸ਼ਟ ਖੰਡ ਇਹੁ ਤੁਮੈ ਦਿਖਾਏ॥ ਨੌਮੇ ਭਾਰਥ ਖੰਡ ਗਿਨਾਏ ॥ ੧੯ ॥ ਚਲ ਕਰ ਅਬਹਿ ਦਿਖਾਵਹਿਂ ਓਹੀ ॥ ਜਿਹ ਪਰਵਾਰ ਸਦਨ ਹੈ ਤੋਹੀ ॥ ਸ੍ਰੀ ਗੁਰ ਸੋਂ ਬੋਲਯੋ ਮਰਦਾਨਾ ॥ ਅਬ ਸਭ ਦੀਪ ਦਿਖਾਉ ਮਹਾਨਾ ॥ ੨੦ ॥ ਇਹੁ ਲਾਲਸ ਮੇਰੇ ਮਨ ਮਾਹੀਂ ॥ ਦੇਖੋਂ ਸਪਤ ਦੀਪ ਜੇ ਆਹੀਂ ॥ ਸਰਬ ਪ੍ਰਕਾਰ ਸਮਰੱਥ ਸੁਵਾਮੀ ॥ ਜਹਿ ਚਾਹੋ ਤਹਿਕੇ ਤੁਮ [2]ਗਾਮੀ ॥ ੨੧ ॥ ਸੁਨਕੈ ਬੋਲੇ ਕ੍ਰਿਪਾ ਨਿਧਾਨਾ ॥ ਉਤਮ ਜੰਬੂ ਦੀਪ ਮਹਾਨਾ ॥ ਲਖ ਜੋਜਨ ਇਸਕੋ ਬਿਸਥਾਰੂ ॥ ਸਭ ਦੀਪਨ ਕੇ ਲਖਹੁ [3]ਮਝਾਰੂ ॥ ੨੨ ॥ ਤਰ ਜਾਮਨ ਤੇ ਜੰਬੂ ਗਾਇ॥ ਹੈਂ ਨਵ ਖੰਡ ਜੁ ਤੁਝੇ ਦਿਖਾਇ ॥ ਤਿਨ ਮਹਿਂ ਭਰਥ ਖੰਡ ਹੈ ਜੋਊ ॥ ਧਰਾ ਬੀਜ ਕੀ ਜਾਨਹੁ ਸੋਊ ॥ ੨੩ ॥

ਦੋਹਿਰਾ ॥ ਪੁੰਨਯ ਜੱਗ ਤਪ ਕਰ ਬਡੇ ਭਰਥ ਖੰਡ ਕੇ ਥਾਨ ॥
ਦੀਪ ਖੰਡ ਅਨਜਾਇ ਸੋ ਭੋਗਹਿਂ ਭੋਗ ਮਹਾਨ ॥ ੨੪ ॥

ਚੌਪਈ ॥ ਤੇਰੋ ਕਹਯੋ ਨ ਮੇਟਹੁ ਕੈਸੇ॥ ਚਲਹੁ ਦਿਖਾਵਹੂੰ ਤੌ ਉਰ ਜੈਸੇ ॥ ਸ਼ੰਮਤ ਚੁਤਾਲੀਜ ਚਲੇ ਅਗਾਰੀ ॥ ਇਸ ਸਮੁੰਦ੍ਰ ਕੇ ਪਹੁੰਚੇ ਪਾਰੀ ॥ ੨੫ ॥ ਲਖ ਜੋਜਨ ਕੋ ਬੌ ਬਿਸਥਾਰਾ ॥

---

੧ ਰਾਜਾ । ੨ ਚਲਣਾ । ੩ ਵਿਚ ।

ਪਾਰ ਗਏ ਨਹਿੰ ਲਗੀ [1]ਅਵਾਰਾ ॥ ਪਿਲਖ ਦੀਪ ਮਹਿੰ ਬੈਠੇ ਜਾਇ ॥ ਤਰ ਪਿਲਖਨ ਤੇ ਨਾਮ ਸਦਾਇ ॥ ੨੬ ॥ ਅਧਕ ਨਰਨ ਕੋ [2]ਰੁਚਿਰ ਸਰੂਪਾ ॥ ਸੁਖ ਭੋਗਹਿੰ ਨਿਜ ਮਨ ਅਨਰੂਪਾ ॥ ਬੈਸ ਸਭਨ ਕੀ ਬਰਖ ਹਜਾਰੂ ॥ ਸਮ ਅਮਰਨ ਕੇ ਤਿਨ ਬਿਵਹਾਰੂ ॥ ੨੭ ॥ ਜਹ ਗੁਰ ਬੈਸੇ ਨਰ ਬਹੁ ਆਏ ॥ ਹਾਥ ਜੋਰ ਪਗ ਸੀਸ ਨਿਵਾਏ ॥ ਅਪਰ ਦੀਪ ਕੋ ਸੰਤ ਸਰੂਪਾ ॥ ਅਸ ਲਖ ਆਨਹਿੰ ਭੇਟ ਅਨੂਪਾ ॥ ੨੮ ॥ ਮਧਰ ਧਰੇ [3]ਫਰ ਰੁਚਰ ਅਗਾਰੀ ॥ ਬੈਠੇ ਚਹੁ ਦਿਸ ਅਚਰਜ ਧਾਰੀ ॥ ਤਿਨ ਭਾਖਾ ਗੁਰ ਬਚਨ ਉਚਾਰੇ ॥ ਸਭ ਬਿਧ ਹੈ ਆਨੰਦ ਤੁਮਾਰੇ ॥ ੨੯ ॥ ਜਿਸ ਪ੍ਰਕਾਰ ਇਸ ਦੀਪ ਮਝਾਰਾ ॥ ਹਮ ਸੋਂ ਕਹੋ ਸਰਬ ਬਿਵਹਾਰਾ ॥ ਸੁਖ ਦੁਖ ਜੇਤੋ ਹੈ ਤੁਮ ਤਾਂਈਂ॥ਸੋਈ ਸੁਨਾਵਹੁ ਕੂਰ ਬਿਹਾਈ॥੩੦॥

ਦੋਹਿਰਾ ॥ ਨਰ ਬੋਲ ਤਿਸ ਦੀਪ ਕੇ ਹੈ ਸੁਖ ਸਰਬ ਪ੍ਰਕਾਰ ॥
ਤ੍ਰੈ [4]ਦੁਖ ਹੈਂ ਸਭਹਨ ਬਿਖੈ ਸੋ ਹਮ ਕਰਹਿੰ ਉਚਾਰ ॥ ੩੧ ॥

ਚੌਪਈ ॥ ਬਡੋ ਆਪ ਤੇ ਜਹਿੰ ਕੋ ਜਾਨਹਿੰ ॥ ਤਿਹ ਸੋਂ ਮਨ ਮਹਿੰ [5]ਮਤਸਰ ਠਾਨਹਿੰ ॥ [6]ਲਘ ਕੋ ਦੇਖ ਗਰਬ ਉਰ ਧਰਹੀ ॥ ਜੋ ਸਮ ਹੋਇ ਸਪਰਧਾ ਕਰਹੀ ॥ ੩੨ ॥ ਇਨ ਦੁਖ ਤੇ ਹੈਂ ਨਰ ਦੁਖਵੰਤੇ ॥ ਔਰ ਸਰਬ ਸੁਖ ਸੁਨਹੁ ਬ੍ਰਿਤੰਤੇ ॥ ਸੁਨ ਕਰ ਬੋਲੇ ਕ੍ਰਿਪਾ ਨਿਧਾਨਾ ॥ ਬਚਨ ਹਮਾਰੇ ਕਰਹੁ [7]ਪ੍ਰਮਾਨਾ ॥ ੩੩ ॥ ਇਹੁ ਤੀਨਹੁ ਦੁਖ ਜਾਹਿੰ ਪਰਾਈ ॥ ਸਦਾ ਅਨੰਦ ਰਹੈ ਤੁਮ ਤਾਈਂ ॥ ਬੂਝਨ ਲਗੇ ਸਿ ਨਰ ਕਰ ਬੰਦੇ ॥ ਦੇਹੁ [8]ਸੀਖ ਜਿਮ ਸਦਾ ਅਨੰਦੇ ॥੩੪॥

ਦੋਹਿਰਾ ॥ ਸਰਬ ਬਿਖੈ ਸਤਿਨਾਮ ਹੈ ਨਾਮ ਬਿਨਾ ਨਹਿੰ ਕੋਇ ॥
ਐਸੇ ਜਬ ਉਰ ਮੈਂ ਲਖੋ ਦ੍ਵੈਤ ਨ ਕਬਹੂ ਹੋਇ ॥ ੩੫ ॥

੧ ਦੇਰ। ੨ ਸੁੰਦਰ। ੩ ਫਲ। ੪ ਆਧ ਬਿਆਧ ਉਪਾਧ ਅਤੇ ਰਜੋ ਤਮੋ ਸਤੋ। ੫ ਈਰਖਾ। ੬ ਛੋਟੇ ਨੂੰ। ੭ ਪ੍ਰਵਾਣ। ੮ ਸਿਖਿਆ।

ਚੌਪਈ ॥ਦ੍ਰਿੜ੍ਹ ਮਨ ਮਹਿੰ ਇਸ ਬਿਧ ਜਬ ਹੋਊ॥ਤਬ ਪੁਨ ਦੂਖ ਨਾਂ ਬਿਆਪੈ ਕੋਊ ॥ ਸਤਿਨਾਮ ਕੋ ਜਾਪ ਜਪੀਜੈ ॥ ਸਤਿਗੁਰ ਸਿਮਰ [1]ਤਿਹਾਵਲ ਕੀਜੈ ॥ ੩੬ ॥ ਕਰ ਅਰਦਾਸ ਜਿਖਨ ਮੁਖ ਪਾਵਹੁ ॥ ਤਬ ਦੁਬਿਧਾ ਉਰ ਸਕਲ [2]ਨਸਾਵਹੁ ॥ ਮ੍ਰਿਦੁਲ ਬਚਨ ਇਸ ਬਿਧ ਸੁਨ ਕਰਕੈ ॥ ਭਏ ਸਿ ਨਰ ਸਿਖ ਸਰਧਾ ਧਰਕੈ ॥੩੭॥ ਕਿਤਕ ਦਿਵਸ ਗੁਰ ਹਿਤ ਸੋਂ ਰਾਖਿਯੋ ॥ ਅਗ੍ਰਜ ਗਮਨ ਬਹੁਰ ਅਭਲਾਖਿਯੋ॥ ਸ੍ਰੀ ਸਤਿਗੁਰ ਕੇ ਚਰਿਤ ਅਪਾਰੀ ॥ ਸੰਤ ਰੇਂਣ ਗੁਰ ਪਗ ਬਲਹਾਰੀ ॥ ੩੮ ॥

ਇਤਿ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥੇ ਪ੍ਰਿਥਮ ਮਹਿਲੇ ਸਪਤ ਦੀਪਨ ਪ੍ਰਸੰਗ ਬਰਨਨੰ ਨਾਮ ਛੇਤਾਲੀਸਮੋਂ ਮੰਦਰਹਿ ॥ ੪੬ ॥

ਦੋਹਿਰਾ ॥ ਨਾਮ ਗੁਰੂ ਬੋਹਿਥ ਜਗਤ ਜੋ ਜਪ ਹੈ ਸੋ ਪਾਰ ॥
ਦ੍ਵੈ ਲਖ ਜੋਜਨ ਦੀਪ ਥੋ ਉਲਘ ਗਏ [3]ਤਤ ਕਾਰ ॥ ੧ ॥

ਚੌਪਈ ॥ ਬਹੁਰੋ ਆਵਾ [4]ਉਦਧ ਅਗਾਰੀ ॥ ਰਸ [5]ਈਖਹਿ ਕੋ ਜੋ ਅਨਹਾਰੀ ॥ ਦ੍ਵੈ ਲਖ ਜੋਜਨ ਕੇਰ ਪ੍ਰਮਾਨਾ ॥ ਤਹਿੰ ਪਰ ਕੀਨ ਪ੍ਰਭੂ [6]ਪ੍ਰਸਥਾਨਾ ॥ ੨॥ ਪਾਰ ਸਿਲਮਲਾ ਦੀਪ ਸੁਹਾਵਾ ॥ ਸਿੰਮਲ [7]ਬ੍ਰਿੱਖ ਨਾਮ ਤੇ ਪਾਵਾ ॥ ਬੈਠੇ ਨਗਰ ਵਿਖੈ ਗੁਰ ਜਾਈ ॥ ਨਰ ਆਏ ਮਿਲ ਬਹੁ ਤਿਹ ਥਾਈ ॥ ੩ ॥

ਦੋਹਿਰਾ ॥ ਬੰਦਨ ਕਰ [8]ਢਿਗ ਬੈਠਹੀ ਪੁਨ ਨਿਜ ਜਾਹਿੰ [9]ਅਵਾਸ ॥
ਆਨ ਦੀਪ ਕੋ ਸੰਤ ਹੈ ਸੁੱਧ ਹੋਈ ਨ੍ਰਿਪ ਤਾਸ ॥ ੪ ॥

ਚੌਪਈ ॥ ਉਤਮ ਬਹੁ [10]ਉਪਾਇਨ ਲਿਆਯੋ ॥ ਆਂਇ ਗੁਰੂ ਪਗ ਸੀਸ ਨਿਵਾਯੋ ॥ ਬੈਠਿਯੋ ਪ੍ਰਭ ਤਿਨ ਭਾਖ ਬਖਾਨਾ ॥ ਲੇ ਜਾਵਹੁ ਇਹੁ ਭੇਟ [11]ਰਜਾਨਾ ॥ ੫ ॥ ਕਛ ਨ ਹਮਾਰੇ ਆਵਹਿ ਕਾਜੂ

੧ ਕੜਾਹ ਪ੍ਰਸ਼ਾਦਿ । ੨ ਦੂਰ ਕਰੋ । ੩ ਸੀਘਰ । ੪ ਸਮੁੰਦਰ । ੫ ਗੰਨੇ ਦੇ ਰਸ ਦਾ ਸਮੁੰਦਰ । ੬ ਚਲਣਾ । ੭ ਦਰਖਤ । ੮ ਪਾਸ । ੯ ਘਰ । ੧੦ ਭੇਟਾ । ੧੧ ਆਗਿਆ ।

॥ ਨਾਮ ਨ ਜਪਹੁ ਜਨਮ ਕੋ ਲਾਜੂ ॥ ਹਾਥ ਜੋਰ ਕੈ ਭੂਪ ਉਚਾਰੈ ॥ ਨਿਜ ਉਪਦੇਸ ਦੇਹੁ ਹਮ ਧਾਰੈ ॥ ੬॥ ਤੁਮ ਹੋ ਸੰਤ ਪ੍ਰਮੇਸਰ ਰੂਪਾ ॥ ਸਭ ਤੇ ਮਹਿਮਾ ਅਧਕ ਅਨੂਪਾ ॥ ਕੀਨ ਬਿਨੈ ਬਹੁ ਕਹਿ ਬਡਿਆਈ ॥ ਤਬ ਸ੍ਰੀ ਨਾਨਕ ਗਿਰਾ ਅਲਾਈ ॥ ੭ ॥

ਦੋਹਿਰਾ ॥ ਸੱਤਿਨਾਮ ਕੋ ਜਾਪ ਮੁਖ ਕਰਹੋ ਸਦਾ ਉਚਾਰ ॥
[1]ਪੰਚਾਂਮ੍ਰਤ ਗੁਰ ਕੋ ਕਰਹੁ ਇਤ ਉਤ ਨਿਤ ਸੁਖਕਾਰ ॥ ੮ ॥

ਚੌਪਈ ॥ ਮਾਨੇ ਸਤਿਗੁਰ ਕੇ ਬਚ ਜਬ ਹੀ ॥ ਪਾਹੁਲ ਪਗ ਕੀ ਦੀਨੀ ਤਬ ਹੀ ॥ ਸਿੱਖ ਭਏ ਬਹੁਤੇ ਨਰ ਆਏ ॥ ਨਾਮ ਦਾਨ ਇਸਨਾਨ ਦ੍ਰਿੜਾਏ ॥ ੯॥ ਕੇਤਕ ਦਿਨ ਗੁਰ ਤਹਾਂ ਗੁਜਾਰੇ ॥ ਨ੍ਰਿਪ ਕੇ ਸਦਨ ਰਹੇ ਦੁਖ [2]ਟਾਰੇ ॥ ਬਿਦਾ ਹੋਇ ਪ੍ਰਭ ਕੀਨ ਪਯਾਨਾ ॥ ਚਤਰ ਲਾਖ ਜੋਜਨ ਪਰਮਾਨਾ ॥ ੧੦ ॥

ਦੋਹਿਰਾ ॥ ਸਿੰਧ ਬਾਰਨੀ ਕੋ ਜਹਾਂ ਦੀਪ ਸਰਸ ਬਿਸਤਾਰ ॥
ਲੀਨ ਉਡਾਰੀ ਤਹਾਂ ਤੇ ਗਏ ਉਧਪ ਤੇ ਪਾਰ ॥ ੧੧ ॥

ਚੌਪਈ ॥ ਪਹੁਚੇ ਦੀਪ ਹੁਤੋ [3]ਕੁਸ਼ੂ ਨਾਮਾ ॥ ਕੁਸ਼ਾ ਬੂਟ ਤਾ ਮੈਂ [4]ਅਭਿਰਾਮਾ ॥ ਬੈਠੇ ਸ੍ਰੀ ਪ੍ਰਭ ਪੁਰ ਮਹਿ ਜਾਏ ॥ ਨਰ ਸਮੀਪ ਆਏ ਸਮਦਾਏ ॥ ੧੨ ॥ ਕਲਾਵਾਨ ਸਮਰੱਥ ਮੁਕੰਦਾ ॥ ਸੰਤ ਕਹੀਂ ਕੋ ਦੇਖ ਨਿਕੰਦਾ ॥ ਐਸੇ ਜਾਨ ਸੁਨਹਿੰ ਉਪਦੇਸੁ ॥ ਕਰ ਦਰਸਨ ਭੀ ਭਗਤ ਪ੍ਰਵੇਸੁ ॥ ੧੩ ॥ ਪ੍ਰਭ ਤਿਨ ਕੀ ਭਾਖਾ ਮਹਿ ਅਲਾਵੈਂ ॥ ਜਪੇ ਨਾਮ ਤਬ ਗਤ ਹੁਇ ਜਾਵੈ ॥ ਸੰਤਨ ਸੇਵਾ ਉਰ ਮਹਿੰ ਧਾਰਹੁ ॥ ਭੋਗ [5]ਲਾਲਸਾ ਰਿਦੈ ਵਿਸਾਰਹੁ ॥ ੧੪ ॥ ਪੂਰਨ ਪੁੰਨ ਬਾਦ ਨਹਿੰ ਖੋਵਹੁ ॥ ਪਰਮਪਦਹ ਅਧਕਾਰੀ ਹੋਵਹੁ ॥ ਸੁੱਧ ਆਤਮੈ ਨਾਮ ਜਪੀਜੈ ॥ ਮਨ ਬਿਕਾਰ ਸਭ ਨਾਸ ਕਰੀਜੈ ॥੧੫॥

---

੧ ਕੜਾਹ ਪ੍ਰਸ਼ਾਦਿ । ੨ ਟਾਲੇ ਦੂਰ ਕੀਤੇ । ੩ ਦੀਪ ਦਾ ਨਾਮ ਹੈ । ੪ ਸੁੰਦਰ ੫ ਇਛਾ ।

ਦੋਹਿਰਾ ॥ ਸੁਨ ਗੁਰ ਤੇ ਸਿਮਰਨ ਲਗੇ ਸੁੱਧ ਆਤਮੈਂ ਨਾਮ ॥
ਦਰਸਨ ਕਰ ਨਿਰਮਲ ਭਏ [1]ਭਿਗੇ ਭਗਤ ਅਭਿਰਾਮ॥੧੬॥

ਚੌਪਈ ॥ ਸੇਵਕ ਭਏ ਬਹੁਤ ਨਰ ਆਏ ॥ ਪਾਹੁਲ ਪਗ ਲੇਵਹਿਂ ਸੁਖ ਪਾਏ ॥ ਨਾਮ ਜਪਾਇ ਭਗਤ ਪ੍ਰਗਟਈ ॥ ਚਲੇ ਤਹਾਂ ਤੇ ਲੀਨ [2]ਬਿਦਾਈ ॥ ੧੭ ॥ ਅਸ਼ਟ ਲਾਖ ਜੋਜਨ ਪਰਮਾਨਾ ॥ ਉਲਘ ਗਏ ਸਭ [3]ਮਾਯਾ ਨਿਧਾਨਾ ॥ ਆਵਾ ਸਾਗਰ [4]ਘ੍ਰਿਤ ਅਗਾਰੇ ॥ ਦੀਪ ਸਮਾਨ ਤਾਹਿਂ ਬਿਸਤਾਰੇ ॥ ੧੮ ॥ ਤਿਹ ਪਰ ਗਮਨੇ ਦੀਨ ਦਯਾਲਾ ॥ ਸਗਰੋ ਉਲਗ ਗਏ ਤਤ ਕਾਲਾ ॥ ਜਾਵਤ ਨਗਰ [5]ਬਿਲੋਕਿਓ ਏਕੂ ॥ ਤਿਹ ਮਹਿਂ ਬੈਠਿਓ [6]ਜਲਧ ਬਿਬੇਕੂ ॥ ੧੯ ॥

ਦੋਹਿਰਾ ॥ ਕ੍ਰੋਚ ਨਾਮ ਤਿਹ ਦੀਪ ਕੋ ਨਰ ਸੁੰਦਰ ਸਮਦਾਇ ॥
ਸੁਖ ਬਿਲਾਸ ਭੋਗੈਂ ਘਣੇ ਰਹੈਂ ਬਿਸੈ ਲਪਟਾਇ ॥ ੨੦ ॥

ਚੌਪਈ ॥ ਸ੍ਰੀ ਗੁਰ ਕੌ ਜਬਹੀ ਨਰ ਦੇਖਾ ॥ ਢਿਗ ਆਏ ਧਰ [7]ਭਾਉ [8]ਬਿਸੇਖਾ ॥ ਬੰਧਨ ਕਰਹੀ ਬੈਠ ਸਮੀਪਾ ॥ ਸੁਨ ਕੈ ਸੁਧ ਆਯੋ [9]ਅਵਨੀ ਪਾ ॥ ੨੧ ॥ ਧਰ ਕੈ ਸਰਧਾ ਦਰਸ਼ਨ ਕਰਹੀ ॥ ਅਤਿ ਮਹਿਮਾ ਕੇ ਬਚਨ ਉਚਰਹੀ ॥ ਦੇਨੇ ਹੇਤ ਸੁਮਤ ਤਿਨ ਤਾਈਂ ॥ ਤਿਨ ਭਾਖਾ ਮੈਂ ਕਹਿਓ ਗੁਸਾਈਂ ॥ ਬਲੀ ਕਾਲ ਭਗਵਾਨ ਅਪਾਰਾ ॥ [10]ਭੱਖਯਤ ਹੈ ਸਗਰੋ ਸੰਸਾਰਾ ॥ ਸੁਰ ਬ੍ਰਹਮਾਂ ਆਦਿਕ ਹੈਂ ਜੇਤੇ ॥ ਪੰਨਗ ਮਾਨਵ ਦਾਨਵ ਕੇਤੇ ॥ ੨੨ ॥ ਐ ਸ਼ਮਰੱਥ ਸਰਬ ਬਿਧ ਜੋਊ ॥ ਸਿਰੀ ਕਾਲ ਤੇ ਛੁਟੈ ਨ ਕੋਊ ॥ ਜਿਉਂ ਦਾਨੇ ਕੋ ਚਾਬਤ ਚਾਕੀ ॥ਤਿਉਂ ਨ ਬਚੈ ਕੋ ਅਗਾਰੀ [11]ਵਾਂਕੀ

---

੧ ਭਿਜੇ । ੨ ਆਗਿਆ । ੩ ਕਿਰਪਾ ਦੇ ਖਜ਼ਾਨੇ । ੪ ਘਿਉ । ੫ ਦੇਖਿਆ । ੬ ਸਮੁੰਦਰ । ੭ ਪ੍ਰੇਮ । ੮ ਬਹੁਤ । ੯ ਰਾਜਾ । ੧੦ ਨਾਸ ਕਰ ਰਿਹਾ ਹੈ । ੧੧ ਬਾਕੀ ।

॥ ੨੪ ॥ ਭੈ ਕਰ ਸ਼ਰਨ ਗਹੋ ਤੁਮ ਤਾਂਕੀ ॥ ਸਮਤਾ ਕਰ ਨ ਸਕੈ ਕੋ ਜਾਂਕੀ ॥ ਜਿਉਂ ਕੀਲੀ ਢਿਗ ਰਹੈ ਜੁ ਦਾਨੋ ॥ ਉਬਰੈ ਸੋ ਉਰ ਲੇਹੁ ਪਛਾਨੋ ॥ ੨੫ ॥ ਤਿਉਂ ਤੁਮ ਨਾਮ ਜਪੋਗੇ ਜਬ ਹੀ ॥ ਜਨਮ ਮਰਨ ਤੇ ਛੁਟਹੋ ਤਬ ਹੀ ॥ ਹੂਜੋ ਬਿਖੈ ਬਿਲਾਸ ਨਿਰਾਸੇ ॥ ਜਪਹੁ ਨਾਮ ਸਤਿਗੁਰ ਭਰਵਾਸੇ ॥ ੨੬ ॥ ਇਸ ਪ੍ਰਕਾਰ ਤਿਨ ਦੇ ਉਪਦੇਸਾ ॥ ਕੇਤਕ ਦਿਵਸ ਬਸੇ ਜਗਤੇਸਾ ॥ ਸਤਿ ਸੰਗਤ ਕੀ [1]ਰੀਤ ਚਲਾਈ ॥ ੧੪ ॥ [2]ਭਾਉ ਭਗਤ [3]ਨੀਕੇ ਪ੍ਰਗਟਾਈ ॥ ੨੭ ॥ ਬਿਦਾ ਹੋਇ ਬਹੁਰੋ ਪ੍ਰਸਥਾਨੇ ॥ [4]ਖੋੜਸ ਲਖ ਜੋਜਨ ਪ੍ਰਮਾਨੇ ॥ ਸਗਰੇ ਛੋਡ ਗਏ ਗੁਰ ਜਬ ਹੀ ॥ ਸਿੰਧ ਦੂਧ ਕੋ ਆਯੋ ਤਬ ਹੀ ॥ ੨੮ ॥ ਦੀਪ ਸਮਾਨ ਹੁਤੋ ਬਿਸਥਾਰਾ ॥ ਤਿਹ ਪਰ ਗਮਨੇ ਪ੍ਰਭੂ ਉਦਾਰਾ ॥ ਤੂਰਨ ਪਹੁੰਚੇ ਪਾਰ ਕਨਾਰੇ ॥ ਗਏ ਅਗਾਰੀ ਦੀਪ ਮਝਾਰੇ ॥ ੨੯ ॥ ਜਿਸ ਪੁਰ ਮਹਿ ਹੋਵਤ ਅਵਨੀਕਾ ॥ ਬੈਠੇ ਤਹਿ ਬੇਦੀ ਕੁਲ ਦੀਪਾ ॥ ਨਾਮ ਦੀਪ ਕੋ ਸ਼ਾਖ ਬਤਾਯੋ ॥ ਭੋਗੈਂ ਸੁਖ [5]ਬਿਸਾਲ ਮਨ ਭਾਯੋ ॥ ੩੦ ॥ ਗੁਰ ਅਵਲੋਕੇ ਜਬ ਨਰ ਨਾਰੀ ॥ ਕਲਾਵਾਨ ਜਾਨੇ ਤਬ ਭਾਰੀ ॥ ਆਨ [6]ਉਪਾਇਨ ਧਰਹਿੰ ਅਗਾਰੀ ॥ ਬੰਦਹਿੰ ਚਰਨ ਕਮਲ ਸੁਖ ਕਾਰੀ ॥ ੩੧ ॥ ਬਚਨ ਸੁਨਨ ਕੀ ਲਾਲਸ ਕਰਕੈ ॥ ਬੈਠੇ ਨਿਕਟ ਭਾਉ ਉਰ ਧਰਕੈ ॥ ਤਿਨ ਭਾਖਾ ਮੈਂ ਕਹੈਂ ਗੁਸਾਈਂ ॥ ਜਪਹੁ ਨਾਮ ਹੈ ਅੰਤ ਸਹਾਈ ॥ ੩੨ ॥ ਜਹਿੰ ਕੀ ਚੇਤਨ ਸੱਤਾ ਐਸੇ ॥ ਹਾਰ ਪਰੇ ਸਭ ਲਖਹਿੰ ਨ ਕੈਸੇ ॥ [7]ਸੂਛਮ ਅਤ ਸੈ ਗੁਪਤ ਮਹਾਨੇ ॥ ਮੁਨ ਜਨ ਸਬਹਿ ਬਿਅੰਤ ਬਖਾਨੇ ॥ ੩੩ ॥ ਤਿਹ ਕੀ ਸਰਨ ਪਰਹੁ ਸੁਖ ਪਾਵਹੁ ॥ ਮਨ ਮਲੀਨਤਾ ਸਰਬ ਮਿਟਾਵਹੁ ॥ ਬਿਸੈ ਅਨੰਦ ਅਲਪ ਪਹਿਚਾਨਹੁ ॥ ਨੀਰ ਕਟੋਰੇ ਕੇ ਸਮ ਜਾਨਹੁ ॥ ੩੪ ॥ ਬਹੁਰ ਸੁਨੋ

੧ ਮਰਯਾਦਾ । ੨ ਪ੍ਰੇਮਾ ਭਗਤੀ । ੩ ਰੰਗੀ । ੪ ਸੋਲ੍ਹਾਂ ਲਖ ਜੋਜਨ । ੫ ਬਹੁਤ । ੬ ਭੇਟਾ । ੭ ਸੂਖਮ ।

ਭਜਨਾ ਨੰਦ ਜੋਊ ॥ ਦਧ ਕੋ ਨੀਰ ਲਖੋ ਮਨ ਸੋਊ ॥ ਦੋਖ ਬਿਹੀਨ ਸਦਾ ਇਕਸਾਰਾ ॥ ਜੇ ਪਾਵਹਿੰ ਤੇ ਤਰਹਿੰ ਸੰਸਾਰਾ ॥ ੩੫ ॥ ਯਾਂਤੇ ਤੁਮ ਜਪ ਕਰ ਸ੍ਰੀ ਨਾਮੂ ॥ ਪਾਇ ਗਿਆਨ ਪਹੁਚੇ ਸੁਖ ਧਾਮੂ ॥ ਇਹੁ ਤਨ ਕਰਮ ਤਰੋਵਰ ਜਾਨਹੁ ॥ ਹੈ ਅਰੋਗਤਾ ਸਾਖਾ ਮਾਨਹੁ ॥ ੩੬ ॥ ਜਲ ਸਿੰਚਨ ਕਰਨੋ ਧ੍ਰਮ ਹੀ ਕਾ ॥ ਸਿਮਰਨ ਨਾਮ [੧]ਪੁਸ਼ਪ ਭਾ [੨]ਨੀਕਾ ॥ ਭਯੋ ਗਿਆਨ ਫਲ ਲਾਗਿਓ [੩]ਰੂਰਾ ॥ ਮਗਨ ਅਨੰਦ ਰਹਿਓ ਰਸ ਪੂਰਾ ॥ ੩੭ ॥ ਅਸ ਉਪਦੇਸ਼ ਦੀਨ ਤਹਿ ਤਾਈ ॥ ਸਿੱਖ ਤਿਨ੍ਹੈਂ ਕਰ ਚਲੇ ਗੁਸਾਈਂ ॥ ਬੱਤੀਸ ਲਖ ਜੋਜਨ ਬਿਸਥਾਰਾ॥ ਮਧੁ ਸਾਗਰ ਕੋ ਆਏ ਪਾਰਾ ॥ ੩੮ ॥ ਬੱਤੀਸ ਲਖ ਜੋਜਨ ਪਰਮਾਨਾ ॥ ਪਾਰ ਗਏ ਤਹਿ ਕ੍ਰਿਪਾ ਨਿਧਾਨਾ ॥ ਆਵਾ ਪੁਸ਼ਕਰ ਦੀਪ ਅਗਾਰੀ ॥ ਪਹੁਚੇ ਤਹਿ ਕੇ ਜਾਇ ਮਝਾਰੀ ॥ ੩੯ ॥ ਬੈਠੇ ਏਕ ਨਗਰ ਕੇ ਮਾਹੀਂ ॥ ਸੱਤਿਨਾਮ ਉਪਦੇਸ਼ਤ ਤਾਹੀਂ ॥ ਕਰਨੀ ਸੰਤਨ ਸੇਵ ਸਿਖਾਈ ॥ ਭਾਉ ਭਗਤ [੪]ਅਭਰਾਮ ਦ੍ਰਿੜਾਈ ॥ ੪੦ ॥ ਤਹਿ ਤੇ ਚਲ ਪਹੁਚੇ ਪ੍ਰਭ ਤਹਿਵਾ ॥ ਹੁਤੋ ਸਪਤਮਾਂ ਸਾਗਰ ਜਹਿਵਾ ॥ [੫]ਤਟ ਪਰ [੬]ਠਾਂਢੇ ਕ੍ਰਿਪਾ ਨਿਧਾਨਾ ॥ ਮਰਦਾਨੇ ਸੋਂ ਬਚਨ ਬਖਾਨਾ ॥ ੪੧ ॥ ਇਹੀ ਸਪਤਮੋ ਦੀਪ ਜਨੀਜੈ ॥ ਚੌਸਠ ਲਖ ਜੋਜਨ ਲਖ ਲੀਜੈ ॥ ਇਸ ਸਮਾਨ ਇਹੁ ਸਾਗਰ ਜਾਨਹੁ ॥ [੭]ਮਿਸ਼ਟ ਨੀਰ ਕੋ ਸਰਬ ਪਛਾਨਹੁ ॥ ੪੨ ॥ ਸੁਨ ਕੈ ਪ੍ਰਸ਼ਨ ਕੀਨ ਮਰਦਾਨੇ ॥ ਇਸ ਤੇ ਪਰ ਕਿਆ ਕਹੋਂ ਬਖਾਨੇ ॥ ਰਹੈ ਕੌਨ ਕੈਸੀ ਹੈ ਧਰਨੀ ॥ ਪਹੁਚੈਂ ਤਹਾਂ ਕੌਨ ਕਰ ਕਰਨੀ ॥ ੪੩ ॥ ਅੰਤਰਯਾਮੀ ਗਿਰਾ ਉਚਾਰੀ ॥ ਸੁਰ ਨਰ ਦਾਨੋ ਕੋ ਨ ਅਗਾਰੀ ॥ ਕੰਚਨ ਕੀ [੮]ਛਿਤ ਕੇਤਕ ਜਾਨਾ ॥ ਤਿਹ ਤੇ ਪਰੈ [੯]ਪਹਾਰ ਮਹਾਨਾ ॥ ੪੪ ॥ ਲੋਕਾ ਲੋਕ ਨਾਮ ਹੈ ਜਾਂਕੋ

---

੧ ਫੁਲ। ੨ ਚੰਗਾ। ੩ ਸੁੰਦਰ। ੪ ਸੁੰਦਰ ਪ੍ਰੇਮਾ ਭਗਤੀ। ੫ ਕਿਨਾਰੇ ਪਰ। ੬ ਖੜੇ। ੭ ਮਿਠਾ ਜਲ। ੮ ਸੋਨੇ ਦੀ ਧਰਤੀ। ੯ ਪਹਾੜ।

॥ ਬਹੁ ਬਿਸਥਾਰ ਜਾਨੀਐ ਤਾਂਕੋ ॥ ਚੌਫੇਰੇ ਦੀਪਨ ਕੇ ਸੋਊ ॥ ਤਿਸਤੇ ਪਰੇ ਨ [1]ਅਵਨੀ ਕੋਊ ॥੪੫॥ ਅਸ ਕਹਿ ਸ੍ਰੀ ਗੁਰ ਲੀਨ ਉਡਾਰੀ ॥ ਜੰਬੂ ਆਵਨ ਇੱਛਾ ਧਾਰੀ ॥ ਮਨ ਚਿਤਵਨ ਜਿਉਂ ਤਹਿ ਤੇ ਧਾਏ ॥ ਸਰਬ ਦੀਪ ਤਜ ਕਰ ਸੋ ਆਏ ॥ ੪੬ ॥

ਇਤਿ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥੇ ਪ੍ਰਿਥਮ ਮਹਿਲੇ ਸਪਤ ਦੀਪਨ ਪ੍ਰਸੰਗ ਬਰਨਨੰ ਨਾਮ ਸੈਂਤਾਲੀਸਮੋਂ ਮੰਦਰਹਿ ॥ ੪੭ ॥

ਦੋਹਿਰਾ ॥ ਸਪਤ ਸਾਗਰਨ ਮਹਿਂ ਬਸੈਂ ਜੋ ਨਰ [2]ਭਵਕੇ ਮਾਹਿਂ ॥
ਤਿਨ ਕੋ ਸ਼ੁਭ ਉਪਦੇਸ਼ ਦੇ ਪੁਨ ਉੱਤਰ ਗਿਰ ਆਹਿ ॥ ੧ ॥

ਚੌਪਈ ॥ ਜੋ ਕਸ਼ਮੀਰ ਕਹਾਵਤ ਦੇਸਾ ॥ ਤਹਾਂ ਆਇ ਪਹੁੰਚੇ ਜਗਤੇਸਾ ॥ ਪਿਖ ਸੁੰਦਰ ਥਲ ਪੁਰੀ ਸਮੀਪਾ ॥ ਬੈਠ ਗਏ ਬੇਦੀ ਕੁਲ ਦੀਪਾ ॥ ੨ ਤਹਿ ਇਕ ਪੰਡਤ ਰਹਿਤ ਸੁਜਾਨਾ ॥ ਸਭ ਬਿਦਿਆ ਮਹਿਂ ਨਿਪੁਨ ਮਹਾਨਾ ॥ ਸ੍ਰੀ ਨਾਨਕ ਮਹਿਮਾ ਤਿਨ ਸੁਨੀ ॥ ਦੇਖੋਂ ਮੈਂ ਹਿਰਦੇ ਅਸ ਗੁਨੀ ॥ ੩ ॥ ਪੁਸਤਕ ਲਦੇ [4]ਉਸਟ ਜਿਨ [5]ਦੋਊ ॥ ਗਮਨਤ ਸੰਗ ਰਹਿਤ ਹੈਂ ਸੋਊ॥ [6]ਸਾਲਗ੍ਰਾਮ ਗਲੇ ਮਹਿਂ ਪਾਵਾ ॥ ਤਨ ਮਹਿਂ [7]ਦ੍ਵਾਦਸ ਤਿਲਕ ਲਗਾਵਾ ॥ ੪ ॥ ਆਯੋ ਗੁਰ ਢਿਗ ਕਹਿ ਹਰੇ ਰਾਮੂ ॥ ਬਿੱਦਿਆ ਅਧਕ [8]ਗਰਬ ਮਤਖਾਮੂ ॥ ਬੋਲਿਓ ਪੰਡਤ ਤਪਾ ਸਿਆਨੇ ॥ ਸ਼ਾਸਤ੍ਰਾਰਥ ਹਮ ਸੋਂ ਕਰ ਜਾਨੇ ॥ ੫ ॥ ਬਹੁਤ ਨਰਨ ਕੋ ਮਤ [9]ਬਿਰਮਾਯੋ ॥ ਨਿਜ ਮਾਰਗ ਤੁਮ ਨਯੋ ਚਲਾਯੋ ॥ ਸਿਖਯਾ ਦੇਨ ਹੇਤ ਤਿਹ ਸੰਗਾ ॥ ਸ੍ਰੀ ਮੁਖ ਤੇ ਸਲੋਕ ਕਹਿ ਚੰਗਾ ॥ ੬ ॥

ਸਲੋਕ ਮਹਲਾ ੧ ॥
ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥

---

੧ ਧਰਤੀ। ੨ ਸੰਸਾਰ ਦੇ ਵਿਚ। ੩ ਚਤਰ। ੪ ਊਠ। ੫ ਦੋ। ੬ ਠਾਕੁਰ ਦੀ ਮੂਰਤੀ। ੭ ਬਾਰਾਂ ਤਿਲਕ। ੮ ਹੰਕਾਰ ਦੇ ਵਿਚ ਮਤ ਨਾਸ ਹੋ ਰਹੀ ਹੈ। ੯ ਕਥਨ ਕੀਤੇ ਹਨ।

ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥ ੧ ॥

ਚੌਪਈ ॥ ਪੜ੍ਹਨ ਪ੍ਰਕਾਰ ਹੋਇ ਕੋ ਜਾਨਹੁ ॥ [1]ਪਟੇ ਬਾਜ ਇਕ ਸੂਰ ਪਛਾਨੋ ॥ ਇਕ ਕੀ ਨਿਸਫਲ ਝੂਠੀ ਲਖਨੀ ॥ ਹੋਤ ਸਫਲ ਦੂਸਰ ਕੀ ਸਿਖਨੀ ॥ ੭ ॥ ਪਟੇ ਬਾਜ ਇਹ ਭਾਂਤ ਚਲਾਵੈ ॥ ਜੈਸੇ ਅੰਗ ਛੁਹਨ ਨਹੀਂ ਪਾਵੈ ॥ ਤਿਨ ਕੋ ਤਨ ਹਹਿ ਬਨਿਓ ਬਨਾਯੋ ॥ ਸਸਤ੍ਰ [2]ਘਾਵ ਕੋ ਛੁਹਨ ਨ ਪਾਯੋ ॥ ੮ ॥ ਹੇਤ ਜੀਵਕਾ ਲੋਕ ਦਿਖਾਵਨ ॥ ਪਢਤ ਸੁ ਇਖ ਨਹ ਕਰਹਿੰ ਕਮਾਵਨ ॥ ਤਿਹ ਕੋ ਨਿਸਫਲ ਐਸੇ ਜਾਨਹੁ ॥ ਜੈਸੇ ਘਨ ਜਲ ਹੀਨ ਪਛਾਨਹੁ ॥ ੯ ॥ ਇਕ ਜੇ ਸੂਰ ਸੰਤ ਇਸ ਰੀਤੀ ॥ ਪਢਹਿੰ ਸੁਨਹਿੰ ਸਤਸੰਗ ਸਪ੍ਰੀਤੀ ॥ ਜਾਨਹਿੰ ਬਡ ਅਗਿਆਨ [3]ਅਰਾਤੀ ॥ ਤਿਹ ਕੋ [4]ਹਨਨ ਕਰੈਂ [5]ਭਲ ਭਾਂਤੀ ॥ ਕਾਮ ਕ੍ਰੋਧ ਲੋਭ ਹੰਕਾਰਾ ॥ ਇਹ ਤਹਿ ਅੰਗ ਸੁ ਕਰਹਿੰ ਪ੍ਰਹਾਰਾ ॥ ਸਤਿਗੁਰ ਸਬਦ ਸ਼ਸਤ੍ਰ ਜਿਨ ਕੇਰੇ ॥ ਕਰਹਿੰ ਪ੍ਰਹਾਰ ਨ ਲਾਵਹਿੰ ਦੇਰੇ ॥ ੧੧ ॥ ਨਿਤ ਪ੍ਰਤ ਛੇਦਹਿੰ ਸਨਮੁਖ ਹੋਈ ॥ ਸੂਰਨ ਕੀ ਬਿਦਿਆ ਹੈ ਸੋਈ ॥ ਪੁਨ ਇਕ ਔਰ ਸੁਨਹੁ ਦ੍ਰਿਸ਼ਟਾਂਤ ॥ ਜਿਸ ਬਿਦਿਆ ਤੇ ਤੁਮ ਨਹਿੰ ਸ਼ਾਂਤ ॥ ੧੨ ॥ ਸ਼ਾਸਤ੍ਰ ਜਿਤੇ ਸੋ ਸ਼ਸਤ੍ਰ ਸਮਾਨਾ ॥ ਮਨ ਰੂਪੀ ਬਡ [6]ਕੇਹਰ ਜਾਨਾ ॥ ਜੇ ਮਾਰਹਿ ਤਿਨ ਨਿਕਸਹਿ ਨਾਮੂ ॥ ਬਡੋ ਸ਼ਸਤ੍ਰ ਧਾਰੀ ਅਭਿਰਾਮੂ ॥ ੧੩ ॥ ਕਵਿਯਨ ਜੇਤੇ ਸ਼ਾਸਤ੍ਰ ਬਨਾਏ ॥ ਘੜਹਿੰ ਲੁਹਾਰ ਸਮਾਨ ਸਦਾਂਇ ॥ ਜੇ ਪੰਡਤ ਤਿਨ ਟੀਕਾ ਕਾਰਾ ॥ [7]ਸਿਕਲੀਗਰ ਸੇ ਲੇਹੁ

---

੧ ਧੋਖੇਬਾਜ਼ । ੨ ਜ਼ਖਮ । ੩ ਵੈਰੀ । ੪ ਦੂਰ ਕਰਦੇ ਹਨ ।
੫ ਚੰਗੀ ਤਰ੍ਹਾਂ । ੬ ਮਨ ਰੂਪੀ ਸ਼ੇਰ । ੭ ਸ਼ਸਤ੍ਰ ਬਨਾਣ ਵਾਲੇ ।

ਬਿਚਾਰਾ ॥ ੧੪ ॥ ਜਿਨ ਪੜ੍ਹ ਸੁਨ ਕੀਅ ਮਨ ਕੋ ਮਾਰਨ ॥ ਸੇ ਜੋਧਾ ਹਨ ਤੇ ਹਥਿਆਰਨ ॥ ਪਢਹਿੰ ਜੀਵਕਾ ਕਾਰਨ ਜੋਊ ॥ ਬੇਚਨ ਹਾਰ ਸਸਤ੍ਰ ਸਮ ਸੋਊ ॥ ੧੫ ॥ ਪਢਿਯੋ ਬਹੁਤ ਮਨ ਸ਼ਾਂਤ ਨ ਆਈ ॥ ਸੋ ਪੜ੍ਹਬੋ ਲੇਖੇ ਕਿਸ ਥਾਈ ॥ ਹੇ ਪੰਡਤ ਜਬ ਮਨ ਕੋ ਮਾਰੋ ॥ ਤਬ ਜੀਤੋਗੇ ਸਕਲ ਸੰਸਾਰੋ ॥ ੧੬ ॥ ਪੁਨ ਜੋ ਹਮ ਜਗ ਪੰਥ ਚਲਾਯੋ ॥ ਸੱਤਿਨਾਮ ਕੋ ਜਾਪ ਜਪਾਯੋ ॥ ਜਪੈ ਨਾਮ ਜੋ ਨਰ ਕਰਤਾਰ ॥ ਸੋ [1]ਭੌ ਸਾਗਰ ਉਤਰਹਿ ਪਾਰ ॥ ੧੭ ॥ ਜਾਨਹੁ ਏਕ ਮੋਖ ਕੋ ਦਾਤਾ ॥ ਵਾਹਿਗੁਰੂ ਸਭ ਜਗ [2]ਬਖਜਾਤਾ ॥ ਔਰ ਕਿਸੂ ਤੇ ਮੋਖ ਨ ਹੋਈ ॥ ਕੋਟ ਉਪਾਵ ਕਰੇ ਜੇ ਕੋਈ ॥ ੧੮ ॥ ਸੁਨ ਕਰ ਪੰਡਤ ਸਤਿਗੁਰ ਬਾਨੀ ॥ ਜਾਨਿਓ ਮਹਾਂ ਪੁਰਖ ਗਤ ਦਾਨੀ ॥ [3]ਨਿਮ੍ਰ ਹੋਇ ਕਰ ਬੈਨ ਬਖਾਨੀ ॥ ਹੇ ਸਤਿਗੁਰ ਮੈਂ ਨਹਿੰ ਗਤ ਜਾਨੀ ॥੧੯॥ ਅਬ ਮੇਰੇ ਮਨ ਸੰਸਾ ਏਕ ॥ ਸੋਈ ਨਿਵਾਰਹੁ ਜਲਦ ਬਬੇਕ ॥ ਵੇਦ ਸ਼ਾਸਤ੍ਰ ਮਹਿ ਬਹੁਤੇ ਨਾਮ ॥ ਕਿਹ ਤੇ ਮੁਕਤ ਪਾਇ [4]ਅਭਿਰਾਮ ॥ ੨੦ ॥ ਸ੍ਰੀ ਨਾਨਕ ਪੁਨ ਬੈਨ ਉਚਾਰੇ ॥ ਜੋ ਨੌਕਾ ਸਭ ਪਾਰ ਉਤਾਰੇ ॥ ਹੋਇ ਮਲਾਹ ਪੂਰਨ ਜਿਸ [5]ਕੇਰਾ ॥ ਸੋਇ ਚਲਾਇ ਸਕੇ ਬਿਨ ਦੇਰਾ ॥ ੨੧ ॥ ਪੁਨ ਜਿਸ [6]ਨੌਕਾ ਪਰ ਚਢੇ ਕੋਊ ॥ ਤਿਹ ਕੋ ਪਾਰ ਉਤਾਰੈ ਸੋਊ ॥ ਤਿਸਹੀ ਸੰਗ ਤਾਹਿ ਕੋ ਕਾਮੂ ॥ ਉਤਰਹਿ ਪਾਰ ਪਾਇ [7]ਸੁਖ ਧਾਮੂ ॥ ੨੨ ॥ ਤੈਸੇ ਗੁਰ ਜੋ ਨਾਮ ਬਤਾਇ ॥ ਸੋ ਹੋਵਤ ਸਿਖ ਕੋ ਗਤਿ ਦਾਇ ॥ ਗੁਰ ਉਪਦੇਸ਼ ਰਿਦੈ ਜਿਨ ਧਾਰਾ ॥ ਸੋ ਭਵ ਸਾਗਰ ਉਤਰਿਓ ਪਾਰਾ ॥ ੨੩ ॥ ਇਸ ਪ੍ਰਕਾਰ ਸੁਨ ਕੈ ਸ਼੍ਰੁਤ [8]ਬਚਨਾ ॥ ਪੰਡਤ ਬਿਨੈ ਭਨੈ [9]ਸੁਠ ਰਚਨਾ ॥ ਦੀਨ ਜਾਨ [10]ਗਤ ਕੀਜੈ ਹਮਰੀ ॥ ਚਰਨ ਸਰਨ ਗਹਿ ਲੀਨੀ

੧ ਸੰਸਾਰ ਸਾਗਰ ਤੋਂ । ੨ ਪ੍ਰਗਟ । ੩ ਨਿੰਮ੍ਰਤਾ । ੪ ਸੁੰਦਰ । ੫ ਦਾ । ੬ ਬੇੜੀ ਪਰ ਚੜ੍ਹ । ੭ ਸੁਖਾਂ ਦਾ ਘਰ । ੮ ਕੰਨਾਂ ਵਿਚ । ੯ ਸੁੰਦਰ । ੧੦ ਕਲਿਆਨ ।

ਤੁਮਰੀ ॥ ੨੪ ॥ ਸੁਨੀ ਬਿਨੈ ਜਬ ਕਰਨਾ ਐਨਾ ॥ ਕੈਵਲ ਦਾ ਉਚਰੇ ਸਭ ਬੈਨਾ ॥ ਸੱਤਿਨਾਮ ਕੋ ਕੀਜੈ ਜਾਪੂ ॥ ਤੁਮਰੇ ਨਾਸਹਿ [1]ਤੀਨੋ ਤਾਪੂ ॥ ੨੫ ॥ ਨਾਮ ਧਰੀਕ ਸਿੱਖ ਬਹੁ ਹੋਇ ॥ ਗੁਰ ਗੁਰ ਜਾਪ ਜਪੈਂ ਭ੍ਰਮ ਖੋਇ ॥ ਕਿਤਕ ਦਿਵਸ ਗੁਰ ਡੇਰਾ ਕਰਕੈ ॥ ਪੁਨ ਗਮਨੇ ਉਪਕਾਰ ਬਿਚਰਕੈ ॥ ੨੬ ॥ ਤਹਿ ਤੇ ਚਲ ਜੰਬੂ ਮਹਿੰ ਆਏ ॥ ਬੈਠਤ ਭੇ ਇਕ ਉਪਬਨ ਮਾਹਿੰ ॥ ਤਹਿ ਬਨਜਾਰੋ ਏਕ ਰਹਾਵੈ ॥ ਕਰਮ ਕਾਲ ਤਿਸ ਸੁਤ ਮਰ ਜਾਵੇ ॥੨੭॥ ਗੁਰ ਢਿਗ ਆਇ ਦੁਖੀ ਅਤ ਭਯੋ ॥ ਤਹਿ ਪ੍ਰਥਾਇ ਗੁਰ ਸਬਦ ਅਲਾਯੋ॥ ਸਿਰੀ ਰਾਗ ਪਹਰੋਂ ਕੇ ਮਾਹਿੰ ॥ ਸੁਨ ਬਨਜਾਰੇ ਸ਼ਾਂਤੀ ਪਾਹਿ ॥ ੨੮ ॥ ਬਿਨਤੀ ਕਰ ਪਗ ਪਾਹੁਲ ਲੀਨ ॥ ਤਿਹ ਤੇ ਗਮਨ ਸਤਿਗੁਰੂ ਕੀਨ ॥ ਦਿਸ ਪੰਜਾਬ ਮੁਖ ਕਰ ਤਬ ਆਹੇ ॥ ਬਾਲੇ ਸਨ ਅਸ ਬਚਨ ਅਲਾਹੇ ॥ ੨੯ ॥ ਸਯਾਲ ਕੋਟ ਕੀ ਪੁਰੀ ਮਝਾਰਾ ॥ ਬਸਹੈ ਮੂਲਾ ਮੀਤ ਹਮਾਰਾ ॥ ਤਿਹ ਸੋਂ ਮਿਲਨ ਅਹੈ ਬਚ ਮੇਰਾ ॥ ਚਲੋ ਅਬੈ ਜਿਤ ਦਿਸ ਤਹਿ ਡੇਰਾ ॥ ੩੦ ॥ ਅਸ ਕਹਿ ਚਲ ਮੂਲੇ ਕੇ [2]ਪੌਰ ॥ ਆਇ ਖਰੇ ਬੇਦੀ [3]ਸਿਰ ਮੌਰ ॥ [4]ਘਰਨੀ ਸਨਮੁਖ ਜਬੈ [5]ਨਿਹਾਰੇ ॥ [6]ਨਿਜ ਪਤ ਸੋਂ ਅਸ ਬਚਨ ਉਚਾਰੇ ॥ ੩੧ ॥ ਪੂਰਬ ਗਮਨਯੋਂ ਜਾਇ [7]ਸੰਗਾਰੇ ॥ ਸੋ ਅਬ ਸਾਧ ਆਏ ਤਵ ਦ੍ਵਾਰੇ ॥ ਅੰਦਰ [8]ਤੂਰਨ [9]ਦੁਰੀਏ ਜਾਈ ॥ ਨਾਹਿ ਤ ਤੁਝ ਕੋ ਲੇਹਿੰ ਸਿਧਾਈ ॥ ੩੨ ॥ ਯੱਦਪ ਮੂਲਾ ਪ੍ਰਭ ਕੋ ਜਾਨਤ ॥ ਮਹਿਮਾ ਨੀਕੀ ਰੀਤ ਪਛਾਨਤ ॥ ਤੱਦਪਿ ਤਿਅ ਨੇ ਮਤ ਬਿਚਲਾਈ ॥ ਤੂਰਨ ਬਰਯੋ [10]ਕੋਸ਼ਠੇ ਜਾਈ ॥੩੩॥ [11]ਗੋਮੈਂ [12]ਸੁਸਕ ਪਰੋ ਜਹਿ ਜਾਨਾ ॥

---

੧ ਆਧ ਬਿਆਧ ਉਪਾਧ । ੨ ਦਰਵਾਜ਼ੇ । ੩ ਸ਼ਰੋਮਣੀ । ੪ ਮੂਲੇ ਦੀ ਘਰ ਵਾਲੀ ਨੇ । ੫ ਵੇਖੇ । ੬ ਆਪਣੇ ਪਤੀ ਨਾਲ । ੭ ਸੰਗ । ੮ ਛੇਤੀ । ੯ ਛੁਪ । ੧੦ ਕੋਠੇ । ੧੧ ਗੋਹਿਆਂ ਵਿਚ । ੧੨ ਸਪ ।

ਬਡੋ [1]ਤਿਮਰ ਤਹਿ ਭਯੋ [2]ਦੁਰਾਨਾ ॥ ਸ੍ਰੀ ਨਾਨਕ ਜਾਨੀ ਬਿਧ ਸਾਈ ॥ ਮੂਲੇ ਮੂਲੇ ਊਚ ਅਲਾਈ ॥ ੩੪ ॥ ਕਹਿ ਨਾਰੀ ਸੋ ਨਾਹਿਨ ਧਾਮੂ ॥ ਕਾਜ ਕਰਨ ਗਮਨਯੋ ਕਿਤ [3]ਗ੍ਰਾਮੂ ॥ ਸੁਨ ਗੁਰ ਕਹਿੰ ਬੇਮੁਖ ਹੇ ਮੂਲੇ ॥ ਮਿਲਨ ਆਏ [4]ਦੁਰ ਬੈਠੇ [5]ਕੂਲੇ ॥ ੩੫ ॥

ਸ੍ਰੀ ਮੁਖ ਵਾਕ

## ਸਲੋਕ ਮਹਲਾ ਪਹਿਲਾ ੧ ॥

ਨਾਲ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ ॥ ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ॥ ੧ ॥

ਚੌਪਈ ॥ ਇਸ ਬਿਧ ਕਹਿ [6]ਮਕਰੰਦੀ ਬਦਨਾ ॥ ਚਲੇ [7]ਪੀਠ ਦੇ ਕਰ ਤਹਿ ਸਦਨਾ ॥ ਤਿਸ ਛਿਨ [8]ਸਜ਼ਾਮ [9]ਨਾਗ ਨਿਕਸਾਯੋ ॥ ਤਿਮਰ ਬਿਖੈ ਮੂਲੇ ਡੰਗ ਲਾਯੋ ॥ ੩੬ ॥ ਹਾਇ ਹਾਇ ਕਰ ਬਾਹਿਰ ਆਯੋ ॥ ਨਿਜ ਨਾਰੀ ਸੋਂ ਬੈਨ ਅਲਾਯੋ॥ ਕਰਮ ਹੀਨ ਤੈ ਮੋਕੋ ਮਾਰਯੋ ॥ ਰਢੀ ਸੀਸ ਮਮ ਜਨਮ ਬਿਗਾਰਯੋ ॥ ੩੭॥ ਤਿਹ ਛਿਨ ਭਈ [10]ਮੂਰਛਾ ਦੇਹੀ॥ ਬੋਲਨ ਕੀ ਸੁਧ ਰਹੀ ਨ ਕੇਹੀ ॥ ਏਕ ਘਟੀ ਮਹਿ [11]ਮ੍ਰਿਤਕ ਸੁ ਭਯੋ॥ ਮਿਲ ਕਰ ਨਰਨ ਫੂਕ ਸੋ ਦਯੋ ॥ ੩੮ ਸਰਬ ਬਿਖੈ ਪ੍ਰਗਟਯੋ ਬਿਰਤੰਤਾ ॥ ਮੂਲੇ ਘਰ ਗੇ ਪੂਰਨ ਮੰਤਾ ॥ ਸੋ [12] ਦੁਰ ਗਯੋ ਨਾਰ ਕੇ ਭਾਖੇ॥ ਤਿਨ ਕੋ ਮਿਲਯੋ ਨ ਕਰ ਅਭਲਾਖੇ॥ ੩੯ ॥ ਸਰਪ ਡਸਯੋ ਅਬਗਤ [13]ਮ੍ਰਿਤ ਥਾਯੋ॥ ਪੁਨ ਸੰਤਨ ਤੇ ਬੇਮੁਖ ਭਾਯੋ ॥ ਅਸ ਕਹਿ ਪੁਰ ਕੀ ਸੰਗਤ ਜੇਤੀ ॥ ਗੁਰ ਚਰਨਨ ਢਿਗ ਆਈ ਤੇਤੀ ॥ ੪੦ ॥ ਕਹੈਂ ਕਿ ਸਤਿਗੁਰ ਹਮ ਅਨਜਾਨੀ ॥ ਬਖਸ਼ੋ ਹਮੈ ਦਾਸ ਨਿਜ ਜਾਨੀ ॥ ਨਿਜ ਸਿਖਜਾ ਦੇ ਸਿੱਖ ਬਨਾਵਹੁ ॥ ਜਨਮ ਮਰਨ ਸੰਦੇਹ ਮਿਟਾਵਹੁ ॥ ੪੧ ॥ ਸਰਧਾ

---

੧ ਹਨੇਰਾ । ੨ ਛਪਿਆ ਹੋਇਆ । ੩ ਪਿੰਡ । ੪ ਛੁਪ ਕੇ । ੫ ਝੂਠੇ । ੬ ਕਮਲ ਮੁਖੜਾ ਗੁਰੂ ਨਾਨਕ । ੭ ਪਿਠ । ੮ ਕਾਲੇ ਰੰਗ ਦਾ । ੯ ਸੱਪ । ੧੦ ਬੇ ਸੁਧ । ੧੧ ਮਰ ਗਿਆ । ੧੨ ਛੁਪ ਗਿਆ । ੧੩ ਬੇਗਤੀ ਮੌਤੇ ਮਰ ਗਿਆ ।

ਪਿਖ ਦੀਨਹੁ ਉਪਦੇਸਾ ॥ ਭਾਉ ਭਗਤ ਮਹਿ ਕੀਨ ਪ੍ਰਵੇਸਾ ॥ ਜਹਿਂ ਬੈਠੇ ਸਿਖ ਰਚ ਸੁਭ ਮੰਦਰ ॥ ਜੋ [1]ਬਦਰੀ ਬਾਬੇ ਕੀ ਸੁੰਦਰ ॥ ੪੨ ॥ ਕਿਤਕ ਦਿਵਸ ਤਹਿ ਥਿਰੇ ਕ੍ਰਿਪਾਲਾ ॥ ਗਮਨ ਕੀਨ ਪੁਨ ਦੀਨ ਦਿਆਲਾ ॥ ਤਬ ਮਰਦਾਨੇ ਸੰਗ ਅਲਾਈ ॥ ਬੀਬੀ ਜੀ ਅਬ ਯਾਦ ਕਰਾਈ ॥ ੪੩ ॥

ਦੋਹਿਰਾ ॥ ਅੰਤਰਯਾਮੀ ਸਤਿਗੁਰੂ ਬੀਬੀ ਇੱਛਾ ਜਾਨ ॥
ਮਨਸਾ ਕੇਰ [2]ਅਰੂਢ ਜੋ ਆਏ ਪੁਰ ਸੁਲਤਾਨ ॥ ੪੪ ॥

ਚੌਪਈ ॥ ਸਦਨ [3]ਸੁਸਾ ਪਰਵੇਸੇ ਜਬ ਹੀ ॥ [4]ਹਰਖ ਭਰੇ ਤੂਰਨ ਉਠ ਤਬ ਹੀ ॥ ਕਰਨ ਬੰਦਨਾ ਪਗ ਪਰ ਧਾਈ ॥ ਲੋਚਨ ਤੇ ਜਲ ਧਾਰ ਬਹਾਈ ॥ ੪੫ ॥ [5]ਕਰ ਪਹਿ ਲੇ ਸਿਰ ਕਹਿਂ ਹਿਤ ਬੈਨਾ ॥ ਬੈਸੇ [6]ਮੰਚ ਉਪਰ ਗੁਨ ਐਨਾ ॥ ਤਿਹ ਛਿਨ ਚਲ ਜਰਾਮ ਘਰ ਆਵਾ ॥ ਦਰਸ ਬਿਲੋਕਤ ਉਰ ਹਰਖਾਵਾ ॥ ੪੬ ॥ ਕਰ ਬੰਦਨ ਬੈਸਯੋ ਕਰ ਪ੍ਰੇਮਾ ॥ ਬੂਝ ਪਰਸਪਰ [7]ਕੁਸਲੰ [8]ਖੇਮਾ ॥ ਬਹੁਤ ਬਰਖ ਬੀਤੇ ਬਿਨ ਦਰਸਨ ॥ ਕ੍ਰਿਪਾ ਕੀਨ ਅਬ ਕੀਨੇ ਪਰਸਨ ॥ ੪੭ ॥ ਹਮੈ ਬਿਸਾਰ ਦੀਨ ਨਿਜ ਮਨ ਤੇ ॥ ਹੀਅ ਹਰਖੈ [9]ਰਾਵਰ ਦਰਸਨ ਤੇ ॥ ਸਿਰੀ ਚੰਦ ਬਾਹਰ ਤੇ ਆਯੋ ॥ ਨਮਸਕਾਰ ਪਿਤ ਕਰ ਹਰਖਾਯੋ ॥ ੪੮ ॥ ਬੈਸੇ ਮਿਲ ਕੈ ਸਰਬ ਸਮੀਪਾ ॥ ਰੈਨ ਬਸੇ ਬੇਦੀ ਕੁਲ ਦੀਪਾ ॥ ਭੋਰ ਹੋਤ ਮਿਲਕੈ ਸਭ ਸਾਥਾ ॥ ਹਟਕ ਰਹੇ ਨਹਿਂ ਅਟਕੇ ਨਾਥਾ ॥ ੪੯ ॥

ਇਤਿ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥੇ ਪ੍ਰਿਥਮ ਮਹਿਲੇ ਸ੍ਰੀ ਨਗਰ ਔ ਮੂਲੇਪ੍ਰਸੰਗ ਬਰਨਨੰ ਨਾਮਅਠਤਾਲੀਸਮੋਂ ਮੰਦਰਹਿ॥੪੮॥

---

੧ ਬੇਰੀ । ੨ ਚੜ੍ਹ ਕੇ । ੩ ਭੈਣ ਜੀ । ੪ ਖੁਸ਼ੀ ਦੀ ਭਰੀ ਹੋਈ ਛੇਤੀ ਨਾਲ ਉਠੀ । ੫ ਹਥ । ੬ ਮੰਜੇ ਤੇ । ੭ ਸੁਖ । ੮ ਰਖਿਆ । ੯ ਆਪ ।

ਦੋਹਿਰਾ ॥ ਸਿੰਧ ਮਹਾਂ [1]ਨਦ ਕੇ ਉਰੇ ਬੀਸ ਕੋਸ ਪਰ ਥਾਨ ॥
[2]ਗਿਰ ਊਚੇ [3]ਕੋਸਕ ਤਹਾਂ ਦੇਖਯੋ ਕ੍ਰਿਪਾ ਨਿਧਾਨ ॥ ੧ ॥

ਚੌਪਈ ॥ ਸੰਮਤ ਇਕਵੰਜਾ ਕੇ ਅੰਦਰ ॥ ਤਰੂ ਤਰੇ ਬੈਠੇ ਗੁਨ ਮੰਦਰ ॥ ਮਰਦਾਨੇ ਕੋ ਪਿਆਸ ਲ਼ਗਾਈ ॥ ਹਿਤ ਬਿਲਾਸ ਕੇ ਗੁਰ ਸੁਖਦਾਈ ॥ ੨ ॥ ਹੇ ਪ੍ਰਭ ਜਲ ਕੋ [4]ਦ੍ਰਿਸਟ ਨ ਆਵੈ ॥ ਹਮ ਕੋ ਪਿਆਸ ਬਹੁਤ [5]ਅਕੁਲਾਵੈ ॥ ਜੇ ਨੇਰੇ ਨਹਿੰ ਚਲੋ ਅਗਾਰੀ ॥ ਬੈਠਹੁ ਤਹਿੰ ਜਹਿੰ ਸੁੰਦਰ ਬਾਰੀ ॥ ੩ ॥ ਕਹਿੰ ਗੁਰ ਯਹਿ ਜੋ ਉਰਧ [6]ਪਹਾਰੀ ॥ ਤਹਿੰ ਫਕੀਰ ਇਕ ਵਲੀ ਕੰਧਾਰੀ ॥ ਤੁਰਕ ਦੇਹ ਸਮ ਸੋਹੈ ਤੇਰੀ ॥ ਕਰਹੁ ਜਾਚਨਾ ਤਹਿ ਜਲ ਕੇਰੀ ॥ ੪ ॥ ਸ੍ਰੀ ਗੁਰ ਤੇ ਸੁਨ ਕਰ ਤਬ ਚਾਲਾ ॥ ਗਿਰ ਪਰ ਜਹਾਂ ਪੀਰ ਕੀ ਸਾਲਾ ॥ ਵਲੀ ਕੰਧਾਰੀ ਬੈਠਯੋ ਜਹਾਂ ॥ ਰਾਖਯੋ ਨੀਰ ਰੋਕ ਕਛ ਤਹਾਂ ॥ ੫ ॥ ਕਰੀ ਬੰਦਗੀ ਹ੍ਵੈ [7]ਕਰ ਤੀਰ ॥ ਮੁਝ ਕੋ ਤ੍ਰਿਖਾ ਦੇਹੁ ਜਲ ਪੀਰ ॥ ਸੁਨਤ ਬੋਲਯੋ ਵਲੀ ਕੰਧਾਰੀ ॥ ਕੌਨ ਦੇਸ ਤੇ ਤੂ ਭ੍ਰਿਖ ਭਾਰੀ ॥ ੬ ॥ ਅਹੈਂ ਅਕੇਲੋ ਕਹਿ ਕੋ ਸੰਗਾ ॥ ਇਤ ਦਿਸ ਆਯੋ ਕਯੋਂ ਇਸ ਢੰਗਾ ॥ ਮਰਦਾਨੇ ਸਭ ਕਹਯੋ ਬ੍ਰਿਤਾਂਤ॥ ਤਪਾ ਗੁਰੂ ਨਾਨਕ [8]ਬਖਯਾਤ ॥੭॥ ਦੇਸ ਪੰਜਾਬ ਲਖੈ ਸਭ ਕੋਈ ॥ ਬਿਚਰਯੋ ਜਿਤ ਕਿਤ ਥਲ [9]ਅਵਲੋਈ ॥ ਹਿੰਦੂ ਤੁਰਕ ਸਭੋ ਤਹਿੰ ਮਾਨੈ ॥ ਇਕ ਗੁਰ ਕਹਿੰ ਇਕ ਪੀਰ ਬਖਾਨੈਂ ॥ ੮ ॥ ਤਿਨਕੇ ਸੰਗ ਰਬਾਬੀ ਮੈਂ ਹੋਂ ॥ ਸੁੰਦਰ ਸਬਦ ਗਾਵਨੇ ਕੈਹੋਂ ॥ ਇਸ [10]ਗਿਰ ਤਰੇ ਸੁ ਤਰ ਕੇ ਬੈਸੇ ॥ ਸੁਨ ਕਰ ਵਲੀ ਜਰਯੋ ਕੈਹ ਐਸੇ ॥ ੯ ॥ ਅਹੋ ਮਿਰਾਸੀ ਤਪਾ ਜੋ ਹੈਸੇ ॥ ਕਯੋਂ ਨ ਮੰਗਾਵੇ ਜਹਿੰ ਜਲ ਬੈਸੇ ॥ ਤਿਸ ਮੈਂ [11]ਅਜਮਤ ਅਹੈ

---

੧ ਸਮੁੰਦਰ। ੨ ਪਹਾੜ। ੩ ਕੋਹ ਭਰ। ੪ ਨਿਗ੍ਹਾ ਨਹੀਂ ਆਉਂਦਾ।
੫ ਦੁਖੀ ਹੈ ਕੀਤਾ। ੬ ਪਹਾੜੀ। ੭ ਨੇੜੇ ਹੋਕੇ। ੮ ਪ੍ਰਗਟ। ੯ ਦਿਸ ਰਹੀ ਹੈ।
੧੦ ਇਸ ਪਹਾੜ ਦੇ ਹੇਠਾਂ ਦਰਖਤ ਦੇ ਪਾਸ ਬੈਠੇ ਹਨ। ੧੧ ਕਰਾਮਾਤ।

[1]ਗਹੀਰਾ ॥ ਸੰਗੀ ਇਮ [2]ਜਾਚਤ ਫਿਰ ਨੀਰਾ ॥ ੧੦॥ ਉਚਤ [3]ਤ੍ਰਿਖਾਤੁਰ ਕੋ ਜਲ ਦੈਨਾ ॥ਅਬ ਨਹਿੰ ਦੇਹੁ ਭਨੇ ਅਸ ਬੈਨਾ ॥ ਸੁਨ ਮਰਦਾਨਾ ਤਹਿ ਤੇ ਆਯੋ ॥ ਅਪਨੋ ਸਕਲ ਬ੍ਰਿਤੰਤ ਸੁਨਾਯੋ ॥ ੧੧ ॥ ਰਾਵਰ ਕੋ ਜਸ ਸੁਨ ਦੁਖ ਪਾਯੋ ॥ਜਨ [4]ਸੂਕੇ ਤ੍ਰਿਣ ਆਗ ਲਗਾਯੋ॥ ਸ੍ਰੀ ਗੁਰ ਨਾਨਕ ਸੁਨ ਮੁਸਕਾਨੇ ॥ ਮਰਦਾਨਾ ਸੋਂ ਬਾਕ ਬਖਾਨੇ ॥ ੧੨ ॥ ਤੁਰਕ ਤੁਰਕ ਸੋਂ ਰਾਖੈ ਭਾਇ ॥ ਨਿਮ੍ਰ ਹੋਇ ਲੀਜੈ ਜਲ ਜਾਇ ॥ ਗੁਰ ਆਇਸ ਤੇ ਪੁਨ ਮਰਦਾਨਾ ॥ ਗਯੋ ਪੀਰ ਢਿਗ ਬਾਕ ਬਖਾਨਾ ॥ ੧੩ ॥ ਹੇ ਪੀਰ ਤੂੰ ਅਜਮਤ ਵਾਰਾ ॥ ਦੇਹੁ ਦਾਨ ਜਲ ਤ੍ਰਿਖਾ ਨਿਵਾਰਾ ॥ ਸੁਨ ਕਰ ਕ੍ਰੋਧ ਮਾਹਿੰ ਅਸ [5]ਟੇਰਾ ॥ ਤੋਹਿ ਨ ਜਲ ਦੇਵੋਂ ਕਿਸ ਬੇਰਾ ॥ ੧੪ ॥ ਅਜਮਤ ਨਾਨਕ ਹਿੰਦੁ ਅਲਾਵਤ ॥ ਤੜਫ ਪਿਆਸੋ ਨੀਰ ਨ ਪਾਵਤ ॥ [6]ਰਿਸ ਕੋ ਹੇਰ ਹਟਿਯੋ ਮਰਦਾਨਾ ॥ ਨਹਿੰ ਦੇ ਜਲ ਗੁਰ ਨਿਕਟ ਬਖਾਨਾ ॥ ੧੫ ॥ ਸ੍ਰੀ ਨਾਨਕ ਪ੍ਰਭ ਅੰਤਰਜਾਮੀ ॥ ਸਭ ਬਿਧ ਜਾਨ ਪੀਰ ਕੀ [7]ਖਾਮੀ॥ ਹੁਤੀ [8]ਲਸ਼ਟਕਾ ਹਾਥ ਮਝਾਰੀ ॥ ਤਿਸ ਗਿਰ ਕੀ ਜਰ ਮਹਿੰ ਤਬ ਮਾਰੀ ॥ ੧੬ ॥ ਸੀਤਲ ਜਲ ਨਿਰਮਲ ਤਿਸ ਕਾਲਾ ॥ ਨਿਕਸਤ ਭਯੋ ਪ੍ਰਵਾਹਿ ਬਿਸਾਲਾ ॥ ਵਲੀ ਕੰਧਾਰੀ ਕੋ ਜਲ ਜੇਤੋ ॥ ਗਿਰ ਮਹਿੰ [9]ਪ੍ਰਵਸ਼ [10]ਸੁਸਕ ਗਾ ਤੇਤੋ॥ ੧੭ ॥ ਪਿਖ ਅਚਰਜ ਕੋ ਠਾਨਿਯੋ ਧਜਾਨਾ ॥ ਤਪ ਬਲ ਤੇ ਸੁ ਬ੍ਰਿਤਾਂਤ ਪਛਾਨਾ ॥ ਤਿਸ ਛਿਨ ਭਾਰੀ [11]ਸਿਲਾ ਬਿਸਾਲਾ ॥ ਅਜਮਤ ਤੇ [12]ਪ੍ਰਹਾਰਿ ਤਿਸ ਕਾਲਾ ॥ ੧੯॥ ਚਲੀ [13]ਬੇਗ ਤੇ ਤਰ ਕੋ ਤੋੜਤ ॥ ਮਗ ਮਹਿੰ ਅਪਰ [14]ਸਿਲਨ ਕੋ

---

੧ ਬਹੁਤ। ੨ ਮੰਗਦਾ ਹੈ। ੩ ਜੋਗ ਹੈ। ੪ ਸੁਕੇ ਹੋਏ ਕਖਾਂ ਤੇ ਅਗ ਲਗਾ ਦਿਤੀ। ੫ ਬੋਲਿਆ। ੬ ਗੁਸੇ ਨੂੰ ਦੇਖ ਕੇ। ੭ ਕਮੀ ਵਾ ਕਮਜ਼ੋਰੀ। ੮ ਛੜੀ। ੯ ਪ੍ਰਵੇਸ਼। ੧੦ ਵਲੀ ਕੰਧਾਰੀ ਪਾਸੋਂ ਸਾਰਾ ਜਲ ਥਲੇ ਆ ਗਿਆ ਤਲਾ ਸੁਕਾ ਰਹਿ ਗਿਆ। ੧੧ ਡੇਗੀ ਪਥਰ ਦੀ ਸਿਲਾ। ੧੨ ਰੋੜ੍ਹਿਆ। ੧੩ ਛੇਤੀ ਨਾਲ ਸਿਲਾ ਡਿਗਦੀ ਨੇ ਦਰਖਤ ਤੋੜੇ। ੧੪ ਪਥਰਾਂ ਨੂੰ।

